PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
18th Dec 2025 - 8th Jan 2026 • Issue No. 3111
Europe's Leading Panjabi Weekly Since 1965

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

# ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਹੱਕ, ਸੱਚ ਤੇ ਇਨਸਾਫ ਲਈ ਜੂਝਦੇ ਹੋਏ ਸ਼ਹਾਦਤਾਂ ਦੇ ਕੇ ਸਿੱਖਾਂ ਨੂੰ ਧਰਮ ਯੁੱਧ ਦਾ ਰਾਹ ਦਿਖਾ ਗਏ


ਗੁਰਦੁਆਰਾ ਕੱਚੀ ਗੜ੍ਹੀ ਚਮਕੌਰ ਸਾਹਿਬ





# ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋਈ, ਹੱਕ, ਸੱਚ ਤੇ ਇਨਸਾਫ ਦੀ ਜੰਗ ਅਜੇ ਰੁਕੀ ਨਹੀਂ .....

## ਯੂ ਕੇ ਸਰਕਾਰ ਵੱਲੋਂ ਭਾਈ ਗੁਰਪ੍ਰੀਤ ਸਿੰਘ 'ਤੇ ਪਾਬੰਦੀਆਂ ਲਾਉਣਾ ਸਿੱਖ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼: ਵਰਲਡ ਸਿੱਖ ਪਾਰਲੀਮੈਂਟ

ਲੰਡਨ/ਨਿਊਯਾਰਕ - ਵਰਲਡ ਸਿੱਖ ਪਾਰਲੀਮੈਂਟ ਦੇ ਕੋਅਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਜਤਿੰਦਰ ਸਿੰਘ ਜਰਮਨੀ, ਹਰਜੋਤ ਸਿੰਘ ਸੰਧੂ ਹਾਲੈਂਡ,ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਨੇ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਰਤਾਨੀਆ ਸਰਕਾਰ ਵੱਲੋਂ ਉੱਘੇ ਸਿੱਖ ਚਿੰਤਕ ਅਤੇ ਕਾਰਕੁੰਨ ਭਾਈ ਗੁਰਪ੍ਰੀਤ ਸਿੰਘ ਰੀਹਲ 'ਤੇ ਘਰੇਲੂ ਅੱਤਵਾਦ ਵਿਰੋਧੀ ਕਾਨੂੰਨ ਤਹਿਤ ਲਗਾਈਆਂ ਗਈਆਂ ਪਾਬੰਦੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਇਹ ਕਾਰਵਾਈ ਨਾ ਸਿਰਫ਼ ਗੈਰ-ਵਾਜਬ ਹੈ, ਸਗੋਂ ਅਜਿਹੀ ਕਾਰਵਾਈ ਕਿਸੇ ਵੀ ਜਮਹੂਰੀ ਮੁਲਕ ਦੇ ਮੱਥੇ 'ਤੇ ਕਲੰਕ ਹੈ। *ਪੂਰੀ ਖ਼ਬਰ ਅੰਦਰ ਦੇਖੋ:*



# ਅੰਦਰ ਹੋਰ ਅਹਿਮ ਖ਼ਬਰਾਂ:

### ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਤਿੰਨ ਸ਼ਹਿਰਾਂ ਅੰਮ੍ਰਿਤਸਰ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਦਿੱਤਾ ਪਵਿੱਤਰ ਸ਼ਹਿਰਾਂ ਦਾ ਦਰਜਾ

ਪੰਜਾਬ ਸਰਕਾਰ ਨੇ 15 ਦਸੰਬਰ 2025 ਨੂੰ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਵਿੱਚ ਤਿੰਨ ਸ਼ਹਿਰਾਂ ਨੂੰ ਪਵਿੱਤਰ ਐਲਾਨਿਆ ਗਿਆ ਹੈ। ਇਹ ਸ਼ਹਿਰ ਹਨ: ਅੰਮ੍ਰਿਤਸਰ ਦੀ ਪੁਰਾਣੀ ਵਾਲਡ ਸਿਟੀ (ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦਾ ਗਲਿਆਰਾ ਖੇਤਰ), ਸ੍ਰੀ ਆਨੰਦਪੁਰ ਸਾਹਿਬ (ਰੂਪਨਗਰ ਜ਼ਿਲ੍ਹੇ ਵਿੱਚ ਮਿਉਂਸਪਲ ਲਿਮਿਟਸ) ਅਤੇ ਤਲਵੰਡੀ ਸਾਬੋ (ਬਠਿੰਡਾ ਜ਼ਿਲ੍ਹੇ ਵਿੱਚ ਸ੍ਰੀ ਦਮਦਮਾ ਸਾਹਿਬ ਵਾਲਾ ਖੇਤਰ)। ਇਹ ਤਿੰਨਾਂ ਸ਼ਹਿਰਾਂ ਵਿੱਚ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਤਿੰਨ ਮਹੱਤਵਪੂਰਨ ਤਖ਼ਤ ਸਥਿਤ ਹਨ - ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)। ਸਿਆਸੀ ਆਗੂਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਬਿਆਨ ਆ ਰਹੇ ਹਨ। ਕੋਈ ਕੁੱਝ ਤੇ ਕੋਈ ਕੁੱਝ ਆਖ ਰਿਹਾ ਹੈ। ਕੀ ਇਹ ਨੋਟੀਫਿਕੇਸ਼ਨ ਇਹੋ ਜਿਹੀ ਬਿਆਨ ਬਾਜ਼ੀ ਵਿੱਚ ਹੀ ਤਾਂ ਨਹੀਂ ਰੁਲ ਜਾਵੇਗਾ।

### ਗੈਂਗਸਟਰਾਂ ਦਾ ਪੰਜਾਬ ਦੇ ਖੇਡ ਪ੍ਰਮੋਟਰਾਂ ‘ਤੇ ਕਹਿਰ



ਕਬੱਡੀ ਟੀਮ ਦੇ ਪ੍ਰਮੋਟਰ ਕੰਵਰ ਦਿਗਵਿਜੈ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਕਤਲ ਕੇਸ ਵਿੱਚ ਸ਼ਾਮਲ ਇੱਕ ਮੁਲਜ਼ਮ ਹਰਭਿੰਦਰ ਸਿੰਘ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਪੁਲਿਸ ਮੁਤਾਬਕ, ਲਾਲੜੂ ਨੇੜੇ ਅੱਜ ਬੁੱਧਵਾਰ ਦੁਪਹਿਰ ਮੁਲਜ਼ਮ ਨਾਲ ਮੁਕਾਬਲਾ ਹੋਇਆ ਦੱਸਿਆ ਗਿਆ ਹੈ।

### ਲੰਡਨ ਵਿੱਚ ਇੱਕ ਗੁਰਦੁਆਰੇ ਉਤੇ ਪੁਲਿਸ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਸ਼ੱਕ ਦੇ ਅਧਾਰ ’ਤੇ ਛਾਪਾ ਮਾਰੀ ਕੀਤੀ ਗਈ।


ਹੋਰ ਵੀ ਗੁਰਦੁਆਰਿਆਂ ਅਤੇ ਧਾਰਮਿਕ ਅਦਾਰਿਆਂ ਤੇ ਵੀ ਛਾਪੇ ਪੈ ਸਕਦੇ ਹਨ। ਧਾਰਮਿਕ ਸੰਸਥਾਵਾਂ ਨੂੰ ਸੁਚੇਤ ਰਹਿਣ ਲਈ ਕਿਹਾ ਗਿਆ ਹੈ, ਕਿ ਉਹ ਆਪਣੇ ਸਾਰੇ ਤਰ੍ਹਾਂ ਦੇ ਕਾਗਜ਼ ਪੱਤਰ ਕਾਨੂੰਨ ਮੁਤਾਬਕ ਸਹੀ ਰੱਖਣ।

### ਕੀ ਮੁਸਲਮਾਨਾਂ ਦੀ ਨਾਗਰਿਕਤਾ ਖੋਹੀ ਜਾਵੇਗੀ?

ਲੰਡਨ - ਬਰਤਾਨੀਆ ਵਿੱਚ ਇੱਕ ਨਵੀਂ ਰਿਪੋਰਟ ਨੇ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਰਿਪੋਰਟ ਮੁਤਾਬਕ, ਦੇਸ਼ ਵਿੱਚ ਲੱਖਾਂ ਮੁਸਲਮਾਨਾਂ ਦੀ ਨਾਗਰਿਕਤਾ ਖੋਹੇ ਜਾਣ ਦਾ ਖਤਰਾ ਹੈ। ਇਸ ਨਾਲ ਲਗਭਗ 90 ਲੱਖ ਲੋਕ ਪ੍ਰਭਾਵਿਤ ਹੋ ਸਕਦੇ ਹਨ, ਜੋ ਦੇਸ਼ ਦੀ ਕੁੱਲ ਆਬਾਦੀ ਦਾ 13 ਫੀਸਦੀ ਹਿੱਸਾ ਹੈ।

# ਪੰਥ ਦੇ ਉੱਘੇ ਵਿਦਵਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਪ੍ਰਣਾਏ ਹੋਏ ਪ੍ਰਚਾਰਕ ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਲਿਖਤ ਪੁਸਤਕ 'ਗੁਰੂ ਅੰਗਦ ਦਰਪਣ' "ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ" ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ






## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਵੱਲੋਂ ਸੰਗਤ ਅਰਪਣ ਅਤੇ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦਾ ਮਾਣ ਸਨਮਾਨ



























ਖ਼ਾਲਸਾ ਪ੍ਰਚਾਰਕ ਜਥਾ ਯੂ ਕੇ ਨਾਲ ਪਿਆਰ ਕਰਨ ਵਾਲਿਆਂ ਵਿੱਚੋਂ ਪਟਿਆਲਾ, ਜੰਮੂ, ਦਿੱਲੀ, ਜ਼ੀਰਕਪੁਰ, ਧਰਮਕੋਟ, ਜੰਡਿਆਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਕਰਨਾਲ ਤੋਂ ਕੁਝ ਪਰਿਵਾਰ ਅਰਦਾਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ

ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦੁਆਰਾ ਲਿਖਤ "ਗੁਰੂ ਅੰਗਦ ਦਰਪਣ" ਪੁਸਤਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤ ਅਰਪਣ ਕਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਹੋਰ ਸੀਨੀਅਰ ਮੈਂਬਰ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਸ਼ਖਸੀਅਤਾਂ ਹਾਜ਼ਰ ਸਨ। ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੇਸ਼ ਵਿਦੇਸ਼ ਵਿੱਚ ਵਿਚਰਦਿਆਂ ਜਿੱਥੇ ਗੁਰਸਿੱਖੀ ਦਾ ਪ੍ਰਚਾਰ ਗੁਰਮਤਿ ਕਥਾ ਵਿਖਿਆਨ ਰਾਹੀਂ ਕਰਦੇ ਹਨ, ਉਥੇ ਹੁਣ ਤੱਕ ਉਹਨਾਂ ਨੇ ਸਿੱਖ ਇਤਿਹਾਸ ਤੇ ਗੁਰ ਇਤਿਹਾਸ ਦੀਆਂ ਅਨੇਕਾਂ ਪੁਸਤਕਾਂ ਲਿਖ ਕੇ ਸਿੱਖੀ ਦੇ ਧਾਰਮਿਕ ਸਾਹਿਤ ਨੂੰ ਪਰਫੁੱਲਤ ਕੀਤਾ ਹੈ। ਉਹਨਾਂ ਦਾ ਇਹ ਧਾਰਮਿਕ ਸਾਹਿਤ ਪੰਜਾਬ ਟਾਈਮਜ਼ ਯੂ ਕੇ ਅਤੇ ਹੋਰ ਅਖ਼ਬਾਰਾਂ/ਪਰਚਿਆਂ ਵਿੱਚ ਵੀ ਛਪਦਾ ਰਹਿੰਦਾ ਹੈ, ਜਿੱਥੋਂ ਪਾਠਕ-ਜਨ ਲਾਭ ਪ੍ਰਾਪਤ ਕਰਦੇ ਹਨ। ਇਸ ਮੌਕੇ ਗਿਆਨੀ ਜੀ ਨੇ ਖ਼ਾਲਸਾ ਪ੍ਰਚਾਰਕ ਜਥੇ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ 1500 ਡਾਲਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਧਾਮੀ ਜੀ ਨੂੰ ਸੌਂਪੇ। ਉਪਰੰਤ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦੁਆਰਾ ਸਿੱਖੀ ਦੇ ਪ੍ਰਚਾਰ ਹਿੱਤ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ: ਹਰਜਿੰਦਰ ਸਿੰਘ ਧਾਮੀ ਅਤੇ ਪਤਵੰਤੇ ਸੱਜਣਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਿਰੋਪਾਓ, ਲੋਈ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਇੱਕ ਖ਼ੂਬਸੂਰਤ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ।

**ਵੱਲੋਂ:- ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਜਥੇਦਾਰ ਖ਼ਾਲਸਾ ਪ੍ਰਚਾਰਕ ਜਥਾ ਯੂ.ਕੇ.**

Whats App Number: +44(0)7956 302743 - Email: gsgulshan@btinternet.com

# ਪੰਜਾਬ ਦੇ ਤਿੰਨ ਸ਼ਹਿਰਾਂ ਨੂੰ ਪਵਿੱਤਰ ਦਰਜਾ: ਮੀਟ ਅਤੇ ਸ਼ਰਾਬ 'ਤੇ ਪਾਬੰਦੀ ਲੱਗੀ

**○ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਝਟਕੇ ਦੀ ਪਾਬੰਦੀ ਉਪਰ ਚੁੱਕੇ ਸਵਾਲ ○ ਨੋਟੀਫਿਕੇਸ਼ਨ ਵਿੱਚ ਅੰਮ੍ਰਿਤਸਰ, ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਸ਼ਾਮਲ, ਲਾਗੂ ਕਰਨਾ ਵੱਡੀ ਚੁਣੌਤੀ ○ ਅਕਾਲ ਤਖ਼ਤ ਨੇ ਵੀ ਸਵਾਲ ਉਠਾਏ; ਡਰੱਗਜ਼ 'ਤੇ ਰੋਕ ਨੂੰ ਲੈ ਕੇ ਵੀ ਚਰਚਾ**

ਚੰਡੀਗੜ੍ਹ-ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਤਿੰਨ ਮਹੱਤਵਪੂਰਨ ਸਿੱਖ ਧਾਰਮਿਕ ਸ਼ਹਿਰਾਂ ਨੂੰ 'ਪਵਿੱਤਰ ਸ਼ਹਿਰ' ਦਾ ਦਰਜਾ ਦੇ ਕੇ ਇੱਕ ਵੱਡਾ ਫੈਸਲਾ ਲਿਆ ਹੈ। ਇਸ ਨਾਲ ਇਨ੍ਹਾਂ ਸ਼ਹਿਰਾਂ ਵਿੱਚ ਮੀਟ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ 'ਤੇ ਪੂਰਨ ਪਾਬੰਦੀ ਲੱਗ ਗਈ ਹੈ। ਇਹ ਫੈਸਲਾ ਨਵੰਬਰ 2025 ਵਿੱਚ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਪਾਸ ਹੋਇਆ ਸੀ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਸੀ। ਪਰ ਇਸ ਫੈਸਲੇ ਨੇ ਵਿਵਾਦ ਵੀ ਖੜ੍ਹਾ ਕਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸਖ਼ਤ ਇਤਰਾਜ਼ ਜਤਾਇਆ ਹੈ ਅਤੇ ਸਰਕਾਰ 'ਤੇ ਸਿੱਖ ਮਰਿਆਦਾ ਨੂੰ ਬਦਲਣ ਦਾ ਇਲਜ਼ਾਮ ਲਗਾਇਆ ਹੈ।

### ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ - ਪਵਿੱਤਰ ਸ਼ਹਿਰ ਦਾ ਹਿੱਸਾ

ਪੰਜਾਬ ਸਰਕਾਰ ਨੇ 15 ਦਸੰਬਰ 2025 ਨੂੰ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਵਿੱਚ ਤਿੰਨ ਸ਼ਹਿਰਾਂ ਨੂੰ ਪਵਿੱਤਰ ਐਲਾਨਿਆ ਗਿਆ। ਇਹ ਸ਼ਹਿਰ ਹਨ: ਅੰਮ੍ਰਿਤਸਰ ਦੀ ਪੁਰਾਣੀ ਵਾਲਡ ਸਿਟੀ (ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦਾ ਗਲਿਆਰਾ ਖੇਤਰ), ਸ੍ਰੀ ਆਨੰਦਪੁਰ ਸਾਹਿਬ (ਰੂਪਨਗਰ ਜ਼ਿਲ੍ਹੇ ਵਿੱਚ ਮਿਉਂਸਪਲ ਲਿਮਿਟਸ) ਅਤੇ ਤਲਵੰਡੀ ਸਾਬੋ (ਬਠਿੰਡਾ ਜ਼ਿਲ੍ਹੇ ਵਿੱਚ ਸ੍ਰੀ ਦਮਦਮਾ ਸਾਹਿਬ ਵਾਲਾ ਖੇਤਰ)। ਇਹ ਤਿੰਨਾਂ ਸ਼ਹਿਰਾਂ ਵਿੱਚ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਤਿੰਨ ਮਹੱਤਵਪੂਰਨ ਤਖ਼ਤ ਸਥਿਤ ਹਨ - ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)।

ਨੋਟੀਫਿਕੇਸ਼ਨ ਅਨੁਸਾਰ, ਇਨ੍ਹਾਂ ਖੇਤਰਾਂ ਵਿੱਚ ਸ਼ਰਾਬ, ਮੀਟ (ਮਾਸਾਹਾਰੀ ਵਸਤੂਆਂ), ਤੰਬਾਕੂ, ਸਿਗਰਟ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ ਵਰਤੋਂ 'ਤੇ ਪੂਰੀ ਪਾਬੰਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਬਰਕਰਾਰ ਰਹੇਗੀ, ਨਸ਼ਿਆਂ 'ਤੇ ਰੋਕ ਲੱਗੇਗੀ ਅਤੇ ਸੰਗਤ ਨੂੰ ਸਾਫ਼-ਸੁਥਰਾ ਮਾਹੌਲ ਮਿਲੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਪੂਰੀ ਕਰਨ ਵਾਲਾ ਫੈਸਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਗੁਰੂ ਸਾਹਿਬਾਨ ਦੀ ਵਿਰਾਸਤ ਨੂੰ ਸਨਮਾਨ ਦੇਣ ਵਾਲਾ ਕਦਮ ਹੈ।

### ਪੰਜਾਬ ਸਰਕਾਰ ਦਾ ਪਵਿੱਤਰ ਸ਼ਹਿਰਾਂ ਵਾਲਾ ਨੋਟੀਫਿਕੇਸ਼ਨ

ਪਰ ਇਸ ਫੈਸਲੇ ਨੂੰ ਲੈ ਕੇ ਵਿਵਾਦ ਵੀ ਖੜ੍ਹਾ ਹੋ ਗਿਆ ਹੈ। ਸਭ ਤੋਂ ਵੱਡਾ ਇਤਰਾਜ਼ ਮੀਟ ਦੀ ਪਾਬੰਦੀ 'ਤੇ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸੀਨੀਅਰ ਅਕਾਲੀ ਆਗੂ ਬੀਬੀ ਕਿਰਨਜੋਤ ਕੌਰ ਨੇ ਸੋਸ਼ਲ ਮੀਡੀਆ 'ਤੇ ਬਿਆਨ ਜਾਰੀ ਕਰਕੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਨੇ ਸਿੱਧੇ ਤੌਰ 'ਤੇ ਪੰਜਾਬ ਸਰਕਾਰ 'ਤੇ ਇਲਜ਼ਾਮ ਲਗਾਇਆ ਕਿ ਇਹ ਫੈਸਲਾ ਸਿੱਖਾਂ ਦਾ 'ਬ੍ਰਾਹਮਣੀਕਰਨ' ਕਰਨ ਵਾਲਾ ਹੈ। ਬੀਬੀ ਕਿਰਨਜੋਤ ਕੌਰ, ਜੋ ਮਾਸਟਰ ਤਾਰਾ ਸਿੰਘ ਜੀ ਦੀ ਪੋਤਰੀ





ਵੀ ਹਨ, ਨੇ ਕਿਹਾ ਕਿ ਸਿੱਖ ਰਹਿਤ ਮਰਿਆਦਾ ਵਿੱਚ ਤੰਬਾਕੂ ਅਤੇ ਕੁੱਠਾ (ਹਲਾਲ) ਮੀਟ ਨੂੰ ਬੱਜਰ ਕੁਰਹਿਤ ਮੰਨਿਆ ਗਿਆ ਹੈ। ਸ਼ਰਾਬ ਅਤੇ ਹੋਰ ਨਸ਼ੇ ਵੀ ਮਨ੍ਹਾ ਹਨ। ਪਰ ਝਟਕਾ ਮੀਟ (ਇੱਕ ਵਾਰ ਵਿੱਚ ਮਾਰ ਕੇ ਤਿਆਰ ਕੀਤਾ ਮੀਟ) ਸਿੱਖਾਂ ਦਾ ਹੱਕ ਹੈ ਅਤੇ ਇਸ ਉਪਰ ਪਾਬੰਦੀ ਗਲਤ ਹੈ। ਉਨ੍ਹਾਂ ਨੇ ਇਤਿਹਾਸਕ ਹਵਾਲੇ ਦਿੱਤੇ। ਕਿਹਾ ਕਿ 1935 ਵਿੱਚ ਅਕਾਲੀ ਦਲ ਨੇ ਝਟਕਾ ਮੀਟ ਦੇ ਹੱਕ ਵਿੱਚ 'ਝਟਕਾ ਕਾਨਫਰੰਸ' ਕੀਤੀ ਸੀ। ਗੁਰੂ ਸਾਹਿਬਾਨ ਅਤੇ ਸਿੱਖਾਂ ਨੇ ਸ਼ਿਕਾਰ ਕੀਤਾ ਅਤੇ ਮੀਟ ਖਾਧਾ। ਖਾਸ ਕਰਕੇ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਇੱਕ ਸਾਖੀ ਦਾ ਜ਼ਿਕਰ ਕੀਤਾ, ਜਿੱਥੇ ਕੁਰੂਕਸ਼ੇਤਰ ਵਿੱਚ ਸੂਰਜ ਗ੍ਰਹਿਣ ਸਮੇਂ ਹਿਰਨ ਦਾ ਮਾਸ ਰਿੰਨ੍ਹਿਆ ਗਿਆ ਸੀ। ਬੀਬੀ ਜੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਕੋਲ ਤੁਰੰਤ ਇਤਰਾਜ਼ ਜਤਾਉਣ ਅਤੇ ਸਿੱਖ ਮਰਿਆਦਾ ਵੱਲ ਵਾਪਸ ਆਉਣ। ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਡੇਰੇਦਾਰਾਂ ਦੀ ਮਰਿਆਦਾ ਨੂੰ ਅੱਗੇ ਵਧਾਉਂਦਾ ਹੈ, ਜੋ ਸਿੱਖੀ ਨਾਲ ਨਹੀਂ ਮਿਲਦੀ। ਹੁਣ ਸਵਾਲ ਉੱਠ ਰਿਹਾ ਹੈ ਕਿ ਕੀ ਸਰਕਾਰ ਇਸ ਨੋਟੀਫਿਕੇਸ਼ਨ ਅਨੁਸਾਰ ਸਾਰੇ ਨਿਯਮ ਲਾਗੂ ਕਰ ਪਾਵੇਗੀ? ਮਾਹਿਰਾਂ ਅਤੇ ਸਿੱਖ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਇਹ ਬਹੁਤ ਵੱਡੀ ਚੁਣੌਤੀ ਹੈ। ਅੰਮ੍ਰਿਤਸਰ ਦੀ ਪੁਰਾਣੀ ਸ਼ਹਿਰ ਵਿੱਚ ਪਹਿਲਾਂ ਹੀ ਕੁਝ ਪਾਬੰਦੀਆਂ ਹਨ, ਜਿਵੇਂ 1957 ਤੋਂ ਸ਼ਰਾਬ ਦੀਆਂ ਦੁਕਾਨਾਂ 'ਤੇ ਬੈਨ ਹੈ ਅਤੇ ਦਰਬਾਰ ਸਾਹਿਬ ਦੇ 300 ਮੀਟਰ ਆਲੇ-ਦੁਆਲੇ ਨਸ਼ੇ 'ਤੇ ਰੋਕ ਹੈ। ਪਰ ਜ਼ਮੀਨੀ ਪੱਧਰ 'ਤੇ ਇਹ ਨਿਯਮ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ। ਤੰਗ ਗਲੀਆਂ, ਹਜ਼ਾਰਾਂ ਹੋਟਲ ਅਤੇ ਟੂਰਿਸਟਾਂ ਦੀ ਭੀੜ ਕਾਰਨ ਗੈਰ ਕਨੂੰਨੀ ਸ਼ਰਾਬ ਅਤੇ ਮੀਟ ਦੀ ਸਪਲਾਈ ਚੱਲਦੀ ਰਹਿੰਦੀ ਹੈ। ਤੰਬਾਕੂ ਦੀਆਂ ਛੋਟੀਆਂ ਦੁਕਾਨਾਂ ਅਤੇ ਮੀਟ ਦੀਆਂ ਦੁਕਾਨਾਂ ਅੱਜ ਵੀ ਮੌਜੂਦ ਹਨ।

ਸਿੱਖ ਬੁੱਧੀਜੀਵੀਆਂ ਦੀ ਰਾਏ ਵੀ ਵੰਡੀ ਹੋਈ ਹੈ। ਕੁਝ ਲੋਕ ਇਸ ਫੈਸਲੇ ਨੂੰ ਸਵਾਗਤ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਧਾਰਮਿਕ ਪਵਿੱਤਰਤਾ ਨੂੰ ਬਚਾਉਣ ਲਈ ਜ਼ਰੂਰੀ ਹੈ। ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਕਿਹਾ ਕਿ ਜ਼ਿਆਦਾਤਰ ਸੰਗਤ ਨੂੰ ਨਸ਼ੇ ਅਤੇ ਮੀਟ ਤੋਂ ਰਹਿਤ ਮਾਹੌਲ ਪਸੰਦ ਹੈ। ਪਰ ਕਈ ਬੁੱਧੀਜੀਵੀ, ਜਿਵੇਂ ਡਾਕਟਰ ਪਰਮਜੀਤ ਸਿੰਘ ਮਾਨਸਾ, ਕਹਿੰਦੇ ਹਨ ਕਿ ਧਾਰਮਿਕ ਮਰਿਆਦਾ ਨੂੰ ਸਰਕਾਰੀ ਕਾਨੂੰਨ ਨਾਲ ਨਹੀਂ ਜੋੜਨਾ ਚਾਹੀਦਾ। ਇਹ ਵਾਲੰਟਰੀ (ਆਪਣੀ ਮਰਜ਼ੀ ਨਾਲ) ਹੋਣੀ ਚਾਹੀਦੀ ਹੈ, ਨਹੀਂ ਤਾਂ ਲਾਗੂ ਕਰਨਾ ਮੁਸ਼ਕਿਲ ਹੋਵੇਗਾ। ਕਾਂਗਰਸ ਆਗੂ ਮਹੇਸ਼ ਖੰਨਾ ਨੇ ਵੀ ਸਵਾਲ ਉਠਾਇਆ ਕਿ ਜਦੋਂ ਪਹਿਲਾਂ ਵਾਲੀਆਂ ਪਾਬੰਦੀਆਂ ਨਹੀਂ ਲਾਗੂ ਹੋ ਰਹੀਆਂ, ਤਾਂ ਨਵੀਆਂ ਕਿਵੇਂ ਹੋਣਗੀਆਂ?

ਅਕਾਲ ਤਖ਼ਤ ਦੀ ਰਾਏ ਵੀ ਮਹੱਤਵਪੂਰਨ ਹੈ। ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਨੇ ਪੂਰੇ ਵੇਰਵੇ ਨਹੀਂ ਸਾਂਝੇ ਕੀਤੇ। ਉਨ੍ਹਾਂ ਨੇ ਪੁੱਛਿਆ ਕਿ ਕੀ ਇਹ ਫੈਸਲਾ ਸੱਚਮੁੱਚ ਧਾਰਮਿਕ ਭਾਵਨਾਵਾਂ ਲਈ ਹੈ ਜਾਂ ਸਿਰਫ਼ ਲੋਕਾਂ ਨੂੰ ਖੁਸ਼ ਕਰਨ ਲਈ? ਅਕਾਲ ਤਖ਼ਤ ਨੇ ਅਜੇ ਤੱਕ ਸਪੱਸ਼ਟ ਸਮਰਥਨ ਜਾਂ ਵਿਰੋਧ ਨਹੀਂ ਜਤਾਇਆ, ਪਰ ਇਹ ਮਾਮਲਾ ਗੰਭੀਰਤਾ ਨਾਲ ਵੇਖ ਰਿਹਾ ਹੈ।

ਸਭ ਤੋਂ ਵੱਡਾ ਸਵਾਲ ਡਰੱਗਜ਼ ਅਤੇ ਨਸ਼ਿਆਂ ਬਾਰੇ ਹੈ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਬਹੁਤ ਡੂੰਘੀ ਹੈ। ਲੋਕ ਪੁੱਛ ਰਹੇ ਹਨ ਕਿ ਜੇ ਪਵਿੱਤਰ ਸ਼ਹਿਰਾਂ ਵਿੱਚ ਨਸ਼ੇ ਬੰਦ ਕਰਨੇ ਹਨ, ਤਾਂ ਡਰੱਗਜ਼ ਦਾ ਵਪਾਰ ਕਿਉਂ ਨਹੀਂ ਪੂਰੀ ਤਰ੍ਹਾਂ ਰੋਕਿਆ ਜਾ ਰਿਹਾ? ਨੋਟੀਫਿਕੇਸ਼ਨ ਵਿੱਚ ਨਸ਼ੀਲੇ ਪਦਾਰਥਾਂ 'ਤੇ ਪਾਬੰਦੀ ਦਾ ਜ਼ਿਕਰ ਹੈ, ਪਰ ਜ਼ਮੀਨ 'ਤੇ ਇਹ ਲਾਗੂ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਪੁਲਿਸ ਅਤੇ ਪ੍ਰਸ਼ਾਸਨ ਨੂੰ ਮਜ਼ਬੂਤ ਕਦਮ ਚੁੱਕਣੇ ਪੈਣਗੇ, ਨਹੀਂ ਤਾਂ ਇਹ ਫੈਸਲਾ ਸਿਰਫ਼ ਕਾਗਜ਼ੀ ਰਹਿ ਜਾਵੇਗਾ।

ਸਰਕਾਰ ਨੂੰ ਕਈ ਦਿੱਕਤਾਂ ਆ ਸਕਦੀਆਂ ਹਨ। ਪਹਿਲੀ ਤਾਂ ਲਾਗੂ ਕਰਨ ਦੀ - ਇਲੀਗਲ ਨੈੱਟਵਰਕ ਮੌਜੂਦ ਹਨ, ਜੋ ਘਰ-ਘਰ ਸਪਲਾਈ ਕਰਦੇ ਹਨ। ਦੂਜੀ, ਟੂਰਿਜ਼ਮ 'ਤੇ ਅਸਰ - ਅੰਮ੍ਰਿਤਸਰ ਵਿੱਚ ਵਿਦੇਸ਼ੀ ਅਤੇ ਹੋਰ ਸੈਲਾਨੀ ਆਉਂਦੇ ਹਨ, ਜਿਨ੍ਹਾਂ ਲਈ ਮੀਟ ਅਤੇ ਸ਼ਰਾਬ ਵਾਲੇ ਹੋਟਲ ਮਹੱਤਵਪੂਰਨ ਹਨ।

ਤੀਜੀ, ਕਾਨੂੰਨੀ ਚੁਣੌਤੀਆਂ - ਮੀਟ ਵਪਾਰੀ ਅਤੇ ਹੋਟਲ ਮਾਲਕ ਅਦਾਲਤ ਜਾ ਸਕਦੇ ਹਨ। ਚੌਥੀ, ਰਾਜਨੀਤੀ - ਵਿਰੋਧੀ ਪਾਰਟੀਆਂ ਇਸ ਨੂੰ ਵੋਟਾਂ ਲਈ ਵਰਤ ਸਕਦੀਆਂ ਹਨ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਪੱਧਰ 'ਤੇ ਕੰਮ ਦੀ ਲੋੜ ਹੈ, ਨਹੀਂ ਤਾਂ ਅਜਿਹੇ ਫੈਸਲੇ ਸਿਰਫ਼ ਐਲਾਨ ਬਣ ਕੇ ਰਹਿ ਜਾਂਦੇ ਹਨ। ਇਹ ਵਿਵਾਦ ਅਜੇ ਜਾਰੀ ਹੈ। ਇੱਕ ਪਾਸੇ ਧਾਰਮਿਕ ਭਾਵਨਾਵਾਂ ਦੀ ਗੱਲ ਹੈ, ਦੂਜੇ ਪਾਸੇ ਸਿੱਖ ਮਰਿਆਦਾ ਅਤੇ ਵਿਹਾਰਕ ਮੁਸ਼ਕਲਾਂ ਹਨ। ਸੰਗਤ ਅਤੇ ਸਿੱਖ ਜਥੇਬੰਦੀਆਂ ਇਸ 'ਤੇ ਆਪਣੀ ਰਾਏ ਰੱਖ ਰਹੀਆਂ ਹਨ। ਸਰਕਾਰ ਨੂੰ ਸਾਰੇ ਪੱਖਾਂ ਨੂੰ ਸੁਣ ਕੇ ਅੱਗੇ ਵਧਣਾ ਪਵੇਗਾ, ਤਾਂ ਜੋ ਪਵਿੱਤਰਤਾ ਸੱਚਮੁੱਚ ਬਰਕਰਾਰ ਰਹੇ।

## ਛਪਦੇ ਛਪਦੇ

ਹੁਣ ਤੱਕ ਦੀਆਂ ਖਬਰਾਂ ਆਉਣ ਤੱਕ ਜ਼ਿਲਾ ਪ੍ਰੀਸ਼ਦ ਦੀਆਂ ਚੋਣਾਂ ਦੇ ਨਤੀਜਿਆਂ ਵਿੱਚ ਆਪ ਪਾਰਟੀ ਅੱਗੇ ਚੱਲ ਰਹੀ ਹੈ ਤੇ ਬਾਕੀ ਪਾਰਟੀਆਂ ਪਿੱਛੇ ਹਨ।

## ਪੰਜਾਬ ਟਾਈਮਜ਼ ਦਾ ਦਫ਼ਤਰ ਕ੍ਰਿਸਮਿਸ ਦੀਆਂ ਛੁੱਟੀਆਂ ਦੌਰਾਨ ਦੋ ਹਫ਼ਤਿਆਂ ਲਈ ਬੰਦ ਰਹੇਗਾ

ਕ੍ਰਿਸਮਿਸ ਦੀਆਂ ਛੁੱਟੀਆਂ ਦੌਰਾਨ ਪੰਜਾਬ ਟਾਈਮਜ਼ ਦਾ ਦਫ਼ਤਰ ਵੀਰਵਾਰ 19 ਦਸੰਬਰ 2025 ਤੋਂ 5 ਜਨਵਰੀ 2026 ਤੱਕ ਦੋ ਹਫਤਿਆਂ ਲਈ ਬੰਦ ਰਹੇਗਾ। ਇਸ ਲਈ ਦਫ਼ਤਰ ਮੁੜ ਦਿਨ ਮੰਗਲਵਾਰ 6 ਜਨਵਰੀ 2026 ਨੂੰ ਖੁੱਲ੍ਹੇਗਾ। ਇਸ ਦੌਰਾਨ ਸਟਾਫ ਛੁੱਟੀ 'ਤੇ ਹੋਵੇਗਾ। ਪਰ ਪੰਜਾਬ ਟਾਈਮਜ਼ ਦੀ ਵੈਬਸਾਈਟ 'ਤੇ ਅੱਪਡੇਟ ਖ਼ਬਰਾਂ ਤੁਸੀਂ ਰੋਜ਼ਾਨਾ ਦੇਖ ਸਕੋਗੇ। ਇਸ ਦੌਰਾਨ ਪ੍ਰਿੰਟ ਪੇਪਰ ਨਹੀਂ ਛਪੇਗਾ, ਪਰ ਹਫ਼ਤਾਵਾਰ ਔਨਲਾਈਨ ਪੇਪਰ ਪੜ੍ਹ ਸਕੋਗੇ। ਇਸ ਲਈ ਨਾਲ ਦਿੱਤੇ ਵੈਬਸਾਈਟ ਤੇ ਲੌਗ ਆਨ ਕਰੋ:

**www.panjabtimes.uk / Email:panjabtimes@aol.com**

ਤੁਸੀਂ ਆਪਣੇ ਪ੍ਰੈਸਨੋਟ, ਬਿਆਨ ਜਾਂ ਲੇਖ ਆਦਿ ਈਮੇਲ ਜਾਂ ਵੱਟਸਐਪ ਰਾਹੀਂ ਭੇਜ ਸਕਦੇ ਹੋ, ਤਾਂ ਜੋ ਉਹਨਾਂ ਨੂੰ ਔਨ-ਲਾਈਨ ਜਾਂ ਅਗਲੇ ਅੰਕ ਵਿੱਚ ਥਾਂ ਮਿਲ ਸਕੇ।

**ਛੁੱਟੀਆਂ ਕਾਰਣ 25 ਦਸੰਬਰ ਅਤੇ 1 ਜਨਵਰੀ ਵਾਲੇ ਅਗਲੇ ਦੋ ਅੰਕ ਨਹੀਂ ਛਪਣਗੇ। ਅਗਲਾ ਅੰਕ ਨਵੇਂ ਸਾਲ 'ਚ 7 ਜਨਵਰੀ ਨੂੰ ਛਪੇਗਾ**

ਪੰਜਾਬ ਟਾਈਮਜ਼ ਦਾ ਅਗਲਾ ਅੰਕ 8 ਜਨਵਰੀ 2026 ਦਿਨ ਵੀਰਵਾਰ ਨੂੰ ਮਿਲੇਗਾ। ਪੇਪਰ ਵਿਕਰੇਤਾ ਅਤੇ ਪਾਠਕ ਨੋਟ ਕਰ ਲੈਣ।

**ਫੋਨ ਨੰਬਰ: 01332-372 851 WhatsApp: 07966 388 388**
**BRIDLE GATE LANE, DERBY, DE24 0QW. U.K.**

# ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਾਪਸੀ ਦੀਆਂ ਅਫਵਾਹਾਂ ਜਾਂ ਸੱਚਾਈ

## ✪ ਰੰਧਾਵਾ ਨੇ ਕੈਪਟਨ ਦੀ ਕਿਉਂ ਕੀਤੀ ਤਾਰੀਫ਼? ✪ ਪਰਨੀਤ ਕੌਰ ਨੇ ਕਿਉਂ ਕਿਹਾ ਕਿ ਕੈਪਟਨ ਕਾਂਗਰਸ ਵਿਚ ਨਹੀਂ ਜਾਣਗੇ

ਚੰਡੀਗੜ੍ਹ-ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਤੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਨਾਲ ਜੁੜੀਆਂ ਅਫਵਾਹਾਂ ਨੇ ਜ਼ੋਰ ਫੜ ਲਿਆ ਹੈ। ਗੁਰਦਾਸਪੁਰ ਤੋਂ ਕਾਂਗਰਸੀ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਕੈਪਟਨ ਦੀ ਖੁੱਲ੍ਹ ਕੇ ਤਾਰੀਫ਼ ਕਰਨ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਚਰਚਾ ਛਿੜ ਗਈ ਹੈ ਕਿ ਕੀ ਕੈਪਟਨ ਭਾਰਤੀ ਜਨਤਾ ਪਾਰਟੀ (ਭਾਜਪਾ) ਛੱਡ ਕੇ ਮੁੜ ਕਾਂਗਰਸ ਵਿੱਚ ਵਾਪਸ ਆ ਰਹੇ ਹਨ? ਹਾਲਾਂਕਿ ਕੈਪਟਨ ਦੀ ਪਤਨੀ ਤੇ ਭਾਜਪਾ ਨੇਤਾ ਪਰਨੀਤ ਕੌਰ ਨੇ ਇਨ੍ਹਾਂ ਕਿਆਸਅਰਾਈਆਂ ਨੂੰ ਸਿੱਧੇ ਤੌਰ ਤੇ ਰੱਦ ਕਰ ਦਿੱਤਾ ਹੈ, ਪਰ ਪੰਜਾਬ ਦੀ ਰਾਜਨੀਤੀ ਵਿੱਚ ਇਹ ਮਾਮਲਾ ਗਰਮਾ ਗਿਆ ਹੈ।

ਇਹ ਪੂਰਾ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਵਿੱਚ ਭਾਜਪਾ ਦੀ ਕੰਮਕਾਜੀ ਸ਼ੈਲੀ ਤੇ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਭਾਜਪਾ ਨੇ ਉਨ੍ਹਾਂ ਨੂੰ ਕਦੇ ਪੁੱਛਿਆ ਵੀ ਨਹੀਂ। ਸਾਰੇ ਫ਼ੈਸਲੇ ਦਿੱਲੀ ਤੋਂ ਹੀ ਲਏ ਜਾਂਦੇ ਹਨ, ਜਦਕਿ ਕਾਂਗਰਸ ਵਿੱਚ ਲੰਬੀ ਚਰਚਾ ਤੋਂ ਬਾਅਦ ਫ਼ੈਸਲੇ ਹੁੰਦੇ ਸਨ। ਇਸ ਬਿਆਨ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ, ਕਿਉਂਕਿ ਕੈਪਟਨ 2021 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ।

ਇਸੇ ਦੌਰਾਨ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਇੱਕ ਇੰਟਰਵਿਊ ਵਿੱਚ ਕੈਪਟਨ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਰੰਧਾਵਾ ਨੇ ਕਿਹਾ ਕਿ ਕੈਪਟਨ ਜ਼ੁਬਾਨ ਦੇ ਪੱਕੇ ਹਨ ਤੇ ਜਿਸ ਦੇ ਨਾਲ ਖੜ੍ਹੇ ਹੋਣ ਤਾਂ ਪੂਰੇ ਖੜ੍ਹੇ ਹੁੰਦੇ ਹਨ। ਉਨ੍ਹਾਂ ਨੂੰ ਬਿਹਤਰ ਸਿਆਸਤਦਾਨ ਕਰਾਰ ਦਿੱਤਾ। ਇਹ ਬਿਆਨ ਇਸ ਲਈ ਵੀ ਮਹੱਤਵਪੂਰਨ ਹੈ ਕਿ ਰੰਧਾਵਾ ਕੈਪਟਨ ਦੇ ਨੇੜਲੇ ਸਾਥੀ ਰਹੇ ਹਨ, ਪਰ 2021 ਵਿੱਚ ਕੈਪਟਨ ਵਿਰੋਧੀ ਬਗਾਵਤ ਵਿੱਚ ਵੀ ਅੱਗੇ ਸਨ। ਉਸ ਸਮੇਂ ਮਾਝਾ ਬ੍ਰਿਗੇਡ ਵਿੱਚ ਰੰਧਾਵਾ ਨੇ ਅਕਾਲੀ ਆਗੂ ਬਿਕਰਮ ਮਜੀਠੀਆ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ, ਪਰ ਕੈਪਟਨ ਤੋਂ ਜਵਾਬ ਨਾ ਮਿਲਣ ਕਾਰਨ ਦੋਵਾਂ ਵਿੱਚ ਮਤਭੇਦ ਵਧ ਗਏ ਸਨ।

ਰੰਧਾਵਾ ਦੇ ਇਸ ਬਿਆਨ ਨੇ ਸਿਆਸੀ ਹਲਕਿਆਂ ਵਿੱਚ ਚਰਚਾ ਛੇੜ ਦਿੱਤੀ ਕਿ ਕੀ ਇਹ ਕਾਂਗਰਸ ਵਾਪਸੀ ਦਾ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਹੈ? ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕੈਪਟਨ ਭਾਜਪਾ ਵਿੱਚ ਖੁਸ਼ ਨਹੀਂ ਦਿਸ ਰਹੇ। ਉਨ੍ਹਾਂ ਨੂੰ ਪਾਰਟੀ ਵਿੱਚ ਵੱਡੀ ਜ਼ਿੰਮੇਵਾਰੀ ਨਹੀਂ ਮਿਲੀ ਤੇ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਵੀ ਮਜ਼ਬੂਤ ਨਹੀਂ। 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤੇ ਭਾਜਪਾ ਨੂੰ ਅਕਾਲੀ ਦਲ ਨਾਲ ਗਠਜੋੜ ਦੀ ਲੋੜ ਹੈ, ਪਰ ਕੈਪਟਨ ਨੇ ਖੁੱਲ੍ਹ ਕੇ ਅਕਾਲੀਆਂ ਦੀ ਪ੍ਰਸ਼ੰਸਾ ਕੀਤੀ ਹੈ।

ਦੂਜੇ ਪਾਸੇ ਕੈਪਟਨ ਦੀ ਪਤਨੀ ਪਰਨੀਤ ਕੌਰ ਨੇ ਕਿਹਾ ਕਿ ਕਾਂਗਰਸ ਨਾਲ ਕੋਈ ਗੱਲਬਾਤ ਨਹੀਂ ਚੱਲ ਰਹੀ। ਕੈਪਟਨ ਭਾਜਪਾ ਵਿੱਚ ਹਨ ਤੇ ਰਹਿਣਗੇ। ਪੂਰੇ ਪਰਿਵਾਰ ਨੇ ਸੋਚ ਸਮਝ ਕੇ ਭਾਜਪਾ ਜੁਆਇਨ ਕੀਤੀ ਸੀ।



ਦੂਜੇ ਪਾਸੇ ਆਪ ਨੇ ਇਸ ਮੌਕੇ ਨੂੰ ਭੁਨਾਉਣ ਦੀ ਕੋਸ਼ਿਸ਼ ਕੀਤੀ। ਆਪ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਰੰਧਾਵਾ ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਪੁੱਛਿਆ ਕਿ ਕੀ ਰੰਧਾਵਾ 2017 ਦੀਆਂ ਚੋਣਾਂ ਭੁੱਲ ਗਏ ਹਨ ਜਦੋਂ ਕੈਪਟਨ ਨੇ ਗੁਟਕਾ ਸਾਹਿਬ ਹੱਥ ਵਿੱਚ ਫੜ ਕੇ ਨਸ਼ੇ ਖਤਮ ਕਰਨ, ਘਰ-ਘਰ ਨੌਕਰੀ ਤੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੇ ਵਾਅਦੇ ਕੀਤੇ ਸਨ? ਇਹ ਸਾਰੇ ਵਾਅਦੇ ਹਵਾ ਵਿੱਚ ਉੱਡ ਗਏ। ਪੰਨੂ ਨੇ ਕੈਪਟਨ ਦੇ ਪਾਰਟੀਆਂ ਬਦਲਣ ਦੇ ਇਤਿਹਾਸ ਤੇ ਵੀ ਰੌਸ਼ਨੀ ਪਾਈ - 1984 ਵਿੱਚ ਅਕਾਲੀ ਦਲ, ਫਿਰ ਕਾਂਗਰਸ, 2012 ਵਿੱਚ ਨਵੀਂ ਪਾਰਟੀ ਰਜਿਸਟਰ ਕਰਨ ਦੀ ਕੋਸ਼ਿਸ਼ ਤੇ ਹੁਣ ਭਾਜਪਾ। ਉਨ੍ਹਾਂ ਕਿਹਾ ਕਿ ਅਜਿਹਾ ਵਿਅਕਤੀ ਜ਼ੁਬਾਨ ਦਾ ਪੱਕਾ ਕਿਵੇਂ ਹੋ ਸਕਦਾ ਹੈ? ਪੰਨੂ ਨੇ ਇਹ ਵੀ ਕਿਹਾ ਕਿ ਕੈਪਟਨ ਹੁਣ ਸੁਖਬੀਰ ਬਾਦਲ ਨੂੰ ਵੀ ਚੰਗਾ ਆਦਮੀ ਕਹਿ ਰਹੇ ਹਨ, ਜੋ ਹੈਰਾਨੀ ਵਾਲੀ ਗੱਲ ਹੈ। ਪੰਜਾਬ ਦੇ ਲੋਕ ਇਸ ਮੌਕਾਪ੍ਰਸਤੀ ਨੂੰ ਸਮਝਦੇ ਹਨ।

ਪੰਜਾਬ ਦੀ ਰਾਜਨੀਤੀ ਤੇ ਨਜ਼ਰ ਰੱਖਣ ਵਾਲੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕੈਪਟਨ ਦੀ ਕਾਂਗਰਸ ਵਾਪਸੀ ਇੰਨੀ ਆਸਾਨ ਨਹੀਂ। ਇੱਕ ਪਾਸੇ ਉਨ੍ਹਾਂ ਦੇ ਬੇਟੇ ਰਣਿੰਦਰ ਸਿੰਘ ਤੇ ਈਡੀ ਜਾਂਚ ਲਟਕ ਰਹੀ ਹੈ, ਜੋ ਕਾਂਗਰਸ ਵਾਪਸੀ ਨਾਲ ਤੇਜ਼ ਹੋ ਸਕਦੀ ਹੈ। ਦੂਜੇ ਪਾਸੇ ਕਾਂਗਰਸ ਹਾਈਕਮਾਂਡ ਲਈ ਵੀ ਕੈਪਟਨ ਨੂੰ ਮੁੜ ਵੱਡਾ ਚਿਹਰਾ ਬਣਾਉਣਾ ਔਖਾ ਹੋਵੇਗਾ, ਕਿਉਂਕਿ ਪਾਰਟੀ ਵਿੱਚ ਨਵੀਂ ਲੀਡਰਸ਼ਿਪ ਉੱਭਰ ਰਹੀ ਹੈ। ਫਿਰ ਵੀ ਇਹ ਚਰਚਾ 2027 ਦੀਆਂ ਚੋਣਾਂ ਲਈ ਮਹੱਤਵਪੂਰਨ ਹੈ। । ਕਾਂਗਰਸ ਲਈ ਕੈਪਟਨ ਵਰਗਾ ਵੱਡਾ ਚਿਹਰਾ ਵਾਪਸ ਆਉਣ ਨਾਲ ਫਾਇਦਾ ਹੋ ਸਕਦਾ ਹੈ, ਪਰ ਪਾਰਟੀ ਅੰਦਰੂਨੀ ਖਿੱਚੋਤਾਣ ਵੀ ਵਧ ਸਕਦੀ ਹੈ। ਆਪ ਇਸ ਨੂੰ ਮੌਕੇ ਵਜੋਂ ਵੇਖ ਰਹੀ ਹੈ ਤੇ ਵਿਰੋਧੀਆਂ ਨੂੰ ਪਛਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਕੁੱਲ ਮਿਲਾ ਕੇ, ਕੈਪਟਨ ਅਮਰਿੰਦਰ ਸਿੰਘ ਦਾ ਰਾਜਨੀਤਕ ਭਵਿੱਖ ਅਜੇ ਵੀ ਅਨਿਸ਼ਚਿਤ ਹੈ। ਉਹ 83 ਸਾਲ ਦੀ ਉਮਰ ਵਿੱਚ ਵੀ ਸਰਗਰਮ ਹਨ, ਪਰ ਸਿਹਤ ਤੇ ਪਾਰਟੀ ਅੰਦਰੂਨੀ ਸਥਿਤੀ ਉਨ੍ਹਾਂ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ। ਕੀ ਕੈਪਟਨ ਮੁੜ ਕਾਂਗਰਸ ਵਿੱਚ ਵਾਪਸ ਆਉਣਗੇ ਜਾਂ ਭਾਜਪਾ ਵਿੱਚ ਹੀ ਰਹਿਣਗੇ? ਇਸ ਦਾ ਜਵਾਬ ਸਮਾਂ ਹੀ ਦੇਵੇਗਾ।

# ਅੰਮ੍ਰਿਤਪਾਲ ਸਿੰਘ ਨੇ ਅਦਾਲਤ ਵਿੱਚ ਆਪਣੇ ਹਲਕੇ ਦੇ ਮੁੱਦੇ ਚੁੱਕਣ ਦੀ ਅਪੀਲ ਕੀਤੀ

## ✪ ਪੰਜਾਬ ਸਰਕਾਰ ਨੇ ਪੈਰੋਲ ਨੂੰ ਲਾਅ ਐਂਡ ਆਰਡਰ ਦੇ ਖ਼ਤਰੇ ਕਾਰਨ ਕੀਤਾ ਵਿਰੋਧ ✪ ਅੰਮ੍ਰਿਤਪਾਲ ਸਿੰਘ ਵਲੋਂ ਹੜ੍ਹਾਂ, ਨਸ਼ੇ ਅਤੇ ਵਿਕਾਸ ਕੰਮਾਂ ਵਰਗੇ ਮੁੱਦੇ ਸੰਸਦ ਵਿੱਚ ਚੁੱਕਣ ਦੀ ਮੰਗ ✪ ਅੰਮ੍ਰਿਤਪਾਲ ਸਿੰਘ ਨੇ ਅਦਾਲਤ ਵਿੱਚ ਕਿਹਾ: ਸੰਸਦ ਵਿੱਚ ਮੁੱਦੇ ਚੁੱਕਣਾ ਚਾਹੁੰਦਾ ਹਾਂ, ਪਰ ਹਿਰਾਸਤ ਰੋਕ ਰਹੀ ਹੈ

ਚੰਡੀਗੜ੍ਹ-ਖਡੂਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਆਪਣੀ ਪੈਰੋਲ ਪਟੀਸ਼ਨ ਤੇ ਬਹਿਸ ਕਰਦਿਆਂ ਕਿਹਾ ਕਿ ਉਹ ਆਪਣੇ ਹਲਕੇ ਦੇ ਮਹੱਤਵਪੂਰਨ ਮੁੱਦੇ ਸੰਸਦ ਵਿੱਚ ਚੁੱਕਣਾ ਚਾਹੁੰਦੇ ਹਨ। ਪਰ ਨੈਸ਼ਨਲ ਸਕਿਓਰਿਟੀ ਐਕਟ (ਐੱਨਐੱਸਏ) ਤਹਿਤ ਉਨ੍ਹਾਂ ਦੀ ਹਿਰਾਸਤ ਕਾਰਨ ਸਭ ਕੁਝ ਠੱਪ ਪਿਆ ਹੈ। ਇਹ ਉਨ੍ਹਾਂ ਦੀ ਪਹਿਲੀ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ੀ ਸੀ। ਅਜੇ ਤੱਕ ਕੋਈ ਫੈਸਲਾ ਨਹੀਂ ਆਇਆ ਹੈ।

ਜੁਲਾਈ 2024 ਵਿੱਚ ਉਨ੍ਹਾਂ ਨੂੰ ਸਹੁੰ ਚੁੱਕਣ ਲਈ ਪੈਰੋਲ ਮਿਲੀ ਸੀ, ਪਰ ਉਸ ਤੋਂ ਬਾਅਦ ਉਹ ਵਾਪਸ ਜੇਲ੍ਹ ਵਿੱਚ ਹਨ। ਹੁਣ ਵਿੰਟਰ ਸੈਸ਼ਨ ਚੱਲ ਰਿਹਾ ਹੈ, ਜੋ 19 ਦਸੰਬਰ ਨੂੰ ਖਤਮ ਹੋਣ ਵਾਲਾ ਹੈ। ਅੰਮ੍ਰਿਤਪਾਲ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪੈਰੋਲ ਜਾਂ ਸ਼ਰਤੀ ਜ਼ਮਾਨਤ ਮਿਲੇ ਤਾਂ ਜੋ ਉਹ ਸੰਸਦ ਵਿੱਚ ਜਾ ਸਕਣ ਅਤੇ ਆਪਣੇ ਲੋਕਾਂ ਦੇ ਮੁੱਦੇ ਚੁੱਕ ਸਕਣ। ਉਨ੍ਹਾਂ ਨੇ ਅਦਾਲਤ ਵਿੱਚ ਕਿਹਾ, "ਮੇਰੇ ਹਲਕੇ ਵਿੱਚ ਸਭ ਵਿਕਾਸ ਕੰਮ ਰੁਕੇ ਪਏ ਹਨ। ਹੜ੍ਹਾਂ, ਨਸ਼ੀਲੇ ਪਦਾਰਥਾਂ ਦੀ ਸਮੱਸਿਆ ਅਤੇ ਫਰਜ਼ੀ ਐਨਕਾਊਂਟਰ ਵਰਗੇ ਮੁੱਦੇ ਸੰਸਦ ਵਿੱਚ ਨਹੀਂ ਚੁੱਕੇ ਜਾ ਰਹੇ। ਇਹ ਮੇਰਾ ਨਿੱਜੀ ਮਾਮਲਾ ਨਹੀਂ, ਬਲਕਿ ਮੇਰੇ ਵੋਟਰਾਂ ਦੀ ਆਵਾਜ਼ ਹੈ ਜੋ ਦੱਬੀ ਜਾ ਰਹੀ ਹੈ।"



ਵਕੀਲਾਂ ਦੀ ਹੜਤਾਲ ਕਾਰਨ ਉਨ੍ਹਾਂ ਨੇ ਖੁਦ ਆਪਣੀ ਬਹਿਸ ਕੀਤੀ। ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਬੈਂਚ ਨੇ ਉਨ੍ਹਾਂ ਨੂੰ ਸੁਣਿਆ। ਅੰਮ੍ਰਿਤਪਾਲ ਨੇ ਕਿਹਾ ਕਿ ਐੱਨਐੱਸਏ ਦੀ ਮਿਆਦ ਤੀਜੇ ਸਾਲ ਵਿੱਚ ਵਧਾ ਦਿੱਤੀ ਗਈ ਹੈ, ਜਿਸ ਕਾਰਨ ਉਨ੍ਹਾਂ ਦੇ ਹਲਕੇ ਵਿੱਚ ਐੱਮਪੀ ਲੈਂਡ ਫੰਡ ਨਾਲ ਜੁੜੇ ਕੰਮ ਵੀ ਨਹੀਂ ਹੋ ਰਹੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਭਾਰਤੀ ਲੋਕਤੰਤਰ ਵਿੱਚ ਚੁਣੇ ਨੁਮਾਇੰਦੇ ਨੂੰ ਸੰਸਦ ਵਿੱਚ ਬੋਲਣ ਦਾ ਪੂਰਾ ਅਧਿਕਾਰ ਹੈ।

ਪੰਜਾਬ ਸਰਕਾਰ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਅਦਾਲਤ ਵਿੱਚ ਕਿਹਾ ਕਿ ਅੰਮ੍ਰਿਤਪਾਲ ਨੂੰ ਪੈਰੋਲ ਦੇਣ ਨਾਲ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤਪਾਲ ਦੀ ਇੱਕ ਭਾਸ਼ਣ ਨਾਲ ਵੀ ਸੂਬੇ ਵਿੱਚ ਅਸਥਿਰਤਾ ਆ ਸਕਦੀ ਹੈ। ਪਰ ਅੰਮ੍ਰਿਤਪਾਲ ਦੇ ਵਕੀਲ ਨੇ ਕਿਹਾ ਕਿ ਉਹ ਸਿਰਫ਼ ਤਿੰਨ ਮੁੱਦੇ ਚੁੱਕਣਾ ਚਾਹੁੰਦੇ ਹਨ - ਹੜ੍ਹਾਂ, ਨਸ਼ੇ ਅਤੇ ਵਿਕਾਸ ਕੰਮ। ਉਨ੍ਹਾਂ ਨੇ ਅਦਾਲਤ ਨੂੰ ਕਿਹਾ ਕਿ ਅੰਮ੍ਰਿਤਪਾਲ ਆਰਟੀਕਲ 105 ਤਹਿਤ ਸੰਸਦ ਵਿੱਚ ਬੋਲਣ ਵੇਲੇ ਨਿਯਮਾਂ ਦੀ ਪਾਲਣਾ ਕਰਨਗੇ ਅਤੇ ਵਿਵਾਦ ਗ੍ਰਸਿਤ ਗੱਲ ਨਹੀਂ ਕਰਨਗੇ।

ਜੇਕਰ ਅੰਮ੍ਰਿਤਪਾਲ ਨੂੰ ਪੈਰੋਲ ਮਿਲ ਜਾਂਦੀ ਹੈ ਤਾਂ ਉਹ ਸੰਸਦ ਦੇ ਆਖਰੀ ਦੋ ਦਿਨਾਂ ਵਿੱਚ ਹਿੱਸਾ ਲੈ ਸਕਦੇ ਹਨ। ਪਰ ਜੇ ਨਹੀਂ ਮਿਲੀ ਤਾਂ ਉਨ੍ਹਾਂ ਦੇ ਹਲਕੇ ਦੇ ਲੋਕਾਂ ਨੂੰ ਹੋਰ ਇੰਤਜ਼ਾਰ ਕਰਨਾ ਪਵੇਗਾ। ਇਹ ਕੇਸ ਭਾਰਤੀ ਨਿਆਂ ਪ੍ਰਣਾਲੀ ਤੇ ਵੀ ਸਵਾਲ ਉਠਾਉਂਦਾ ਹੈ। ਐੱਨਐੱਸਏ ਵਰਗੇ ਕਾਨੂੰਨਾਂ ਤਹਿਤ ਲੋਕਾਂ ਨੂੰ ਬਿਨਾਂ ਮੁਕੱਦਮੇ ਦੇ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਣਾ ਕਿੰਨਾ ਸਹੀ ਹੈ? ਅੰਮ੍ਰਿਤਪਾਲ ਨੂੰ 2023 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਨ੍ਹਾਂ ਨੇ ਅਜਨਾਲਾ ਪੁਲਿਸ ਸਟੇਸ਼ਨ ਤੇ ਹਮਲਾ ਕੀਤਾ ਸੀ ਆਪਣੇ ਸਾਥੀ ਨੂੰ ਛੁਡਾਉਣ ਲਈ। ਉਸ ਵੇਲੇ ਪੰਜਾਬ ਵਿੱਚ ਵੱਡੀ ਕਾਰਵਾਈ ਹੋਈ ਅਤੇ ਉਨ੍ਹਾਂ ਨੂੰ ਫੜ੍ਹਿਆ ਗਿਆ। ਪਰ ਹੁਣ ਉਹ ਚੁਣੇ ਹੋਏ ਐੱਮਪੀ ਹਨ, ਤਾਂ ਉਨ੍ਹਾਂ ਨੂੰ ਸੰਸਦ ਵਿਚ ਲੋਕਾਂ ਦੀ ਅਵਾਜ਼ ਬੁਲੰਦ ਕਰਨ ਦੇ ਅਧਿਕਾਰ ਮਿਲਣੇ ਚਾਹੀਦੇ ਹਨ। ਅਦਾਲਤ ਨੇ ਅੰਮ੍ਰਿਤਪਾਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ 17 ਦਸੰਬਰ ਨੂੰ ਮੁੜ ਕਰਨ ਦਾ ਫੈਸਲਾ ਕੀਤਾ। ਅੰਮ੍ਰਿਤਪਾਲ ਵੱਲੋਂ ਪੇਸ਼ ਹੋਏ ਇੱਕ ਵਕੀਲ ਨੇ ਕਿਹਾ ਕਿ ਅੰਮ੍ਰਿਤਪਾਲ ਨੂੰ ਪੈਰੋਲ ਦੇਣਾ ਪੂਰੀ ਤਰ੍ਹਾਂ ਅਦਾਲਤ ਦਾ ਅਧਿਕਾਰ ਖੇਤਰ ਹੈ ਤੇ ਸੰਸਦ ਦਾ ਸੈਸ਼ਨ 19 ਦਸੰਬਰ ਨੂੰ ਸਮਾਪਤ ਹੋ ਰਿਹਾ ਹੈ।

# ਪੰਜਾਬ ਵਿੱਚ ਕਬੱਡੀ ਖਿਡਾਰੀ ਗੈਂਗਸਟਰਾਂ ਦਾ ਨਿਸ਼ਾਨਾ ਕਿਉਂ ?

## ✪ ਖ਼ੂਨੀ ਖੇਡ: ਰਾਣਾ ਬਲਚੌਰੀਆ ਕਤਲ ਤੋਂ ਲੈ ਕੇ ਨਸ਼ਾ ਤਸਕਰੀ ਤੱਕ ਦੀ ਪੂਰੀ ਕਹਾਣੀ

## ✪ ਕਤਲ ਦਾ ਮੁੱਖ ਕਾਰਨ ਕਬੱਡੀ ਟੂਰਨਾਮੈਂਟਾਂ ਵਿੱਚ ਪੈਸੇ ਅਤੇ ਨਿਯੰਤਰਣ ਨੂੰ ਲੈ ਕੇ ਰੰਜਿਸ਼

ਚੰਡੀਗੜ੍ਹ-ਪੰਜਾਬ ਵਿੱਚ ਇੱਕ ਵਾਰ ਫਿਰ ਗੈਂਗ ਵਾਰ ਅਤੇ ਕਤਲਾਂ ਦੀਆਂ ਵਾਰਦਾਤਾਂ ਨੇ ਲੋਕਾਂ ਨੂੰ ਡਰਾ ਦਿੱਤਾ ਹੈ। ਇਸ ਵਾਰ ਕਤਲ ਕਾਂਡ ਦੀ ਕਹਾਣੀ ਕਬੱਡੀ ਪ੍ਰਮੋਟਰ ਅਤੇ ਖਿਡਾਰੀ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਚੌਰੀਆ ਦੇ ਕਤਲ ਦੀ ਹੈ, ਜੋ ਮੋਹਾਲੀ ਵਿੱਚ ਇੱਕ ਕਬੱਡੀ ਟੂਰਨਾਮੈਂਟ ਵਿੱਚ ਵਾਪਰੀ। ਇਹ ਘਟਨਾ ਨਾ ਸਿਰਫ਼ ਰਾਣਾ ਦੇ ਪਰਿਵਾਰ ਲਈ ਦੁੱਖ ਵਾਲੀ ਹੈ, ਸਗੋਂ ਪੰਜਾਬ ਦੇ ਨੌਜਵਾਨਾਂ ਅਤੇ ਖੇਡ ਜਗਤ ਲਈ ਵੀ ਇੱਕ ਵੱਡਾ ਝਟਕਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਵੱਡੇ ਖੁਲਾਸੇ ਕੀਤੇ ਹਨ ਅਤੇ ਕਿਹਾ ਹੈ ਕਿ ਇਹ ਕਤਲ ਕਬੱਡੀ ਵਿੱਚ ਦਬਦਬੇ ਨੂੰ ਲੈ ਕੇ ਵਾਪਰੀ ਰੰਜਿਸ਼ ਕਾਰਨ ਹੋਇਆ ਹੈ।



### ਰਾਣਾ ਬਲਚੌਰੀਆ ਕਤਲ ਕੇਸ- ਵਾਰਦਾਤ ਦੀ ਪੂਰੀ ਕਹਾਣੀ

ਰਾਣਾ ਬਲਚੌਰੀਆ ਇੱਕ ਨਾਮੀ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਸੀ। ਉਹ ਨੌਜਵਾਨ ਖਿਡਾਰੀਆਂ ਨੂੰ ਟਰੇਨਿੰਗ ਦਿੰਦਾ ਸੀ ਅਤੇ ਕਈ ਟੀਮਾਂ ਚਲਾਉਂਦਾ ਸੀ। ਉਸ ਨੇ ਹਾਲ ਹੀ ਵਿੱਚ ਵਿਆਹ ਕੀਤਾ ਸੀ ਅਤੇ ਆਪਣੀ ਜ਼ਿੰਦਗੀ ਵਿੱਚ ਖੁਸ਼ ਸੀ। ਪਰ 15 ਦਸੰਬਰ 2025 ਨੂੰ ਮੋਹਾਲੀ ਵਿੱਚ ਬੇਦਵਾਨ ਸਪੋਰਟਸ ਕਲੱਬ ਵਿੱਚ ਚੱਲ ਰਹੇ ਇੱਕ ਕਬੱਡੀ ਟੂਰਨਾਮੈਂਟ ਵਿੱਚ ਅਚਾਨਕ ਗੋਲੀਆਂ ਚੱਲੀਆਂ। ਤਿੰਨ ਹਮਲਾਵਰਾਂ ਨੇ ਰਾਣਾ ਨੂੰ ਨੇੜੇ ਜਾ ਕੇ ਗੋਲੀਆਂ ਮਾਰੀਆਂ। ਰਾਣਾ ਨੂੰ ਸਿਰ ਵਿੱਚ ਗੋਲੀ ਲੱਗੀ ਅਤੇ ਉਹ ਹਸਪਤਾਲ ਵਿੱਚ ਮੌਤ ਨਾਲ ਲੜਦਾ ਰਿਹਾ, ਪਰ ਅਗਲੇ ਦਿਨ ਉਸ ਨੇ ਦਮ ਤੋੜ ਦਿੱਤਾ। ਇਹ ਵਾਰਦਾਤ ਬਹੁਤ ਡਰਾਉਣੀ ਸੀ ਕਿਉਂਕਿ ਹਮਲਾਵਰ ਆਮ ਲੋਕਾਂ ਵਾਂਗ ਆਏ ਅਤੇ ਰਾਣਾ ਨਾਲ ਸੈਲਫੀ ਲੈਣ ਦੇ ਬਹਾਨੇ ਨੇੜੇ ਆ ਗਏ।

ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕੀਤੀ। ਐੱਸਐੱਸਪੀ ਮੋਹਾਲੀ ਹਰਮਨਦੀਪ ਸਿੰਘ ਹੰਸ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਵਾਰਦਾਤ ਵਿੱਚ ਤਿੰਨ ਸ਼ੂਟਰ ਸ਼ਾਮਲ ਸਨ। ਇਨ੍ਹਾਂ ਵਿੱਚੋਂ ਦੋ ਦੀ ਪਛਾਣ ਹੋ ਗਈ ਹੈ - ਅਦਿੱਤਿਆ ਕਪੂਰ ਉਰਫ਼ ਮੱਖਣ ਅਤੇ ਕਰਨ ਪਾਠਕ। ਇਹ ਦੋਵੇਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਅਤੇ ਬੰਬੀਹਾ ਗੈਂਗ ਨਾਲ ਜੁੜੇ ਹੋਏ ਹਨ। ਬੰਬੀਹਾ ਗੈਂਗ ਨੇ ਸੋਸ਼ਲ ਮੀਡੀਆ ਤੇ ਪੋਸਟ ਪਾ ਕੇ ਕਤਲ ਦੀ ਜ਼ਿੰਮੇਵਾਰੀ ਲਈ ਸੀ ਅਤੇ ਕਿਹਾ ਸੀ ਕਿ ਇਹ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਬਦਲਾ ਹੈ। ਗੈਂਗਸਟਰਾਂ ਨੇ ਆਰੋਪ ਲਾਇਆ ਕਿ ਰਾਣਾ ਨੇ ਮੂਸੇਵਾਲਾ ਦੇ ਕਾਤਲਾਂ ਨੂੰ ਸਹਾਰਾ ਦਿੱਤਾ ਸੀ। ਪਰ ਪੁਲਿਸ ਨੇ ਇਸ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਰਾਣਾ ਦਾ ਮੂਸੇਵਾਲਾ ਕੇਸ ਨਾਲ ਕੋਈ ਲਿੰਕ ਨਹੀਂ ਮਿਲਿਆ। ਇਸ ਦੀ ਬਜਾਏ, ਕਤਲ ਦਾ ਮੁੱਖ ਕਾਰਨ ਕਬੱਡੀ ਟੂਰਨਾਮੈਂਟਾਂ ਵਿੱਚ ਪੈਸੇ ਅਤੇ ਨਿਯੰਤਰਣ ਨੂੰ ਲੈ ਕੇ ਰੰਜਿਸ਼ ਹੈ।

ਪੁਲਿਸ ਨੇ ਸੀਸੀਟੀਵੀ ਫੁਟੇਜ ਅਤੇ ਹੋਰ ਸਬੂਤਾਂ ਨਾਲ ਜਾਂਚ ਕੀਤੀ। ਉਨ੍ਹਾਂ ਨੇ ਦੱਸਿਆ ਕਿ ਰਾਣਾ ਨਾਲ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਡੋਨੀ ਬੱਲ ਵਰਗੇ ਨਾਂਵਾਂ ਨਾਲ ਲਿੰਕ ਦੀਆਂ ਖ਼ਬਰਾਂ ਆਈਆਂ ਹਨ, ਪਰ ਰਾਣਾ ਨੂੰ ਇੱਕ ਸਾਫ਼-ਸੁਥਰਾ ਆਦਮੀ ਮੰਨਿਆ ਜਾਂਦਾ ਹੈ। ਉਹ ਕਿਸੇ ਗੈਂਗ ਵਿੱਚ ਨਹੀਂ ਸੀ ਅਤੇ ਨੌਜਵਾਨਾਂ ਨੂੰ ਖੇਡ ਵੱਲ ਲਿਆਉਣ ਵਿੱਚ ਰੁੱਝਿਆ ਹੋਇਆ ਸੀ। ਪੁਲਿਸ ਨੇ ਬੰਬੀਹਾ ਗੈਂਗ ਦੇ ਸ਼ੂਟਰਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਅਤੇ ਕਿਹਾ ਕਿ 12 ਟੀਮਾਂ ਮੁਲਜ਼ਮਾਂ ਨੂੰ ਫੜਨ ਲਈ ਛਾਪੇ ਮਾਰ ਰਹੀਆਂ ਹਨ। ਐੱਸਐੱਸਪੀ ਨੇ ਭਰੋਸਾ ਦਿੱਤਾ ਕਿ ਜਲਦੀ ਸਾਰੇ ਮੁਲਜ਼ਮ ਗ੍ਰਿਫ਼ਤਾਰ ਹੋ ਜਾਣਗੇ ਅਤੇ ਵਾਰਦਾਤ ਦੇ ਪਿੱਛੇ ਦਾ ਪੂਰਾ ਮਕਸਦ ਸਾਹਮਣੇ ਆਵੇਗਾ।

ਇਹ ਕਤਲ ਸੰਦੀਪ ਨੰਗਲ ਅੰਬੀਆਂ ਵਰਗੇ ਪੁਰਾਣੇ ਕੇਸ ਨਾਲ ਮਿਲਦਾ ਹੈ, ਜਿੱਥੇ ਵੀ ਕਬੱਡੀ ਵਿੱਚ ਰੰਜਿਸ਼ ਨੇ ਖ਼ੂਨ ਵਹਾਇਆ ਸੀ। ਰਾਣਾ ਦੀ ਮੌਤ ਨੇ ਪੰਜਾਬ ਵਿੱਚ ਗੈਂਗ ਵਾਰ ਅਤੇ ਕਾਨੂੰਨ ਵਿਵਸਥਾ ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਵਿਰੋਧੀ ਪਾਰਟੀਆਂ ਨੇ ਸਰਕਾਰ ਨੂੰ ਨਾਕਾਮ ਕਿਹਾ ਹੈ ਅਤੇ ਮੰਗ ਕੀਤੀ ਹੈ ਕਿ ਗੈਂਗਸ ਨੂੰ ਰੋਕਿਆ ਜਾਵੇ।

### ਇਨ੍ਹਾਂ ਕਤਲਾਂ ਦੇ ਮੁੱਖ ਕਾਰਨ ਹਨ: ਕਬੱਡੀ ਵਿੱਚ ਵੱਡੇ ਪੈਸੇ ਦੀ ਆਮਦ

ਟੂਰਨਾਮੈਂਟਾਂ ਤੇ ਨਿਯੰਤਰਣ ਲਈ ਲੜਾਈ, ਅਤੇ ਗੈਂਗਸ ਨਾਲ ਜੁੜੇ ਖਿਡਾਰੀ। ਕਈ ਖਿਡਾਰੀ ਗੈਂਗਸ ਨਾਲ ਮਿਲ ਕੇ ਪੈਸਾ ਕਮਾਉਂਦੇ ਹਨ, ਜਿਸ ਨਾਲ ਰੰਜਿਸ਼ ਵਧਦੀ ਹੈ। ਪੰਜਾਬ ਵਿੱਚ ਕਬੱਡੀ ਨੂੰ ਗੈਂਗ ਵਾਰ ਦਾ ਮੈਦਾਨ ਬਣਾ ਦਿੱਤਾ ਗਿਆ ਹੈ, ਜਿੱਥੇ ਪੈਸਾ, ਮਸਲ ਪਾਵਰ ਅਤੇ ਅਪਰਾਧ ਮਿਲ ਕੇ ਖੇਡ ਨੂੰ ਬਰਬਾਦ ਕਰ ਰਹੇ ਹਨ। ਖੇਡ ਵਿਭਾਗ ਨੇ ਇਸ ਤੇ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਕਿਹਾ ਹੈ ਕਿ ਨੌਜਵਾਨਾਂ ਨੂੰ ਬਚਾਉਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ।

### ਪੰਜਾਬ ਵਿੱਚ ਗੈਂਗਸਟਰ ਗਰੁੱਪਾਂ ਦੀ ਗਿਣਤੀ ਅਤੇ ਸਰਕਾਰ ਦੀ ਅਸਫਲਤਾ

ਪੰਜਾਬ ਵਿੱਚ ਗੈਂਗਸਟਰ ਗਰੁੱਪਾਂ ਦੀ ਗਿਣਤੀ ਬਾਰੇ ਸਹੀ ਅੰਕੜੇ ਨਹੀਂ ਮਿਲਦੇ, ਪਰ ਰਿਪੋਰਟਾਂ ਮੁਤਾਬਕ ਘੱਟੋ ਘੱਟ 10 ਤੋਂ 15 ਵੱਡੇ ਗੈਂਗਸ ਕਿਰਿਆਸ਼ੀਲ ਹਨ।

ਬਾਕੀ ਹਿਸਾ ਸਫਾ 6 ਤੇ ਪੜ੍ਹੋ →

## ਗੈਂਗਸਟਰ ਅਤੇ ਨਸ਼ਾ ਤਸਕਰਾਂ ਦਾ ਗੂੜ੍ਹਾ ਸੰਬੰਧ

ਹਾਂ, ਪੰਜਾਬ ਵਿੱਚ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਵਿੱਚ ਬਹੁਤ ਨੇੜੇ ਸੰਬੰਧ ਹਨ। ਗੈਂਗਸ ਨਸ਼ਾ ਤਸਕਰੀ ਨੂੰ ਆਪਣਾ ਮੁੱਖ ਕਾਰੋਬਾਰ ਬਣਾਉਂਦੇ ਹਨ ਅਤੇ ਇਸ ਨਾਲ ਪੈਸਾ ਕਮਾਉਂਦੇ ਹਨ। ਰਿਪੋਰਟਾਂ ਮੁਤਾਬਕ, ਬਿਸ਼ਨੋਈ ਅਤੇ ਬੰਬੀਹਾ ਵਰਗੇ ਗੈਂਗਸ ਪਾਕਿਸਤਾਨ ਤੋਂ ਨਸ਼ੇ ਮੰਗਵਾਉਂਦੇ ਹਨ ਅਤੇ ਪੰਜਾਬ ਵਿੱਚ ਵੇਚਦੇ ਹਨ। ਇਹ ਨਸ਼ੇ ਅਸਲੇ ਅਤੇ ਮਨੁੱਖੀ ਤਸਕਰੀ ਨਾਲ ਵੀ ਜੁੜੇ ਹੋਏ ਹਨ। ਕੈਨੇਡਾ ਅਤੇ ਅਮਰੀਕਾ ਵਿੱਚ ਵੀ ਪੰਜਾਬੀ ਗੈਂਗਸ ਨਸ਼ਾ ਵੇਚ ਕੇ ਅਪਰਾਧ ਕਰ ਰਹੇ ਹਨ ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਮੁਹਿੰਮ ਚਲਾਈ ਹੈ। 2022 ਤੋਂ 2025 ਤੱਕ ਐੱਨਡੀਪੀਐੱਸ ਐਕਟ ਤਹਿਤ 25,797 ਕੇਸਾਂ ਵਿੱਚੋਂ 21,625 ਵਿੱਚ ਸਜ਼ਾ ਹੋਈ ਹੈ, ਜੋ 83.82% ਕਨਵਿਕਸ਼ਨ ਰੇਟ ਹੈ। ਨਵਾਂ ਸ਼ਹਿਰ ਵਿੱਚ 95.86% ਅਤੇ ਫਤਹਿਗੜ੍ਹ ਸਾਹਿਬ ਵਿੱਚ 95.20% ਸਜ਼ਾ ਦਰ ਹੈ। ਪੰਜਾਬ ਪੁਲਿਸ ਨੇ ਰੋਜ਼ਾਨਾ 103 ਕੇਸ ਦਰਜ ਕੀਤੇ ਅਤੇ 152 ਤਸਕਰਾਂ ਨੂੰ ਫੜਿਆ ਹੈ। ਪਰ ਨਸ਼ਾ ਰੁਕ ਨਹੀਂ ਰਿਹਾ ਕਿਉਂਕਿ ਗੈਂਗਸ ਵੱਡੇ ਨੈੱਟਵਰਕ ਚਲਾਉਂਦੇ ਹਨ। ਸਾਬਕਾ ਅਧਿਕਾਰੀ ਜਗਦੇਵ ਸਿੰਘ ਭੰਦੋਹਲ ਨੇ ਕਿਹਾ ਕਿ ਜਾਂਚ ਵਿੱਚ ਸੁਧਾਰ ਲੋੜੀਂਦੇ ਹਨ।

**ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਵਿੱਚ ਗੈਂਗ ਵਾਰ ਅਤੇ ਨਸ਼ੇ ਨੇ ਨੌਜਵਾਨਾਂ ਨੂੰ ਬਰਬਾਦ ਕਰ ਦਿੱਤਾ ਹੈ। ਰਾਣਾ ਵਰਗੇ ਕੇਸ ਨੇ ਸਾਬਤ ਕੀਤਾ ਕਿ ਕਬੱਡੀ ਖੇਡ ਵੀ ਸੁਰੱਖਿਅਤ ਨਹੀਂ। ਸਰਕਾਰ ਨੂੰ ਗੈਂਗਸਟਰਾਂ ਖਿਲਾਫ ਵੱਡੇ ਆਪ੍ਰੇਸ਼ਨ ਚਲਾਉਣੇ ਚਾਹੀਦੇ ਹਨ, ਵਿਦੇਸ਼ੀ ਲਿੰਕ ਤੋੜਨੇ ਚਾਹੀਦੇ ਅਤੇ ਨੌਜਵਾਨਾਂ ਲਈ ਰੁਜ਼ਗਾਰ ਵਧਾਉਣੇ ਚਾਹੀਦੇ। ਨਹੀਂ ਤਾਂ ਇਹ ਗੈਂਗਸਟਰ ਹੋਰ ਖ਼ੂਨ ਵਹਾਉਣਗੇ।**

## 2020 ਤੋਂ 2025 ਤੱਕ ਕਬੱਡੀ ਖਿਡਾਰੀਆਂ ਦੇ ਕਤਲ: ਖ਼ੂਨੀ ਰੰਜਿਸ਼ਾਂ ਦੀ ਲੜੀ

ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਵਿੱਚ ਕਬੱਡੀ ਖਿਡਾਰੀਆਂ ਅਤੇ ਪ੍ਰਮੋਟਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵਧੀਆਂ ਹਨ। ਕਬੱਡੀ, ਜੋ ਪੰਜਾਬ ਦੀ ਪਹਿਚਾਣ ਹੈ, ਹੁਣ ਗੈਂਗ ਵਾਰ ਅਤੇ ਪੈਸੇ ਦੀ ਲੜਾਈ ਵਿੱਚ ਬਦਲ ਗਈ ਹੈ। ਰਿਪੋਰਟਾਂ ਮੁਤਾਬਕ, 2020 ਤੋਂ 2025 ਤੱਕ ਘੱਟੋ ਘੱਟ 5-7 ਨਾਮੀ ਕਬੱਡੀ ਖਿਡਾਰੀਆਂ ਜਾਂ ਪ੍ਰਮੋਟਰਾਂ ਦੇ ਕਤਲ ਹੋਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੇਸ ਰੰਜਿਸ਼ ਅਤੇ ਗੈਂਗ ਵਾਰ ਨਾਲ ਜੁੜੇ ਹਨ। ਸਭ ਤੋਂ ਵੱਡਾ ਕੇਸ ਸੰਦੀਪ ਨੰਗਲ ਅੰਬੀਆਂ ਦਾ ਹੈ, ਜੋ 2022 ਵਿੱਚ ਜਲੰਧਰ ਵਿੱਚ ਇੱਕ ਟੂਰਨਾਮੈਂਟ ਵਿੱਚ ਮਾਰਿਆ ਗਿਆ ਸੀ। ਕਾਰਨ ਸੀ ਕਬੱਡੀ ਫੈਡਰੇਸ਼ਨਾਂ ਵਿੱਚ ਰੰਜਿਸ਼ । ਫਿਰ 2024 ਵਿੱਚ ਇੱਕ ਹੋਰ ਖਿਡਾਰੀ ਨੂੰ ਲੁਧਿਆਣਾ ਵਿੱਚ ਗੋਲੀ ਮਾਰੀ ਗਈ, ਜਿੱਥੇ ਬਿਸ਼ਨੋਈ ਗੈਂਗ ਨੇ ਜ਼ਿੰਮੇਵਾਰੀ ਲਈ। 2025 ਵਿੱਚ ਹੀ ਤਿੰਨ ਵੱਡੇ ਕੇਸ ਵਾਪਰੇ ਹਨ। ਅਕਤੂਬਰ ਵਿੱਚ ਲੁਧਿਆਣਾ ਦੇ ਜਗਰਾਓ ਵਿੱਚ ਤੇਜਪਾਲ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਸ ਨੂੰ ਪਹਿਲਾਂ ਕਾਰ ਨਾਲ ਟੱਕਰ ਮਾਰੀ ਗਈ ਅਤੇ ਫਿਰ ਗੋਲੀਆਂ ਚਲਾਈਆਂ ਗਈਆਂ। ਨਵੰਬਰ ਵਿੱਚ ਗੁਰਵਿੰਦਰ ਸਿੰਘ ਨਾਂ ਦੇ ਖਿਡਾਰੀ ਨੂੰ ਲੁਧਿਆਣਾ ਵਿੱਚ ਮਾਰਿਆ ਗਿਆ ਅਤੇ ਬਿਸ਼ਨੋਈ ਗੈਂਗ ਨੇ ਦਾਅਵਾ ਕੀਤਾ ਕਿ ਇਹ ਰੰਜਿਸ਼ ਕਾਰਨ ਹੈ। ਅਤੇ ਹੁਣ ਰਾਣਾ ਬਲਚੌਰੀਆ ਦਾ ਕੇਸ।

## ਛਪਦੇ ਛਪਦੇ
## ਕਬੱਡੀ ਟੀਮ ਪ੍ਰਮੋਟਰ ਕਤਲ ਮਾਮਲਾ

ਮੋਹਾਲੀ ਦੇ ਸੈਕਟਰ 82 ਵਿੱਚ ਕਬੱਡੀ ਟੂਰਨਾਮੈਂਟ ਦੌਰਾਨ ਹੋਏ ਕਤਲ ਮਾਮਲੇ ਵਿੱਚ ਪੁਲਿਸ ਨੂੰ ਵੱਡੀ ਸਫਲਤਾ ਮਿਲੀ ਹੈ। ਕਬੱਡੀ ਟੀਮ ਦੇ ਪ੍ਰਮੋਟਰ ਕੰਵਰ ਦਿਗਵਿਜੈ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਕਤਲ ਕੇਸ ਵਿੱਚ ਸ਼ਾਮਲ ਇੱਕ ਮੁਲਜ਼ਮ ਹਰਭਿੰਦਰ ਸਿੰਘ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਪੁਲਿਸ ਮੁਤਾਬਕ, ਲਾਲੜੂ ਨੇੜੇ ਅੱਜ ਦੁਪਹਿਰ ਮੁਲਜ਼ਮ ਨਾਲ ਮੁਕਾਬਲਾ ਹੋਇਆ। ਪੁਲਿਸ ਟੀਮ ਨੂੰ ਦੇਖ ਕੇ ਮੁਲਜ਼ਮ ਨੇ ਗੋਲੀਆਂ ਚਲਾਈਆਂ, ਜਿਸ ਦੇ ਜਵਾਬ ਵਿੱਚ ਹੋਈ ਫਾਇਰਿੰਗ ਦੌਰਾਨ ਉਹ ਮਾਰਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੋ ਹੋਰ ਮੁਲਜ਼ਮਾਂ ਦੀ ਤਲਾਸ਼ ਜਾਰੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਗੌਰਤਲਬ ਹੈ ਕਿ ਸੋਮਵਾਰ ਨੂੰ ਕਬੱਡੀ ਟੂਰਨਾਮੈਂਟ ਦੌਰਾਨ ਕੰਵਰ ਦਿਗਵਿਜੈ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਸੀ। ਪੁਲਿਸ ਦਾ ਕਹਿਣਾ ਹੈ ਕਿ ਕਤਲ ਦੇ ਪਿੱਛੇ ਦੀ ਪੂਰੀ ਸਾਜ਼ਿਸ਼ ਜਲਦ ਬੇਨਕਾਬ ਕੀਤੀ ਜਾਵੇਗੀ।

# ਬਰਤਾਨੀਆ ਵਿੱਚ ਲੱਖਾਂ ਮੁਸਲਮਾਨਾਂ ਦੀ ਨਾਗਰਿਕਤਾ ਖੋਹੀ ਜਾ ਸਕਦੀ ਹੈ

## ✪ ਰਿਪੋਰਟ ਨੇ ਵਧਾ ਦਿੱਤੀ ਚਿੰਤਾ, ਭਾਰਤੀ ਮੂਲ ਦੇ ਲੋਕ ਵੀ ਮੁਸੀਬਤ ਵਿੱਚ

ਲੰਡਨ-ਬਰਤਾਨੀਆ ਵਿੱਚ ਇੱਕ ਨਵੀਂ ਰਿਪੋਰਟ ਨੇ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਰਿਪੋਰਟ ਮੁਤਾਬਕ, ਦੇਸ਼ ਵਿੱਚ ਲੱਖਾਂ ਮੁਸਲਮਾਨਾਂ ਦੀ ਨਾਗਰਿਕਤਾ ਖੋਹੇ ਜਾਣ ਦਾ ਖਤਰਾ ਹੈ। ਇਹ ਰਿਪੋਰਟ ਰਨੀਮੇਡ ਟਰੱਸਟ ਅਤੇ ਰਿਪ੍ਰੀਵ ਨਾਂ ਦੇ ਦੋ ਸੰਗਠਨਾਂ ਨੇ ਤਿਆਰ ਕੀਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਰਤਾਨੀਆ ਦੇ ਗ੍ਰਹਿ ਸਕੱਤਰ (ਹੋਮ ਸੈਕਰੇਟਰੀ) ਕੋਲ ਅਜਿਹੀਆਂ ਗੁਪਤ ਅਤੇ ਵੱਡੀਆਂ ਸ਼ਕਤੀਆਂ ਹਨ ਜਿਨ੍ਹਾਂ ਨਾਲ ਉਹ ਕਿਸੇ ਵੀ ਵਿਅਕਤੀ ਦੀ ਨਾਗਰਿਕਤਾ ਖੋਹ ਸਕਦੇ ਹਨ। ਇਸ ਨਾਲ ਲਗਭਗ 90 ਲੱਖ ਲੋਕ ਪ੍ਰਭਾਵਿਤ ਹੋ ਸਕਦੇ ਹਨ, ਜੋ ਦੇਸ਼ ਦੀ ਕੁੱਲ ਆਬਾਦੀ ਦਾ 13 ਫੀਸਦੀ ਹਿੱਸਾ ਹੈ।

ਰਿਪੋਰਟ ਦਾ ਨਾਂ ਹੈ 'ਸਟ੍ਰਿਪਡ: ਦਿ ਸਿਟੀਜ਼ਨਸ਼ਿਪ ਡਿਵਾਈਡ'। ਇਹ ਰਿਪੋਰਟ ਦਸੰਬਰ 2025 ਵਿੱਚ ਜਾਰੀ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਬਰਤਾਨੀਆ ਵਿੱਚ ਨਾਗਰਿਕਤਾ ਖੋਹਣ ਦੀਆਂ ਸ਼ਕਤੀਆਂ 'ਬਹੁਤ ਜ਼ਿਆਦਾ ਅਤੇ ਗੁਪਤ' ਹਨ। ਇਹ ਸ਼ਕਤੀਆਂ ਖਾਸ ਕਰਕੇ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ ਜਿਨ੍ਹਾਂ ਦੇ ਮਾਤਾ-ਪਿਤਾ ਵਿਦੇਸ਼ੀ ਹਨ ਜਾਂ ਜਿਨ੍ਹਾਂ ਦਾ ਮੂਲ ਦੱਖਣੀ ਏਸ਼ੀਆ, ਮੱਧ ਪੂਰਬ ਜਾਂ ਅਫਰੀਕਾ ਨਾਲ ਜੁੜਿਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਹਨ। ਰਿਪੋਰਟ ਮੁਤਾਬਕ, ਇਹ ਇੱਕ ਨਸਲੀ ਭੇਦਭਾਵ ਵਾਲੀ ਵਿਵਸਥਾ ਹੈ, ਜਿਸ ਵਿੱਚ ਗੋਰੇ ਬਰਤਾਨਵੀਆਂ ਨਾਲੋਂ ਰੰਗੀਨ ਚਮੜੀ ਵਾਲੇ ਲੋਕਾਂ ਨੂੰ 12 ਗੁਣਾ ਜ਼ਿਆਦਾ ਖਤਰਾ ਹੈ।

ਬਰਤਾਨੀਆ ਵਿੱਚ ਮੁਸਲਮਾਨਾਂ ਦੀ ਆਬਾਦੀ ਲਗਭਗ 39 ਲੱਖ ਹੈ, ਪਰ ਰਿਪੋਰਟ ਕਹਿੰਦੀ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਦੀ ਨਾਗਰਿਕਤਾ ਖਤਰੇ ਵਿੱਚ ਹੈ ਕਿਉਂਕਿ ਉਨ੍ਹਾਂ ਦੇ ਪਰਿਵਾਰਾਂ ਦਾ ਮੂਲ ਮੁਸਲਿਮ ਬਹੁਮਤ ਵਾਲੇ ਦੇਸ਼ਾਂ ਨਾਲ ਹੈ। ਰਿਪੋਰਟ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਏਸ਼ੀਆਈ ਮੂਲ ਦੇ 33 ਲੱਖ ਲੋਕ, ਕਾਲੇ ਮੂਲ ਦੇ 16 ਲੱਖ ਲੋਕ ਅਤੇ ਹੋਰ ਰੰਗੀਨ ਭਾਈਚਾਰਿਆਂ ਦੇ ਲੋਕ ਇਸ ਖਤਰੇ ਵਿੱਚ ਹਨ। ਇਸ ਦੇ ਉਲਟ, ਗੋਰੇ ਬਰਤਾਨਵੀਆਂ ਵਿੱਚੋਂ ਸਿਰਫ 5 ਫੀਸਦੀ ਲੋਕ ਹੀ ਅਜਿਹੇ ਖਤਰੇ ਵਿੱਚ ਹਨ।

### ਭਾਰਤੀ ਮੂਲ ਦੇ ਲੋਕ ਕਿਉਂ ਮੁਸੀਬਤ ਵਿੱਚ?

ਰਿਪੋਰਟ ਵਿੱਚ ਸਭ ਤੋਂ ਵੱਡਾ ਪ੍ਰਭਾਵ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਨਾਲ ਜੁੜੇ ਲੋਕਾਂ ਤੇ ਪੈਣ ਵਾਲਾ ਦੱਸਿਆ ਗਿਆ ਹੈ। ਭਾਰਤ ਨਾਲ ਜੁੜੇ ਲਗਭਗ 9.84 ਲੱਖ ਲੋਕ ਅਤੇ ਪਾਕਿਸਤਾਨ ਨਾਲ ਜੁੜੇ 6.79 ਲੱਖ ਲੋਕ ਇਸ ਖਤਰੇ ਵਿੱਚ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਭਾਰਤੀ ਮੁਸਲਮਾਨ ਵੀ ਸ਼ਾਮਲ ਹਨ। ਬੰਗਲਾਦੇਸ਼ ਨਾਲ ਜੁੜੇ ਲੋਕ ਵੀ ਏਸ਼ੀਆਈ ਸਮੂਹ ਵਿੱਚ ਹਨ। ਇਸ ਤਰ੍ਹਾਂ ਭਾਰਤੀ ਮੂਲ ਦੇ ਹਜ਼ਾਰਾਂ ਮੁਸਲਮਾਨ ਅਤੇ ਹੋਰ ਭਾਰਤੀ ਵੀ ਇਸ ਨਿਯਮ ਤੋਂ ਪ੍ਰਭਾਵਿਤ ਹੋ ਸਕਦੇ ਹਨ। ਰਿਪੋਰਟ ਕਹਿੰਦੀ ਹੈ ਕਿ ਇਹ ਲੋਕ ਬਰਤਾਨੀਆ ਵਿੱਚ ਜਨਮੇ ਵੀ ਹੋ ਸਕਦੇ ਹਨ, ਪਰ ਜੇ ਉਨ੍ਹਾਂ ਦੇ ਮਾਤਾ-ਪਿਤਾ ਵਿਦੇਸ਼ੀ ਹਨ ਜਾਂ ਉਹ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲੈਣ ਦੇ ਯੋਗ ਹਨ, ਤਾਂ ਉਨ੍ਹਾਂ ਦੀ ਬਰਤਾਨਵੀ ਨਾਗਰਿਕਤਾ ਖੋਹੀ ਜਾ ਸਕਦੀ ਹੈ। ਇਹ ਨਿਯਮ ਖਾਸ ਕਰਕੇ ਪਾਕਿਸਤਾਨ, ਸੋਮਾਲੀਆ, ਨਾਈਜੀਰੀਆ, ਉੱਤਰੀ ਅਫਰੀਕਾ ਅਤੇ ਮੱਧ ਪੂਰਬ ਨਾਲ ਜੁੜੇ ਮੁਸਲਿਮ ਭਾਈਚਾਰਿਆਂ ਨੂੰ ਨਿਸ਼ਾਨਾ ਬਣਾ ਸਕਦੇ ਹਨ।



### ਕਾਨੂੰਨ ਕਿਵੇਂ ਬਣਿਆ ਵਧੇਰੇ ਸਖਤ?

ਬਰਤਾਨੀਆ ਵਿੱਚ ਨਾਗਰਿਕਤਾ ਖੋਹਣ ਦਾ ਨਿਯਮ ਬ੍ਰਿਟਿਸ਼ ਨੈਸ਼ਨੈਲਿਟੀ ਐਕਟ 1981 ਦੇ ਸੈਕਸ਼ਨ 40(2) ਵਿੱਚ ਹੈ। ਇਸ ਨਾਲ ਗ੍ਰਹਿ ਸਕੱਤਰ ਨੂੰ 'ਪਬਲਿਕ ਗੁੱਡ' ਦੇ ਨਾਂ ਤੇ ਨਾਗਰਿਕਤਾ ਖੋਹਣ ਦੀ ਸ਼ਕਤੀ ਮਿਲੀ ਹੈ। ਪਹਿਲਾਂ ਇਹ ਨਿਯਮ ਬਹੁਤ ਘੱਟ ਵਰਤਿਆ ਜਾਂਦਾ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਵਿੱਚ ਇਸ ਨੂੰ ਲਗਭਗ ਬੰਦ ਕਰ ਦਿੱਤਾ ਗਿਆ ਸੀ ਕਿਉਂਕਿ ਨਾਜ਼ੀਆਂ ਨੇ ਇਸ ਨੂੰ ਯਹੂਦੀਆਂ ਖਿਲਾਫ ਵਰਤਿਆ ਸੀ। ਪਰ ਬਰਤਾਨੀਆ ਵਿੱਚ 2010 ਤੋਂ ਬਾਅਦ ਇਸ ਦੀ ਵਰਤੋਂ ਵਧ ਗਈ ਹੈ। 2010 ਤੋਂ ਹੁਣ ਤੱਕ 200 ਤੋਂ ਵੱਧ ਲੋਕਾਂ ਦੀ ਨਾਗਰਿਕਤਾ ਖੋਹੀ ਗਈ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਹਨ। 2022 ਵਿੱਚ ਨੈਸ਼ਨੈਲਿਟੀ ਐਂਡ ਬਾਰਡਰਜ਼ ਐਕਟ ਨਾਲ ਨਾਗਰਿਕਤਾ ਲਕਬਿਨਾਂ ਨੋਟਿਸ ਦਿੱਤੇ ਖੋਹਣ ਦੀ ਸ਼ਕਤੀ ਮਿਲ ਗਈ। ਅਤੇ 2025 ਵਿੱਚ ਡਿਪ੍ਰਾਈਵੇਸ਼ਨ ਆਫ ਸਿਟੀਜ਼ਨਸ਼ਿਪ ਆਰਡਰਜ਼ ਐਕਟ ਨਾਲ ਹੋਰ ਸਖਤੀ ਕੀਤੀ ਗਈ। ਹੁਣ ਜੇ ਅਦਾਲਤ ਨਾਗਰਿਕਤਾ ਖੋਹਣ ਨੂੰ ਗਲਤ ਵੀ ਮੰਨ ਲਵੇ, ਤਾਂ ਵੀ ਅਪੀਲ ਖਤਮ ਹੋਣ ਤੱਕ ਨਾਗਰਿਕਤਾ ਵਾਪਸ ਨਹੀਂ ਮਿਲੇਗੀ, ਜੋ ਸਾਲਾਂ ਲੱਗ ਸਕਦੇ ਹਨ।

### ਸੰਗਠਨਾਂ ਦੀ ਚੇਤਾਵਨੀ ਅਤੇ ਮੰਗਾਂ

ਰਿਪ੍ਰੀਵ ਦੀ ਸੀਈਓ ਮਾਇਆ ਫੋਆ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਰਾਜਨੀਤਿਕ ਫਾਇਦੇ ਲਈ ਤਸਕਰੀ ਦੇ ਪੀੜਤਾਂ ਦੀ ਨਾਗਰਿਕਤਾ ਖੋਹੀ ਸੀ ਅਤੇ ਮੌਜੂਦਾ ਸਰਕਾਰ ਨੇ ਇਨ੍ਹਾਂ ਸ਼ਕਤੀਆਂ ਨੂੰ ਹੋਰ ਵਧਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿੰਡਰੱਸ਼ ਸਕੈਂਡਲ ਵਾਂਗ ਇਹ ਵੀ ਵੱਡਾ ਭੇਦਭਾਵ ਹੈ, ਜਿਸ ਵਿੱਚ ਕੈਰੇਬੀਅਨ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।ਰਨੀਮੇਡ ਟਰੱਸਟ ਦੀ ਸੀਈਓ ਸ਼ਬਨਾ ਬੇਗਮ ਨੇ ਕਿਹਾ ਕਿ ਗ੍ਰਹਿ ਦਫਤਰ ਦੇ ਵਿਵੇਕ ਤੇ ਨਾਗਰਿਕਤਾ ਖੋਹਣਾ ਇੱਕ ਡਰਾਉਣਾ ਰੁਝਾਨ ਹੈ। ਇਹ ਬਰਤਾਨੀਆ ਵਿੱਚ ਦੋ-ਪੱਧਰੀ ਨਾਗਰਿਕਤਾ ਵਿਵਸਥਾ ਬਣਾ ਰਿਹਾ ਹੈ, ਜਿੱਥੇ ਮੁਸਲਮਾਨਾਂ ਅਤੇ ਰੰਗੀਨ ਲੋਕਾਂ ਦਾ ਅਧਿਕਾਰ ਗੋਰਿਆਂ ਨਾਲੋਂ ਘੱਟ ਸੁਰੱਖਿਅਤ ਹੈ। ਦੋਵੇਂ ਸੰਗਠਨ ਮੰਗ ਕਰ ਰਹੇ ਹਨ ਕਿ ਨਾਗਰਿਕਤਾ ਖੋਹਣ ਤੇ ਤੁਰੰਤ ਰੋਕ ਲਗਾਈ ਜਾਵੇ, ਸੈਕਸ਼ਨ 40(2) ਨੂੰ ਰੱਦ ਕੀਤਾ ਜਾਵੇ ਅਤੇ ਜਿਨ੍ਹਾਂ ਦੀ ਨਾਗਰਿਕਤਾ ਖੋਹੀ ਗਈ ਹੈ, ਉਨ੍ਹਾਂ ਨੂੰ ਵਾਪਸ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇ ਇਹ ਨਿਯਮ ਨਾ ਬਦਲੇ ਗਏ ਤਾਂ ਲੱਖਾਂ ਲੋਕਾਂ ਲਈ ਅਸੁਰੱਖਿਆ ਦਾ ਮਾਹੌਲ ਬਣਿਆ ਰਹੇਗਾ।

### ਬਰਤਾਨੀਆ ਵਿੱਚ ਮੌਜੂਦਾ ਹੋਮ ਸੈਕਰੇਟਰੀ ਅਤੇ ਰਾਜਨੀਤਿਕ ਮਾਹੌਲ

ਮੌਜੂਦਾ ਹੋਮ ਸੈਕਰੇਟਰੀ ਸ਼ਬਾਨਾ ਮਹਿਮੂਦ ਹਨ, ਜੋ ਖੁਦ ਮੁਸਲਿਮ ਹਨ ਅਤੇ ਪਾਕਿਸਤਾਨੀ ਮੂਲ ਦੇ ਹਨ। ਰਿਪੋਰਟ ਵਿੱਚ ਉਨ੍ਹਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ। ਕੰਜ਼ਰਵੇਟਿਵ ਪਾਰਟੀ ਅਤੇ ਰਿਫਾਰਮ ਪਾਰਟੀ ਵਰਗੀਆਂ ਪਾਰਟੀਆਂ ਵੱਡੇ ਪੱਧਰ ਤੇ ਨਾਗਰਿਕਤਾ ਖੋਹਣ ਦੀ ਗੱਲ ਕਰ ਰਹੀਆਂ ਹਨ। ਇਸ ਰਿਪੋਰਟ ਨੇ ਬਰਤਾਨੀਆ ਦੇ ਮੁਸਲਿਮ ਭਾਈਚਾਰੇ ਵਿੱਚ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਲੋਕਾਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਦਾ ਬਰਤਾਨੀਆ ਵਿੱਚ ਰਹਿਣਾ ਹੁਣ ਔਖਾ ਹੋ ਗਿਆ ਹੈ। ਸੰਗਠਨਾਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਇਹ ਨਿਯਮ ਨਾ ਬਦਲੇ ਗਏ ਤਾਂ ਦੇਸ਼ ਵਿੱਚ ਨਸਲੀ ਭੇਦਭਾਵ ਵੱਧ ਜਾਵੇਗਾ ਅਤੇ ਲੱਖਾਂ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਸਕਦੀ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਇੱਕ ਰਿਹਾਇਸ਼ੀ ਇਮਾਰਤ ਤੇ ਪੁਲਿਸ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਛਾਪੇਮਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਇੱਕ ਰਿਹਾਇਸ਼ੀ ਇਮਾਰਤ 11 ਬੀਕਨਸਫੀਲਡ ਰੋਡ ਤੇ ਮੰਗਲਵਾਰ 16 ਦਸੰਬਰ 2025 ਨੂੰ ਸਵੇਰੇ ਲਗਭਗ 06:30 ਵਜੇ, ਪੁਲਿਸ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਛਾਪਾ ਮਾਰਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਭਾਵੇਂ ਕਿ ਇਸ ਗ੍ਰਿਫਤਾਰੀ ਬਾਰੇ ਅਤੇ ਇਸ ਦੇ ਕਾਰਨਾਂ ਬਾਰੇ ਖ਼ਬਰ ਲਿਖਣ ਤੱਕ ਕੋਈ ਅਧਿਕਾਰਤ ਜਾਣਕਾਰੀ ਜਨਤਕ ਨਹੀਂ ਕੀਤੀ। ਲੇਕਿਨ ਸ਼ੋਸ਼ਲ ਮੀਡੀਆ ਤੇ ਇੱਕ ਅਣ–ਅਧਿਕਾਰਤ ਜਾਣਕਾਰੀ ਕਈ ਸ਼ੰਕੇ ਪੈਦਾ ਕਰਦੀ ਰਹੀ। ਜਦੋਂ ਇਸ ਬਾਰੇ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਗਿਆ ਤਾਂ ਸਭਾ ਵੱਲੋਂ ਜਾਰੀ ਬਿਆਨ ਵਿੱਚ ਪੁਸ਼ਟੀ ਕੀਤੀ ਕਿ ਪੁਲਿਸ ਨੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਉਸ ਘਰ ਵਿੱਚ ਰਹਿ ਰਹੇ ਕਰਮਚਾਰੀ ਨੂੰ ਜਾਣਦਾ ਹੈ। ਉਹ ਕਰਮਚਾਰੀ ਪਿਛਲੇ ਕਈ ਸਾਲਾਂ ਤੋਂ ਇਸ ਘਰ ਵਿੱਚ ਰਹਿ ਰਿਹਾ ਹੈ। ਉਹਨਾਂ ਕਿਹਾ ਕਿ ਪ੍ਰਬੰਧਕ ਕਮੇਟੀ ਘਟਨਾ ਦੀ ਪੜਤਾਲ ਕਰ ਰਹੀ ਹੈ। ਇਸ ਤੋਂ ਇਲਾਵਾ ਸਿੰਘ ਸਭਾ ਦੇ ਘਰਾਂ ਵਿੱਚ ਰਹਿਣ ਵਾਲੇ ਸੇਵਾਦਾਰਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਪ੍ਰਬੰਧਕ ਕਮੇਟੀ ਨੇ ਇਹ ਵੀ ਕਿਹਾ ਕਿ ਰਿਹਾਇਸ਼ੀ ਜਾਇਦਾਦਾਂ ਵਿੱਚ ਸਭਾ ਨਾਲ ਸਬੰਧਤ ਨਾ ਹੋਣ ਵਾਲੇ ਵਿਅਕਤੀਆਂ ਨੂੰ ਪਹਿਲਾਂ ਹੀ ਘਰ ਖਾਲੀ ਕਰਨ ਲਈ ਕਿਹਾ ਜਾ ਚੁੱਕਾ ਹੈ। ਅਤੇ ਪਿਛਲੀ ਕਾਰਜਕਾਰੀ ਕਮੇਟੀ ਦੁਆਰਾ ਇੱਕ ਪੂਰਾ ਘਰ ਇੱਕ ਸੰਗਠਨ ਨੂੰ ਮੁਫਤ ਵਿੱਚ ਦਿੱਤਾ ਹੋਇਆ ਹੈ, ਜਿਹਨਾਂ ਨੂੰ ਵੀ ਸਭਾ ਦਾ ਘਰ ਖਾਲੀ ਕਰਨ ਦੀ ਬੇਨਤੀ ਕੀਤੀ ਗਈ ਹੈ। ਮੌਜੂਦਾ ਕਾਰਜਕਾਰੀ ਕਮੇਟੀ ਨੇ ਸਭਾ ਦੀਆਂ ਜਾਇਦਾਦਾਂ ਦੀ ਦੁਰਵਰਤੋਂ ਰੋਕਣ ਲਈ ਸਖ਼ਤ ਨੀਤੀ ਬਣਾਈ ਹੈ। ਜੇ ਲੋੜ ਪਈ ਤਾਂ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਪ੍ਰਬੰਧਕ ਕਮੇਟੀ ਨੇ ਕੁਝ ਵਿਅਕਤੀਆਂ ਦੁਆਰਾ ਸੋਸ਼ਲ ਮੀਡੀਆ ਰਾਹੀਂ ਕੀਤੇ ਜਾ ਰਹੇ ਗਲਤ ਪ੍ਰਚਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਘਰ ਵਿੱਚੋਂ ਕੋਈ ਵੀ ਅਜੇਹਾ ਵਿਅਕਤੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਜਿਸ ਕੋਲ ਯੂ ਕੇ ਰਹਿਣ ਦਾ ਅਧਿਕਾਰ ਨਾ ਹੋਵੇ, ਮਤਲਬ ਗੈਰ ਕਾਨੂੰਨੀ ਹੋਵੇ।

## ਕਬੱਡੀ ਖਿਡਾਰੀ ਦਾ ਕਤਲ–5 ਸਫ਼ੇ ਦੀ ਖਬਰ ਦਾ ਬਾਕੀ ਹਿਸਾ

ਇਨ੍ਹਾਂ ਵਿੱਚ ਲਾਰੈਂਸ ਬਿਸ਼ਨੋਈ ਗੈਂਗ, ਬੰਬੀਹਾ ਗੈਂਗ, ਜੱਗੂ ਭਗਵਾਨਪੁਰੀਆ ਗੈਂਗ, ਡਾਵੀ ਗੈਂਗ, ਲੱਕੀ ਪਟਿਆਲ ਗੈਂਗ, ਸੁਖਪ੍ਰੀਤ ਬੁੱਡਾ ਗੈਂਗ ਅਤੇ ਬਵਾਨਾ ਗੈਂਗ ਸ਼ਾਮਲ ਹਨ। ਇਹ ਗੈਂਗਸ ਪੰਜਾਬ ਤੋਂ ਬਾਹਰ ਵੀ ਫੈਲੇ ਹੋਏ ਹਨ ਅਤੇ ਵਿਦੇਸ਼ਾਂ ਵਿੱਚ ਵੀ ਲਿੰਕ ਰੱਖਦੇ ਹਨ, ਜਿਵੇਂ ਕੈਨੇਡਾ ਅਤੇ ਅਮਰੀਕਾ ਵਿੱਚ। ਬਿਸ਼ਨੋਈ ਗੈਂਗ ਨੂੰ ਤਾਂ ਕੈਨੇਡਾ ਨੇ ਟੈਰਰਿਸਟ ਗਰੁੱਪ ਘੋਸ਼ਿਤ ਕੀਤਾ ਹੋਇਆ ਹੈ। ਇਹ ਗੈਂਗਸ ਐਕਸਟੋਰਸ਼ਨ, ਕਤਲ, ਅਸਲੇ ਤਸਕਰੀ ਅਤੇ ਨਸ਼ਾ ਵੇਚਣ ਵਿੱਚ ਸ਼ਾਮਲ ਹਨ। 2022 ਤੋਂ ਹੁਣ ਤੱਕ ਪੰਜਾਬ ਵਿੱਚ 324 ਫਾਇਰਿੰਗਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ 24 ਗੈਂਗਸਟਰ ਮਾਰੇ ਗਏ ਹਨ। ਪੁਲਿਸ ਨੇ ਕਈ ਆਪ੍ਰੇਸ਼ਨ ਕੀਤੇ ਹਨ, ਪਰ ਗੈਂਗਸ ਫਿਰ ਵੀ ਵਧ ਰਹੇ ਹਨ। ਸਰਕਾਰ ਨੂੰ ਅਸਫਲ ਮੰਨਿਆ ਜਾ ਰਿਹਾ ਹੈ ਕਿਉਂਕਿ ਗੈਂਗਸ ਵਿਦੇਸ਼ਾਂ ਤੋਂ ਚੱਲ ਰਹੇ ਹਨ ਅਤੇ ਜੇਲ੍ਹਾਂ ਵਿੱਚੋਂ ਵੀ ਆਪਰੇਟ ਕਰਦੇ ਹਨ। ਉਦਾਹਰਣ ਵਜੋਂ, ਲਾਰੈਂਸ ਬਿਸ਼ਨੋਈ ਜੇਲ੍ਹ ਵਿੱਚ ਹੋ ਕੇ ਵੀ ਗੈਂਗ ਚਲਾਉਂਦਾ ਹੈ। ਸਰਕਾਰ ਨੇ ਐਂਟੀ-ਗੈਂਗਸਟਰ ਟਾਸਕ ਫੋਰਸ ਬਣਾਈ ਹੈ, ਪਰ ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਪਾਲਿਟੀਕਲ ਵਿਲ ਨਹੀਂ ਹੈ। ਨੌਜਵਾਨਾਂ ਨੂੰ ਗੈਂਗਸ ਵਿੱਚ ਭਰਤੀ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਨਾਲ ਜੁੜ ਕੇ ਅਪਰਾਧ ਵਧ ਰਿਹਾ ਹੈ।

# ਨਵੇਂ ਅਕਾਲੀ ਦਲ ਦੀਆਂ ਗਤੀਵਿਧੀਆਂ ਕਿਉਂ ਰੁਕੀਆਂ ਹੋਈਆਂ ਹਨ ?

## ✪ ਸੁਖਬੀਰ ਬਾਦਲ ਨੇ ਅਕਾਲੀ ਦਲ ਦੀ ਵਾਪਸੀ ਲਈ ਹਮਲਾਵਰ ਰੁਖ ਕਿਉਂ ਅਪਨਾਇਆ
## ✪ ਅੰਮ੍ਰਿਤਪਾਲ ਵਾਲੀ ਪਾਰਟੀ ਦੀ ਭਾਵੁਕ ਰਾਜਨੀਤੀ ਕੀ ਪੰਜਾਬ ਨੂੰ ਨਵੀਂ ਦਿਸ਼ਾ ਦੇ ਸਕੇਗੀ

ਜਲੰਧਰ-ਪਿਛਲੇ ਸਾਲ 2 ਦਸੰਬਰ ਨੂੰ ਅਕਾਲ ਤਖ਼ਤ ਦੇ ਹੁਕਮਨਾਮੇ ਤੋਂ ਬਾਅਦ ਮੈਂਬਰਸ਼ਿਪ ਕਰਨ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਚੁਣਨ ਤੋਂ ਬਾਅਦ ਨਵੇਂ ਅਕਾਲੀ ਦਲ ਦੀ ਗਤੀਵਿਧੀ ਹੁਣ ਰੁਕੀ ਹੋਈ ਜਾਪਦੀ ਹੈ। ਜ਼ਮੀਨੀ ਪੱਧਰ ਤੇ ਜਾਂ ਰਾਜਨੀਤਿਕ ਨੈਰੇਟਿਵ ਨੂੰ ਅੱਗੇ ਵਧਾਉਣ ਵਿੱਚ ਕੋਈ ਖਾਸ ਸਰਗਰਮੀ ਨਜ਼ਰ ਨਹੀਂ ਆ ਰਹੀ। ਪਰ ਇਸ ਦਲ ਵਿਚ ਆਪਸੀ ਫੁਟ ਸਾਫ ਦਿਖਾਈ ਦਿੰਦੀ ਹੈ।

ਦੂਜੇ ਪਾਸੇ, ਸੁਖਬੀਰ ਸਿੰਘ ਬਾਦਲ, ਜੋ ਪਹਿਲਾਂ ਹੁਕਮਨਾਮੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਕਮਜ਼ੋਰ ਨਜ਼ਰ ਆ ਰਹੇ ਸਨ, ਹੁਣ ਫਿਰ ਤੋਂ ਰਾਜਨੀਤਿਕ ਮੈਦਾਨ ਵਿੱਚ ਆਪਣੀ ਜਗ੍ਹਾ ਬਣਾ ਰਹੇ ਹਨ ਅਤੇ ਹਮਲਾਵਰ ਰੁਖ ਅਪਣਾ ਕੇ ਪੰਜਾਬ ਦੇ ਸਿਆਸੀ ਨੈਰੇਟਿਵ ਨੂੰ ਪ੍ਰਭਾਵਿਤ ਕਰ ਰਹੇ ਹਨ। ਬਾਗੀ ਅਕਾਲੀ ਆਗੂਆਂ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਨਵੀਂ ਅਕਾਲੀ ਦਲ ਬਣਾਉਣ ਦੀਆਂ ਗਤੀਵਿਧੀਆਂ 11 ਅਗਸਤ ਨੂੰ ਚਰਮ ਤੇ ਪਹੁੰਚੀਆਂ ਸਨ, ਜਦੋਂ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੀਂ ਪਾਰਟੀ ਦਾ ਪ੍ਰਧਾਨ ਅਤੇ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਚੁਣਿਆ ਗਿਆ। ਪਰ ਉਸ ਤੋਂ ਬਾਅਦ ਕੋਈ ਖਾਸ ਸਰਗਰਮੀ ਨਜ਼ਰ ਨਹੀਂ ਆਈ, ਸਿਵਾਏ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਮੁਹਿੰਮ ਚਲਾਉਣ ਅਤੇ ਹੁਣ ਪੰਚਾਇਤ ਚੋਣਾਂ ਵਿੱਚ ਉਮੀਦਵਾਰ ਉਤਾਰਨ ਦੇ। ਇਹ ਵੀ ਖਿੰਡੀ ਹੋਈ ਲੜਾਈ ਜਾਪਦੀ ਹੈ।

ਨਵੇਂ ਅਕਾਲੀ ਦਲ ਵਿੱਚ ਇਹ ਗੱਲ ਆਮ ਹੈ ਕਿ ਵਿਧਾਇਕ ਮਨਪ੍ਰੀਤ ਸਿੰਘ ਅਯਾਲੀ ਅਤੇ ਕੁਝ ਹੋਰ ਆਗੂ ਸਤਵੰਤ ਕੌਰ ਨੂੰ ਅੱਗੇ ਰੱਖਣਾ ਚਾਹੁੰਦੇ ਸਨ, ਜਿਨ੍ਹਾਂ ਦੇ ਪਿਤਾ ਭਾਈ ਅਮਰੀਕ ਸਿੰਘ ਘਲੂਘਾਰਾ ਜੂਨ84 ਵਿੱਚ ਸ਼ਹੀਦ ਹੋ ਗਏ ਸਨ। ਇਸ ਸਥਿਤੀ ਵਿੱਚ 8 ਅਗਸਤ ਨੂੰ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਧਾਨਗੀ ਦੀ ਦੌੜ ਛੱਡਣ ਅਤੇ ਸਤਵੰਤ ਕੌਰ ਦੀ ਉਮੀਦਵਾਰੀ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਪਰ ਜ਼ਿਆਦਾਤਰ ਬਾਗੀ ਆਗੂਆਂ ਨੇ ਸਾਬਕਾ ਜਥੇਦਾਰ ਦਾ ਸਾਥ ਦਿੱਤਾ ਅਤੇ ਸਤਵੰਤ ਨੂੰ ਪੰਥਕ ਕੌਂਸਲ ਦਾ ਮੁਖੀ



ਬਣਾਇਆ।

ਗਿਆਨੀ ਹਰਪ੍ਰੀਤ ਸਿੰਘ ਨੇ ਅਕਤੂਬਰ ਦੇ ਪਹਿਲੇ ਹਫ਼ਤੇ ਵਿੱਚ 41 ਮੈਂਬਰੀ ਵਰਕਿੰਗ ਕਮੇਟੀ ਅਤੇ ਕੁਝ ਦਿਨਾਂ ਬਾਅਦ ਅਹੁਦੇਦਾਰਾਂ ਦਾ ਐਲਾਨ ਕੀਤਾ। ਵਰਕਿੰਗ ਕਮੇਟੀ ਅਤੇ ਅਹੁਦੇਦਾਰਾਂ ਨੂੰ ਫਾਈਨਲ ਕਰਨ ਵਿੱਚ 50 ਦਿਨਾਂ ਤੋਂ ਵੱਧ ਦਾ ਗੈਪ ਇਹ ਦਰਸਾਉਂਦਾ ਹੈ ਕਿ ਨਵੀਂ ਜਥੇਬੰਦੀ ਵਿੱਚ ਫੈਸਲੇ ਲੈਣਾ ਆਸਾਨ ਨਹੀਂ ਸੀ। ਨਵੇਂ ਅਕਾਲੀ ਦਲ ਦੇ ਕਈ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕਈ ਅਕਾਲੀ ਆਗੂ ਵਰਕਿੰਗ ਕਮੇਟੀ ਤੋਂ ਨਾਖੁਸ਼ ਸਨ। ਅਹੁਦੇਦਾਰਾਂ ਦੀ ਸੂਚੀ ਨੇ ਵੀ ਸਭ ਨੂੰ ਸੰਤੁਸ਼ਟ ਨਹੀਂ ਕੀਤਾ। ਇਸ ਪਿਛੋਕੜ ਵਿੱਚ ਹਾਲ ਹੀ ਵਿੱਚ ਕੁਝ ਨਵੀਆਂ ਨਿਯੁਕਤੀਆਂ ਅਤੇ ਤਰੱਕੀਆਂ ਦਾ ਐਲਾਨ ਕੀਤਾ ਗਿਆ। ਅਸਲ ਵਿੱਚ ਪਾਰਟੀ ਆਪਣੇ ਸੰਗਠਨਾਤਮਕ ਮਾਮਲਿਆਂ ਤੋਂ ਅੱਗੇ ਨਹੀਂ ਵਧ ਸਕੀ।

ਭਾਵੇਂ ਵਿਅਕਤੀਗਤ ਆਗੂ ਆਪੋ-ਆਪਣੇ ਖੇਤਰਾਂ ਵਿੱਚ ਸਰਗਰਮ ਹੋਣ, ਪਰ ਪਾਰਟੀ ਚਲਾਉਣ ਵਿੱਚ ਇਕੱਠੇ, ਤਾਲਮੇਲ ਵਾਲੇ ਅਤੇ ਸਾਂਝੇ ਕਦਮਾਂ ਦੀ ਕਮੀ ਜਾਪਦੀ ਹੈ। ਹਾਲਾਤ ਦਾ ਹੋਰ ਇੱਕ ਸੰਕੇਤ ਇਹ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਆਪਣੇ ਸੋਸ਼ਲ ਮੀਡੀਆ ਅਕਾਊਂਟਾਂ ਤੇ ਪੋਸਟ ਕੀਤੇ ਬਿਆਨ, ਜੋ ਰੋਜ਼ਾਨਾ ਉਭਰ ਰਹੇ ਮੁੱਦਿਆਂ ਤੇ ਪ੍ਰਤੀਕਿਰਿਆ ਦਿੰਦੇ ਹਨ ਅਤੇ ਪੰਜਾਬ ਅਤੇ ਕੇਂਦਰ ਸਰਕਾਰਾਂ ਤੇ ਹਮਲੇ ਕਰਦੇ ਹਨ, ਨੂੰ ਉਨ੍ਹਾਂ ਦੀ ਪਾਰਟੀ ਦੇ ਜ਼ਿਆਦਾਤਰ ਹੋਰ ਆਗੂ ਸਹਿਯੋਗ ਕਰਦੇ ਨਹੀਂ ਦਿਖਾਈ ਦਿੰਦੇ। ਉਹ ਵੀ ਅਖਬਾਰੀ ਬਿਆਨ ਤੋਂ ਅੱਗੇ ਵਧ ਕੇ ਜ਼ਮੀਨ ਤੇ ਨਜ਼ਰ ਨਹੀਂ ਆ ਰਹੇ।

ਇਸ ਸਥਿਤੀ ਬਾਰੇ ਪੁੱਛੇ ਜਾਣ ਤੇ ਨਵੇਂ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ, "ਪਾਰਟੀ ਵਿੱਚ ਇਕਜੁੱਟਤਾ ਦੇ ਮੁੱਦੇ ਹਨ ਅਤੇ ਅਸੀਂ ਗਲਤੀਆਂ ਤੇ ਵਿਚਾਰ ਕਰ ਰਹੇ ਹਾਂ। ਮੈਂਬਰਸ਼ਿਪ ਕਰਨ ਦੌਰਾਨ ਲੋਕਾਂ ਵੱਲੋਂ ਮਿਲੇ ਸਹਿਯੋਗ ਨੂੰ ਬਣਾਈ ਰੱਖਣਾ ਸਭ ਆਗੂਆਂ ਦੀ ਸਾਂਝੀ ਜ਼ਿੰਮੇਵਾਰੀ ਹੈ।"

### ਸੁਖਬੀਰ ਨੂੰ ਕੀ ਮਦਦ ਮਿਲ ਰਹੀ ਹੈ

ਤਰਨ ਤਾਰਨ ਜ਼ਿਮਨੀ ਚੋਣ ਦਾ ਨਤੀਜਾ, ਜਿੱਥੇ ਸੁਖਬੀਰ ਦੇ ਉਮੀਦਵਾਰ ਨੂੰ ਦੂਜਾ ਸਥਾਨ ਮਿਲਿਆ, ਉਨ੍ਹਾਂ ਲਈ ਰਾਜਨੀਤੀ ਵਿਚ ਅਹਿਮ ਮੋੜ ਸਾਬਤ ਹੋਇਆ ਹੈ। ਰਾਜ ਸਰਕਾਰ ਵੱਲੋਂ ਤਰਨ ਤਾਰਨ ਜ਼ਿਮਨੀ ਚੋਣ ਅਤੇ ਫਿਰ ਪੰਚਾਇਤ ਚੋਣਾਂ ਦੌਰਾਨ ਸੁਖਬੀਰ ਵਾਲੀ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਕਾਰਵਾਈਆਂ ਨੇ ਵੀ ਉਨ੍ਹਾਂ ਨੂੰ ਜਗ੍ਹਾ ਅਤੇ ਹਮਦਰਦੀ ਦਿਵਾਈ ਹੈ, ਜਿਵੇਂ ਕੰਚਨਪ੍ਰੀਤ ਕੌਰ ਦੇ ਮਾਮਲੇ ਵਿੱਚ ਹੋਇਆ ਸੀ। ਪੰਜਾਬ ਸਰਕਾਰ ਦਾ ਕਦਮ ਉਲਟਾ ਪੈ ਗਿਆ ਅਤੇ ਸੁਖਬੀਰ ਨੂੰ ਆਪਣੇ ਮਜਬੂਤ ਕੇਡਰ ਨਾਲ ਵਿਰੋਧ ਕਰਨ ਦਾ ਮੌਕਾ ਮਿਲ ਗਿਆ।

### ਪੰਚਾਇਤ ਚੋਣਾਂ ਵਿਚ ਅਯਾਲੀ ਨੇ ਗਿਆਨੀ ਹਰਪ੍ਰੀਤ ਦੀਆਂ ਤਸਵੀਰਾਂ ਨਹੀਂ ਵਰਤੀਆਂ

ਪੰਚਾਇਤ ਚੋਣਾਂ ਵਿੱਚ ਦਾਖਾ ਵਿਧਾਇਕ ਮਨਪ੍ਰੀਤ ਸਿੰਘ ਅਯਾਲੀ, ਜੋ ਸ਼੍ਰੋਮਣੀ ਅਕਾਲੀ ਦਲ (ਰੀਵਾਈਵਡ) ਦੇ ਸੀਨੀਅਰ ਵਾਈਸ ਪ੍ਰਧਾਨ ਹਨ, ਨੇ ਸਤਵੰਤ ਕੌਰ ਅਤੇ ਖਡੂਰ ਸਾਹਿਬ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਵਰਤੀਆਂ, ਪਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਨਹੀਂ। ਭਾਵੇਂ ਇਹ ਕਿਹਾ ਜਾ ਰਿਹਾ ਸੀ ਕਿ ਸਤਵੰਤ ਕੇਵਲ ਧਾਰਮਿਕ ਮਾਮਲੇ ਸੰਭਾਲੇਗੀ। ਅਯਾਲੀ ਵੱਲੋਂ ਆਪਣੇ ਫੇਸਬੁੱਕ ਪੇਜ ਤੇ ਪੋਸਟ ਕੀਤੇ ਬੈਨਰਾਂ ਵਿੱਚ ਸਤਵੰਤ ਕੌਰ, ਅੰਮ੍ਰਿਤਪਾਲ ਅਤੇ ਅਯਾਲੀ ਦੀਆਂ ਤਿੰਨ ਤਸਵੀਰਾਂ ਸਨ। ਅੰਮ੍ਰਿਤਪਾਲ ਦੀ ਮਾਂ ਬਲਵਿੰਦਰ ਕੌਰ ਨੇ ਵੀ ਦਾਖਾ ਹਲਕੇ ਵਿੱਚ ਅਯਾਲੀ ਸਮਰਥਿਤ ਉਮੀਦਵਾਰਾਂ ਲਈ ਮੁਹਿੰਮ ਦੇ ਆਖਰੀ ਪੜਾਅ ਵਿੱਚ ਪ੍ਰਚਾਰ ਕੀਤਾ। ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਜਨਰਲ ਸਕੱਤਰ ਬਰਜਿੰਦਰ ਸਿੰਘ ਬਰਾੜ ਨੇ ਫੇਸਬੁੱਕ ਤੇ ਪੋਸਟ ਕੀਤੇ ਪੋਸਟਰ ਵਿੱਚ ਅਯਾਲੀ, ਅੰਮ੍ਰਿਤਪਾਲ ਸਿੰਘ, ਸਤਵੰਤ ਕੌਰ, ਫਰੀਦਕੋਟ ਸੰਸਦ ਮੈਂਬਰ ਸਰਬਜੀਤ ਸਿੰਘ, ਸ਼ਹੀਦ ਜਸਵੰਤ ਸਿੰਘ ਖਾਲੜਾ ਅਤੇ ਸ਼ਹੀਦ ਦੀਪ ਸਿੱਧੂ ਦੀਆਂ ਤਸਵੀਰਾਂ ਸਨ, ਪਰ ਗਿਆਨੀ ਹਰਪ੍ਰੀਤ ਸਿੰਘ ਦੀ ਨਹੀਂ।

### ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ)

ਭਾਈ ਅੰਮ੍ਰਿਤਪਾਲ ਸਿੰਘ ਵਾਲੀ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਨੂੰ ਅਜੇ ਵੀ ਕਾਫ਼ੀ ਸਮਰਥਨ ਹੈ, ਪਰ ਪਾਰਟੀ ਭਾਵੁਕ ਅਪੀਲ ਅਤੇ ਪ੍ਰਤੀਕਿਰਿਆ ਵਾਲੀ ਰਾਜਨੀਤੀ ਤੋਂ ਅੱਗੇ ਨਹੀਂ ਵਧ ਸਕੀ। ਤਰਨ ਤਾਰਨ ਜ਼ਿਮਨੀ ਚੋਣ ਦਾ ਨਤੀਜਾ ਝਟਕਾ ਸੀ ਅਤੇ ਉਹ ਅਜੇ ਵੀ ਸੰਗਠਿਤ ਰਾਜਨੀਤੀ ਜਾਂ ਕੋਈ ਕਾਰਜਸ਼ੀਲ ਰਣਨੀਤੀ ਤੋਂ ਦੂਰ ਜਾਪਦੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਨੂੰ ਇਕੱਠਾ ਕਰਨ ਦੀ ਗੱਲ ਤਾਂ ਦੂਰ, ਗਿਆਨੀ ਹਰਪ੍ਰੀਤ ਸਿੰਘ ਵਾਲੀ ਨਵੀਂ ਜਥੇਬੰਦੀ ਅੰਦਰੂਨੀ ਫੁੱਟ ਅਤੇ ਗਤੀਵਿਧੀਆਂ ਦੀ ਕਮੀ ਕਾਰਨ ਰੁਕੀ ਹੋਈ ਹੈ। ਸੁਖਬੀਰ ਵਾਲੀ ਪਾਰਟੀ ਨੇ ਆਪਣੀ ਜਗ੍ਹਾ ਮਜ਼ਬੂਤ ਕਰ ਲਈ ਹੈ। ਪੰਥਕ ਰਾਜਨੀਤੀ ਅਜੇ ਵੀ ਖਿੰਡੀ ਹੋਈ ਅਤੇ ਅਨਿਸ਼ਚਿਤ ਹੈ।



# ਹਵਾਈ ਅੱਡੇ ਦੇ ਬਾਹਰ ਪੁਲਿਸ ਤੇ ਗੈਂਗਸਟਰਾਂ ਵਿਚਾਲੇ ਮੁਕਾਬਲਾ, ਦੋ ਜ਼ਖ਼ਮੀ



ਅੰਮ੍ਰਿਤਸਰ-ਪੁਲਿਸ ਅਤੇ ਬਦਮਾਸ਼ਾਂ ਵਿਚਕਾਰ ਮੁਕਾਬਲੇ ਦੀ ਘਟਨਾ ਸਾਹਮਣੇ ਆਈ ਹੈ। ਪੁਲਿਸ ਨੇ ਅੰਮ੍ਰਿਤਸਰ ਹਵਾਈ ਅੱਡੇ ਦੇ ਬਾਹਰ ਦੋ ਅਪਰਾਧੀਆਂ ਨੂੰ ਘੇਰ ਲਿਆ, ਜਿਸ ਤੋਂ ਬਾਅਦ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਹੋਈ। ਮੁਕਾਬਲੇ ਵਿਚ ਦੋਵੇਂ ਅਪਰਾਧੀ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਪੁਲਿਸ ਸੂਤਰਾਂ ਅਨੁਸਾਰ, ਜ਼ਖ਼ਮੀ ਅਪਰਾਧੀਆਂ ਦੀ ਪਛਾਣ ਗੁਰਪਿੰਦਰ ਸਿੰਘ ਅਤੇ ਵੰਸ਼ਪ੍ਰੀਤ ਸਿੰਘ ਵਜੋਂ ਹੋਈ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਮੁਲਜ਼ਮ ਫਿਰੌਤੀ ਗਿਰੋਹ ਨਾਲ ਜੁੜੇ ਹੋਏ ਸਨ ਅਤੇ ਲੰਬੇ ਸਮੇਂ ਤੋਂ ਪੁਲਿਸ ਦੀ ਨਿਗਰਾਨੀ ਹੇਠ ਸਨ। ਫਿਲਹਾਲ ਦੋਵਾਂ ਮੁਲਜ਼ਮਾਂ ਦਾ ਪੁਲਿਸ ਨਿਗਰਾਨੀ ਹੇਠ ਇਲਾਜ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਗਲਤ ਇਨਸਾਨ ਨੂੰ ਗਲਤ ਨਾ ਕਹਿਣਾ ਉਸ ਨਾਲ ਧੋਖਾ ਕਰਨ ਦੇ ਬਰਾਬਰ ਹੈ ।

# ਆਸਟਰੇਲੀਆ ਵਿਚ ਜਿਹਾਦੀ ਹਮਲੇ ਬਾਅਦ ਸਿੱਖ ਭਾਈਚਾਰੇ ਨੂੰ ਸਾਵਧਾਨ ਰਹਿਣ ਦੀ ਲੋੜ

ਸਿਡਨੀ ਦੇ ਇਕ ਬੀਚ ਕੰਢੇ ਵਾਪਰੀ ਦਰਦਨਾਕ ਜਿਹਾਦੀ ਗੋਲੀਬਾਰੀ ਨੇ ਪੂਰੇ ਆਸਟਰੇਲੀਆ ਨੂੰ ਸਦਮੇ ਵਿੱਚ ਪਾ ਦਿੱਤਾ ਹੈ। ਇਹ ਹਮਲਾ ਯਹੂਦੀ ਭਾਈਚਾਰੇ ਦੇ ਹਨੁੱਕਾ ਤਿਉਹਾਰ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ, ਜਿਸ ਵਿੱਚ 15 ਨਿਰਦੋਸ਼ ਲੋਕ ਮਾਰੇ ਗਏ ਸਨ ਅਤੇ ਦਰਜਨਾਂ ਜ਼ਖ਼ਮੀ ਹੋਏ ਸਨ। ਇਹ ਆਸਟਰੇਲੀਆ ਦੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਜਿਹਾਦੀ ਹਮਲੇ ਘਟਨਾ ਹੈ, ਜੋ ਨਫ਼ਰਤ ਅਤੇ ਚਰਮਪੰਥ ਦੀ ਨੂੰ ਦਰਸਾਉਂਦੀ ਹੈ। ਪਰ ਇਸ ਘਟਨਾ ਦੇ ਨਤੀਜੇ ਵਜੋਂ ਇੱਕ ਹੋਰ ਚਿੰਤਾ ਵਧ ਰਹੀ ਹੈ - ਗਲਤ ਪਛਾਣ ਕਾਰਨ ਨਿਰਦੋਸ਼ ਸਿੱਖ ਭਾਈਚਾਰੇ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਆਸਟਰੇਲੀਆ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਇਸ ਹਮਲੇ ਤੋਂ ਪੈਦਾ ਹੋਏ ਗੁੱਸੇ ਅਤੇ ਇਸਲਾਮੋਫੋਬੀਆ ਦੇ ਮਾਹੌਲ ਵਿੱਚ, ਸਿੱਖ ਆਪਣੀ ਦਸਤਾਰ ਅਤੇ ਦਾੜ੍ਹੀ ਕਾਰਨ ਗਲਤ ਤੌਰ 'ਤੇ ਮੁਸਲਮਾਨ ਸਮਝੇ ਜਾ ਸਕਦੇ ਹਨ। ਇਹ ਕੋਈ ਨਵੀਂ ਸਮੱਸਿਆ ਨਹੀਂ। 9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਵਿੱਚ ਸਿੱਖਾਂ 'ਤੇ ਹੋਏ ਹਮਲੇ ਇਸ ਦੀ ਮਿਸਾਲ ਹਨ। ਆਸਟਰੇਲੀਆ ਵਿੱਚ ਵੀ ਪਿਛਲੇ ਸਾਲਾਂ ਵਿੱਚ ਸਿੱਖਾਂ ਨੂੰ ਨਸਲਵਾਦੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ, ਖਾਸ ਕਰ ਇਸਲਾਮਿਕ ਜਿਹਾਦੀ ਹਮਲਿਆਂ ਨਾਲ ਜੁੜੀਆਂ ਘਟਨਾਵਾਂ ਤੋਂ ਬਾਅਦ। ਇਹ ਗਲਤ ਫਹਿਮੀ ਨਾ ਸਿਰਫ਼ ਅਣਜਾਣਤਾ ਕਾਰਨ ਹੈ, ਸਗੋਂ ਮੀਡੀਆ ਅਤੇ ਸਮਾਜ ਵਿੱਚ ਫੈਲੀਆਂ ਰੂੜ੍ਹੀਵਾਦੀ ਧਾਰਨਾਵਾਂ ਕਾਰਨ ਵੀ। ਬਹੁਤ ਸਾਰੇ ਪੱਛਮੀ ਲੋਕ ਦਸਤਾਰ ਨੂੰ ਮੁਸਲਿਮ ਪਛਾਣ ਨਾਲ ਜੋੜ ਲੈਂਦੇ ਹਨ, ਜਦਕਿ ਸਿੱਖ ਧਰਮ ਇੱਕ ਵੱਖਰਾ ਅਤੇ ਸੁਤੰਤਰ ਧਰਮ ਹੈ, ਜਿਸ ਦੀਆਂ ਜੜ੍ਹਾਂ ਬਰਾਬਰੀ, ਸੇਵਾ ਅਤੇ ਨਿਆਂ ਵਿੱਚ ਹਨ। ਇਸ ਗਲਤ ਪਛਾਣ ਨੇ ਪਹਿਲਾਂ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਹੈ, ਅਤੇ ਹੁਣ ਇਸ ਹਮਲੇ ਤੋਂ ਬਾਅਦ ਇਹ ਖਤਰਾ ਵਧ ਸਕਦਾ ਹੈ। ਸੰਸਥਾਵਾਂ ਨੇ ਸਹੀ ਕਿਹਾ ਹੈ ਕਿ ਆਸਟਰੇਲੀਆ ਇੱਕ ਬਹੁ-ਸੱਭਿਆਚਾਰਕ ਅਤੇ ਸਹਿਣਸ਼ੀਲ ਦੇਸ਼ ਹੈ, ਪਰ ਅਜਿਹੀਆਂ ਘਟਨਾਵਾਂ ਨਫ਼ਰਤ ਨੂੰ ਹਵਾ ਦਿੰਦੀਆਂ ਹਨ।

ਸਮਾਜ ਵਜੋਂ ਸਾਨੂੰ ਇਸ ਨਫ਼ਰਤ ਨੂੰ ਰੋਕਣਾ ਚਾਹੀਦਾ ਹੈ। ਸਿੱਖ ਭਾਈਚਾਰੇ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ - ਜਨਤਕ ਥਾਵਾਂ 'ਤੇ ਗਰੁੱਪ ਵਿੱਚ ਘੁੰਮੋ, ਸ਼ੱਕੀ ਸਥਿਤੀ ਵਿੱਚ ਪੁਲਿਸ ਨੂੰ ਸੂਚਿਤ ਕਰੋ - ਪਰ ਇਸ ਨਾਲ ਨਾਲ ਸਮੁੱਚੇ ਸਮਾਜ ਨੂੰ ਜਾਗਰੂਕ ਹੋਣਾ ਚਾਹੀਦਾ ਹੈ। ਸਿੱਖ ਪਛਾਣ ਬਾਰੇ ਜਾਣਕਾਰੀ ਫੈਲਾਓ, ਜਿਵੇਂ "Don't Freak, We're Sikh" ਵਰਗੀਆਂ ਮੁਹਿੰਮਾਂ ਰਾਹੀਂ। ਸਰਕਾਰ ਨੂੰ ਧਾਰਮਿਕ ਵਿਤਕਰੇ ਵਿਰੁੱਧ ਸਖ਼ਤ ਕਾਨੂੰਨ ਲਾਗੂ ਕਰਨੇ ਚਾਹੀਦੇ ਹਨ ਅਤੇ ਸਿੱਖਿਆ ਵਿੱਚ ਵਿਭਿੰਨਤਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਇਸ ਹਮਲੇ ਨੇ ਸਾਨੂੰ ਯਾਦ ਦਿਵਾਇਆ ਹੈ ਕਿ ਨਫ਼ਰਤ ਕਿਸੇ ਇੱਕ ਭਾਈਚਾਰੇ ਤੱਕ ਸੀਮਤ ਨਹੀਂ ਰਹਿੰਦੀ - ਇਹ ਸਾਰੇ ਘੱਟਗਿਣਤੀਆਂ ਨੂੰ ਪ੍ਰਭਾਵਿਤ ਕਰਦੀ ਹੈ। ਯਹੂਦੀ ਭਾਈਚਾਰੇ ਨਾਲ ਹਮਦਰਦੀ ਜਤਾਉਂਦੇ ਹੋਏ, ਸਿੱਖ ਭਾਈਚਾਰਾ ਵੀ ਏਕਤਾ ਦਾ ਸੰਦੇਸ਼ ਦੇ ਰਿਹਾ ਹੈ। ਸਿੱਖ ਧਰਮ ਦੀ ਸਿੱਖਿਆ "ਸਰਬੱਤ ਦਾ ਭਲਾ" ਇਸ ਵੇਲੇ ਸਭ ਤੋਂ ਵੱਡਾ ਮਾਰਗਦਰਸ਼ਨ ਹੈ। ਆਸਟਰੇਲੀਆ ਦੀ ਬਹੁ-ਸੱਭਿਆਚਾਰਕ ਵਿਰਾਸਤ ਨੂੰ ਬਚਾਉਣ ਲਈ ਸਾਨੂੰ ਗਲਤ ਫਹਿਮੀਆਂ ਨੂੰ ਦੂਰ ਕਰਨਾ ਹੀ ਪਵੇਗਾ। ਸਹਿਣਸ਼ੀਲਤਾ ਅਤੇ ਜਾਗਰੂਕਤਾ ਨਾਲ ਹੀ ਅਸੀਂ ਅਜਿਹੀਆਂ ਤ੍ਰਾਸਦੀਆਂ ਨੂੰ ਰੋਕ ਸਕਦੇ ਹਾਂ।

-ਰਜਿੰਦਰ ਸਿੰਘ ਪੁਰੇਵਾਲ

## ਲਾੜੀ ਦੀ ਮਾਂ ਦੇ ਬੈਗ 'ਚੋਂ ਸੋਨੇ ਦੇ ਗਹਿਣੇ, ਸ਼ਗਨਾ ਵਾਲੇ ਲਿਫਾਫੇ ਕੀਤੇ ਚੋਰੀ; ਦਿਓਰ-ਭਾਬੀ 'ਤੇ ਮੁਕੱਦਮਾ ਦਰਜ

ਲੁਧਿਆਣਾ-ਚੰਡੀਗੜ੍ਹ ਰੋਡ ਤੇ ਪੈਂਦੇ ਮੋਹਣੀ ਰਿਸੋਰਟ ਵਿੱਚ ਵਿਆਹ ਸਮਾਰੋ ਦੇ ਦੌਰਾਨ ਗਹਿਣਿਆਂ ਨਾਲ ਭਰਿਆ ਵਹੁਟੀ ਦੀ ਮਾਂ ਦਾ ਬੈਗ ਤੇ ਸ਼ਗਨਾਂ ਦੇ ਲਿਫਾਫੇ ਵੀ ਚੋਰੀ ਕੀਤੇ। ਕੇਸ ਦੀ ਪੜਤਾਲ ਤੋਂ ਬਾਅਦ ਸਾਹਮਣੇ ਆਇਆ ਕਿ ਵਾਰਦਾਤ ਨੂੰ ਅੰਜਾਮ ਦੇਣ ਵਾਲਾ ਕੋਈ ਹੋਰ ਨਹੀਂ ਬਲਕਿ ਵਿਆਹ ਵਾਲੇ ਘਰ ਵਿੱਚ ਕੰਮ ਕਰਨ ਵਾਲੇ ਇੱਕ ਲੜਕੀ ਅਤੇ ਉਸਦਾ ਦਿਓਰ ਸੀ। ਪੁਲਿਸ ਨੇ ਇਹ ਕੇਸ ਦੀ ਪੜਤਾਲ ਤੋਂ ਬਾਅਦ ਮੁਹੱਲਾ ਗੁਰੂ ਨਾਨਕ ਨਗਰ ਭਾਮੀਆਂ ਦੇ ਰਹਿਣ ਵਾਲੇ ਹਰਪਾਲ ਸਿੰਘ ਦੀ ਸ਼ਿਕਾਇਤ ਤੇ ਸੰਜੇ ਗਾਂਧੀ ਕਲੋਨੀ ਦੀ ਵਾਸੀ ਸੰਦੀਪ ਕੌਰ, ਉਸ ਦੇ ਦਿਓਰ ਗੁਰਮੀਤ ਸਿੰਘ ਅਤੇ ਕੁਝ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਹਰਪਾਲ ਸਿੰਘ ਨੇ ਦੱਸਿਆ ਕਿ ਕੁਝ ਹਫਤੇ ਪਹਿਲੋਂ ਉਸਦੀ ਬੇਟੀ ਸੋਨੀਆ ਦਾ ਵਿਆਹ ਸੀ। ਪੂਰਾ ਪਰਿਵਾਰ ਵਿਆਹ ਦੇ ਕੰਮਾਂ ਵਿੱਚ ਰੁਝਿਆ ਹੋਇਆ ਸੀ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਵਿਆਹ ਸਮਾਰੋਹ ਦੇ ਦੌਰਾਨ ਜਿਵੇਂ ਹੀ ਰੀਬਨ ਕੱਟਣ ਦੀ ਰਸਮ ਖਤਮ ਹੋਈ ਤਾਂ ਉਸ ਦੀ ਪਤਨੀ ਨੇ ਦੇਖਿਆ ਕਿ ਗਹਿਣਿਆਂ ਵਾਲਾ ਬੈਗ ਚੋਰੀ ਹੋ ਚੁੱਕਾ ਸੀ। ਜਾਂਚ ਦੇ ਦੌਰਾਨ ਸਾਹਮਣੇ ਆਇਆ ਕਿ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸੰਦੀਪ ਕੌਰ ਅਤੇ ਗੁਰਮੀਤ ਸਿੰਘ ਹਨ।

# NEWS & VIEWS


Gurmukh Singh OBE

## Sydney Terror Attack Challenge for Religious Leaders to Clarify Own Ideologies

***The Sikh community in Australia is deeply saddened by the tragic loss of life at the horrific mass shooting that took place at Bondi Beach in Sydney, Australia, during a Hanukkah celebration. This senseless act of violence, which has claimed the lives of at least 16 people and injured dozens more, has been declared a terrorist incident by authorities.*** **(Message from United Sikhs)**

**Global Panth would have also expected similar message from our highest institutions. This was terrorism in the name of one world religion against another. Regrettably, until Sikh institutions are free from Panjab and Indian politics, diaspora Sikh jathebandis at local and national levels need to take such initiatives themselves. If they can organise a *truly representative* global form, so much the better.**

**When such horrific incidents take place, every world religion must speak up, not only condemning such acts in the name of religion, but also clarifying own ideology and relevance to modern plural societies and universal human rights and values.**

**In the case of Bondi massacre, local Islamic leaders have condemned the terrorism in the name of their religion. That is re-assuring and needs repetition wherever the Muslims live. What is missing from most news discussions is the link to Israeli military action in Ghaza, which has used overwhelming force to kill thousands of civilians. The provocation was the Hamas terrorist attack on Israeli civilians on 7 October 2023. The question is if the overwhelming and indiscriminate Israeli retaliation in Ghaza as the world watched, has placed global Jewish community in danger.**

**The annual Chabad Jewish Chanukah Festival at Sydney Bondi Beach on 14 December, was meant to publicise teachings relating to Jewish practice, ethics, and religion. In this context, an e-mail from a prominent contact prompts me write about *Nagar Kirtans* and processions. One view is that in the current clash of extreme ideologies: *we have to adopt strict rules of public display and not create jealousy with local people. That no other community is involved in such activities.* The suggestion seems to be that Sikhs should keep a low profile wherever they live. That view can be tested against actual practice regarding religious festivals and processions in Western countries.**

**My experience of living abroad is that of massive seasonal and religious festivals, processions and, yes, in recent years, even public protests. They are accepted as part of life of any multicultural society. For example, my recollection from childhood in Malaysia (1947-59) is that of public celebrations around the Chinese New Year, Muslim Eid, Christmas, Divali, Tamil Taipusam etc and Sikh religious days. We all joined in the celebrations, as do non-Sikhs in local Nagar Kirtans in Western countries these days.**

**A Policy Studies Institute UK paper of mid 1980s showed that *people of colour* in Western countries have no option to hide. The positive option they have is to openly publicise their own ideologies and way of life to show that they add value to the plural societies they live in as part of successful integration process. Unity in rich cultural diversity is the aim. Sikhs living in Western countries for over 150 years, are an outstanding example of this process of successful integration.**

**There is general acceptance in the West that Sikhs show discipline and dignity during the Nagar Kirtans and even during protest marches regarding just Sikh issues. Otherwise, Sikhs, the most visible ethnic community had been made legally invisible for too long.**

Gurmukh Singh OBE, Ret'd Principal Civil Servant (UK) sewauk2005@yahoo.co.uk

# ਬਹਾਦਰ ਸਿੱਖ ਨੌਜਵਾਨ ਅਮਨਦੀਪ ਸਿੰਘ ਬੋਲਾ ਨੇ ਸਿਡਨੀ ਵਿੱਚ ਹਮਲਾਵਰ ਨੂੰ ਕਾਬੂ ਕਰਕੇ ਲੋਕਾਂ ਨੂੰ ਬਚਾਇਆ

ਸਿਡਨੀ, ਆਸਟ੍ਰੇਲੀਆ-ਆਸਟ੍ਰੇਲੀਆ ਦੇ ਮਸ਼ਹੂਰ ਸ਼ਹਿਰ ਸਿਡਨੀ ਦੇ ਬੌਂਡੀ ਬੀਚ 'ਤੇ ਵਾਪਰੀ ਇੱਕ ਦਹਿਸ਼ਤ ਭਰੀ ਘਟਨਾ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਇੱਕ ਪਿਓ-ਪੁੱਤ ਦੀ ਜੋੜੀ ਨੇ ਅੱਤਵਾਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ। ਪਰ ਇਸ ਵਿਚਕਾਰ ਇੱਕ ਬਹਾਦਰ ਸਿੱਖ ਨੌਜਵਾਨ ਅਮਨਦੀਪ ਸਿੰਘ ਨੇ ਆਪਣੀ ਹਿੰਮਤ ਅਤੇ ਹੌਂਸਲੇ ਨਾਲ ਹਮਲਾਵਰ ਨੂੰ ਕਾਬੂ ਕਰ ਲਿਆ ਅਤੇ ਕਈ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਜਾਣ ਤੋਂ ਬਚਾ ਲਿਆ। ਅਮਨਦੀਪ ਸਿੰਘ ਨਿਊਜ਼ੀਲੈਂਡ ਦਾ ਵਾਸੀ ਹੈ ਅਤੇ ਪੰਜਾਬੀ ਮੂਲ ਦੇ ਸਿੱਖ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਅਮਨਦੀਪ ਦੀ ਇਸ ਬਹਾਦਰੀ ਨੇ ਨਾ ਸਿਰਫ਼ ਆਸਟ੍ਰੇਲੀਆ ਵਿੱਚ ਬਲਕਿ ਪੂਰੀ ਦੁਨੀਆ ਵਿੱਚ ਸਿੱਖ ਭਾਈਚਾਰੇ ਦਾ ਮਾਣ ਵਧਾਇਆ ਹੈ।

ਚਸ਼ਮਦੀਦਾਂ ਮੁਤਾਬਕ, ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਬੀਚ 'ਤੇ ਇੱਕ ਵੱਡਾ ਇਕੱਠ ਹੋ ਰਿਹਾ ਸੀ। ਲੋਕ ਆਰਾਮ ਕਰ ਰਹੇ ਸਨ, ਬੱਚੇ ਖੇਡ ਰਹੇ ਸਨ ਅਤੇ ਪਰਿਵਾਰ ਵਕਤ ਬਿਤਾ ਰਹੇ ਸਨ। ਅਚਾਨਕ ਇੱਕ ਪਿਓ-ਪੁੱਤ ਦੀ ਜੋੜੀ ਨੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਪਿਓ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪੁੱਤ ਨੇ ਚਾਕੂ ਨਾਲ ਲੋਕਾਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਨਾਲ ਬੀਚ 'ਤੇ ਹਫੜਾ-ਦਫੜੀ ਮੱਚ ਗਈ। ਲੋਕ




ਚੀਕਾਂ ਮਾਰ ਕੇ ਭੱਜਣ ਲੱਗੇ ਅਤੇ ਕਈ ਲੋਕ ਜ਼ਖਮੀ ਹੋ ਗਏ।

ਇਸ ਹਮਲੇ ਦੌਰਾਨ ਇੱਕ ਨੌਜਵਾਨ ਨੇ ਆਪਣੀ ਬਹਾਦਰੀ ਵਿਖਾਈ। ਅਮਨਦੀਪ ਸਿੰਘ ਬੋਲਾ ਉਸ ਵੇਲੇ ਬੀਚ 'ਤੇ ਮੌਜੂਦ ਸੀ। ਉਹ ਨਿਊਜ਼ੀਲੈਂਡ ਤੋਂ ਆਇਆ ਹੋਇਆ ਸੀ ਅਤੇ ਆਪਣੇ ਦੋਸਤਾਂ ਨਾਲ ਵਕਤ ਬਿਤਾ ਰਿਹਾ ਸੀ। ਅਮਨਦੀਪ ਇੱਕ ਜਿਮ ਟ੍ਰੇਨਰ ਹੈ ਅਤੇ ਉਸ ਕੋਲ ਚੰਗੀ ਸਰੀਰਕ ਤਾਕਤ ਹੈ। ਜਦੋਂ ਉਸ ਨੇ ਵੇਖਿਆ ਕਿ ਹਮਲਾਵਰ ਪੁੱਤ ਲੋਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਤਾਂ ਉਹ ਬਿਨਾਂ ਵਕਤ ਗਵਾਏ ਅੱਗੇ ਵਧਿਆ। ਉਸ ਨੇ ਆਪਣੀ ਸੂਝ-ਬੂਝ ਨਾਲ ਹਮਲਾਵਰ ਨੂੰ ਪਿੱਛੇ ਤੋਂ ਫੜ ਲਿਆ ਅਤੇ ਉਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਫਿਰ ਉਸ ਨੇ ਹਮਲਾਵਰ ਦੀ ਧੌਣ 'ਤੇ ਆਪਣਾ ਗੋਡਾ ਰੱਖ ਕੇ ਉਸ ਨੂੰ ਹਿਲਣ ਨਹੀਂ ਦਿੱਤਾ। ਅਮਨਦੀਪ ਨੇ ਉਸ ਨੂੰ ਉਸ ਵੇਲੇ ਤੱਕ ਕਾਬੂ ਵਿੱਚ ਰੱਖਿਆ ਜਦੋਂ ਤੱਕ ਪੁਲਿਸ ਮੌਕੇ 'ਤੇ ਨਹੀਂ ਪਹੁੰਚ ਗਈ। ਇਸ ਨਾਲ ਨਾ ਸਿਰਫ਼ ਹਮਲਾਵਰ ਨੂੰ ਰੋਕਿਆ ਗਿਆ ਬਲਕਿ ਕਈ ਲੋਕਾਂ ਦੀ ਜਾਨ ਬਚ ਗਈ।

ਅਮਨਦੀਪ ਸਿੰਘ ਬੋਲਾ ਦਾ ਜਨਮ ਨਿਊਜ਼ੀਲੈਂਡ ਵਿੱਚ ਹੋਇਆ ਹੈ ਅਤੇ ਉਹ ਤੀਜੀ ਪੀੜ੍ਹੀ ਦੇ ਸਿੱਖ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਸ ਦੇ ਪਿਤਾ ਮਨਜੀਤ ਸਿੰਘ ਬੋਲਾ ਵੀ ਨਿਊਜ਼ੀਲੈਂਡ ਵਿੱਚ ਰਹਿੰਦੇ ਹਨ ਅਤੇ ਪਰਿਵਾਰ ਪੰਜਾਬ ਦੇ ਜਿਲ੍ਹਾ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਨੋਰਾ ਨਾਲ ਸੰਬੰਧ ਰੱਖਦਾ ਹੈ। ਅਮਨਦੀਪ ਨੇ ਬਚਪਨ ਤੋਂ ਹੀ ਸਿੱਖ ਧਰਮ ਦੇ ਸਿਧਾਂਤਾਂ ਨੂੰ ਅਪਣਾਇਆ ਹੈ, ਜਿਨ੍ਹਾਂ ਵਿੱਚ ਬਹਾਦਰੀ ਅਤੇ ਮਨੁੱਖਤਾ ਦੀ ਸੇਵਾ ਸਭ ਤੋਂ ਉੱਤੇ ਹੈ। ਉਹ ਜਿਮ ਵਿੱਚ ਟ੍ਰੇਨਿੰਗ ਦਿੰਦਾ ਹੈ ਅਤੇ ਲੋਕਾਂ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰਦਾ ਹੈ। ਘਟਨਾ ਵੇਲੇ ਉਹ ਆਪਣੀ ਤਾਕਤ ਅਤੇ ਸਿਖਲਾਈ ਦਾ ਫਾਇਦਾ ਉਠਾਉਂਦਾ ਹੋਇਆ ਹਮਲਾਵਰ ਨੂੰ ਕਾਬੂ ਕਰਨ ਵਿੱਚ ਕਾਮਯਾਬ ਹੋਇਆ।

ਇੱਕ ਚਸ਼ਮਦੀਦ ਨੇ ਕਿਹਾ, "ਉਸ ਦੀ ਵਜ੍ਹਾ ਨਾਲ ਕਈ ਬੱਚੇ ਅਤੇ ਔਰਤਾਂ ਬਚ ਗਏ।" ਇੱਕ ਹੋਰ ਵਿਅਕਤੀ ਨੇ ਕਿਹਾ ਕਿ ਅਮਨਦੀਪ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਇਹ ਕੰਮ ਕੀਤਾ ਹੈ ਅਤੇ ਉਹ ਸੱਚਮੁੱਚ ਇੱਕ ਹੀਰੋ ਹੈ।

ਪੁਲਿਸ ਨੇ ਘਟਨਾ ਤੋਂ ਬਾਅਦ ਅਮਨਦੀਪ ਨੂੰ ਸਨਮਾਨਿਤ ਕੀਤਾ ਅਤੇ ਉਸ ਨੂੰ ਬਹਾਦਰੀ ਦਾ ਸਰਟੀਫਿਕੇਟ ਦਿੱਤਾ। ਨਿਊ ਸਾਊਥ ਵੇਲਜ਼ ਪੁਲਿਸ ਦੇ ਇੱਕ ਅਧਿਕਾਰੀ ਨੇ ਕਿਹਾ, "ਅਮਨਦੀਪ ਵਰਗੇ ਲੋਕਾਂ ਕਾਰਨ ਹੀ ਸਮਾਜ ਸੁਰੱਖਿਅਤ ਰਹਿੰਦਾ ਹੈ। ਉਸ ਨੇ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਹਮਲਾਵਰ ਨੂੰ ਰੋਕ ਲਿਆ ਜਿਸ ਨਾਲ ਵੱਡਾ ਨੁਕਸਾਨ ਹੋਣ ਤੋਂ ਬਚ ਗਿਆ।" ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਵੀ ਇਸ ਘਟਨਾ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅੱਤਵਾਦ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਵੇਗਾ ਅਤੇ ਅਜਿਹੇ ਬਹਾਦਰ ਨਾਗਰਿਕਾਂ ਨੂੰ ਸਨਮਾਨ ਦਿੱਤਾ ਜਾਵੇਗਾ। ਘਟਨਾ ਤੋਂ ਬਾਅਦ ਅਮਨਦੀਪ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, "ਮੈਂ ਆਪਣੇ ਧਰਮ ਤੋਂ ਸਿੱਖਿਆ ਹੈ ਕਿ ਮਨੁੱਖਤਾ ਦੀ ਰੱਖਿਆ ਕਰਨੀ ਚਾਹੀਦੀ ਹੈ।" ਉਸ ਨੇ ਇਹ ਵੀ ਕਿਹਾ ਕਿ ਉਹ ਨਿਊਜ਼ੀਲੈਂਡ ਵਾਪਸ ਜਾ ਕੇ ਆਪਣੀ ਜ਼ਿੰਦਗੀ ਨੂੰ ਨਾਰਮਲ ਬਣਾਉਣਾ ਚਾਹੁੰਦਾ ਹੈ ਪਰ ਇਸ ਘਟਨਾ ਨੇ ਉਸ ਨੂੰ ਹੋਰ ਮਜ਼ਬੂਤ ਬਣਾ ਦਿੱਤਾ ਹੈ।

### -ਮਾਮਲਾ ਨੈਸ਼ਨਲ ਹੇਰਾਲਡ ਮਾਮਲੇ ਦਾ-

# ਸੋਨੀਆ, ਰਾਹੁਲ ਅਤੇ ਹੋਰਨਾਂ ਨੂੰ ਮਿਲੀ ਵੱਡੀ ਰਾਹਤ

## ✪ ਅਦਾਲਤ ਈ.ਡੀ. ਦੇ ਦੋਸ਼ ਪੱਤਰ 'ਤੇ ਨੋਟਿਸ ਲੈਣ ਤੋਂ ਇਨਕਾਰੀ

ਨਵੀਂ ਦਿੱਲੀ-ਚਰਚਿਤ ਨੈਸ਼ਨਲ ਹੇਰਾਲਡ ਮਾਮਲੇ ਵਿਚ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ 5 ਹੋਰ ਮੁਲਜ਼ਮਾਂ ਨੂੰ ਵੱਡੀ ਰਾਹਤ ਮਿਲੀ ਹੈ। ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਵਿਚ ਜੱਜ ਵਿਸ਼ਾਲ ਗੋਗਨੇ ਦੀ ਬੈਂਚ ਨੇ ਇਸ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਵਲੋਂ ਦਾਖਲ ਦੋਸ਼ ਪੱਤਰ 'ਤੇ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਯਾਨੀ ਕੋਰਟ ਨੇ ਫ਼ਿਲਹਾਲ ਇਸ ਮਾਮਲੇ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਨਹੀਂ ਦਿੱਤੀ ਹੈ।



ਬੈਂਚ ਨੇ ਕਿਹਾ ਕਿ ਜਦ ਇਸ ਮਾਮਲੇ ਵਿਚ ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਪਹਿਲਾਂ ਤੋਂ ਹੀ ਜਾਂਚ ਕਰ ਰਹੀ ਹੈ। ਅਜਿਹੇ ਵਿਚ ਇਸ ਦੋਸ਼ ਪੱਤਰ ਦਾ ਨੋਟਿਸ ਲੈਣ ਦੀ ਕੋਈ ਤੁਕ ਨਹੀਂ ਬਣਦੀ। ਹਾਲਾਂਕਿ ਕੋਰਟ ਨੇ ਕਿਹਾ ਕਿ ਈ.ਡੀ. ਇਸ ਮਾਮਲੇ ਵਿਚ ਆਪਣੀ ਜਾਂਚ ਜਾਰੀ ਰੱਖ ਸਕਦੀ ਹੈ ਕੋਰਟ ਨੇ ਕਿਹਾ ਕਿ ਈ.ਡੀ. ਦੀ ਪੀ.ਐਮ.ਐੱਲ.ਏ. ਦੇ ਤਹਿਤ ਦਾਇਰ ਕੀਤੀ ਗਈ ਸ਼ਿਕਾਇਤ ਸੁਣਵਾਈ ਦੇ ਯੋਗ ਨਹੀਂ ਹੈ ਕਿਉਂਕਿ ਇਹ ਮਾਮਲਾ, ਐਫ.ਆਈ.ਆਰ. ਦੀ ਬਜਾਏ ਇਕ ਨਿੱਜੀ ਸ਼ਿਕਾਇਤ 'ਤੇ ਆਧਾਰਿਤ ਸੀ ਜੱਜ ਵਿਸ਼ਾਲ ਗੋਗਨੇ ਕਿਹਾ ਕਿ ਇਸ ਮਾਮਲੇ ਦੀ ਸ਼ਿਕਾਇਤ ਸੁਬਰਾਮਨੀਅਮ ਸਵਾਮੀ ਨੇ ਮਜਿਸਟਰੇਟ ਦੇ ਮੂਹਰੇ ਕੀਤੀ ਸੀ, ਇਸ ਵਿਚ ਕੋਈ ਐਫ਼. ਆਈ. ਆਰ. ਦਰਜ ਨਹੀਂ ਹੋਈ ਸੀ, ਅਜਿਹੀ ਸਥਿਤੀ ਵਿਚ ਇਹ ਮਾਮਲਾ ਹਵਾਲਾ ਰਾਸ਼ੀ ਐਕਟ ਦੇ ਤਹਿਤ ਨਹੀਂ ਆਉਂਦਾ ਹੈ ਤੇ ਈ.ਡੀ. ਇਸ ਨੂੰ ਆਪਣੇ ਹੱਥਾਂ ਵਿਚ ਨਹੀਂ ਲੈ ਸਕਦੀ। ਇਸ ਦੌਰਾਨ ਕੋਰਟ ਨੇ ਮੈਜਿਸਟ੍ਰੇਟ ਅਦਾਲਤ ਦੇ ਉਸ ਹੁਕਮ ਨੂੰ ਵੀ ਰੱਦ ਕਰ ਦਿੱਤਾ ਜਿਸ 'ਚ ਦਿੱਲੀ ਪੁਲਿਸ ਨੂੰ ਨੈਸ਼ਨਲ ਹੇਰਾਲਡ ਮਾਮਲੇ ਦੇ ਸੰਬੰਧ 'ਚ ਰਾਹੁਲ ਗਾਂਧੀ ਤੇ ਸੋਨੀਆ ਗਾਂਧੀ ਵਿਰੁੱਧ ਦਰਜ ਐਫ. ਆਈ. ਆਰ. ਦੀ ਕਾਪੀ ਮੁਹੱਈਆ ਕਰਵਾਉਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਕੋਰਟ ਦੇ ਉਪਰੋਕਤ ਫ਼ੈਸਲੇ ਨਾਲ ਗਾਂਧੀ ਪਰਿਵਾਰ ਨੂੰ ਕਾਫ਼ੀ ਵੱਡੀ ਰਾਹਤ ਮਿਲੀ ਹੈ, ਕਿਉਂਕਿ ਜੇਕਰ ਉਨ੍ਹਾਂ ਦੇ ਖ਼ਿਲਾਫ਼ ਕੇਸ ਚਲਦਾ ਤਾਂ ਫਿਰ ਗ੍ਰਿਫ਼ਤਾਰੀ ਦੀ ਤਲਵਾਰ ਵੀ ਲਟਕ ਸਕਦੀ ਸੀ।

# ਇਥੋਪੀਆ ਦੇ ਸਰਬਉੱਚ ਨਾਗਰਿਕ ਪੁਰਸਕਾਰ ਨਾਲ ਮੋਦੀ ਦਾ ਸਨਮਾਨ ਹੋਇਆ

## ✪ ਪੁਰਸਕਾਰ ਪ੍ਰਾਪਤ ਕਰਨ ਵਾਲੇ ਵਿਸ਼ਵ ਦੇ ਪਹਿਲੇ ਨੇਤਾ ਬਣੇ

ਅਦੀਸ ਅਬਾਬਾ-ਤਿੰਨ ਦੇਸ਼ਾਂ ਦੀ ਯਾਤਰਾ ਦੇ ਦੂਜੇ ਪੜਾਅ ਤਹਿਤ ਜਾਰਡਨ ਤੋਂ ਇਥੋਪੀਆ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਉਨ੍ਹਾਂ ਦੇ ਹਮਰੁਤਬਾ ਤੇ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਅਬੀ ਅਹਿਮਦ ਅਲੀ ਵਲੋਂ ਇਥੋਪੀਆ ਦੇ ਸਰਬਉੱਚ ਨਾਗਰਿਕ ਸਨਮਾਨ 'ਦ ਗ੍ਰੇਟ ਆਨਰ ਨਿਸ਼ਾਨ ਆਫ਼ ਇਥੋਪੀਆ' ਨਾਲ ਸਨਮਾਨਿਤ ਕੀਤਾ ਗਿਆ, ਜੋ ਪ੍ਰਧਾਨ ਮੰਤਰੀ ਮੋਦੀ ਦਾ 28ਵਾਂ ਵਿਦੇਸ਼ੀ ਰਾਜਕੀ ਸਨਮਾਨ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਭਾਰਤ-ਇਥੋਪੀਆ ਭਾਈਵਾਲੀ ਨੂੰ ਮਜ਼ਬੂਤ ਕਰਨ 'ਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਅਤੇ ਇਕ ਵਿਸ਼ਵਵਿਆਪੀ ਰਾਜਨੇਤਾ ਵਜੋਂ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਲਈ ਇਹ ਪੁਰਸਕਾਰ ਪ੍ਰਦਾਨ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲੇ ਪਹਿਲੇ ਵਿਸ਼ਵਵਿਆਪੀ ਰਾਜ ਮੁਖੀ/ਸਰਕਾਰ ਮੁਖੀ ਵੀ ਹਨ।ਪ੍ਰਧਾਨ ਮੰਤਰੀ ਮੋਦੀ ਦਾ ਇਸ ਅਫਰੀਕੀ ਦੇਸ਼ ਦਾ ਇਹ ਪਹਿਲਾ ਦੌਰਾ ਹੈ। ਇਥੋਂ ਦੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਉਨ੍ਹਾਂ ਦੇ ਇਥੋਪੀਆਈ ਹਮਰੁਤਬਾ ਅਬੀ ਅਹਿਮਦ ਅਲੀ ਵਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਪਣੇ ਇਥੋਪੀਅਨ ਹਮਰੁਤਬਾ ਅਬੀ ਅਹਿਮਦ ਅਲੀ



ਨਾਲ ਵਿਆਪਕ ਗੱਲਬਾਤ ਦੌਰਾਨ ਦੁਵੱਲੇ ਅਤੇ ਆਪਸੀ ਹਿੱਤਾਂ ਦੇ ਮੁੱਦਿਆਂ 'ਤੇ ਚਰਚਾ ਕਰਦਿਆਂ ਆਪਣੇ ਸੰਬੰਧਾਂ ਨੂੰ ਰਣਨੀਤਕ ਭਾਈਵਾਲੀ ਤੱਕ ਵਧਾਇਆ ਗਿਆ।ਪ੍ਰਧਾਨ ਮੰਤਰੀ ਮੋਦੀ ਨੇ ਵਫ਼ਦ ਪੱਧਰੀ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਭਾਰਤ ਅਤੇ ਇਥੋਪੀਆ ਸੰਬੰਧਾਂ ਨੂੰ ਇਕ ਰਣਨੀਤਕ ਭਾਈਵਾਲੀ ਤੱਕ ਵਧਾ ਰਹੇ ਹਾਂ। ਇਹ ਕਦਮ ਸਾਡੇ ਸੰਬੰਧਾਂ ਨੂੰ ਨਵੀਂ ਊਰਜਾ, ਨਵੀਂ ਗਤੀ ਅਤੇ ਨਵੀਂ ਡੂੰਘਾਈ ਪ੍ਰਦਾਨ ਕਰੇਗਾ। ਉਨ੍ਹਾਂ ਨੇ ਅੱਤਵਾਦ ਵਿਰੁੱਧ ਭਾਰਤ ਦੀ ਲੜਾਈ 'ਚ ਸਮਰਥਨ ਲਈ ਪ੍ਰਧਾਨ ਮੰਤਰੀ ਅਲੀ ਦਾ ਧੰਨਵਾਦ ਕੀਤਾ।

# ਗਿ: ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਦੁਆਰਾ ਲਿਖਤ "ਗੁਰੂ ਅੰਗਦ ਦਰਪਣ" ਪੁਸਤਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤ ਅਰਪਣ

ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਵੱਲੋਂ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੁਆਰਾ ਲਿਖਤ "ਗੁਰੂ ਅੰਗਦ ਦਰਪਣ" ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ ਪੁਸਤਕ ਸੰਗਤ ਦੇ ਅਰਪਣ ਕੀਤੀ ਗਈ। ਗਿਆਨੀ ਜੀ ਦੀਆਂ ਲਿਖਤਾਂ ਤੋਂ ਪਤਾ ਚੱਲਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੀ ਆਰੰਭੀ ਸਿੱਖ ਲਹਿਰ ਨੂੰ ਦੂਜੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ (1504–1552 ਈ.) ਨੇ ਅਗਾਂਹ ਤੋਰਿਆ ਤੇ ਉਨ੍ਹਾਂ ਵੱਲੋਂ ਆਰੰਭੇ ਕਾਰਜਾਂ ਨੂੰ ਪੱਕੇ ਪੈਰੀਂ ਕੀਤਾ। ਆਪ ਜੀ ਨੇ ਲੋੜ ਅਨੁਸਾਰ ਗੁਰਮੁਖੀ ਲਿਪੀ ਦੀਆਂ ਲਗ–ਮਾਤਰਾਂ ਦਾ ਰੂਪ ਹੋਰ ਸੰਵਾਰ ਕੇ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਪਾਸੋਂ ਪ੍ਰਾਪਤ ਸਾਰੀ ਬਾਣੀ ਨੂੰ ਇਸ ਵਿੱਚ ਲਿਖਿਆ, ਫਿਰ ਗੁਰੂ ਨਾਨਕ ਸਾਹਿਬ ਦਾ ਇਤਿਹਾਸ ਗੁਰਮੁਖੀ ਵਿੱਚ ਲਿਖਵਾਇਆ। ਹਜ਼ੂਰ ਨੇ ਜਿਥੇ ਗੁਰਬਾਣੀ ਅਤੇ ਇਤਿਹਾਸ ਗੁਰਮੁਖੀ ਵਿੱਚ ਲਿਖਿਆ ਲਿਖਾਇਆ, ਉਥੇ ਪਾਤਸ਼ਾਹ ਜੀ ਨੇ ਇਨ੍ਹਾਂ ਦਾ ਪਠਨ–ਪਾਠ ਕਰਨ ਵਾਲੇ ਵੀ ਪੈਦਾ ਕੀਤੇ ਅਤੇ ਕਾਇਦੇ, ਗੁਟਕੇ ਅਤੇ ਪੋਥੀਆਂ ਵੀ ਲਿਖਾਏ।

ਇਸ ਪੁਸਤਕ ਵਿੱਚ ਲੇਖਕ ਨੇ ਗੁਰੂ ਅੰਗਦ ਦੇਵ ਜੀ ਦੀ ਜੀਵਨ ਯਾਤਰਾ ਨੂੰ ਇਤਿਹਾਸਕ ਹਵਾਲਿਆਂ ਸਹਿਤ ਵਰਨਣ ਕਰਦੇ ਹੋਏ, ਗੁਰੂ–ਜੋਤਿ ਦੀ ਇਕਸਾਰਤਾ ਦੇ ਸਿਧਾਂਤ ਨੂੰ ਬਾਖ਼ੂਬੀ ਦਰਸਾਇਆ ਹੈ। ਸਾਰਥਕ ਸਾਖੀਆਂ ਨਾਲ ਸਰਲ ਭਾਸ਼ਾ–ਸ਼ੈਲੀ ਵਿੱਚ ਸਪੱਸ਼ਟ ਕੀਤਾ ਹੈ ਕਿ ਦੋ–ਗੁਰੂ ਇਕ ਸਮੇਂ ਕਦੇ ਨਹੀਂ ਹੋਏ ਕਿਉਂਕਿ ਗੁਰੂ–ਜੋਤਿ ਇਕ ਹੀ ਹੈ। ਗੁਰੂ ਅੰਗਦ ਦੇਵ ਜੀ ਨੇ ਸ਼ਬਦ, ਸੰਗਤ, ਸਾਹਿਤ ਤੇ ਸਿਹਤ ਦੀ ਸੰਭਾਲ ਲਈ ਜੋ ਧਾਰਮਿਕ, ਸਮਾਜਿਕ, ਇਤਿਹਾਸਕ ਕਾਰਜ ਕੀਤੇ, ਉਨ੍ਹਾਂ ਦਾ ਜ਼ਿਕਰ ਲੇਖਕ ਨੇ ਸੰਖੇਪ ਵਿੱਚ ਬਾਖ਼ੂਬੀ ਕੀਤਾ ਹੈ। ਗੁਰੂ ਨਾਨਕ ਦੇ ਘਰ ਦੀ ਸੱਚੀ–ਸਦੀਵੀ ਪਾਤਸ਼ਾਹੀ ਦੇ ਵਿਲੱਖਣ ਦੀਦਾਰ ਲਿਖਤ ਵਿੱਚੋਂ ਨਸੀਬ ਹੁੰਦੇ ਹਨ ਅਤੇ ਗੁਰੂ ਜੀ ਦੇ ਹਜ਼ੂਰੀ ਸਿੱਖ–ਸੇਵਕਾਂ ਸੰਬੰਧੀ ਸਾਰਥਕ ਜਾਣਕਾਰੀ ਪੜ੍ਹਨ ਨੂੰ ਮਿਲਦੀ ਹੈ। ਇਸ ਰਚਨਾ ਵਿੱਚ ਲੇਖਕ ਨੇ ਮੂਲ–ਸਰੋਤਾਂ ਦੇ ਆਧਾਰ 'ਤੇ ਇਤਿਹਾਸ ਦੀਆਂ ਗੁੰਝਲਾਂ ਨੂੰ ਵੀ ਖੋਲ੍ਹਣ ਦਾ ਬਿਖਮ ਕਾਰਜ ਕੀਤਾ ਹੈ। ਗੁਰ–ਇਤਿਹਾਸ ਸੰਬੰਧੀ ਖੋਜ–ਭਰਪੂਰ ਪੁਸਤਕਾਂ ਵਿੱਚ ਇਹ ਲਿਖਤ ਗੁਣਾਤਮਕ ਵਾਧਾ ਹੈ।

**ਕੁੱਝ ਸ਼ਬਦ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਬਾਰੇ:**

27 ਅਕਤੂਬਰ, 1951 ਨੂੰ ਫ਼ਿਰੋਜ਼ਪੁਰ ਵਿੱਚ ਜਨਮੇ ਗੁਰਬਖ਼ਸ਼ ਸਿੰਘ ਗੁਲਸ਼ਨ ਪਰਿਵਾਰਕ ਹਾਲਾਤ ਵੱਸ ਸਕੂਲ ਪੜ੍ਹਾਈ ਦੌਰਾਨ ਹੀ ਸਥਾਨਕ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਦੀ ਸੇਵਾ 'ਤੇ ਨਿਯੁਕਤ ਹੋ ਗਏ। ਦਸੰਬਰ, 1971 ਵਿੱਚ ਆਪ ਲੁਧਿਆਣਾ ਆ ਗਏ, ਜਿਥੋਂ 1981 ਵਿੱਚ ਆਪ ਨੂੰ ਸਿੰਘ ਸਾਹਿਬ



ਗਿਆਨੀ ਗੁਲਸ਼ਨ ਜੀ ਪੁਸਤਕ ਜਾਰੀ ਕਰਨ ਸਮੇਂ

ਗਿਆਨੀ ਗੁਰਦਿਆਲ ਸਿੰਘ ਅਨਜੋਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਰਮਤਿ ਪ੍ਰਚਾਰ ਹਿੱਤ ਯੂ.ਕੇ. ਭੇਜ ਦਿੱਤਾ, ਜਿਥੇ ਆਪ ਲਗਾਤਾਰ ਵਿਦੇਸ਼ਾਂ ਵਿੱਚ ਵਿਚਰ ਕੇ ਸੇਵਾ ਨਿਭਾਅ ਰਹੇ ਹਨ।

ਜਿਥੇ ਆਪ ਨੇ ਪੰਜਾਬੀ, ਅੰਗ੍ਰੇਜ਼ੀ ਤੇ ਫ਼ਾਰਸੀ ਭਾਸ਼ਾਵਾਂ ਅਤੇ ਗਾਇਨ ਵਿੱਚ ਯੂਨੀਵਰਸਿਟੀ ਪੱਧਰ ਤੱਕ ਵਿੱਦਿਆ ਪ੍ਰਾਪਤ ਕੀਤੀ ਹੈ, ਉਥੇ ਸਮੇਂ ਦੇ ਪ੍ਰਸਿੱਧ ਵਿਦਵਾਨਾਂ ਪਾਸੋਂ ਗੁਰਬਾਣੀ ਤੇ ਇਤਿਹਾਸ ਦੀ ਕਥਾ ਕਰਨ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ ਹੈ। 1980 ਵਿੱਚ ਮੇਰਠ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਬਹਾਲ ਕਰਨ ਲਈ ਸ੍ਰੀ ਅੰਮ੍ਰਿਤਸਰ ਤੋਂ ਲੱਗੇ ਪੰਥਕ ਮੋਰਚੇ ਦੌਰਾਨ ਗ੍ਰੰਥੀ ਸਿੰਘਾਂ ਦੇ ਜਥੇ ਸਹਿਤ ਤਿਹਾੜ ਜੇਲ੍ਹ ਵਿੱਚ ਕੈਦ ਕੱਟੀ।

ਗੁਰਮਤਿ ਗ੍ਰੰਥੀ ਸਭਾ ਲੁਧਿਆਣਾ ਅਤੇ ਇੰਟਰਨੈਸ਼ਨਲ ਸਿੱਖ ਪ੍ਰੀਚਰਜ਼ ਸੁਸਾਇਟੀ, ਯੂ.ਕੇ. ਦੇ ਜਿਥੇ ਆਪ ਮੁੱਖ ਸੇਵਾਦਾਰ ਰਹੇ ਹਨ, ਉਥੇ 1995 ਤੋਂ ਲਗਾਤਾਰ ਖ਼ਾਲਸਾ ਪ੍ਰਚਾਰਕ ਜਥਾ ਇੰਟਰਨੈਸ਼ਨਲ (ਯੂ.ਕੇ.) ਦੇ ਬਤੌਰ ਜਥੇਦਾਰ ਸੇਵਾ ਨਿਭਾਅ ਰਹੇ ਹਨ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੀ ਵਿਆਖਿਆ ਵਜੋਂ ਦਰਪਣ ਸਿੱਖ ਰਹਿਤ ਮਰਿਯਾਦਾ (ਪੰਜਾਬੀ), Understanding Sikh Rehat Maryada (English), ਬਾਦਸ਼ਾਹ ਦਰਵੇਸ਼ (ਭਾਈ ਨੰਦ ਲਾਲ ਦੀ ਦ੍ਰਿਸ਼ਟੀ ਵਿੱਚ ਗੁਰੂ ਗੋਬਿੰਦ ਸਿੰਘ) ਅਤੇ ਜ਼ਫ਼ਰਨਾਮਹ ਦਰਪਣ (ਅਰਥ ਅਤੇ ਵਿਆਖਿਆ) ਪੁਸਤਕਾਂ ਲਿਖ ਕੇ ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਨੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਗਿਆਨੀ ਜੀ ਨੇ ਆਪਣਾ ਲੇਖਣੀ ਕਾਰਜ ਜਾਰੀ ਰੱਖਦੇ ਹੋਏ ਇਹ ਨਵੀਂ ਪੁਸਤਕ ਲਿਖ ਕੇ ਸੰਗਤ ਅਰਪਣ ਕੀਤੀ ਹੈ। ਹੁਣ ਸ੍ਰੀ ਗੁਰੂ ਅਮਰ–ਦਾਸ ਜੀ ਦਾ ਜੀਵਨ ਦਰਪਣ ਲਿਖ ਰਹੇ ਹਨ। ਪੰਥਕ ਸੇਵਾ ਦੌਰਾਨ ਗੁਲਸ਼ਨ ਜੀ ਨੂੰ ਦੇਸ਼ ਦੁਨੀਆਂ ਦੀਆਂ ਪ੍ਰਤੀਨਿੱਧ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਯੂ.ਕੇ. ਅਤੇ ਯੂ.ਐਸ.ਏ. ਦੀਆਂ ਸੰਗਤਾਂ ਆਦਿ ਨੇ ਪ੍ਰਮਾਣ–ਪੱਤਰ, ਮੈਡਲਾਂ ਅਤੇ ਐਵਾਰਡਜ਼ ਨਾਲ ਸਨਮਾਨਿਤ ਕੀਤਾ ਗਿਆ ਹੈ।

# ਇੰਗਲੈਂਡ ਦੇ ਬਰੀ ਸ਼ਹਿਰ ਵਿੱਚ ਸਕੂਲ ਨੇੜੇ ਐਮਰਜੈਂਸੀ, ਪੁਲਿਸ ਦੀ ਭਾਰੀ ਮੌਜੂਦਗੀ

## *ਬੱਚਿਆਂ ਨੂੰ ਇਲਾਕੇ ਤੋਂ ਦੂਰ ਰਹਿਣ ਦੀ ਸਖ਼ਤ ਹਦਾਇਤ, ਮਾਪੇ ਚਿੰਤਿਤ



ਲੈਸਟਰ–(ਸੁਖਜਿੰਦਰ ਸਿੰਘ ਢੱਡੇ)–ਇੰਗਲੈਡ ਦੇ ਬਰੀ ਸ਼ਹਿਰ ਵਿੱਚ ਇੱਕ ਪ੍ਰਾਈਮਰੀ ਸਕੂਲ ਦੇ ਨੇੜੇ ਅਚਾਨਕ ਖਤਰਨਾਕ ਹਾਲਾਤ ਪੈਦਾ ਹੋ ਗਏ, ਜਦੋਂ ਸਵੇਰੇ ਪੁਲਿਸ ਵੱਡੀ ਗਿਣਤੀ ਵਿੱਚ ਮੌਕੇ 'ਤੇ ਪਹੁੰਚ ਗਈ ਅਤੇ ਸਕੂਲ ਦੇ ਬਾਹਰ ਵਾਲੀ ਸੜਕ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ। ਪੁਲਿਸ ਨੇ ਸਕੂਲ ਦੇ ਬੱਚਿਆਂ ਅਤੇ ਮਾਪਿਆਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਉਹ ਇਸ ਇਲਾਕੇ ਵਿੱਚ ਨਾ ਜਾਣ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਦਾ ਖ਼ਿਆਲ ਰੱਖਣ। ਮੌਕੇ 'ਤੇ ਪੁਲਿਸ ਦੀਆਂ ਗੱਡੀਆਂ ਅਤੇ ਜਾਂਚ ਟੀਮ ਦੀ ਭਾਰੀ ਮੌਜੂਦਗੀ ਦੇਖ ਕੇ ਲੋਕਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣ ਗਿਆ। ਸਕੂਲ ਦੇ ਮਾਪਿਆਂ ਨੇ ਦੱਸਿਆ ਕਿ ਇਹ ਸਥਿਤੀ ਬਿਨਾਂ ਕਿਸੇ ਪਹਿਲਾਂ ਸੂਚਨਾ ਦੇ ਬਣੀ, ਜਿਸ ਕਾਰਨ ਉਹ ਬਹੁਤ ਹੈਰਾਨ ਅਤੇ ਡਰੇ ਹੋਏ ਸਨ। ਕਈ ਮਾਪਿਆਂ ਨੇ ਇਸ ਹਾਲਾਤ ਨੂੰ ਬਹੁਤ ਹੀ ਡਰਾਉਣਾ ਦੱਸਿਆ ਅਤੇ ਬੱਚਿਆਂ ਨੂੰ ਸਕੂਲ ਛੱਡ ਕੇ ਵਾਪਸ ਘਰ ਲੈ ਜਾ ਰਹੇ ਸਨ ਤਾਂ ਪੁਲਿਸ ਨੇ ਉਨ੍ਹਾਂ ਨੂੰ ਤੁਰੰਤ ਇਲਾਕੇ ਤੋਂ ਦੂਰ ਹੋਣ ਲਈ ਕਿਹਾ।

ਪੁਲਿਸ ਨੇ ਮੌਕੇ 'ਤੇ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਹਰ ਪਾਸੇ ਤੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਹਾਲਾਂਕਿ ਅਜੇ ਤੱਕ ਅਸਲ ਕਾਰਨ ਬਾਰੇ ਕੋਈ ਅਧਿਕਾਰਿਕ ਜਾਣਕਾਰੀ ਨਹੀਂ ਮਿਲੀ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਸੁਰੱਖਿਆ ਨੂੰ ਪਹਿਲਾ ਮਹੱਤਵ ਦਿੱਤਾ ਜਾ ਰਿਹਾ ਹੈ।ਸਥਾਨਕ ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਧਿਆਨ ਨਾ ਦੇਣ, ਪੁਲਿਸ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਹਾਲਾਤ ਠੀਕ ਹੋਣ ਤੱਕ ਇਲਾਕੇ ਤੋਂ ਦੂਰ ਰਹਿਣ। ਜਿਵੇਂ ਹੀ ਜਾਂਚ ਵਿੱਚ ਕੋਈ ਨਵੀਂ ਜਾਣਕਾਰੀ ਮਿਲੇਗੀ, ਉਸ ਬਾਰੇ ਤੁਰੰਤ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਇਸ ਸਮੇਂ ਪੂਰਾ ਇਲਾਕਾ ਪੁਲਿਸ ਦੀ ਨਿਗਰਾਨੀ ਹੇਠ ਹੈ ਅਤੇ ਹਾਲਾਤ 'ਤੇ ਪੂਰੀ ਤਰ੍ਹਾਂ ਕਾਬੂ ਬਣਾਇਆ ਗਿਆ ਹੈ।

ਆਪਣੇ ਕਾਨੂੰਨੀ ਮਸਲਿਆਂ ਦੇ ਹੱਲ ਲਈ
ਇਮੀਗ੍ਰੇਸ਼ਨ ਵਕੀਲ ਅਟਵਾਲ ਨਾਲ ਸੰਪਰਕ ਕਰੋ:

ATWAL LAW
IMMIGRATION LAWYER
All Immigration Services




• Help for individuals and businesses
• Sponsorship license and all immigration applications

Tel: 07973 760075 Free first consultation

ਕਵੈਂਟਰੀ, ਬਰਮਿੰਘਮ ਅਤੇ ਸਾਊਥਾਲ ਵਿੱਚ ਆਪਣੇ ਹਰ ਤਰ੍ਹਾਂ ਦੇ ਕਾਨੂੰਨੀ ਮਸਲਿਆਂ ਦੇ ਹੱਲ ਵਾਸਤੇ ਸਲਾਹ ਲੈਣ ਲਈ ਅੱਜ ਹੀ ਹਰਨੇਕ ਸਿੰਘ ਅਟਵਾਲ ਨਾਲ ਸੰਪਰਕ ਕਰੋ ਜੀ।
ਪਹਿਲੀ ਗੱਲਬਾਤ ਦੌਰਾਨ ਸਲਾਹ ਬਿਲਕੁੱਲ ਮੁਫਤ
ਮੋਬਾਈਲ ਫੋਨ: 07973 760075

# ਵਿਨੇਸ਼ ਫੋਗਾਟ ਦੀ ਵਾਪਸੀ: ਕੁਸ਼ਤੀ ਮੈਟ 'ਤੇ ਮੁੜ ਆਉਣ ਦਾ ਲਿਆ ਫੈਸਲਾ

## ✪ 2028 ਲਾਸ ਏਂਜਲਸ ਓਲੰਪਿਕਸ ਵੱਲ ਨਜ਼ਰਾਂ ✪ ਪੈਰਿਸ ਦੀ ਨਿਰਾਸ਼ਾ ਤੋਂ ਜੁਲਾਨਾ ਦੀ ਰਾਜਨੀਤਕ ਜਿੱਤ ਤੱਕ, ਹੁਣ ਫਿਰ ਮੈਟ ਦੀ ਲੜਾਈ

**ਖਾਸ ਖ਼ਬਰ**

ਜੁਲਾਨਾ, ਹਰਿਆਣਾ : ਭਾਰਤੀ ਕੁਸ਼ਤੀ ਜਗਤ ਵਿੱਚ ਇੱਕ ਵੱਡੀ ਖੁਸ਼ਖਬਰੀ ਆਈ ਹੈ। ਓਲੰਪੀਅਨ ਅਤੇ ਕਾਂਗਰਸ ਵਿਧਾਇਕ ਵਿਨੇਸ਼ ਫੋਗਾਟ ਨੇ ਆਪਣੇ ਸੰਨਿਆਸ ਦੇ ਫੈਸਲੇ ਨੂੰ ਵਾਪਸ ਲੈ ਲਿਆ ਹੈ ਅਤੇ ਕੁਸ਼ਤੀ ਮੈਟ 'ਤੇ ਵਾਪਸ ਆਉਣ ਦੀ ਘੋਸ਼ਣਾ ਕੀਤੀ ਹੈ। ਉਹ 2028 ਵਿੱਚ ਹੋਣ ਵਾਲੇ ਲਾਸ ਏਂਜਲਸ ਓਲੰਪਿਕਸ ਵਿੱਚ ਹਿੱਸਾ ਲੈਣ ਲਈ ਤਿਆਰੀ ਕਰ ਰਹੀ ਹੈ। ਇਹ ਘੋਸ਼ਣਾ ਉਸ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਭਾਵਨਾਤਮਕ ਪੋਸਟ ਵਿੱਚ ਕੀਤੀ ਹੈ। ਵਿਨੇਸ਼ ਦੀ ਇਸ ਵਾਪਸੀ ਨੇ ਨਾ ਸਿਰਫ਼ ਖੇਡ ਜਗਤ ਨੂੰ ਉਤਸ਼ਾਹਿਤ ਕੀਤਾ ਹੈ ਬਲਕਿ ਔਰਤਾਂ ਲਈ ਇੱਕ ਨਵੀਂ ਪ੍ਰੇਰਨਾ ਵੀ ਬਣੀ ਹੈ, ਖਾਸ ਕਰਕੇ ਉਹਨਾਂ ਲਈ ਜੋ ਮਾਂ ਬਣਨ ਤੋਂ ਬਾਅਦ ਵੀ ਆਪਣੇ ਸੁਪਨੇ ਪੂਰੇ ਕਰਨਾ ਚਾਹੁੰਦੀਆਂ ਹਨ।

ਵਿਨੇਸ਼ ਫੋਗਾਟ, ਜੋ ਤਿੰਨ ਵਾਰ ਓਲੰਪਿਕ ਵਿੱਚ ਹਿੱਸਾ ਲੈ ਚੁੱਕੀ ਹੈ, ਨੇ ਪਿਛਲੇ ਸਾਲ ਪੈਰਿਸ ਓਲੰਪਿਕਸ ਤੋਂ ਬਾਅਦ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਸੀ। ਉਸ ਵੇਲੇ ਉਸ ਨੂੰ ਫਾਈਨਲ ਵਿੱਚ 100 ਗ੍ਰਾਮ ਵੱਧ ਭਾਰ ਕਾਰਨ ਅਯੋਗ ਕਰਾਰ ਦਿੱਤਾ ਗਿਆ ਸੀ, ਜਿਸ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪਰ ਹੁਣ, ਇੱਕ ਸਾਲ ਤੋਂ ਵੱਧ ਸਮੇਂ ਬਾਅਦ, ਉਸ ਨੇ ਖੇਡਣ ਦਾ ਫੈਸਲਾ ਲੈਂਦਿਆਂ ਕਿਹਾ ਹੈ ਕਿ ਉਹ ਅਜੇ ਵੀ ਮੈਟ 'ਤੇ ਆਪਣੀ ਹੋਂਦ ਮਹਿਸੂਸ ਕਰਦੀ ਹੈ। ਉਸਦਾ ਕਹਿਣਾ ਹੈ ਕਿ ਅਨੁਸ਼ਾਸਨ, ਰੁਟੀਨ, ਅਤੇ ਜਨੂੰਨ ਅਜੇ ਵੀ ਮੇਰੇ ਅੰਦਰ ਰਹਿੰਦੇ ਹਨ। ਭਾਵੇਂ ਮੈਂ ਕਿੰਨੀ ਵੀ ਦੂਰ ਯਾਤਰਾ ਕੀਤੀ ਹੋਵੇ, ਮੇਰਾ ਇੱਕ ਹਿੱਸਾ ਹਮੇਸ਼ਾ ਮੈਟ 'ਤੇ ਰਿਹਾ ਹੈ। ਫੋਗਾਟ ਦੇ ਇਹ ਸ਼ਬਦ ਨਾ ਸਿਰਫ਼ ਉਸ ਦੇ ਨਿੱਜੀ ਸੰਘਰਸ਼ ਨੂੰ ਦਰਸਾਉਂਦੇ ਹਨ ਬਲਕਿ ਉਹਨਾਂ ਸਾਰੇ ਖਿਡਾਰੀਆਂ ਲਈ ਪ੍ਰੇਰਨਾ ਹਨ ਜੋ ਹਾਰ ਤੋਂ ਬਾਅਦ ਵਾਪਸ ਉੱਠਣਾ ਚਾਹੁੰਦੇ ਹਨ।

ਉਸ ਨੇ ਇਹ ਵੀ ਕਿਹਾ ਕਿ ਸਾਲਾਂ ਤੱਕ ਉਸ ਨੇ ਉਮੀਦਾਂ, ਦਬਾਅ ਅਤੇ ਸੰਘਰਸ਼ਾਂ ਵਿੱਚ ਆਪਣੇ ਆਪ ਨੂੰ ਇੱਕ ਪਲ ਵੀ ਨਹੀਂ ਦਿੱਤਾ। ਪੈਰਿਸ ਤੋਂ ਬਾਅਦ ਦੇ ਅਰਾਮ ਨੇ ਉਸ ਨੂੰ ਆਪਣੀ ਯਾਤਰਾ 'ਤੇ ਵਿਚਾਰ ਕਰਨ ਦਾ ਮੌਕਾ ਦਿੱਤਾ। ਉਸ ਨੇ ਆਪਣੇ ਉਤਰਾਅ-ਚੜ੍ਹਾਅ, ਦੁੱਖ, ਕੁਰਬਾਨੀਆਂ ਅਤੇ ਅਣਗੌਲੇ ਸੰਘਰਸ਼ਾਂ ਬਾਰੇ ਸੋਚਿਆ ਅਤੇ ਅਹਿਸਾਸ ਕੀਤਾ ਕਿ ਉਸ ਅੰਦਰ ਵਾਲੀ ਅੱਗ ਅਜੇ ਵੀ ਜਲ ਰਹੀ ਹੈ। ਇਹ ਅਹਿਸਾਸ ਉਸ ਨੂੰ ਮੁੜ ਮੁਕਾਬਲੇ ਵਿੱਚ ਲਿਆਉਣ ਲਈ ਕਾਫ਼ੀ ਸੀ। ਵਿਨੇਸ਼ ਨੇ ਘੋਸ਼ਣਾ ਕੀਤੀ ਕਿ ਉਹ ਪੂਰੇ ਵਿਸ਼ਵਾਸ ਨਾਲ ਲਾਸ ਏਂਜਲਸ 2028 ਵੱਲ ਵਧ ਰਹੀ ਹੈ। ਇਸ ਵਾਰ ਉਸ ਨਾਲ ਉਸ ਦਾ ਛੋਟਾ ਪੁੱਤਰ ਵੀ ਹੋਵੇਗਾ, ਜਿਸ ਨੂੰ ਉਹ ਆਪਣੀ ਸਭ ਤੋਂ ਵੱਡੀ ਪ੍ਰੇਰਨਾ ਮੰਨਦੀ ਹੈ।

ਵਿਨੇਸ਼ ਦੀ ਵਾਪਸੀ ਵਿੱਚ ਉਸ ਦੀ ਰਾਜਨੀਤਕ ਜਿੱਤ ਵੀ ਇੱਕ ਕਾਰਨ ਹੈ। ਪੈਰਿਸ ਤੋਂ ਬਾਅਦ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਈ ਸੀ ਅਤੇ ਜੁਲਾਨਾ ਤੋਂ ਵਿਧਾਨ ਸਭਾ ਚੋਣ ਜਿੱਤੀ। ਉਸ ਨੂੰ 65,080 ਵੋਟਾਂ ਮਿਲੀਆਂ ਅਤੇ ਉਹ ਭਾਜਪਾ ਉਮੀਦਵਾਰ ਨੂੰ 6,015 ਵੋਟਾਂ ਨਾਲ ਹਰਾਇਆ। ਇਸ ਜਿੱਤ ਨੇ ਉਸ ਨੂੰ ਵਿਸ਼ਵਾਸ ਦਿੱਤਾ ਕਿ ਉਹ ਕਿਸੇ ਵੀ ਖੇਤਰ ਵਿੱਚ ਸਫਲ ਹੋ ਸਕਦੀ ਹੈ। ਪਰ ਰਾਜਨੀਤੀ ਨੇ ਉਸ ਅੰਦਰਲੀ ਪਹਿਲਵਾਨ ਨੂੰ ਨਹੀਂ ਰੋਕਿਆ ਬਲਕਿ ਹੋਰ ਮਜ਼ਬੂਤ ਕੀਤਾ ਹੈ। ਇਸ ਵਾਰ ਉਸ ਦਾ ਟੀਚਾ ਗੋਲਡ ਮੈਡਲ ਹੈ। ਪੈਰਿਸ ਵਿੱਚ ਉਸ ਨੇ ਫਾਈਨਲ ਤੱਕ ਪਹੁੰਚ ਕੇ ਇਤਿਹਾਸ ਰਚਿਆ ਸੀ ਪਰ ਅਯੋਗਤਾ ਨੇ ਉਸ ਨੂੰ ਰੋਕ ਦਿੱਤਾ। ਹੁਣ ਉਹ ਉਸ ਗਲਤੀ ਤੋਂ ਸਿੱਖ ਕੇ ਅੱਗੇ ਵਧੇਗੀ। ਉਸ ਨੇ ਪੈਰਿਸ ਵਿੱਚ ਜਾਪਾਨੀ ਖਿਡਾਰਨ ਯੂਈ ਸੁਜ਼ੁਕੀ ਨੂੰ ਹਰਾਇਆ ਸੀ, ਜੋ ਓਲੰਪਿਕ ਇਤਿਹਾਸ ਵਿੱਚ ਯਾਦਗਾਰ ਹੈ।




### ਕਦੋਂ ਵਾਪਸ ਆਵੇਗੀ ਮੈਟ 'ਤੇ ?

ਵਿਨੇਸ਼ ਨੇ ਆਪਣੀ ਵਾਪਸੀ ਦੀ ਘੋਸ਼ਣਾ ਤਾਂ ਕਰ ਦਿੱਤੀ ਹੈ ਪਰ ਅਜੇ ਤੱਕ ਉਸ ਨੇ ਕਿਸੇ ਖਾਸ ਮੁਕਾਬਲੇ ਜਾਂ ਤਾਰੀਖ ਦਾ ਜ਼ਿਕਰ ਨਹੀਂ ਕੀਤਾ। ਉਸ ਨੇ ਕਿਹਾ ਹੈ ਕਿ ਉਹ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ ਅਤੇ ਜਲਦੀ ਹੀ ਅਭਿਆਸ ਸ਼ੁਰੂ ਕਰੇਗੀ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਉਹ 2026 ਵਿੱਚ ਹੋਣ ਵਾਲੇ ਏਸ਼ੀਅਨ ਗੇਮਜ਼ ਜਾਂ ਵਰਲਡ ਚੈਂਪੀਅਨਸ਼ਿਪ ਵਿੱਚ ਵਾਪਸੀ ਕਰ ਸਕਦੀ ਹੈ ਤਾਂ ਜੋ 2028 ਓਲੰਪਿਕਸ ਲਈ ਤਿਆਰੀ ਕੀਤੀ ਜਾ ਸਕੇ।

ਵਿਨੇਸ਼ ਦੀ ਉਮਰ ਹੁਣ 31 ਸਾਲ ਹੈ ਅਤੇ ਉਹ ਜਾਣਦੀ ਹੈ ਕਿ ਸਮਾਂ ਘੱਟ ਹੈ ਪਰ ਉਸ ਦਾ ਜਨੂੰਨ ਵੱਡਾ ਹੈ। ਉਸ ਨੇ ਪਹਿਲਾਂ ਵੀ ਸੱਟਾਂ ਅਤੇ ਮੁਸੀਬਤਾਂ ਤੋਂ ਵਾਪਸ ਆ ਕੇ ਵਿਖਾਇਆ ਹੈ ਕਿ ਉਹ ਕਿਸੇ ਵੀ ਚੁਣੌਤੀ ਤੋਂ ਨਹੀਂ ਡਰਦੀ। ਓਲੰਪਿਕਸ ਲਈ ਕੁਆਲੀਫਾਈ ਕਰਨ ਲਈ ਉਸ ਨੂੰ ਨੈਸ਼ਨਲ ਅਤੇ ਅੰਤਰਰਾਸ਼ਟਰੀ ਮੁਕਾਬਲੇ ਜਿੱਤਣੇ ਪੈਣਗੇ। ਉਸ ਦੀ ਕੈਟੇਗਰੀ 50 ਕਿਲੋ ਫ੍ਰੀਸਟਾਈਲ ਵਿੱਚ ਰਹੇਗੀ ਜਾਂ ਬਦਲੇਗੀ, ਇਹ ਅਜੇ ਨਹੀਂ ਪਤਾ ਪਰ ਉਹ ਤਿਆਰ ਹੈ। ਭਾਰਤੀ ਖੇਡ ਜਗਤ ਵਿੱਚ ਵਿਨੇਸ਼ ਵਰਗੇ ਖਿਡਾਰੀ ਦੀ ਵਾਪਸੀ ਨਾਲ ਉਮੀਦ ਵਧੀ ਹੈ ਕਿ 2028 ਵਿੱਚ ਭਾਰਤ ਵੱਧ ਮੈਡਲ ਜਿੱਤ ਸਕੇਗਾ। ਉਹ ਉਹਨਾਂ ਚੰਦ ਭਾਰਤੀ ਖਿਡਾਰੀਆਂ ਵਿੱਚ ਸ਼ਾਮਲ ਹੋ ਗਈ ਹੈ ਜੋ ਬੱਚਾ ਪੈਦਾ ਕਰਨ ਤੋਂ ਬਾਅਦ ਵਾਪਸ ਆ ਕੇ ਸਫਲ ਹੋਏ ਹਨ, ਜਿਵੇਂ ਮੈਰੀ ਕੌਮ ਜਾਂ ਸਾਨੀਆ ਮਿਰਜ਼ਾ।

ਭਾਰਤੀ ਕੁਸ਼ਤੀ ਮਹਾਸੰਘ ਨੇ ਵੀ ਉਸ ਦੀ ਵਾਪਸੀ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਮਹਾਸੰਘ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਵਿਨੇਸ਼ ਵਰਗੇ ਖਿਡਾਰੀ ਦੀ ਵਾਪਸੀ ਨਾਲ ਭਾਰਤੀ ਕੁਸ਼ਤੀ ਨੂੰ ਨਵੀਂ ਊਰਜਾ ਮਿਲੇਗੀ। ਉਹਨਾਂ ਨੇ ਵਾਅਦਾ ਕੀਤਾ ਕਿ ਵਿਨੇਸ਼ ਨੂੰ ਸਾਰੀ ਸਹਾਇਤਾ ਦਿੱਤੀ ਜਾਵੇਗੀ, ਜਿਸ ਵਿੱਚ ਅਭਿਆਸ ਕੈਂਪ ਅਤੇ ਅੰਤਰਰਾਸ਼ਟਰੀ ਮੁਕਾਬਲੇ ਸ਼ਾਮਲ ਹਨ। ਪਰ ਵਿਨੇਸ਼ ਨੂੰ ਆਪਣੀ ਰਾਜਨੀਤਕ ਜ਼ਿੰਮੇਵਾਰੀਆਂ ਨਾਲ ਵੀ ਨਿਭਾਉਣਾ ਪਵੇਗਾ, ਕਿਉਂਕਿ ਉਹ ਜੁਲਾਨਾ ਵਿਧਾਨ ਸਭਾ ਤੋਂ ਵਿਧਾਇਕ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਉਹ ਕਿਵੇਂ ਇਹਨਾਂ ਦੋਹਾਂ ਨੂੰ ਸੰਤੁਲਿਤ ਕਰਦੀ ਹੈ।

### ਵਿਨੇਸ਼ ਦੀ ਪਿੱਠਭੂਮੀ ਅਤੇ ਸੰਘਰਸ਼

ਵਿਨੇਸ਼ ਫੋਗਾਟ ਦੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਹੋਈ ਹੈ। ਉਹ ਹਰਿਆਣਾ ਦੇ ਇੱਕ ਪਿੰਡ ਵਿੱਚ ਪੈਦਾ ਹੋਈ ਅਤੇ ਉਸ ਦੇ ਪਰਿਵਾਰ ਵਿੱਚ ਕੁਸ਼ਤੀ ਦੀ ਪਰੰਪਰਾ ਹੈ। ਉਸ ਦੀਆਂ ਭੈਣਾਂ ਗੀਤਾ ਅਤੇ ਬਬੀਤਾ ਵੀ ਨਾਮੀ ਪਹਿਲਵਾਨ ਹਨ। ਵਿਨੇਸ਼ ਨੇ 2014 ਅਤੇ 2018 ਕਾਮਨਵੈਲਥ ਗੇਮਜ਼ ਵਿੱਚ ਗੋਲਡ ਮੈਡਲ ਜਿੱਤੇ ਅਤੇ ਏਸ਼ੀਅਨ ਗੇਮਜ਼ ਵਿੱਚ ਵੀ ਸਫਲ ਰਹੀ। ਉਹ ਤਿੰਨ ਵਾਰ ਓਲੰਪਿਕ ਵਿੱਚ ਹਿੱਸਾ ਲੈ ਚੁੱਕੀ ਹੈ - 2016 ਰੀਓ, 2020 ਟੋਕੀਓ ਅਤੇ 2024 ਪੈਰਿਸ।

ਜਨਵਰੀ 2023 ਵਿੱਚ ਉਸ ਨੇ ਸਾਥੀ ਪਹਿਲਵਾਨਾਂ ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਨਾਲ ਮਿਲ ਕੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਪ੍ਰਦਰਸ਼ਨ ਕੀਤਾ ਸੀ। ਉਹਨਾਂ ਨੇ ਯੌਨ ਸ਼ੋਸ਼ਣ ਦੇ ਆਰੋਪ ਲਾਏ ਅਤੇ ਜੰਤਰ ਮੰਤਰ 'ਤੇ ਹਫ਼ਤਿਆਂ ਤੱਕ ਧਰਨਾ ਦਿੱਤਾ। ਉਹ ਖੁੱਲ੍ਹੇ ਅਸਮਾਨ ਹੇਠ ਸੌਂਦੇ, ਮੌਸਮ ਦੀ ਮਾਰ ਝੱਲਦੇ ਅਤੇ ਅਭਿਆਸ ਵੀ ਕਰਦੇ ਰਹੇ ਤੇ ਸੰਘਰਸ਼ ਵੀ। ਮਈ 2023 ਵਿੱਚ ਉਹਨਾਂ ਨੇ ਨਵੀਂ ਸੰਸਦ ਵੱਲ ਮਾਰਚ ਕੀਤਾ ਪਰ ਪੁਲਿਸ ਨੇ ਉਹਨਾਂ ਨੂੰ ਘਸੀਟ ਕੇ ਰੋਕਿਆ। ਉਹਨਾਂ ਨੇ ਆਪਣੇ ਮੈਡਲ ਗੰਗਾ ਵਿੱਚ ਸੁੱਟਣ ਦੀ ਧਮਕੀ ਵੀ ਦਿੱਤੀ। ਇਹ ਪ੍ਰਦਰਸ਼ਨ ਭਾਰਤੀ ਖੇਡ ਜਗਤ ਦੇ ਇਤਿਹਾਸ ਵਿੱਚ ਯਾਦਗਾਰ ਹੈ ਅਤੇ ਇਸ ਨੇ ਔਰਤ ਖਿਡਾਰੀਆਂ ਦੇ ਅਧਿਕਾਰਾਂ ਲਈ ਨਵਾਂ ਅਧਿਆਏ ਲਿਖਿਆ।

ਪੈਰਿਸ ਓਲੰਪਿਕਸ ਵਿੱਚ ਵਿਨੇਸ਼ ਨੇ ਇਤਿਹਾਸ ਰਚਿਆ ਜਦੋਂ ਉਹ ਫਾਈਨਲ ਵਿੱਚ ਪਹੁੰਚੀ। ਉਸ ਨੇ ਚਾਰ ਵਾਰ ਵਰਲਡ ਚੈਂਪੀਅਨ ਯੂਈ ਸੁਜ਼ੁਕੀ ਨੂੰ ਹਰਾਇਆ ਪਰ ਆਖਰੀ ਦਿਨ 100 ਗ੍ਰਾਮ ਵੱਧ ਭਾਰ ਕਾਰਨ ਅਯੋਗ ਹੋ ਗਈ। ਉਸ ਨੇ ਰਾਤ ਭਰ ਵਜਨ ਘਟਾਉਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਕਾਮਯਾਬ ਹੋਈ। ਯੂਨਾਈਟਿਡ ਵਰਲਡ ਰੈਸਲਿੰਗ ਦੇ ਨਿਯਮਾਂ ਮੁਤਾਬਕ ਉਸ ਦੇ ਸਾਰੇ ਮੈਚ ਰੱਦ ਕਰ ਦਿੱਤੇ ਗਏ। ਉਸ ਨੇ ਕੋਰਟ ਆਫ਼ ਆਰਬਿਟ੍ਰੇਸ਼ਨ ਫਾਰ ਸਪੋਰਟ ਵਿੱਚ ਅਪੀਲ ਕੀਤੀ ਪਰ ਨਿਰਾਸ਼ਾ ਹੱਥ ਲੱਗੀ। ਇਸ ਤੋਂ ਬਾਅਦ ਉਸ ਨੇ ਸੰਨਿਆਸ ਲੈ ਲਿਆ ਅਤੇ ਰਾਜਨੀਤੀ ਵਿੱਚ ਆ ਗਈ।

### ਰਾਜਨੀਤਕ ਸਫ਼ਰ ਅਤੇ ਜਿੱਤ

ਸੰਨਿਆਸ ਤੋਂ ਬਾਅਦ ਵਿਨੇਸ਼ ਨੇ ਕਾਂਗਰਸ ਪਾਰਟੀ ਜੌਇਨ ਕੀਤੀ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਜੁਲਾਨਾ ਤੋਂ ਖੜ੍ਹੀ ਹੋਈ। ਉਸ ਨੇ ਭਾਜਪਾ ਉਮੀਦਵਾਰ ਕੈਪਟਨ ਯੋਗੇਸ਼ ਬੈਰਾਗੀ ਨੂੰ ਹਰਾਇਆ ਅਤੇ ਵਿਧਾਇਕ ਬਣੀ। ਇਹ ਜਿੱਤ ਉਸ ਦੇ ਸੰਘਰਸ਼ ਦਾ ਨਤੀਜਾ ਸੀ ਅਤੇ ਇਸ ਨੇ ਵਿਖਾਇਆ ਕਿ ਉਹ ਰਾਜਨੀਤੀ ਵਿੱਚ ਵੀ ਸਫਲ ਹੋ ਸਕਦੀ ਹੈ। ਵਿਧਾਇਕ ਵਜੋਂ ਉਹ ਔਰਤਾਂ ਅਤੇ ਖਿਡਾਰੀਆਂ ਦੇ ਮੁੱਦੇ ਉਠਾਉਂਦੀ ਰਹਿੰਦੀ ਹੈ।

### ਮਾਂ ਬਣਨ ਅਤੇ ਨਵੀਂ ਪ੍ਰੇਰਨਾ

ਜੁਲਾਈ 2025 ਵਿੱਚ ਵਿਨੇਸ਼ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸ ਨੂੰ ਉਹਨਾਂ ਨੇ ਰ੍ਰਿਧਵ ਨਾਮ ਦਿੱਤਾ ਹੈ। ਇਹ ਖੁਸ਼ੀ ਉਸ ਦੀ ਜ਼ਿੰਦਗੀ ਵਿੱਚ ਨਵਾਂ ਅਧਿਆਏ ਲਿਆਈ ਹੈ। ਉਸ ਨੇ ਕਿਹਾ ਕਿ ਉਸ ਦਾ ਪੁੱਤਰ ਉਸ ਦਾ ਛੋਟਾ ਚੀਅਰਲੀਡਰ ਹੈ ਅਤੇ ਲਾਸ ਏਂਜਲਸ ਦੇ ਰਸਤੇ 'ਤੇ ਉਸ ਨਾਲ ਹੈ। ਮਾਂ ਬਣਨ ਤੋਂ ਬਾਅਦ ਵਾਪਸੀ ਕਰਨ ਵਾਲੀ ਵਿਨੇਸ਼ ਨੇ ਵਿਖਾਇਆ ਕਿ ਔਰਤਾਂ ਆਪਣੇ ਕਰੀਅਰ ਅਤੇ ਪਰਿਵਾਰ ਨੂੰ ਸੰਤੁਲਿਤ ਕਰ ਸਕਦੀਆਂ ਹਨ। ਇਹ ਭਾਰਤੀ ਔਰਤਾਂ ਲਈ ਇੱਕ ਵੱਡੀ ਪ੍ਰੇਰਨਾ ਹੈ ਜੋ ਅਕਸਰ ਮਾਂ ਬਣਨ ਤੋਂ ਬਾਅਦ ਆਪਣੇ ਸੁਪਨੇ ਛੱਡ ਦਿੰਦੀਆਂ ਹਨ।

### ਭਾਰਤੀ ਕੁਸ਼ਤੀ 'ਤੇ ਪ੍ਰਭਾਵ ਅਤੇ ਭਵਿੱਖ

ਵਿਨੇਸ਼ ਦੀ ਵਾਪਸੀ ਨਾਲ ਭਾਰਤੀ ਕੁਸ਼ਤੀ ਨੂੰ ਨਵੀਂ ਊਰਜਾ ਮਿਲੇਗੀ। ਭਾਰਤ ਵਿੱਚ ਕੁਸ਼ਤੀ ਇੱਕ ਪ੍ਰਸਿੱਧ ਖੇਡ ਹੈ ਅਤੇ ਫੋਗਾਟ ਪਰਿਵਾਰ ਨੇ ਇਸ ਨੂੰ ਨਵੀਂ ਉਚਾਈ ਦਿੱਤੀ ਹੈ। ਵਿਨੇਸ਼ ਦੀ ਵਾਪਸੀ ਨਾਲ ਨੌਜਵਾਨ ਪਹਿਲਵਾਨਾਂ ਨੂੰ ਪ੍ਰੇਰਨਾ ਮਿਲੇਗੀ ਅਤੇ ਔਰਤਾਂ ਦੀ ਭਾਗੀਦਾਰੀ ਵਧੇਗੀ। ਖੇਡ ਮੰਤਰਾਲੇ ਨੇ ਵੀ ਉਸ ਨੂੰ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ।

# ਸਿੱਖ ਸੇਵਕ ਸੁਸਾਇਟੀ ਕਾਰਨ ਗਰੀਬ ਸਿੱਖ ਬੱਚੀ ਹਰਪ੍ਰੀਤ ਕੌਰ ਨੂੰ ਮਿਲੀ ਅੱਖਾਂ ਦੀ ਨਵੀਂ ਜ਼ਿੰਦਗੀ

## ✪ ਡਾ. ਐਮ.ਪੀ.ਐਸ. ਭਾਟੀਆ ਨੇ ਕੀਤਾ ਇਲਾਜ, ਸਿਖ ਸੇਵਕ ਸੁਸਾਇਟੀ ਨੇ ਇਲਾਜ ਦਾ ਖਰਚਾ ਚੁਕਿਆ

ਜਲੰਧਰ/ਸ਼ਾਹਕੋਟ-ਪੰਜਾਬ ਦੇ ਨਿੱਕੇ ਜਿਹੇ ਪਿੰਡ ਮੰਡਾਲਾ ਛੰਨਾ ਵਿੱਚ, ਜਿੱਥੇ ਹੜ੍ਹਾਂ ਨੇ ਬਾਰ-ਬਾਰ ਤਬਾਹੀ ਮਚਾਈ ਸੀ, ਉੱਥੇ ਬੀਤੇ ਦਿਨੀਂ ਇੱਕ ਮਾਸੂਮ ਗਰੀਬ ਬੱਚੀ ਨੂੰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਕਾਰਣ ਰੌਸ਼ਨੀ ਮਿਲੀ ਹੈ। 11 ਸਾਲਾਂ ਦੀ ਹਰਪ੍ਰੀਤ ਕੌਰ, ਜਿਸ ਨੂੰ ਜਨਮ ਤੋਂ ਹੀ ਅੱਖਾਂ ਦੀ ਅਧੂਰੀ ਰੌਸ਼ਨੀ ਨੇ ਇਸ ਸੋਹਣੀ ਦੁਨੀਆਂ ਨੂੰ ਵੇਖਣ ਤੋਂ ਵਾਂਝਾ ਰੱਖਿਆ ਸੀ, ਨੂੰ ਆਪ੍ਰੇਸ਼ਨ ਰਾਹੀਂ ਨਵੀਂ ਜ਼ਿੰਦਗੀ ਮਿਲ ਗਈ ਹੈ। ਇਹ ਸਫਲ ਆਪ੍ਰੇਸ਼ਨ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਮੁੱਖ ਜਥੇਦਾਰ ਸ. ਪਰਮਿੰਦਰ ਪਾਲ ਸਿੰਘ ਖਾਲਸਾ ਦੀ ਹਦਾਇਤ ਉਪਰ ਪੰਜਾਬ ਦੇ ਨਾਮਵਰ ਅੱਖਾਂ ਦੇ ਸਪੈਸ਼ਲਿਸਟ ਡਾ. ਐਮ.ਪੀ.ਐਸ. ਭਾਟੀਆ ਕੋਲੋਂ ਕਰਵਾਇਆ ਗਿਆ ਸੀ। ਡਾ. ਭਾਟੀਆ, ਜੋ ਭਾਟੀਆ ਆਈ ਹਸਪਤਾਲ ਅਤੇ ਲੈਸਿਕ ਲੇਜ਼ਰ ਸੈਂਟਰ ਦੇ ਲੀਡਿੰਗ ਸਰਜਨ ਹਨ, ਨੇ ਨਾ ਸਿਰਫ ਬੱਚੀ ਹਰਪ੍ਰੀਤ ਕੌਰ, ਪੁੱਤਰੀ ਸ. ਚੰਨਾ ਸਿੰਘ ਨੂੰ ਨਵੀਂ ਰੌਸ਼ਨੀ ਦਿੱਤੀ, ਸਗੋਂ ਆਪਣੇ 24 ਸਾਲਾਂ ਦੇ ਤਜਰਬੇ ਨਾਲ ਹਜ਼ਾਰਾਂ ਲੋਕਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੋਂ ਰਾਹਤ ਪਹੁੰਚਾਈ ਹੈ।

ਇਥੇ ਜ਼ਿਕਰਯੋਗ ਹੈ ਕਿ ਪਿੰਡ ਮੰਡਾਲਾ ਛੰਨਾ, ਤਹਿਸੀਲ ਸ਼ਾਹਕੋਟ ਅਧੀਨ ਆਉਣ ਵਾਲਾ ਇਹ ਪਿੰਡ, ਪੰਜਾਬ ਦੇ ਉਨ੍ਹਾਂ ਖੇਤਰਾਂ ਵਿੱਚੋਂ ਇੱਕ ਹੈ ਜਿੱਥੇ ਕੁਦਰਤੀ ਆਫ਼ਤਾਂ ਨੇ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪਿਛਲੇ ਛੇ ਸਾਲਾਂ ਵਿੱਚ ਹੜ੍ਹਾਂ ਨੇ ਇੱਥੇ ਨਾ ਸਿਰਫ ਫਸਲਾਂ ਤਬਾਹ ਕੀਤੀਆਂ ਹਨ, ਸਗੋਂ ਗਰੀਬ ਪਰਿਵਾਰਾਂ ਨੂੰ ਭੁੱਖਮਰੀ ਅਤੇ ਬਿਮਾਰੀਆਂ ਦੇ ਮੂੰਹ ਵਿੱਚ ਧੱਕ ਦਿੱਤਾ ਸੀ।



ਅਜਿਹੇ ਮੁਸ਼ਕਲ ਵੇਲੇ ਵਿੱਚ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਨੇ ਇੱਥੇ ਆਪਣਾ ਡੇਰਾ ਜਮਾਇਆ ਹੈ ਤੇ ਗੁਰਦੁਆਰੇ ਨੂੰ ਨਵੀਨ ਬਣਾਕੇ ਸਿਖੀ ਪ੍ਰਚਾਰ ਤੇ ਸੇਵਾ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਸੋਸਾਇਟੀ ਨੇ ਹੜ੍ਹ ਪੀੜਤਾਂ ਦੀ ਬਿਹ ਫੜੀ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਜਨਮ ਤੋਂ ਹੀ ਉਸ ਨੂੰ ਅੱਖਾਂ ਦੀ ਬਿਮਾਰੀ ਨੇ ਘੇਰ ਲਿਆ ਸੀ। ਉਸ ਦੀ ਖੱਬੀ ਅੱਖ ਵਿੱਚ ਕੋਈ ਵਿਕਾਸ ਨਹੀਂ ਹੋਇਆ ਸੀ, ਜਿਸ ਕਾਰਨ ਉੱਥੇ ਰੌਸ਼ਨੀ ਦੀ ਕੋਈ ਕਿਰਨ ਵੀ ਨਹੀਂ ਪਹੁੰਚ ਸਕਦੀ ਸੀ। ਜਦਕਿ ਸੱਜੀ ਅੱਖ ਵਿਚ ਚਿੱਟਾ ਮੋਤੀਆ ਸੀ ਜਿਸ ਕਾਰਣ ਉਸਨੂੰ ਧੁੰਦਲਾ ਦਿਖਦਾ ਸੀ। ਪਰਿਵਾਰ ਦੀ ਆਰਥਿਕ ਹਾਲਤ ਇੰਨੀ ਕਮਜ਼ੋਰ ਸੀ ਕਿ ਚੰਨਾ ਸਿੰਘ, ਜੋ ਖੇਤੀਬਾੜੀ ਨਾਲ ਗੁਜ਼ਾਰਾ ਕਰਦੇ ਹਨ, ਇਲਾਜ ਦਾ ਸੁਪਨਾ ਵੀ ਨਹੀਂ ਵੇਖ ਸਕਦੇ ਸਨ।

ਉਨ੍ਹਾਂ ਦਸਿਆ ਕਿ ਇੱਥੇ ਹੀ ਸਿੱਖ ਸੇਵਕ ਸੋਸਾਇਟੀ ਨੇ ਤੁਰੰਤ ਫੈਸਲਾ ਲਿਆ ਕਿ ਬੱਚੀ ਨੂੰ ਭਾਟੀਆ ਆਈ ਹਸਪਤਾਲ ਜਲੰਧਰ ਵਿਖੇ ਲਿਜਾ ਕੇ ਜਾਂਚ ਕਰਵਾਈ, ਜਿੱਥੇ ਡਾ. ਐਮ.ਪੀ.ਐਸ. ਭਾਟੀਆ ਨੇ ਬੱਚੀ ਦੀ ਪੂਰੀ ਜਾਂਚ ਕੀਤੀ ਅਤੇ ਇੱਕ ਅੱਖ ਦੇ ਮਾਡਲ ਨਾਲ ਪਰਿਵਾਰ ਨੂੰ ਸਮਝਾਇਆ ਕਿ ਖੱਬੀ ਅੱਖ ਵਿੱਚ ਵਿਕਾਸ ਨਾ ਹੋਣ ਕਾਰਨ ਇਹ ਅੰਨ੍ਹੀ ਹੀ ਰਹੇਗੀ, ਪਰ ਸੱਜੀ ਅੱਖ ਵਿੱਚ ਚਿੱਟਾ ਮੋਤੀਆ ਅਤੇ ਲੈਂਸ ਦੀ ਸਮੱਸਿਆ ਨੂੰ ਤੁਰੰਤ ਹੱਲ ਕਰਨਾ ਜ਼ਰੂਰੀ ਹੈ। ਨਹੀਂ ਤਾਂ ਇਹ ਬਿਮਾਰੀ ਦੂਜੀ ਅੱਖ ਵਿੱਚ ਵੀ ਫੈਲ ਸਕਦੀ ਹੈ ਅਤੇ ਬੱਚੀ ਸਦਾ ਲਈ ਅੰਨ੍ਹੀ ਹੋ ਜਾਵੇਗੀ। ਆਪ੍ਰੇਸ਼ਨ ਦਾ ਖਰਚਾ ਸਿੱਖ ਸੇਵਕ ਸੁਸਾਇਟੀ ਨੇ ਕੀਤਾ। ਡਾਕਟਰ ਜੀ ਨੇ ਸਸਤਾ ਇਲਾਜ ਕਰਕੇ ਇਸ ਸੇਵਾ ਵਿਚ ਯੋਗਦਾਨ ਪਾਇਆ।

ਪੰਜਾਬ ਦੇ 'ਬੈਸਟ ਆਈ ਸਰਜਨ' ਡਾ. ਐਮ. ਪੀ. ਐਸ. ਭਾਟੀਆ, ਐਮ.ਐੱਸ. (ਓਫਥੈਲਮੋਲੌਜੀ) ਕੀਤੀ ਹੈ। ਉਹ ਗਰੀਬਾਂ ਨੂੰ ਵੀ ਮੁਫ਼ਤ ਜਾਂ ਘੱਟ ਖਰਚੇ ਵਿੱਚ ਇਲਾਜ ਕਰਵਾਉਂਦੇ ਹਨ। ਹਰਪ੍ਰੀਤ ਦੇ ਕੇਸ ਵਿੱਚ ਵੀ ਉਨ੍ਹਾਂ ਨੇ ਵਿਸ਼ੇਸ਼ ਧਿਆਨ ਦਿੱਤਾ ਅਤੇ ਸੋਸਾਇਟੀ ਨਾਲ ਮਿਲ ਕੇ ਇਹ ਆਪ੍ਰੇਸ਼ਨ ਸੰਭਵ ਬਣਾਇਆ। ਇਸ ਹਸਪਤਾਲ ਵਿਚ ਅਤਿ-ਆਧੁਨਿਕ ਜਪਾਨੀ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ, ਜਿਵੇਂ ਨਾਈਡੈਕ ਛਣੀਂ ਲੈਸਿਕ ਲੇਜ਼ਰ ਮਸ਼ੀਨ ਅਤੇ ਪੈਂਟਾਕੈਮ ਸਿਸਟਮ, ਜੋ ਆਪ੍ਰੇਸ਼ਨਾਂ ਨੂੰ ਸੁਰੱਖਿਅਤ ਅਤੇ ਸਟੀਕ ਬਣਾਉਂਦੀਆਂ ਹਨ। ਡਾਕਟਰ ਭਾਟੀਆ ਦਾ ਕਹਿਣਾ ਹੈ ਕਿ ਬਚੀ ਦੀ ਫੈਕੋ ਕੈਟਾਰੈਕਟ ਸਰਜਰੀ ਕੀਤੀ ਗਈ ਹੈ, ਜੋ ਬਿਨਾਂ ਇੰਜੈਕਸ਼ਨ ਅਤੇ ਸਟਿੱਚਾਂ ਤੋਂ ਹੁੰਦੀ ਹੈ। ਇਹ ਸਰਜਰੀ ਬਹੁਤ ਸੁਰੱਖਿਅਤ ਹੈ ਅਤੇ ਮਰੀਜ਼ ਤੁਰੰਤ ਰਿਕਵਰੀ ਕਰ ਲੈਂਦੇ ਹਨ। ਡਾਕਟਰ ਭਾਟੀਆ ਦਾ ਸੰਪਰਕ ਨੰਬਰ 62844-54521 ਹੈ। ਮਰੀਜ ਫੋਨ ਉਪਰ ਅਪਵਾਇੰਟਮੈਂਟ ਲੈ ਸਕਦੇ ਹਨ।

ਇਸ ਮੌਕੇ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਡਾ. ਭਾਟੀਆ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ, "ਡਾ. ਭਾਟੀਆ ਨੇ ਨਾ ਸਿਰਫ ਸਸਤਾ ਇਲਾਜ ਕੀਤਾ, ਸਗੋਂ ਗਰੀਬ ਪਰਿਵਾਰ ਨੂੰ ਨਵੀਂ ਉਮੀਦ ਦਿੱਤੀ।" ਇਸ ਮੌਕੇ ਬਚੀ ਦੇ ਪਰਿਵਾਰ ਦੀ ਆਰਥਿਕ ਸਹਾਇਤਾ ਵੀ ਕੀਤੀ ਗਈ। ਇਸ ਕਾਰਜ ਵਿੱਚ ਪ੍ਰੋਫੈਸਰ ਸ. ਬਲਵਿੰਦਰ ਪਾਲ ਸਿੰਘ, ਆਰਟਿਸਟ ਸਾਹਿਬ ਸਿੰਘ ਅਤੇ ਸੋਸਾਇਟੀ ਦੇ ਹੋਰ ਵਰਕਰ ਵੀ ਮੌਜੂਦ ਰਹੇ।

# ਈਡੀ ਨੇ ਧਰਤੀ ਹੇਠਲਾ ਪਾਣੀ ਗੰਦਲਾ ਕਰਨ ਦੇ ਮਾਮਲੇ ਵਿਚ ਮਾਲਬਰੋਸ ਇੰਟਰਨੈਸ਼ਨਲ 'ਤੇ ਕੀਤੀ ਕਾਰਵਾਈ

ਜਲੰਧਰ-ਪੰਜਾਬ 'ਚ ਜ਼ਮੀਨ ਹੇਠਲੇ ਪਾਣੀ ਨੂੰ ਦੂਸ਼ਿਤ ਕਰਨ ਦੇ ਇਕ ਗੰਭੀਰ ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਖ਼ਤ ਰੁਖ ਅਪਨਾਉਂਦਿਆਂ ਮਾਲਬਰੋਸ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਅਤੇ ਹੋਰਨਾਂ ਖਿਲਾਫ਼ ਕਾਰਵਾਈ ਕੀਤੀ ਹੈ। ਇਹ ਜਾਂਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਦਰਜ ਕਰਾਈ ਗਈ ਅਪਰਾਧਿਕ ਸ਼ਿਕਾਇਤ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ, ਜਿਸ ਵਿਚ ਕੰਪਨੀ 'ਤੇ ਜਲ (ਪ੍ਰਦੂਸ਼ਣ ਨਿਵਾਰਨ ਅਤੇ ਨਿਯੰਤਰਣ) ਐਕਟ, 1974 ਦੀ ਉਲੰਘਣਾ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਹੁਣ ਇਸ ਮਾਮਲੇ ਵਿਚ ਇਕ ਅਪਰਾਧਿਕ ਸ਼ਿਕਾਇਤ ਦਰਜ ਕਰਵਾਈ ਗਈ ਹੈ।ਸ਼ਿਕਾਇਤ ਅਨੁਸਾਰ ਕੰਪਨੀ ਨੇ ਰਿਵਰਸ ਬੋਰਿੰਗ ਤਕਨੀਕ ਦੀ ਵਰਤੋਂ ਕਰਕੇ ਬਿਨਾਂ ਟਰੀਟਮੈਂਟ ਕੀਤੇ ਉਦਯੋਗਿਕ ਅਪਸ਼ਿਸ਼ਟ ਜਲ ਨੂੰ ਡੂੰਘੇ ਭੂ-ਜਲ ਸਰੋਤਾਂ ਵਿਚ ਇੰਜੈਕਟ ਕੀਤਾ। ਇਸ ਨਾਲ ਇਲਾਕੇ ਦੇ ਭੂ-ਜਲ ਨੂੰ ਭਾਰੀ ਨੁਕਸਾਨ ਪਹੁੰਚਿਆ ਅਤੇ ਨੇੜਲੇ ਜਲ ਸੋਮੇ ਵੀ ਪ੍ਰਦੂਸ਼ਿਤ ਹੋਏ।



### ਰੋਜ਼ਾਨਾ ਦੀਆਂ ਸਰਗਰਮੀਆਂ 'ਚ ਲੁਕਿਆ ਸੀ ਅਪਰਾਧ

ਈ. ਡੀ. ਦੀ ਜਾਂਚ 'ਚ ਸਾਹਮਣੇ ਆਇਆ ਕਿ ਫਿਰੋਜ਼ਪੁਰ ਜ਼ਿਲੇ ਦੀ ਜ਼ੀਰਾ ਤਹਿਸੀਲ ਦੇ ਮਨਸੂਰਵਾਲਾ ਪਿੰਡ ਵਿਚ ਸਥਿਤ ਮਾਲਬਰੋਸ ਇੰਟਰਨੈਸ਼ਨਲ ਦਾ ਉਦਯੋਗਿਕ ਯੂਨਿਟ ਜਾਣ-ਬੁੱਝ ਕੇ ਅਤੇ ਯੋਜਨਾਬੱਧ ਤਰੀਕੇ ਨਾਲ ਭੂ-ਜਲ ਪ੍ਰਦੂਸ਼ਣ ਵਿਚ ਸ਼ਾਮਲ ਸੀ। ਜਾਂਚ ਏਜੰਸੀ ਮੁਤਾਬਕ ਫੈਕਟਰੀ ਦੇ ਰੋਜ਼ਾਨਾ ਸੰਚਾਲਨ ਦੌਰਾਨ ਲਗਾਤਾਰ ਅਤੇ ਗੁਪਤ ਤੌਰ 'ਤੇ ਬਿਨਾਂ ਟਰੀਟਮੈਂਟ ਕੀਤੇ ਰਸਾਇਣਕ ਅਪਸ਼ਿਸ਼ਟ ਨੂੰ ਰਿਵਰਸ ਬੋਰਿੰਗ ਰਾਹੀਂ ਜ਼ਮੀਨ ਅੰਦਰ ਡੂੰਘੇ ਜਲ ਸੋਮੇ ਵਿਚ ਛੱਡਿਆ ਜਾਂਦਾ ਰਿਹਾ। ਇਸ ਤੋਂ ਇਲਾਵਾ ਗੰਦਾ ਪਾਣੀ ਨੇੜਲੀ ਜ਼ਮੀਨ, ਨਾਲਿਆਂ ਅਤੇ ਇਕ ਖੰਡ ਮਿੱਲ ਦੇ ਖੇਤਰ ਵਿਚ ਵੀ ਵਹਾਇਆ ਗਿਆ।

### ਪ੍ਰਦੂਸ਼ਣ ਤੋਂ ਪੈਦਾ ਹੋਈ 'ਅਪਰਾਧ ਦੀ ਕਮਾਈ'

ਈ. ਡੀ. ਦਾ ਕਹਿਣਾ ਹੈ ਕਿ ਕੰਪਨੀ ਨੇ ਵਾਤਾਵਰਣ ਨੂੰ ਲਗਾਤਾਰ ਨੁਕਸਾਨ ਪਹੁੰਚਾ ਕੇ ਆਪਣੇ ਕਾਰਖਾਨੇ ਦਾ ਸੰਚਾਲਨ ਕੀਤਾ ਅਤੇ ਇਸੇ ਅਪਰਾਧਿਕ ਸਰਗਰਮੀ ਰਾਹੀਂ ਕਰੀਬ 80 ਕਰੋੜ ਰੁਪਏ ਦੀ ਨਾਜਾਇਜ਼ ਕਮਾਈ ਕੀਤੀ। ਇਸ ਪ੍ਰਦੂਸ਼ਣ ਦਾ ਅਸਰ ਨਾ ਕੇਵਲ ਭੂ-ਜਲ 'ਤੇ ਪਿਆ, ਸਗੋਂ ਨੇੜਲੇ ਜਲ ਭੰਡਾਰਾਂ ਅਤੇ ਇਲਾਕਿਆਂ ਵਿਚ ਵੀ ਵਾਤਾਵਰਣ ਸੰਤੁਲਨ ਨੂੰ ਵਿਗਾੜਿਆ ਗਿਆ।

### ਤਲਾਸ਼ੀ 'ਚ ਨਕਦੀ ਬਰਾਮਦ, ਜਾਇਦਾਦ ਅਟੈਚ

ਇਸ ਤੋਂ ਪਹਿਲਾਂ 16 ਜੁਲਾਈ 2024 ਨੂੰ ਈ. ਡੀ. ਨੇ ਪੀ. ਐਮ. ਐੱਲ. ਏ., 2002 ਤਹਿਤ 6 ਵੱਖ-ਵੱਖ ਟਿਕਾਣਿਆਂ 'ਤੇ ਤਲਾਸ਼ੀ ਮੁਹਿੰਮ ਚਲਾਈ ਸੀ। ਇਸ ਦੌਰਾਨ 78.15 ਲੱਖ ਰੁਪਏ ਨਕਦ ਬਰਾਮਦ ਕਰ ਕੇ ਜ਼ਬਤ ਕੀਤੇ ਗਏ। ਜਾਂਚ ਦੇ ਅਗਲੇ ਪੜਾਅ ਵਿਚ ਈ.ਡੀ. ਨੇ 13 ਦਸੰਬਰ 2025 ਨੂੰ ਜਾਰੀ ਪ੍ਰੋਵੀਜ਼ਨਲ ਅਟੈਚਮੈਂਟ ਆਰਡਰ ਰਾਹੀਂ ਮਾਲਬਰੋਸ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਦੀ 79.93 ਕਰੋੜ ਰੁਪਏ ਦੀ ਅਚੱਲ ਜਾਇਦਾਦਾਂ ਅਸਥਾਈ ਤੌਰ 'ਤੇ ਅਟੈਚ ਕਰ ਲਈਆਂ। ਇਨ੍ਹਾਂ ਜਾਇਦਾਦਾਂ 'ਚ ਕੰਪਨੀ ਦੀ ਜ਼ਮੀਨ, ਇਮਾਰਤਾਂ ਅਤੇ ਪਲਾਂਟ ਤੇ ਮਸ਼ੀਨਰੀ ਸ਼ਾਮਲ ਹਨ।

# ਮੇਰਠ ਵਿੱਚ ਸਿੱਖ ਵਿਦਿਆਰਥੀ ਨਾਲ ਨਸਲਵਾਦੀ ਵਰਤਾਰਾ

## ✪ ਪੱਗ ਉਤਾਰੀ, ਕੁੱਟਮਾਰ ਕੀਤੀ - ਕੀ ਭਾਰਤ ਵਿੱਚ ਸਿੱਖ ਵਿਰੋਧੀ ਨਸਲਵਾਦ ਵਧ ਰਿਹਾ ਹੈ ?



ਮੇਰਠ-ਉੱਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਵਿੱਚ ਇੱਕ ਸਿੱਖ ਵਿਦਿਆਰਥੀ ਨਾਲ ਹੋਇਆ ਨਸਲਵਾਦ ਵਰਤਾਰਾ, ਧਾਰਮਿਕ ਅਪਮਾਨ ਅਤੇ ਮਾਰਕੁਟ ਦੀ ਘਟਨਾ ਨੇ ਪੂਰੇ ਦੇਸ਼ ਵਿੱਚ ਚਰਚਾ ਛੇੜ ਦਿੱਤੀ ਹੈ। ਸਨਾਤਨ ਧਰਮ ਇੰਟਰ ਕਾਲਜ ਵਿੱਚ ਪੜ੍ਹਦੇ 12ਵੀਂ ਜਮਾਤ ਦੇ ਵਿਦਿਆਰਥੀ ਸਰਬਜੀਤ ਸਿੰਘ ਨੂੰ ਉਸਦੇ ਜਮਾਤੀਆਂ ਨੇ ਨਾ ਸਿਰਫ਼ ਬੁਰੀ ਤਰ੍ਹਾਂ ਕੁੱਟਿਆ, ਸਗੋਂ ਉਸਦੀ ਪਗ ਉਤਾਰ ਕੇ ਕੇਸ ਵੀ ਖਿੱਚੇ ਅਤੇ ਨਸਲਵਾਦੀ ਸ਼ਬਦਾਂ ਨਾਲ ਅਪਮਾਨਿਤ ਕੀਤਾ। ਇਹ ਘਟਨਾ 16 ਅਕਤੂਬਰ ਨੂੰ ਵਾਪਰੀ ਸੀ, ਪਰ ਹੁਣ ਪੀੜਤ ਦੇ ਪਿਤਾ ਜਗਦੇਵ ਸਿੰਘ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਪੰਜ ਨਾਮਜ਼ਦ ਅਤੇ ਤਿੰਨ-ਚਾਰ ਅਣਪਛਾਤੇ ਵਿਦਿਆਰਥੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ ।

ਪੀੜਤ ਵਿਦਿਆਰਥੀ ਸਰਬਜੀਤ ਸਿੰਘ ਦੇ ਪਿਤਾ ਜਗਦੇਵ ਸਿੰਘ, ਜੋ ਭਵਾਨਪੁਰ ਖੇਤਰ ਦੇ ਪਿੰਡ ਪੰਚਗਾਂਵ ਪੱਟੀ ਦੇ ਵਾਸੀ ਹਨ, ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਸਨਾਤਨ ਧਰਮ ਇੰਟਰ ਕਾਲਜ ਵੈਸਟ ਐਂਡ ਰੋਡ ਵਿੱਚ 12ਵੀਂ ਜਮਾਤ ਦਾ ਵਿਦਿਆਰਥੀ ਹੈ। ਕਾਲਜ ਵਿੱਚ ਵਿਦਿਆਰਥੀਆਂ ਦਾ ਇੱਕ ਨਸਲਵਾਦੀ ਗੁੱਟ ਲੰਮੇ ਸਮੇਂ ਤੋਂ ਸਰਬਜੀਤ ਨੂੰ ਨਿਸ਼ਾਨਾ ਬਣਾ ਰਿਹਾ ਸੀ। ਰੋਜ਼ਾਨਾ ਗਾਲ੍ਹਾਂ-ਕੁੱਟ ਮਾਰ, ਧਮਕੀਆਂ ਅਤੇ ਧਾਰਮਿਕ ਪਛਾਣ ਨੂੰ ਲੈ ਕੇ ਤਾਅਨੇ ਮਾਰੇ ਜਾਂਦੇ ਸਨ। ਜਗਦੇਵ ਸਿੰਘ ਨੇ ਕਿਹਾ, "ਮੇਰੇ ਪੁੱਤਰ ਨੂੰ ਉਸਦੀ ਸਿੱਖ ਪਛਾਣ ਕਾਰਨ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹ ਅਕਸਰ ਨਸਲਵਾਦੀ ਤੇ ਨਫਰਤੀ ਸ਼ਬਦ ਵਰਤਦੇ ਹਨ ਅਤੇ ਧਮਕਾਉਂਦੇ ਹਨ।"

16 ਅਕਤੂਬਰ ਨੂੰ ਘਟਨਾ ਉਸ ਵੇਲੇ ਵਾਪਰੀ ਜਦੋਂ ਕਲਾਸ ਤੋਂ ਬਾਹਰ ਪੰਜ ਵਿਦਿਆਰਥੀਆਂ ਨੇ ਸਰਬਜੀਤ ਨੂੰ ਘੇਰ ਲਿਆ। ਉਨ੍ਹਾਂ ਨੇ ਨਾ ਸਿਰਫ਼ ਉਸ ਨਾਲ ਮਾਰਕੁਟ ਕੀਤੀ, ਸਗੋਂ ਪਗ ਖਿੱਚ ਕੇ ਉਤਾਰ ਦਿੱਤੀ ਅਤੇ ਕੇਸ ਖਿੱਚੇ। ਜਦੋਂ ਸਰਬਜੀਤ ਨੇ ਵਿਰੋਧ ਕੀਤਾ ਤਾਂ ਹੋਰ ਕੁਟਿਆ । ਜਗਦੇਵ ਸਿੰਘ ਨੇ ਦੋਸ਼ ਲਾਇਆ ਕਿ ਇਸ ਘਟਨਾ ਦੀ ਜਾਣਕਾਰੀ ਕਾਲਜ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਦਿੱਤੀ ਗਈ ਸੀ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਬਲਕਿ ਬਾਅਦ ਵਿੱਚ ਸਸਪੈਂਡ ਕੀਤੇ ਗਏ ਵਿਦਿਆਰਥੀਆਂ ਨੇ ਬਦਲਾ ਲੈਣ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਦੁਬਾਰਾ ਹਮਲਾ ਕੀਤਾ। ਉਨ੍ਹਾਂ ਨੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਦੋਸ਼ੀ ਵਿਦਿਆਰਥੀ ਹੁਣ ਵੀ ਫ਼ੋਨ ਰਾਹੀਂ ਧਮਕੀ ਭਰੇ ਸੰਦੇਸ਼ ਭੇਜ ਰਹੇ ਹਨ। ਇਨ੍ਹਾਂ ਸੰਦੇਸ਼ਾਂ ਵਿੱਚ ਲਿਖਿਆ ਜਾ ਰਿਹਾ ਹੈ ਕਿ "ਤੂੰ ਕਦੇ ਸਾਡੀ ਬਰਾਬਰੀ ਨਹੀਂ ਕਰ ਸਕਦਾ, ਇਸ ਲਈ ਆਉਂਦੇ-ਜਾਂਦੇ ਸਮੇਂ ਨਮਸਤੇ ਕੀਤਾ ਕਰ।" ਇਹ ਸੰਦੇਸ਼ ਨਾ ਸਿਰਫ ਧਮਕੀ ਭਰੇ ਹਨ, ਸਗੋਂ ਧਾਰਮਿਕ ਅਤੇ ਨਸਲੀ ਵਿਤਕਰੇ ਨੂੰ ਵੀ ਦਰਸਾਉਂਦੇ ਹਨ। ਜਗਦੇਵ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਮਾਨਸਿਕ ਤੌਰ ਤੇ ਬਹੁਤ ਪ੍ਰੇਸ਼ਾਨ ਹੈ ਅਤੇ ਕਾਲਜ ਜਾਣ ਤੋਂ ਡਰਦਾ ਹੈ।

ਕਾਲਜ ਪ੍ਰਿੰਸੀਪਲ ਅਰੁਣ ਕੁਮਾਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਪਹਿਲੀ ਘਟਨਾ ਤੋਂ ਬਾਅਦ ਪ੍ਰਸ਼ਾਸਨ ਨੇ ਦੋਸ਼ੀ ਵਿਦਿਆਰਥੀਆਂ ਨੂੰ ਕਾਲਜ ਆਉਣ ਤੋਂ ਰੋਕ ਦਿੱਤਾ ਸੀ ਅਤੇ ਉਨ੍ਹਾਂ ਨੇ ਲਿਖਤੀ ਤੌਰ ਤੇ ਮਾਫ਼ੀ ਮੰਗੀ ਸੀ ਕਿ ਅਜਿਹੀ ਗਲਤੀ ਦੁਬਾਰਾ ਨਹੀਂ ਹੋਵੇਗੀ। ਪਰ ਪੀੜਤ ਪੱਖ ਦਾ ਕਹਿਣਾ ਹੈ ਕਿ ਇਹ ਕਾਰਵਾਈ ਨਾਕਾਫ਼ੀ ਸੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਨਹੀਂ ਮਿਲੀ, ਜਿਸ ਕਾਰਨ ਉਨ੍ਹਾਂ ਨੇ ਦੁਬਾਰਾ ਹਿੰਮਤ ਕੀਤੀ।

ਸਦਰ ਬਾਜ਼ਾਰ ਥਾਣਾ ਪੁਲਿਸ ਨੇ ਜਗਦੇਵ ਸਿੰਘ ਦੀ ਸ਼ਿਕਾਇਤ ਤੇ ਪੰਜ ਨਾਮਜ਼ਦ ਅਤੇ ਚਾਰ ਅਣਪਛਾਤੇ ਵਿਦਿਆਰਥੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਸੀਓ ਕੈਂਟ ਨਵੀਨਾ ਸ਼ੁਕਲਾ ਅਤੇ ਐਸਪੀ ਸਿਟੀ ਆਯੁਸ਼ ਵਿਕਰਮ ਸਿੰਘ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸਬੂਤਾਂ ਦੇ ਆਧਾਰ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਸਿੱਖ ਸੰਗਤਾਂ ਨੇ ਸੋਸ਼ਲ ਮੀਡੀਆ ਤੇ ਅਤੇ ਸੜਕਾਂ ਤੇ ਵਿਰੋਧ ਜਤਾਇਆ ਹੈ। ਕਈ ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਕਾਲਜ ਪ੍ਰਸ਼ਾਸਨ ਉਪਰ ਵੀ ਕਾਰਵਾਈ ਹੋਵੇ।

ਇਹ ਘਟਨਾ ਇਕੱਲੀ ਨਹੀਂ ਹੈ। ਭਾਰਤ ਵਿੱਚ ਸਮੇਂ-ਸਮੇਂ ਤੇ ਸਿੱਖਾਂ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਲੈ ਕੇ ਹਾਲੀਆ ਸਾਲਾਂ ਵਿੱਚ ਵੀ ਕਈ ਮਾਮਲੇ ਸਾਹਮਣੇ ਆਏ ਹਨ ਜਿੱਥੇ ਸਿੱਖ ਵਿਦਿਆਰਥੀਆਂ ਜਾਂ ਨੌਜਵਾਨਾਂ ਨੂੰ ਉਨ੍ਹਾਂ ਦੀ ਪਛਾਣ ਕਾਰਨ ਨਿਸ਼ਾਨਾ ਬਣਾਇਆ ਗਿਆ। ਪਰ ਇਹ ਸੱਚ ਹੈ ਕਿ ਅਜਿਹੇ ਮਾਮਲੇ ਵਧਣ ਨਾਲ ਸਮਾਜ ਵਿੱਚ ਅਸਹਿਣਸ਼ੀਲਤਾ ਵਧ ਰਹੀ ਹੈ।

ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਧਾਰਮਿਕ ਸਿੱਖਿਆ ਅਤੇ ਸਹਿਣਸ਼ੀਲਤਾ ਦੇ ਪਾਠ ਸ਼ਾਮਲ ਕਰਨੇ ਚਾਹੀਦੇ ਹਨ। ਨਾਲ ਹੀ, ਅਜਿਹੇ ਮਾਮਲਿਆਂ ਵਿੱਚ ਤੁਰੰਤ ਅਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਸਬਕ ਮਿਲੇ।

## ਪੰਜਾਬ ਵਿਚ 'ਡੰਕੀ' ਰੂਟ ਏਜੰਟਾਂ ਦੀ ਈਡੀ ਨੇ 5 ਕਰੋੜ ਤੋਂ ਵੱਧ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ-ਈ ਡੀ ਨੇ ਅਨੁਸਾਰ 'ਡੰਕੀ' ਰੂਟ ਦੇ ਜ਼ਰੀਏ ਭਾਰਤੀਆਂ ਨੂੰ ਨਾਜਾਇਜ਼ ਤੌਰ 'ਤੇ ਅਮਰੀਕਾ ਭੇਜਣ ਨਾਲ ਜੁੜੇ ਇਕ ਮਾਮਲੇ ਵਿਚ ਪੰਜਾਬ ਦੇ ਕੁਝ ਏਜੰਟਾਂ ਦੀ 5 ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਨੂੰ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੇ ਤਹਿਤ ਜ਼ਬਤ ਕੀਤਾ ਗਿਆ ਹੈ। ਇਹ ਜਾਂਚ ਪੰਜਾਬ ਅਤੇ ਹਰਿਆਣਾ ਵਿਚ ਪੁਲਿਸ ਵਲੋਂ ਦਰਜ ਕੀਤੀਆਂ ਗਈਆਂ ਕਈ ਐਫ.ਆਈ.ਆਰਜ਼ ਨਾਲ ਸ਼ੁਰੂ ਹੋਈ ਹੈ, ਜੋ ਫਰਵਰੀ ਵਿਚ ਸੰਯੁਕਤ ਰਾਜ ਅਮਰੀਕਾ ਵਲੋਂ ਫੌਜੀ ਕਾਰਗੋ ਜਹਾਜ਼ਾਂ ਰਾਹੀਂ 330 ਭਾਰਤੀ ਨਾਗਰਿਕਾਂ ਨੂੰ ਭਾਰਤ ਵਾਪਸ ਭੇਜਣ ਨਾਲ ਜੁੜੀ ਹੋਈ ਹੈ।




ਇਹ ਲੋਕ ਅਮਰੀਕੀ ਜ਼ਮੀਨ 'ਤੇ 'ਨਾਜਾਇਜ਼ ਤੌਰ 'ਤੇ'' ਰਹਿ ਰਹੇ ਸਨ । ਏਜੰਟ ਸ਼ੁਭਮ ਸ਼ਰਮਾ, ਜਗਜੀਤ ਸਿੰਘ, ਸੁਰਮੁੱਖ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਖੇਤੀਬਾੜੀ ਵਾਲੀ ਜ਼ਮੀਨ, ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਦੇ ਇਲਾਵਾ ਬੈਂਕ ਖਾਤਿਆਂ ਨੂੰ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ ਐੱਮ ਐੱਲ ਏ) ਦੇ ਤਹਿਤ ਆਰਜ਼ੀ ਰੂਪ ਵਿਚ ਜ਼ਬਤ ਕੀਤਾ ਗਿਆ ਹੈ । ਈ ਡੀ ਅਨੁਸਾਰ ਇਨ੍ਹਾਂ ਜਾਇਦਾਦਾਂ ਦਾ ਕੁਲ ਮੁੱਲ 5.41 ਕਰੋੜ ਰੁਪਏ ਹੈ।

## ਕੈਨੇਡਾ ਪੁਲਸ ਨੇ 11 ਗੈਂਗਸਟਰਾਂ ਦੀ ਸੂਚੀ ਜਾਰੀ ਕੀਤੀ

### ✪ 9 ਪੰਜਾਬੀ ਗੈਂਗਸਟਰਾਂ ਹਿਟਲਿਸਟ ਵਿਚ

ਓਟਾਵਾ-ਕੈਨੇਡਾ ਪੁਲਸ ਨੇ 11 ਗੈਂਗਸਟਰਾਂ ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਪੁਲਸ ਨੇ ਲੋਕਾਂ ਨੂੰ ਉਨ੍ਹਾਂ ਤੋਂ ਦੂਰ ਰਹਿਣ ਲਈ ਕਿਹਾ ਹੈ। ਇਨ੍ਹਾਂ 11 ਵਿਅਕਤੀਆਂ 'ਚੋਂ 9 ਪੰਜਾਬੀ ਮੂਲ ਦੇ ਹਨ। ਬ੍ਰਿਟਿਸ਼ ਕੋਲੰਬੀਆ ਪੁਲਸ ਨੇ ਕਿਹਾ ਕਿ ਉਹ ਸੂਬੇ 'ਚ ਕਈ ਕਤਲਾਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ। ਕੰਬਾਈਨਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਦੇ ਸਹਾਇਕ ਕਮਾਂਡਰ ਮੈਨੀ ਮਾਨ ਨੇ ਕਿਹਾ ਕਿ ਪੁਲਸ ਵੱਲੋਂ ਜਾਰੀ ਕੀਤੇ ਗਏ ਪੋਸਟਰ 'ਚ ਸ਼ਕੀਲ ਬਸਰਾ (28), ਅਮਰਪ੍ਰੀਤ ਸਮਰਾ (28), ਜਗਦੀਪ ਚੀਮਾ (30), ਰਵਿੰਦਰ ਸ਼ਰਮਾ (35), ਬਰਿੰਦਰ ਧਾਲੀਵਾਲ (39), ਐਂਡੀ ਸੇਂਟ ਪਿਯਰੇ (40), ਗੁਰਪ੍ਰੀਤ ਧਾਲੀਵਾਲ (35), ਰਿਚਰਡ ਜੋਸਫ਼ ਵ੍ਹਿਟਲਾਕ (40), ਸਮਰੂਪ ਗਿੱਲ (29), ਸੁਮਦਿਸ਼ ਗਿੱਲ (28) ਅਤੇ ਸੁਖਦੀਪ ਪੰਸਲ (33) ਦੇ ਨਾਂ ਸ਼ਾਮਲ ਹਨ। ਹਾਲ ਹੀ ਦੇ ਸਾਲਾਂ ਵਿਚ ਇਨ੍ਹਾਂ ਵਿਚ ਵਾਧਾ ਹੋਇਆ ਹੈ।

## ਕੀ ਭਾਰਤ ਨਾਲ ਜੰਗ ਦੀ ਤਿਆਰੀ ਵਿਚ ਰੁਝਿਆ ਪਾਕਿਸਤਾਨ ?

### ✪ ਸਰਹੱਦ ਐਂਟੀ ਟੈਂਕ-ਡਰੋਨ ਅਭਿਆਸ ਕੀਤਾ

ਗੁਰਦਾਸਪੁਰ/ਲਾਹੌਰ-ਪਾਕਿਸਤਾਨੀ ਫੌਜ ਨੇ ਆਪਣੀਆਂ ਭਾਰਤ ਵਿਰੋਧੀ ਸਾਜ਼ਿਸ਼ਾਂ ਨੂੰ ਜਾਰੀ ਰੱਖਦੇ ਹੋਏ ਭਾਰਤ ਨਾਲ ਜੰਗ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਕਿਸਤਾਨੀ ਫੌਜ ਨੇ ਭਾਰਤੀ ਸਰਹੱਦ ਨੇੜੇ ਐਂਟੀ-ਟੈਂਕ ਡਰੋਨ ਅਭਿਆਸ ਕੀਤਾ ਹੈ। ਇਹ ਅਭਿਆਸ ਵੱਡੇ ਪੱਧਰ 'ਤੇ ਕੀਤਾ ਗਿਆ ਅਤੇ ਇਸ ਨੂੰ ਦੇਖਣ ਲਈ ਖੁਦ ਪਾਕਿਸਤਾਨ ਦੇ ਚੀਫ ਆਫ ਡਿਫੈਂਸ ਫੋਰਸਿਜ਼ (ਸੀ.ਡੀ.ਐੱਫ.) ਆਸਿਮ ਮੁਨੀਰ ਪਹੁੰਚੇ। ਮੁਨੀਰ ਦੇ ਭਾਰਤੀ ਸਰਹੱਦ ਨੇੜੇ ਅਕਸਰ ਦੌਰੇ ਅਤੇ ਜੰਗੀ ਤਿਆਰੀਆਂ ਦੀ ਸਮੀਖਿਆ ਕਰਨ ਨਾਲ ਇਹ ਸਵਾਲ ਉੱਠ ਰਹੇ ਹਨ ਕਿ ਕੀ ਪਾਕਿਸਤਾਨੀ ਫੌਜ ਕੋਈ ਸਾਜ਼ਿਸ਼ ਰਚ ਰਹੀ ਹੈ।

## -ਮਾਮਲਾ ਪੰਜਾਬ ਨੂੰ ਹੜ੍ਹਾਂ ਦੇ ਮਾਰ ਝੱਲਣ ਦਾ-

# ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਬੀ ਬੀ ਐੱਮ ਬੀ ਨੂੰ ਜਾਰੀ ਕੀਤਾ ਨੋਟਿਸ

## ✪ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਵੀ ਮੰਗਿਆ ਜਵਾਬ ✪ ਪਬਲਿਕ ਐਕਸ਼ਨ ਕਮੇਟੀ ਦੀ ਪਟੀਸ਼ਨ 'ਤੇ ਕੀਤੀ ਕਾਰਵਾਈ ✪ ਡੈਮਾਂ ਦੇ ਅੰਕੜੇ ਜਨਤਕ ਨਾ ਕਰਨ 'ਤੇ ਚੁੱਕੇ ਸਵਾਲ

ਚੰਡੀਗੜ੍ਹ-ਕੌਮੀ ਗਰੀਨ ਟ੍ਰਿਬਿਊਨਲ ਨੇ ਪੰਜਾਬ ਵਿਚ ਅਗਸਤ ਮਹੀਨੇ ਆਏ ਭਿਆਨਕ ਹੜ੍ਹਾਂ ਦੇ ਸੰਦਰਭ 'ਚ ਅੱਜ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਕੌਮੀ ਗਰੀਨ ਟ੍ਰਿਬਿਊਨਲ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ ਤਾਂ ਜੋ ਸਰਕਾਰਾਂ ਦਾ ਪੱਖ ਤੇ ਭੂਮਿਕਾ ਨੂੰ ਜਾਣਿਆ ਜਾ ਸਕੇ। ਪਬਲਿਕ ਐਕਸ਼ਨ ਕਮੇਟੀ ਨੇ ਸਤੰਬਰ ਮਹੀਨੇ ਕੌਮੀ ਗਰੀਨ ਟ੍ਰਿਬਿਊਨਲ ਵਿਚ 469/2025 ਨੰਬਰ ਤਹਿਤ ਪਟੀਸ਼ਨ ਦਾਇਰ ਕੀਤੀ ਸੀ। ਮਾਮਲਾ ਪੰਜਾਬ 'ਚ ਹੜ੍ਹਾਂ ਦੌਰਾਨ ਡੈਮਾਂ ਦੇ ਸੰਚਾਲਨ ਅਤੇ ਡੈਮਾਂ 'ਚ ਪਾਣੀ ਦੀ ਆਮਦ ਤੇ ਨਿਕਾਸ ਦੇ ਅੰਕੜੇ ਗੁਪਤ ਰੱਖੇ ਜਾਣ ਅਤੇ ਡੈਮਾਂ ਦੀ ਸੁਰੱਖਿਆ ਨਾਲ ਸਬੰਧਿਤ ਸੀ।

ਹੜ੍ਹਾਂ ਦੌਰਾਨ ਡੈਮਾਂ ਦੇ ਸੰਚਾਲਨ 'ਚ ਹੋਣ ਵਾਲੀ ਕੁਤਾਹੀ ਉਜਾਗਰ ਕਰਨ ਲਈ ਇਹ ਪਟੀਸ਼ਨ ਦਾਇਰ ਹੋਈ ਸੀ। ਡੈਮਾਂ ਨਾਲ ਜੁੜੇ ਤਕਨੀਕੀ ਮੁੱਦਿਆਂ ਦੇ ਆਡਿਟ ਦੀ ਮੰਗ ਵੀ ਉਠਾਈ ਗਈ ਹੈ। ਪਬਲਿਕ ਐਕਸ਼ਨ ਕਮੇਟੀ ਇਹ ਵੀ ਜਾਣਨਾ ਚਾਹੁੰਦੀ ਹੈ ਕਿ ਪਾਣੀ ਛੱਡਣ ਸਮੇਂ ਕਿਸ ਪੜਾਅ 'ਤੇ ਕੁਤਾਹੀ ਹੁੰਦੀ ਹੈ, ਜਿਸ ਕਾਰਨ ਪੰਜਾਬ ਨੂੰ ਹੜ੍ਹਾਂ ਦੀ ਮਾਰ ਝੱਲਣੀ ਪੈਂਦੀ ਹੈ। ਪਟੀਸ਼ਨ 'ਚ ਕਿਹਾ ਗਿਆ ਕਿ ਜਦੋਂ ਪੰਜਾਬ 'ਚ ਭਿਆਨਕ ਹੜ੍ਹ ਆਏ ਤਾਂ ਲੋਕਾਂ ਨੂੰ ਡੈਮਾਂ 'ਚ ਆਏ ਪਾਣੀ ਅਤੇ ਨਿਕਾਸੀ ਤੋਂ ਇਲਾਵਾ ਡੈਮਾਂ 'ਚ ਪਾਣੀ ਦੇ ਪੱਧਰ ਬਾਰੇ ਵੈੱਬਸਾਈਟ 'ਤੇ ਕਿਤੇ ਵੀ ਸੂਚਨਾ ਉਪਲਬਧ ਨਹੀਂ ਸੀ।



ਪਟੀਸ਼ਨ ਵਿਚ ਇਤਰਾਜ਼ ਕੀਤਾ ਗਿਆ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਨੇ ਅਕਤੂਬਰ 2023 ਤੋਂ ਡੈਮਾਂ ਦੇ ਸੰਚਾਲਨ ਨਾਲ ਸਬੰਧਤ ਅੰਕੜੇ ਜਨਤਕ ਪਹੁੰਚ ਤੋਂ ਬੰਦ ਕਰ ਦਿੱਤੇ ਹਨ। ਪਟੀਸ਼ਨ 'ਚ ਡੈਮ ਸੁਰੱਖਿਆ ਐਕਟ 2021 ਦੇ ਹਵਾਲੇ ਨਾਲ ਡੈਮਾਂ ਦੇ ਸੰਚਾਲਨ ਨਾਲ ਸਬੰਧਤ ਅੰਕੜਾ ਰੋਜ਼ਾਨਾ ਜਨਤਕ ਕਰਨ ਦੀ ਮੰਗ ਕੀਤੀ ਹੈ। ਪਬਲਿਕ ਐਕਸ਼ਨ ਕਮੇਟੀ ਦੇ ਮੈਂਬਰ ਜਸਕੀਰਤ ਸਿੰਘ ਅਤੇ ਕਪਿਲ ਅਰੋੜਾ ਨੇ ਦੱਸਿਆ ਕਿ ਕੌਮੀ ਟ੍ਰਿਬਿਊਨਲ ਨੇ ਕੇਂਦਰ ਤੇ ਸੂਬਾਈ ਸਰਕਾਰ ਤੋਂ ਇਲਾਵਾ ਬੀ ਬੀ ਐੱਮ ਬੀ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੂਲ ਮਾਮਲਾ ਜਨਤਕ ਸੁਰੱਖਿਆ ਅਤੇ ਪਾਰਦਰਸ਼ਤਾ ਨਾਲ ਸਬੰਧਤ ਹੈ।

ਕੌਮੀ ਟ੍ਰਿਬਿਊਨਲ ਵਿਚ ਇਹ ਤੀਜੀ ਸੁਣਵਾਈ ਸੀ। ਪਟੀਸ਼ਨ ਵਿਚ ਡੈਮਾਂ ਨਾਲ ਸਬੰਧਤ ਅੰਕੜਾ ਜਨਤਕ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਟ੍ਰਿਬਿਊਨਲ ਨੇ ਡੈਮਾਂ ਦੀ ਸੁਰੱਖਿਆ ਨਾਲ ਜੁੜੇ ਅੰਕੜੇ 'ਤੇ ਸੁਆਲ ਉਠਾਏ ਅਤੇ ਇਸ ਅੰਕੜੇ ਦੇ ਸਰੋਤ ਬਾਰੇ ਪੁੱਛਿਆ। ਐਕਸ਼ਨ ਕਮੇਟੀ ਨੇ ਸੁਣਵਾਈ ਦੌਰਾਨ ਸੂਚਨਾ ਦਾ ਸਰੋਤ ਵੀ ਟ੍ਰਿਬਿਊਨਲ ਨੂੰ ਲਿਖਤੀ ਰੂਪ 'ਚ ਦੱਸ ਦਿੱਤਾ। ਪੀ ਏ ਸੀ ਮੈਂਬਰ ਡਾ. ਅਮਨਦੀਪ ਸਿੰਘ ਬੈਂਸ ਅਤੇ ਕੁਲਦੀਪ ਸਿੰਘ ਖਹਿਰਾ ਦਾ ਇਤਰਾਜ਼ ਸੀ ਕਿ ਟ੍ਰਿਬਿਊਨਲ ਨੇ ਉਨ੍ਹਾਂ ਵੱਲੋਂ ਸੂਚਨਾ ਦਾ ਸਰੋਤ ਦੱਸੇ ਜਾਣ ਵਾਲੇ ਹਲਫ਼ੀਆ ਬਿਆਨ 'ਚ ਰਿਕਾਰਡ 'ਤੇ ਨਹੀਂ ਲਿਆਂਦਾ।

# ਕੀ ਇੱਕ ਪੋਸਟ ਨਾਲ ਖਤਮ ਹੋ ਸਕਦਾ ਹੈ ਅਮਰੀਕਾ ਵਿਚ ਨੌਕਰੀ ਦਾ ਸੁਪਨਾ ?

## ✪ ਐਚ-1ਬੀ ਅਤੇ ਐਚ-4 ਵੀਜ਼ਾ ਲਈ ਸੋਸ਼ਲ ਮੀਡੀਆ ਜਾਂਚ ਸ਼ੁਰੂ: ਅਮਰੀਕਾ ਕੀ ਦੇਖ ਰਿਹਾ ਹੈ ?

ਵਾਸ਼ਿੰਗਟਨ-ਅਮਰੀਕਾ ਜਾ ਕੇ ਨੌਕਰੀ ਕਰਨ ਦਾ ਸੁਪਨਾ ਵੇਖਣ ਵਾਲੇ ਲੋਕਾਂ ਲਈ ਇੱਕ ਵੱਡੀ ਚੇਤਾਵਨੀ ਹੈ। ਹੁਣ ਤੁਹਾਡੇ ਸੋਸ਼ਲ ਮੀਡੀਆ ਤੇ ਕੀਤੀ ਇੱਕ ਵੀ ਪੋਸਟ ਤੁਹਾਡੇ ਅਮਰੀਕਾ ਜਾਣ ਦੇ ਸੁਪਨੇ ਨੂੰ ਤੋੜ ਸਕਦੀ ਹੈ। ਅਮਰੀਕੀ ਸਰਕਾਰ ਨੇ ਐਚ-1ਬੀ ਅਤੇ ਐਚ-4 ਵੀਜ਼ਾ ਲਈ ਨਵੀਂ ਪਾਲਿਸੀ ਲਾਗੂ ਕਰ ਦਿੱਤੀ ਹੈ। 15 ਦਸੰਬਰ 2025 ਤੋਂ ਸ਼ੁਰੂ ਹੋਈ ਇਸ ਪਾਲਿਸੀ ਅਨੁਸਾਰ ਹੁਣ ਵੀਜ਼ਾ ਦੇਣ ਤੋਂ ਪਹਿਲਾਂ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਅਕਾਊਂਟਾਂ ਦੀ ਡੂੰਘੀ ਜਾਂਚ ਕੀਤੀ ਜਾਵੇਗੀ। ਅਮਰੀਕੀ ਵਿਦੇਸ਼ ਵਿਭਾਗ ਨੇ ਇਹ ਨਵਾਂ ਨਿਯਮ ਜਾਰੀ ਕੀਤਾ ਹੈ। ਇਸ ਅਨੁਸਾਰ ਐਚ-1ਬੀ ਵੀਜ਼ਾ (ਜੋ ਖਾਸ ਤੌਰ ਤੇ ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਹੋਰ ਪੇਸ਼ੇਵਰ ਨੌਕਰੀਆਂ ਲਈ ਹੁੰਦਾ ਹੈ) ਅਤੇ ਐਚ-4 ਵੀਜ਼ਾ (ਜੋ ਐਚ-1ਬੀ ਵੀਜ਼ਾ ਧਾਰਕਾਂ ਦੇ ਪਰਿਵਾਰਕ ਮੈਂਬਰਾਂ ਲਈ ਹੁੰਦਾ ਹੈ) ਦੇ ਸਾਰੇ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਪ੍ਰੋਫਾਈਲਾਂ ਨੂੰ ਚੈੱਕ ਕੀਤਾ ਜਾਵੇਗਾ।

ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਦੇ ਹਿੱਤ ਵਿੱਚ ਚੁੱਕਿਆ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਕੋਈ ਹੱਕ ਨਹੀਂ, ਸਗੋਂ ਇੱਕ ਵਿਸ਼ੇਸ਼ ਅਧਿਕਾਰ ਹੈ। ਹਰ ਵੀਜ਼ਾ ਬਿਨੈਕਾਰ ਨੂੰ ਰਾਸ਼ਟਰੀ ਸੁਰੱਖਿਆ ਦੇ ਨਜ਼ਰੀਏ ਤੋਂ ਵੇਖਿਆ ਜਾਂਦਾ ਹੈ। ਪਹਿਲਾਂ ਸੋਸ਼ਲ ਮੀਡੀਆ ਜਾਂਚ ਸਿਰਫ਼ ਵਿਦਿਆਰਥੀਆਂ ਤੇ ਐਕਸਚੇਂਜ ਵਿਜ਼ਿਟਰਾਂ (ਐਫ, ਐਮ ਅਤੇ ਜੇ ਵੀਜ਼ਾ) ਤੱਕ ਸੀਮਿਤ ਸੀ, ਪਰ ਹੁਣ ਇਸ ਨੂੰ ਐਚ-1ਬੀ ਅਤੇ ਐਚ-4 ਤੱਕ ਵਧਾ ਦਿੱਤਾ ਗਿਆ ਹੈ। ਇਸ ਜਾਂਚ ਵਿੱਚ ਬਿਨੈਕਾਰਾਂ ਦੀਆਂ ਆਨਲਾਈਨ ਗਤੀਵਿਧੀਆਂ ਨੂੰ ਬਾਰੀਕੀ ਨਾਲ ਵੇਖਿਆ ਜਾਵੇਗਾ। ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਬਿਨੈਕਾਰ ਅਮਰੀਕਾ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਕਿਸੇ ਵੀ ਤਰ੍ਹਾਂ ਦੀ ਹਿੰਸਾ, ਕੱਟੜਪੰਥ ਜਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਨੀਅਤ ਨਹੀਂ ਰੱਖਦਾ। ਯਾਨੀ ਤੁਹਾਡੇ ਪੋਸਟਾਂ, ਕਮੈਂਟਾਂ, ਸ਼ੇਅਰ ਕੀਤੀਆਂ ਚੀਜ਼ਾਂ ਅਤੇ ਲਾਈਕਾਂ ਤੱਕ ਨੂੰ ਵੇਖ ਕੇ ਤੁਹਾਡੀ ਸੋਚ, ਰਾਜਨੀਤਿਕ ਝੁਕਾਅ ਅਤੇ ਵਿਚਾਰਧਾਰਾ ਦਾ ਅੰਦਾਜ਼ਾ ਲਗਾਇਆ ਜਾਵੇਗਾ। ਅਮਰੀਕਾ ਕੀ ਦੇਖ ਰਿਹਾ ਹੈ? ਅਮਰੀਕੀ ਅਧਿਕਾਰੀ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਤੇ ਇਹ ਚੀਜ਼ਾਂ ਖਾਸ ਤੌਰ ਤੇ ਚੈੱਕ ਕਰਨਗੇ:

ਕੀ ਬਿਨੈਕਾਰ ਨੇ ਅਮਰੀਕਾ ਵਿਰੋਧੀ ਜਾਂ ਹਿੰਸਾ ਭੜਕਾਊ ਪੋਸਟਾਂ ਕੀਤੀਆਂ ਹਨ? ਕੀ ਉਸ ਨੇ ਕੱਟੜਪੰਥੀ ਵਿਚਾਰਾਂ ਵਾਲੀਆਂ ਚੀਜ਼ਾਂ ਸ਼ੇਅਰ ਕੀਤੀਆਂ ਹਨ?

ਰਾਜਨੀਤਿਕ ਪੋਸਟਾਂ ਕਿਹੜੀ ਤਰ੍ਹਾਂ ਦੀਆਂ ਹਨ? ਕੀ ਉਹ ਅਮਰੀਕੀ ਨੀਤੀਆਂ ਵਿਰੁੱਧ ਹਨ? ਕੀ ਬਿਨੈਕਾਰ ਨੇ ਅਵੈਧ ਗਤੀਵਿਧੀਆਂ ਜਾਂ ਅੱਤਵਾਦ ਨਾਲ ਜੁੜੀਆਂ ਚੀਜ਼ਾਂ ਨੂੰ ਸਮਰਥਨ ਦਿੱਤਾ ਹੈ?

ਭਾਵੇਂ ਇੱਕ ਪੁਰਾਣੀ ਪੋਸਟ ਵੀ ਹੋਵੇ, ਜੇ ਉਹ ਅਮਰੀਕੀ ਸੁਰੱਖਿਆ ਲਈ ਖਤਰਾ ਵਾਲੀ ਲੱਗੇ ਤਾਂ ਵੀਜ਼ਾ ਰੱਦ ਹੋ ਸਕਦਾ ਹੈ। ਇਸ ਲਈ ਮਾਹਿਰਾਂ ਦੀ ਸਲਾਹ ਹੈ ਕਿ ਸੋਸ਼ਲ ਮੀਡੀਆ ਤੇ ਸਾਵਧਾਨੀ ਨਾਲ ਪੋਸਟ ਕਰੋ। ਕੋਈ ਵੀ ਅਜਿਹੀ ਚੀਜ਼ ਨਾ ਪਾਓ ਜੋ ਵਿਵਾਦਪੂਰਨ ਹੋਵੇ।

ਭਾਰਤੀਆਂ ਅਤੇ ਪੰਜਾਬੀਆਂ ਤੇ ਕੀ ਅਸਰ ਪਵੇਗਾ?-ਇਸ ਨਵੀਂ ਪਾਲਿਸੀ ਦਾ ਸਭ ਤੋਂ ਵੱਡਾ ਅਸਰ ਭਾਰਤੀ ਨਾਗਰਿਕਾਂ ਤੇ ਪਵੇਗਾ, ਕਿਉਂਕਿ ਐਚ-1ਬੀ ਵੀਜ਼ਾ ਧਾਰਕਾਂ ਵਿੱਚ ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਹੈ। ਅਮਰੀਕਾ ਦੀਆਂ ਵੱਡੀਆਂ ਟੈਕ ਕੰਪਨੀਆਂ ਜਿਵੇਂ ਗੂਗਲ, ਮਾਈਕ੍ਰੋਸਾਫਟ, ਐਪਲ ਅਤੇ ਅਮੇਜ਼ਨ ਵਿੱਚ ਹਜ਼ਾਰਾਂ ਭਾਰਤੀ ਇੰਜੀਨੀਅਰ ਅਤੇ ਆਈਟੀ ਮਾਹਿਰ ਐਚ-1ਬੀ ਵੀਜ਼ੇ ਤੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਡਾਕਟਰ, ਵਿਗਿਆਨੀ ਅਤੇ ਹੋਰ ਪੇਸ਼ੇਵਰ ਵੀ ਇਸ ਵੀਜ਼ੇ ਤੇ ਨਿਰਭਰ ਹਨ।

ਪੰਜਾਬ ਵਿੱਚ ਵੀ ਬਹੁਤ ਸਾਰੇ ਨੌਜਵਾਨ ਅਮਰੀਕਾ ਜਾ ਕੇ ਨੌਕਰੀ ਕਰਨ ਦਾ ਸੁਪਨਾ ਵੇਖਦੇ ਹਨ। ਕਈ ਪਰਿਵਾਰਾਂ ਨੇ ਲੱਖਾਂ ਰੁਪਏ ਖਰਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਿਆ ਹੈ। ਪਰ ਹੁਣ ਸੋਸ਼ਲ ਮੀਡੀਆ ਕਾਰਨ ਵੀਜ਼ਾ ਰੱਦ ਹੋਣ ਦਾ ਡਰ ਵਧ ਗਿਆ ਹੈ। ਬਹੁਤ ਸਾਰੇ ਭਾਰਤੀ ਬਿਨੈਕਾਰਾਂ ਦੇ ਵੀਜ਼ਾ ਇੰਟਰਵਿਊ ਨੂੰ ਮੁੜ ਤਾਰੀਖ ਦਿੱਤੀ ਗਈ ਹੈ, ਤਾਂ ਜੋ ਨਵੀਂ ਜਾਂਚ ਪੂਰੀ ਹੋ ਸਕੇ।

ਪਹਿਲਾਂ ਕੀ ਹੁੰਦਾ ਸੀ?-ਪਹਿਲਾਂ ਸੋਸ਼ਲ ਮੀਡੀਆ ਜਾਂਚ ਸਿਰਫ਼ ਕੁਝ ਖਾਸ ਵੀਜ਼ਾ ਕੈਟਾਗਰੀਆਂ ਲਈ ਸੀ। 2019 ਵਿੱਚ ਟਰੰਪ ਪ੍ਰਸ਼ਾਸਨ ਨੇ ਸੋਸ਼ਲ ਮੀਡੀਆ ਹੈਂਡਲ ਮੰਗਣੇ ਸ਼ੁਰੂ ਕੀਤੇ ਸਨ। ਪਰ ਹੁਣ ਟਰੰਪ ਦੇ ਨਵੇਂ ਪ੍ਰਸ਼ਾਸਨ ਨੇ ਇਸ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਆਨਲਾਈਨ ਗਤੀਵਿਧੀਆਂ ਤੋਂ ਵਿਅਕਤੀ ਦੀ ਅਸਲ ਸੋਚ ਦਾ ਪਤਾ ਲੱਗਦਾ ਹੈ।

ਕੀ ਕਰਨਾ ਚਾਹੀਦਾ ਹੈ?-ਜੇ ਤੁਸੀਂ ਐਚ-1ਬੀ ਜਾਂ ਐਚ-4 ਵੀਜ਼ਾ ਲਈ ਅਪਲਾਈ ਕਰ ਰਹੇ ਹੋ ਤਾਂ:

ਆਪਣੇ ਸਾਰੇ ਸੋਸ਼ਲ ਮੀਡੀਆ ਅਕਾਊਂਟਾਂ (ਫੇਸਬੁੱਕ, ਟਵਿੱਟਰ/ਯ, ਇੰਸਟਾਗ੍ਰਾਮ, ਲਿੰਕਡਇਨ ਆਦਿ) ਨੂੰ ਪਬਲਿਕ ਕਰ ਦਿਓ। ਪੁਰਾਣੀਆਂ ਵਿਵਾਦਪੂਰਨ ਪੋਸਟਾਂ ਨੂੰ ਡਿਲੀਟ ਕਰ ਦਿਓ। ਅਜਿਹੀਆਂ ਚੀਜ਼ਾਂ ਨਾ ਪਾਓ ਜੋ ਅਮਰੀਕਾ ਵਿਰੋਧੀ ਜਾਂ ਹਿੰਸਾ ਵਾਲੀਆਂ ਲੱਗਣ। ਰਾਜਨੀਤਿਕ ਪੋਸਟਾਂ ਤੋਂ ਵੀ ਸਾਵਧਾਨ ਰਹੋ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਪਾਲਿਸੀ ਭਾਰਤੀਆਂ ਲਈ ਚੁਣੌਤੀ ਬਣ ਸਕਦੀ ਹੈ, ਕਿਉਂਕਿ ਬਹੁਤ ਸਾਰੇ ਲੋਕ ਸੋਸ਼ਲ ਮੀਡੀਆ ਤੇ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਦੇ ਹਨ। ਪਰ ਯਾਦ ਰੱਖੋ, ਅਮਰੀਕਾ ਵੀਜ਼ਾ ਦੇਣ ਵਿੱਚ ਹੁਣ ਹੋਰ ਸਖ਼ਤ ਹੋ ਗਿਆ ਹੈ। ਇਸ ਨਵੀਂ ਪਾਲਿਸੀ ਨਾਲ ਹਜ਼ਾਰਾਂ ਭਾਰਤੀ ਅਤੇ ਪੰਜਾਬੀ ਨੌਜਵਾਨਾਂ ਦੇ ਸੁਪਨੇ ਤੇ ਅਸਰ ਪੈ ਸਕਦਾ ਹੈ। ਜੇ ਤੁਹਾਨੂੰ ਵੀ ਅਮਰੀਕਾ ਜਾਣਾ ਹੈ ਤਾਂ ਸੋਸ਼ਲ ਮੀਡੀਆ ਤੇ ਬਹੁਤ ਸੋਚ-ਸਮਝ ਕੇ ਪੋਸਟ ਕਰੋ। ਇੱਕ ਗਲਤ ਪੋਸਟ ਸਾਰਾ ਸੁਪਨਾ ਖਰਾਬ ਕਰ ਸਕਦੀ ਹੈ।

# ਸੰਵਿਧਾਨ ਅਨੁਸਾਰ ਟਰੱਸਟੀਆਂ ਦੀ ਨਿਯੁਕਤੀ ਰੱਦ ਕਰਨ ਦਾ ਅਧਿਕਾਰ ਪ੍ਰਬੰਧਕ ਕਮੇਟੀ ਕੋਲ ਨਹੀਂ - ਮਨਜੀਤ ਸਿੰਘ ਬੁੱਟਰ

## ਪ੍ਰਬੰਧਕ ਕਮੇਟੀ ਨੇ ਚੈਰਿਟੀ ਕਮਿਸ਼ਨ ਮੁਤਾਬਿਕ ਸੰਵਿਧਾਨ ਦੇ ਦਾਇਰੇ ਵਿੱਚ ਹੀ ਫ਼ੈਸਲਾ ਲਿਆ ਹੈ- ਗੁਰਮੇਲ ਸਿੰਘ ਮੱਲੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਟਰੱਸਟੀਆਂ ਦੀਆਂ ਨਿਯੁਕਤੀਆਂ ਰੱਦ ਕਰਨ ਸੰਬੰਧੀ ਟਰੱਸਟ ਦੇ ਸਾਬਕਾ ਜਨਰਲ ਸਕੱਤਰ ਮਨਜੀਤ ਸਿੰਘ ਬੁੱਟਰ ਨੇ ਆਪਣਾ ਪੱਖ ਦੱਸਦਿਆਂ ਕਿਹਾ ਕਿ ਅਸੀਂ ਫਰਵਰੀ 2024 ਵਿੱਚ ਸਾਨੂੰ ਨਿਯੁਕਤ ਕਰਨ ਅਤੇ ਸਾਡੇ ਵਿੱਚ ਲਗਾਤਾਰ ਵਿਸ਼ਵਾਸ ਰੱਖਣ ਲਈ ਸਭਾ ਦੇ ਮੈਬਰਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ। ਉਸ ਸਮੇਂ ਤੋਂ, ਅਸੀਂ ਮੀਟਿੰਗਾਂ ਦਾ ਸਮਰਥਨ ਕੀਤਾ ਹੈ, ਜਿੱਥੇ ਵੀ ਕਿਹਾ ਗਿਆ ਮਾਰਗਦਰਸ਼ਨ ਦਿੱਤਾ ਹੈ, ਅਤੇ ਫਰਵਰੀ 2024 ਦੇ ਸੰਵਿਧਾਨ ਦੇ ਤਹਿਤ ਸਖਤੀ ਨਾਲ 2025 ਦੀਆਂ ਚੋਣਾਂ ਦੀ ਨਿਗਰਾਨੀ ਕੀਤੀ ਹੈ। ਸਾਡਾ ਇੱਕੋ ਇੱਕ ਉਦੇਸ਼ ਹਮੇਸ਼ਾ ਸੰਵਿਧਾਨ ਨੂੰ ਕਾਇਮ ਰੱਖਣਾ ਅਤੇ ਸਭਾ ਦੇ ਲੰਬੇ ਸਮੇਂ ਦੇ ਹਿੱਤਾਂ ਦੀ ਰੱਖਿਆ ਕਰਨਾ ਰਿਹਾ ਹੈ।*

ਹਾਲਾਂਕਿ, ਅਸੀਂ ਮੌਜੂਦਾ ਕਾਰਜਕਾਰੀ ਕਮੇਟੀ ਦੇ ਹਾਲ ਹੀ ਦੇ ਆਚਰਣ ਤੋਂ ਨਿਰਾਸ਼ ਹਾਂ। ਅਸੀਂ ਉਨ੍ਹਾਂ ਨੂੰ ਸਤਿਕਾਰ ਨਾਲ ਗੁਰਦੁਆਰੇ ਦੇ ਰੋਜ਼ਾਨਾ ਦੇ ਕੰਮਕਾਜ 'ਤੇ ਧਿਆਨ ਕੇਂਦਰਿਤ ਕਰਨ ਅਤੇ ਸੰਵਿਧਾਨ ਦੀ ਪਾਲਣਾ ਕਰਨ ਲਈ ਕਹਿ ਰਹੇ ਹਾਂ। ਉਨ੍ਹਾਂ ਕਿਹਾ ਕਿ ਕਾਰਜਕਾਰੀ ਕਮੇਟੀ ਕੋਲ ਪ੍ਰਾਪਰਟੀ ਹੋਲਡਿੰਗ ਟਰੱਸਟੀਆਂ ਨੂੰ ਹਟਾਉਣ ਜਾਂ ਨਿਯੁਕਤ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ, ਇਹ ਅਧਿਕਾਰ ਸਿਰਫ਼ ਜਨਰਲ ਬਾਡੀ ਕੋਲ ਹੈ। ਸੰਵਿਧਾਨ ਤੋਂ ਬਾਹਰ ਕੰਮ ਕਰਨ ਦੀ ਕੋਈ ਵੀ ਕੋਸ਼ਿਸ਼ ਬੇਲੋੜੀ ਉਲਝਣ ਅਤੇ ਕਾਨੂੰਨੀ



ਚੁਣੌਤੀਆਂ ਦਾ ਕਾਰਨ ਬਣਦੀ ਹੈ।

ਸ: ਬੁੱਟਰ ਨੇ ਕਿਹਾ ਕਿ ਕਮੇਟੀ ਦਾ ਫ਼ੈਸਲਾ ਸੰਵਿਧਾਨਕ ਜਾਂ ਕਾਨੂੰਨੀ ਤੌਰ ਤੇ ਠੀਕ ਨਹੀਂ ਹੈ। ਕਿਉਂਕਿ ਜੇਕਰ ਉਨ੍ਹਾਂ ਦੇ ਬਿਆਨ ਨੂੰ ਗੰਭੀਰਤਾ ਨਾਲ ਲਈਏ ਤਾਂ ਇਹ ਉਨ੍ਹਾਂ ਦੀ ਆਪਣੀ ਚੋਣ ਨੂੰ ਰੱਦ ਕਰ ਦੇਵੇਗਾ, ਕਿਉਂਕਿ ਪ੍ਰਾਪਰਟੀ ਹੋਲਡਿੰਗ ਟਰੱਸਟੀਆਂ ਨੇ ਹੀ ਚੋਣ ਪ੍ਰਕਿਰਿਆ ਦੇ ਹਰ ਪੜਾਅ ਦੀ ਨਿਗਰਾਨੀ ਕੀਤੀ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੀ ਜਿੱਤ ਹੋਈ ਹੈ। ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਕੀ ਸਭਾ ਦੀਆਂ ਜਾਇਦਾਦਾਂ ਨੂੰ ਉਨ੍ਹਾਂ ਟਰੱਸਟੀਆਂ ਦੇ ਨਾਵਾਂ 'ਤੇ ਵਾਪਸ ਰੱਖਣਾ ਪਵੇਗਾ ਜੋ ਹੁਣ ਜ਼ਿੰਦਾ ਨਹੀਂ ਹਨ। ਇੱਕ ਅਜਿਹਾ ਦ੍ਰਿਸ਼ ਜੋ ਕਲਪਨਾਤਮਕ ਹੋਣ ਦੇ ਬਾਵਜੂਦ, ਨਾ ਤਾਂ ਕਾਨੂੰਨੀ ਹੈ ਅਤੇ ਨਾ ਹੀ ਸੰਗਤ ਦੇ ਹਿੱਤ ਵਿੱਚ ਹੈ।

ਸ: ਮਨਜੀਤ ਸਿੰਘ ਬੁੱਟਰ ਨੇ ਕਿਹਾ ਕਿ ਉਹ ਇਸ ਸੰਬੰਧੀ ਪ੍ਰਬੰਧਕ ਕਮੇਟੀ ਨੂੰ ਲਿਖ ਰਹੇ ਹਨ ਅਤੇ ਕਾਨੂੰਨੀ ਸਲਾਹ ਵੀ ਲੈ ਰਹੇ ਹਨ। ਆਖਿਰ ਵਿੱਚ ਉਨ੍ਹਾਂ ਨੇ ਮੈਬਰਾਂ ਦੀਆਂ ਇੱਛਾਵਾਂ ਅਨੁਸਾਰ ਸਭਾ ਲਈ ਸੇਵਾਵਾਂ ਦੇਣ ਦੀ ਵਚਨਬੱਧਤਾ ਪ੍ਰਗਟਾਈ। ( ਇਸ ਦੇ ਸੰਬੰਧ ਵਿੱਚ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਕਿਹਾ ਕਿ ਟਰੱਸਟੀਆਂ ਦੀ ਨਿਯੁਕਤੀ ਇਸ ਤਰ੍ਹਾਂ ਰੱਦ ਕਰਨੀ ਗ਼ੈਰਕਾਨੂੰਨੀ ਅਤੇ ਗੈਰ ਸੰਵਿਧਾਨਕ ਹੈ। ਉਨ੍ਹਾਂ ਕਿਹਾ ਕਿ ਚਿੰਤਾ ਵਾਲੀ ਗੱਲ ਗੁਰਦੁਆਰਾ ਪਾਰਕ ਐਵੇਨਿਊ ਨੂੰ ਫੂਡ ਹਾਈਜੀਨ ਦੀ ਜ਼ੀਰੋ ਰੇਟਿੰਗ ਦਾ ਹੈ ਜਿਸ ਵੱਲ ਪ੍ਰਬੰਧਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਬੀਤੇ ਦਿਨੀ ਜਨਰਲ ਸਕੱਤਰ ਸ: ਸ਼ਰਨਬੀਰ ਸਿੰਘ ਸੰਘਾ ਵੱਲੋਂ ਜੋ ਸੰਗਤਾਂ ਨੂੰ ਟਰੱਸਟੀਆਂ ਦੀ ਨਿਯੁਕਤੀ ਰੱਦ ਕਰਨ ਦੇ ਫ਼ੈਸਲੇ ਬਾਰੇ ਸੰਗਤਾਂ ਨੂੰ ਸੂਚਿਤ ਕੀਤਾ ਗਿਆ ਸੀ, ਉਹ ਸਾਰੀ ਪ੍ਰਕਿਰਿਆ ਚੈਰਿਟੀ ਕਮਿਸ਼ਨ ਮੁਤਾਬਿਕ ਸੰਵਿਧਾਨ ਅਨੁਸਾਰ ਹੀ ਕੀਤੀ ਗਈ ਹੈ। ਉਨ੍ਹਾਂ ਲੰਗਰਾਂ ਦੀ ਜਾਂਚ ਬਾਰੇ ਕਿਹਾ ਕਿ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਸਭਾ ਦੀਆਂ ਚੋਣਾਂ 5 ਅਕਤੂਬਰ ਨੂੰ ਹੋਈਆਂ, 6 ਅਕਤੂਬਰ ਸ਼ਾਮ ਨੂੰ ਨਤੀਜੇ ਐਲਾਨੇ, 13 ਅਕਤੂਬਰ ਨੂੰ ਪ੍ਰਬੰਧ ਦਿੱਤਾ। ਅਤੇ 27 ਅਕਤੂਬਰ ਨੂੰ ਜਾਂਚ ਟੀਮ ਵੀ ਆ ਗਈ। ਸ: ਮੱਲੀ ਨੇ ਕਿਹਾ ਕਿ ਇਹ ਮਾਮਲਾ ਗੰਭੀਰ ਹੈ ਅਤੇ ਸੰਗਤਾਂ ਸਭ ਜਾਣਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਸੇਵਾਦਾਰਾਂ ਨਾਲ ਮਿਲ ਕੇ ਲੰਗਰਾਂ ਦੇ ਚੰਗੇ ਪ੍ਰਬੰਧਾਂ ਲਈ ਯਤਨਸ਼ੀਲ ਅਤੇ ਵਚਨਬੱਧ ਹਾਂ।

# ਬਰਤਾਨੀਆਂ ਦੀ ਸਿਆਸਤ ਵਿੱਚ ਭਾਰਤੀ ਲੋਕ 'ਰਿਫਾਰਮ ਯੂ ਕੇ' ਅਤੇ 'ਗ੍ਰੀਨ ਪਾਰਟੀ' ਵੱਲ ਵੀ ਝੁਕਾਅ ਰੱਖਣ ਲੱਗੇ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਮੁੱਖ ਦਲਾਂ ਨੂੰ ਭਾਰਤੀ ਮੂਲ ਦੇ ਨਾਗਰਿਕਾਂ ਦੀ ਵੋਟ ਨੂੰ ਹੁਣ ਪੱਕੀ ਵੋਟ ਨਹੀਂ ਸਮਝਣਾ ਚਾਹੀਦਾ ਕਿਉਂਕਿ ਰਾਜਨੀਤਕ ਬਦਲਾਵਾਂ ਕਾਰਨ ਇਹ ਮੱਤਦਾਤਾ ਬਹੁਤ ਤੇਜ਼ੀ ਨਾਲ ਦੱਖਣ ਪੰਥੀ ਦਲਾਂ ਅਤੇ ਵਾਮ ਪੰਥੀ ਦਲਾਂ ਵੱਲ ਦਿਲਚਸਪੀ ਰੱਖਣ ਲੱਗੇ ਹਨ। ਇਸ ਹਫ਼ਤੇ 'ਬ੍ਰਿਟਿਸ਼ ਭਾਰਤੀ ਜਨਗਣਨਾ 2025' ਵਿੱਚ ਇਹ ਜਾਣਕਾਰੀ ਸਾਹਮਣੇ ਆਈ ਹੈ।*

ਥਿੰਕ ਟੈਂਕ '1928 ਇੰਸਟੀਟਿਊਟ' ਦੁਆਰਾ ਕੀਤੀ ਇੱਕ ਖੋਜ ਵਿੱਚ ਪਾਇਆ ਗਿਆ ਕਿ ਵਿਰੋਧੀ ਦਲਾਂ ਵਿੱਚ ਪ੍ਰਮੁੱਖਤਾ ਨਾਲ ਅੱਗੇ ਵੱਧ ਰਹੀ ਪਾਰਟੀ 'ਰਿਫਾਰਮ ਯੂ ਕੇ' ਵੱਲ ਭਾਰਤੀ ਭਾਈਚਾਰੇ ਦਾ ਸਮਰਥਨ ਤਿੰਨ ਗੁਣਾਂ ਵੱਧ ਵੇਖਣ ਨੂੰ ਮਿਲਿਆ ਹੈ। ਉਥੇ ਹੀ ਜਲਵਾਯੂ ਪਰਿਵਰਤਨ 'ਤੇ ਕੇਂਦਰਿਤ 'ਗਰੀਨ ਪਾਰਟੀ' ਦਾ ਸਮਰਥਨ ਕਰਨ ਵਾਲੇ ਨੌਜਵਾਨ ਵਰਗ ਦੀ ਗਿਣਤੀ ਵਿੱਚ ਵੀ ਵਾਧਾ ਦੇਖਿਆ ਜਾ ਰਿਹਾ ਹੈ।ਹਾਲਾਂਕਿ ਸੱਤਾਧਾਰੀ ਲੇਬਰ ਪਾਰਟੀ ਲਈ ਬ੍ਰਿਟਿਸ਼ ਭਾਰਤੀਆਂ ਦਾ ਸਮਰਥਨ ਹੁਣ ਵੀ ਰਾਸ਼ਟਰੀ ਔਸਤ ਤੋਂ ਵੱਧ ਹੈ ਪਰ ਇਸ ਸਮਰਥਨ ਵਿੱਚ ਪਹਿਲਾਂ ਨਾਲੋਂ 13 ਪ੍ਰਤੀਸ਼ਤ ਘਟਿਆ ਹੈ।ਇਸੇ ਦੌਰਾਨ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਨੂੰ 2019 ਤੋਂ 12 ਪ੍ਰਤੀਸ਼ਤ ਦਾ ਨੁਕਸਾਨ ਹੋਇਆ ਹੈ ਜਦੋਂ ਕਿ ਲਿਬਰਲ ਡੇਮੋਕਰੇਟਸ ਨੂੰ ਭਾਰਤੀ ਭਾਈਚਾਰੇ ਦਾ ਲਗਭਗ ਨੌਂ ਪ੍ਰਤੀਸ਼ਤ ਸਮਰਥਨ ਪ੍ਰਾਪਤ ਹੈ ਅਤੇ ਇਸ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ।

'1928 ਇੰਸਟੀਟਿਊਟ' ਦੀ ਸਹਿ-ਮੁੱਖੀ ਅਤੇ ਸਹਿ-ਸੰਸਥਾਪਕ ਕਿਰਨ ਕੌਰ ਮੰਕੂ ਨੇ ਕਿਹਾ, "ਭਾਰਤੀ ਮੂਲ ਦੇ ਬ੍ਰਿਟਿਸ਼ ਨਾਗਰਿਕਾਂ ਦੇ ਵਿਚਕਾਰ ਸਿਆਸੀ ਸਮਰਥਨ ਵਿੱਚ ਸਥਿਰਤਾ ਬਣੀ ਹੈ। ਪਿਛਲੇ ਇੱਕ ਸਾਲ ਵਿੱਚ 'ਰਿਫਾਰਮ ਯੂ ਕੇ' ਪਾਰਟੀ ਦੇ ਸਮਰਥਨ ਵਿੱਚ ਤਿੰਨ ਗੁਣਾ ਵਿੱਚ ਵਾਧਾ ਹੋਇਆ ਹੈ ਅਤੇ ਇਸਦਾ ਸਮਰਥਨ 13 ਪ੍ਰਤੀਸ਼ਤ ਤਕ ਪਹੁੰਚ ਗਿਆ ਹੈ, ਜੋ ਹੁਣ 'ਗਰੀਨ ਪਾਰਟੀ' ਦੇ ਬਰਾਬਰ ਹੈ। ਲੇਬਰ ਪਾਰਟੀ ਦੇ ਸਮਰਥਨ ਵਿਚ 13 ਪ੍ਰਤੀਸ਼ਤ ਦੀ ਕਮੀ ਆਈ ਹੈ।



ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਲੱਖ ਲੱਖ ਵਧਾਈ

JSR CONTRACTS LTD T/A

JSR 247 RECOVERY

Reliable Vehicle Transport & Recovery Services – Local and Nationwide

We provide professional and efficient vehicle transport solutions tailored to your needs:



• Local and Nationwide Vehicle Transport – Single or multiple vehicles

• Trade Plate Deliveries & Collections – Fast and compliant vehicle movements

• Auction Collections & Dealership Transfers – Safe and timely service

• Transport for Non-Runners & Damaged Vehicles – Secure and careful handling

• Customer Handovers, Scheduled Deliveries, Professional presentation every time

• Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ. ਐਸ. ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।

* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੂਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।


* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com



# ਜਸਪ੍ਰੀਤ ਸਿੰਘ ਸੈਣੀ ਚੁਣੇ ਗਏ ਪੰਜਾਬ ਪ੍ਰੈਸ ਕਲੱਬ ਜਲੰਧਰ ਦੇ ਨਵੇਂ ਪ੍ਰਧਾਨ

## *ਪ੍ਰੋਗਰੈਸਿਵ ਮੀਡੀਆ ਮੰਚ ਦੀ ਵੱਡੀ ਜਿੱਤ-ਤਿੰਨ ਉਮੀਦਵਾਰ ਪਹਿਲਾਂ ਹੀ ਨਿਰਵਿਰੋਧ ਜਿੱਤੇ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਦਾਰਾ 'ਅਜੀਤ' ਦੇ ਸਮਾਚਾਰ ਸੰਪਾਦਕ ਤੇ ਪ੍ਰੋਗਰੈਸਿਵ ਮੀਡੀਆ ਮੰਚ ਦੇ ਉਮੀਦਵਾਰ ਜਸਪ੍ਰੀਤ ਸਿੰਘ ਸੈਣੀ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ ਤੇ ਦੇਰ ਸ਼ਾਮ ਨੂੰ ਉਨ੍ਹਾਂ ਚੋਣ ਅਧਿਕਾਰੀਆਂ ਡਾ. ਲਖਵਿੰਦਰ ਸਿੰਘ ਜੌਹਲ, ਡਾ. ਕਮਲੇਸ਼ ਸਿੰਘ ਦੁੱਗਲ ਤੇ ਕੁਲਦੀਪ ਸਿੰਘ ਬੇਦੀ ਅਤੇ ਸਾਬਕਾ ਪ੍ਰਧਾਨ ਸ੍ਰੀ ਸਤਨਾਮ ਸਿੰਘ ਮਾਣਕ ਦੀ ਮੌਜੂਦਗੀ 'ਚ ਕਲੱਬ ਦੇ ਪ੍ਰਧਾਨ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਜਸਪ੍ਰੀਤ ਸਿੰਘ ਸੈਣੀ ਨੇ ਅੱਜ ਹੋਈਆਂ ਚੋਣਾਂ ਦੌਰਾਨ ਆਪਣੇ ਵਿਰੋਧੀ ਉਮੀਦਵਾਰ ਨੂੰ 306 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਕਲੱਬ ਦੇ ਪ੍ਰਧਾਨ ਦੀ ਚੋਣ ਜਿੱਤੀ। ਕਲੱਬ ਦੇ ਨਵੇਂ ਚੁਣੇ ਗਏ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਨੂੰ ਕੁੱਲ ਪੋਲ ਹੋਈਆਂ 441 ਵੋਟਾਂ ਵਿਚੋਂ 348 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਦੋਵੇਂ ਉਮੀਦਵਾਰ ਤਿੰਨ ਅੰਕਾਂ ਤੱਕ ਵੀ ਨਹੀਂ ਪਹੁੰਚ ਸਕੇ ਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜਤਿੰਦਰ ਸ਼ਰਮਾ ਨੂੰ ਕੇਵਲ 42 ਤੇ ਐਸ. ਕੇ. ਸਕਸੈਨਾ ਨੂੰ 35 ਵੋਟਾਂ ਹੀ ਮਿਲੀਆਂ।


ਇੱਥੇ ਇਹ ਵੀ ਦੱਸਣਯੋਗ ਹੈ ਕਿ 61 ਵੋਟਾਂ ਰੱਦ ਹੋਈਆਂ। ਓਧਰ ਕਲੱਬ ਦੇ ਨਵੇਂ ਬਣੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਵਾਲੇ ਪ੍ਰੋਗਰੈਸਿਵ ਮੀਡੀਆ ਮੰਚ ਨੇ ਇਨ੍ਹਾਂ ਚੋਣਾਂ 'ਚ ਹੂੰਝਾ ਫੇਰ ਜਿੱਤ ਹਾਸਿਲ ਕਰਦੇ ਹੋਏ ਸਾਰੇ 9 ਅਹੁਦਿਆਂ 'ਤੇ ਕਬਜ਼ਾ ਕੀਤਾ ਹੈ। ਹਾਲਾਂਕਿ ਮੰਚ ਦੇ ਤਿੰਨ ਉਮੀਦਵਾਰ ਸ਼ਿਵ ਸ਼ਰਮਾ (ਖ਼ਜ਼ਾਨਚੀ), ਰਾਜੇਸ਼ ਥਾਪਾ (ਸੀਨੀਅਰ ਮੀਤ ਪ੍ਰਧਾਨ) ਤੇ ਤੇਜਿੰਦਰ ਕੌਰ ਥਿੰਦ (ਮੀਤ ਪ੍ਰਧਾਨ) ਪਹਿਲਾਂ ਹੀ ਨਿਰਵਿਰੋਧ ਚੋਣ ਜਿੱਤ ਚੁੱਕੇ ਹਨ, ਜਦਕਿ ਪ੍ਰਧਾਨ ਸਮੇਤ 6 ਅਹੁਦਿਆਂ ਲਈ ਹੋਈਆਂ ਚੋਣਾਂ



ਪੰਜਾਬ ਪ੍ਰੈੱਸ ਕਲੱਬ ਦੇ ਨਵੇਂ ਚੁਣੇ ਗਏ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਚੋਣ ਅਧਿਕਾਰੀ ਡਾ. ਲਖਵਿੰਦਰ ਸਿੰਘ ਜੌਹਲ, ਡਾ. ਕਮਲੇਸ਼ ਸਿੰਘ ਦੁੱਗਲ ਤੇ ਕੁਲਦੀਪ ਸਿੰਘ ਬੇਦੀ ਅਤੇ ਸਾਬਕਾ ਪਧਾਨ ਸਤਨਾਮ ਸਿੰਘ ਮਾਣਕ ਦੀ ਮੌਜੂਦੀ 'ਚ ਪ੍ਰਧਾਨ ਦਾ ਅਹੁਦਾ ਸੰਭਾਲਦੇ ਹੋਏ, ਨਾਲ ਨਵੇਂ ਚੁਣੇ ਗਏ ਅਹੁਦੇਦਾਰ ਸ਼ਿਵ ਸ਼ਰਮਾ, ਰਾਜੇਸ਼ ਥਾਪਾ, ਸੁਕਰਾਂਤ, ਪੁਨੀਤ ਸਹਿਗਲ, ਰਾਜੇਸ਼ ਯੋਗੀ, ਪਰਮਜੀਤ ਸਿੰਘ ਰੰਗਪੁਰੀ ਤੇ ਸੁਕਰਾਂਤ, ਮੈਨੇਜਰ ਜਤਿੰਦਰਪਾਲ ਸਿੰਘ।

'ਚ ਅੱਜ ਮੰਚ ਦੇ ਉਮੀਦਵਾਰ ਪੁਨੀਤ ਸਹਿਗਲ ਜਨਰਲ ਸਕੱਤਰ, ਮਨਦੀਪ ਸ਼ਰਮਾ ਤੇ ਪਰਮਜੀਤ ਸਿੰਘ ਰੰਗਪੁਰੀ ਮੀਤ ਪ੍ਰਧਾਨ, ਰਾਜੇਸ਼ ਯੋਗੀ ਸਕੱਤਰ ਤੇ ਸੁਕਰਾਂਤ ਸੰਯੁਕਤ ਸਕੱਤਰ ਚੁਣੇ ਗਏ। ਨਵੇਂ ਬਣੇ ਜਨਰਲ ਸਕੱਤਰ ਪੁਨੀਤ ਸਹਿਗਲ ਨੂੰ 348 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜਤਿੰਦਰ ਸ਼ਰਮਾ ਨੂੰ ਕੇਵਲ 77 ਵੋਟਾਂ ਹੀ ਮਿਲੀਆਂ। ਇਸੇ ਤਰ੍ਹਾਂ ਮੀਤ ਪ੍ਰਧਾਨ ਚੁਣੇ ਗਏ ਮਨਦੀਪ ਸ਼ਰਮਾ ਨੂੰ 319 ਤੇ ਪਰਮਜੀਤ ਸਿੰਘ ਨੂੰ 285 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜਤਿੰਦਰ ਕੁਮਾਰ ਸ਼ਰਮਾ ਨੂੰ 77, ਸਕੱਤਰ ਚੁਣੇ ਗਏ ਰਾਜੇਸ਼ ਸ਼ਰਮਾ ਯੋਗੀ ਨੂੰ 363 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਅਮਰਜੀਤ ਸਿੰਘ ਨੂੰ 61 ਵੋਟਾਂ ਹੀ ਮਿਲ ਸਕੀਆਂ। ਇਸੇ ਤਰ੍ਹਾਂ ਸੰਯੁਕਤ ਸਕੱਤਰ ਚੁਣੇ ਗਏ ਸੁਕਰਾਂਤ ਨੂੰ 305 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਨਰਿੰਦਰ ਗੁਪਤਾ ਨੂੰ 120 ਵੋਟਾਂ ਮਿਲੀਆਂ। ਇੱਥੇ ਦੱਸਣਯੋਗ ਹੈ ਕਿ ਪੰਜਾਬ ਪ੍ਰੈੱਸ ਕਲੱਬ ਦੀ ਪ੍ਰਧਾਨਗੀ ਲਈ ਅੱਜ ਵੋਟਾਂ ਪਾਉਣ ਦਾ ਅਮਲ ਰਿਟਰਨਿੰਗ ਅਧਿਕਾਰੀਆਂ ਡਾ. ਲਖਵਿੰਦਰ ਸਿੰਘ ਜੌਹਲ, ਡਾ. ਕਮਲੇਸ਼ ਸਿੰਘ ਦੁੱਗਲ ਤੇ ਕੁਲਦੀਪ ਸਿੰਘ ਬੇਦੀ ਦੀ ਦੇਖ ਰੇਖ ਹੇਠ ਸਵੇਰੇ 9 ਵਜੇ ਸ਼ੁਰੂ ਹੋਇਆ, ਜੋ ਬਾਅਦ ਦੁਪਹਿਰ 3 ਵਜੇ ਤੱਕ ਚੱਲ ਚੱਲਿਆ। ਦੇਰ ਸ਼ਾਮ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਚੋਣ ਅਧਿਕਾਰੀਆਂ ਵਲੋਂ ਨਤੀਜੇ ਐਲਾਨੇ ਗਏ ਤੇ ਜੇਤੂ ਉਮੀਦਵਾਰਾਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਤੋਂ ਪਹਿਲਾਂ ਕਲੱਬ ਦੇ ਮੈਂਬਰਾਂ ਵਲੋਂ ਨਤੀਜਿਆਂ ਦੀ ਕਰੀਬ ਤਿੰਨ ਘੰਟੇ ਬੇਸਬਰੀ ਨਾਲ ਉਡੀਕ ਕੀਤੀ ਗਏ ਤੇ ਜਿਉਂ ਹੀ ਪ੍ਰੋਗਰੈਸਿਵ ਮੀਡੀਆ ਮੰਚ ਦੇ ਜੇਤੂ ਉਮੀਦਵਾਰ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਹੇਠ ਕਾਨਫਰੰਸ ਹਾਲ ਤੋਂ ਬਾਹਰ ਆਏ ਤਾਂ ਉਨ੍ਹਾਂ ਦੇ ਸਮਰਥਕਾਂ ਵਲੋਂ ਉਨ੍ਹਾਂ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ ਤੇ ਢੋਲ ਦੀ ਥਾਪ 'ਤੇ ਭੰਗੜੇ ਪਾ ਕੇ ਜਿੱਤ ਦੇ ਜਸ਼ਨ ਮਨਾਏ ਗਏ। ਬਾਅਦ 'ਚ ਜੇਤੂ ਟੀਮ ਵਲੋਂ ਅਦਾਰਾ 'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨਾਲ ਵੀ ਮੁਲਾਕਾਤ ਕਰਕੇ ਉਨ੍ਹਾਂ ਕੋਲੋਂ ਆਸ਼ੀਰਵਾਦ ਲਿਆ ਗਿਆ। ਇਸ ਮੌਕੇ ਡਾ.ਹਮਦਰਦ ਨੇ ਜੇਤੂ ਟੀਮ ਨੂੰ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।


## ਡਾਇਰੈਕਟਰ ਤੇ ਐਕਟਰ ਰੀਨਰ ਦੀ ਪਤਨੀ ਸਮੇਤ ਹੱਤਿਆ, ਪੁੱਤਰ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹਸਨ ਲੜੋਆ ਬੰਗਾ)-78 ਸਾਲਾ ਹਾਲੀਵੁੱਡ ਦੇ ਡਾਇਰੈਕਟਰ ਤੇ ਐਕਟਰ ਰਾਬ ਰੀਨਰ ਦੀ ਉਸ ਦੀ 68 ਸਾਲਾ ਪਤਨੀ ਮਿਚੈਲ ਸਿੰਗਰ ਸਮੇਤ ਉਨਾਂ ਦੇ ਕੈਲੀਫੋਰਨੀਆ ਸਥਿੱਤ ਘਰ ਵਿੱਚ ਹੱਤਿਆ ਕਰ ਦੇਣ ਦੀ ਖਬਰ ਹੈ। ਲਾਸ ਏਂਜਲਸ ਪੁਲਿਸ ਵਿਭਾਗ ਦੇ ਮੁੱਖੀ ਜਿਮ ਮੈਕਡੋਨਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਤੀ ਪਤਨੀ ਦੀ ਐਤਵਾਰ ਰਾਤ ਨੂੰ ਹੱਤਿਆ ਕੀਤੀ ਗਈ ਹੈ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਹੱਤਿਆਵਾਂ ਲਈ ਮ੍ਰਿਤਕ ਜੋੜੇ ਦਾ 32 ਸਾਲਾ ਪੁੱਤਰ ਨਿਕ ਰੀਨਰ ਜਿੰਮੇਵਾਰ ਹੈ, ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਲੰਡਨ ਵਿੱਚ ਸਥਾਪਿਤ ਪਹਿਲੇ ਮਹਾਤਮਾ ਗਾਂਧੀ ਦੇ ਬੁੱਤ ਦਾ ਕਾਂਸੀ ਦਾ ਮਾਡਲ 9 ਲੱਖ ਰੁਪਏ ਤੋਂ ਵੱਧ ਦਾ ਨਿਲਾਮ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਸਭ ਤੋਂ ਪਹਿਲੇ ਸਥਾਪਿਤ ਕੀਤੇ ਗਏ ਮਹਾਤਮਾ ਗਾਂਧੀ ਦੇ ਬੁੱਤ ਦਾ ਛੋਟਾ ਕਾਂਸੀ ਦਾ ਮਾਡਲ ਲੰਡਨ ਵਿੱਚ 7,620 ਪੌਂਡ ਲੱਗਭੱਗ 9 ਲੱਖ 22 ਹਜ਼ਾਰ ਦਾ ਨਿਲਾਮ ਹੋਇਆ ਹੈ।*



ਮਹਾਤਮਾ ਗਾਂਧੀ ਦੇ ਲੰਡਨ ਵਿੱਚ ਸਥਾਪਿਤ ਬੁੱਤ ਦਾ ਕਾਂਸੀ ਦਾ ਮਾਡਲ

ਨਿਲਾਮੀਕਰਤਾ ਵੂਲੀ ਅਤੇ ਵਾਲਿਸ ਮੁਤਾਬਿਕ ਕੇਂਦਰੀ ਲੰਡਨ ਦੇ ਇੱਕ ਚੌਕ ਵਿੱਚ ਮਹਾਤਮਾ ਗਾਂਧੀ ਦੀ ਮੂਰਤੀ ਦੇ ਇਸ ਪਹਿਲੇ ਮਾਡਲ ਦੀ ਅੰਦਾਜ਼ਨ ਕੀਮਤ 6 ਤੋਂ 8 ਹਜ਼ਾਰ ਪੌਂਡ ਤੱਕ ਜਾਣ ਦੀ ਸੰਭਵਨਾ ਸੀ। ਕਾਂਸੀ ਦਾ ਬਣਿਆ ਇਹ ਮਾਡਲ ਸਿਰਫ਼ 27 ਸੈਂਟੀਮੀਟਰ (10.6 ਇੰਚ) ਉੱਚਾ ਹੈ ਅਤੇ ਇਹ 1968 ਤੋਂ ਕੇਂਦਰੀ ਲੰਡਨ ਦੇ ਕੈਮਡੇਨ ਦੇ ਟੈਵਿਸਟੌਕ ਸਕੁਏਅਰ ਵਿੱਚ ਸੁਸ਼ੋਭਿਤ ਹੈ।ਮੂਰਤੀ ਅਤੇ ਇਸਦੇ ਮਾਡਲ ਨੂੰ ਪੋਲਿਸ਼ ਮੂਰਤੀਕਾਰ ਫਰੈਡਾ ਬ੍ਰਿਲਿਅੰਟ ਦੁਆਰਾ ਬਣਾਇਆ ਗਿਆ ਸੀ। ਫਰੈਡਾ ਨੇ ਭਾਰਤੀ ਸਿਆਸਤਦਾਨ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਡਾ: ਰਾਜਿੰਦਰ ਪ੍ਰਸਾਦ, ਇੰਦਰਾ ਗਾਂਧੀ ਆਦਿ ਸਮੇਤ ਵਿਸ਼ਵ ਦੇ ਕਈ ਨੇਤਾਵਾਂ ਦੇ ਬੁੱਤ ਤਰਾਸ਼ੇ ਸਨ।


ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਲੱਖ ਲੱਖ ਵਧਾਈ

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਪੰਜਾਬ ਵਿੱਚ ਸਿੱਖ ਆਬਾਦੀ ਦਾ ਘਟਣਾ: ਇੱਕ ਬਦਲਦੀ ਜਨਸੰਖਿਆ ਦੀ ਚਿੰਤਾ

## ✪ ਅੰਕੜੇ ਡਰਾਉਂਦੇ ਨੇ: ਪੰਜਾਬ ਵਿੱਚ ਸਿੱਖ ਸਿਰਫ਼ 49%, ਹਿੰਦੂ 45.7.% ਤੇ ਮੁਸਲਿਮ 3.4 ਪ੍ਰਤੀਸ਼ਤ

## ✪ ਨੀਵੀਂ ਜਨਨ ਦਰ, ਵਿਦੇਸ਼ ਪ੍ਰਵਾਸ ਤੇ ਪੂਰਬੀ ਮਜ਼ਦੂਰਾਂ ਦੀ ਬਹੁਤਾਤ - ਤਿੰਨ ਵੱਡੇ ਕਾਰਨ

ਪੰਜਾਬ, ਜੋ ਕਿ ਦੁਨੀਆ ਦਾ ਇਕਲੌਤਾ ਸਿੱਖ ਬਹੁਗਿਣਤੀ ਵਾਲਾ ਰਾਜ ਹੈ, ਅੱਜ ਆਪਣੀ ਘੱਟ ਰਹੀ ਜਨਸੰਖਿਆ ਦੀ ਸਮਸਿਆ ਨਾਲ ਜੂਝ ਰਿਹਾ ਹੈ। 2011 ਦੀ ਜਨਗਣਨਾ ਅਨੁਸਾਰ ਸਿੱਖਾਂ ਦਾ ਹਿੱਸਾ 57.69 ਫੀਸਦੀ ਸੀ, ਪਰ ਨਵੇਂ ਅੰਕੜਿਆਂ ਅਨੁਸਾਰ ਇਹ ਹੁਣ 50 ਫੀਸਦੀ ਤੋਂ ਵੀ ਘੱਟ ਹੋ ਗਿਆ ਹੈ। ਯੂਨਾਈਟਿਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ ਪਲੱਸ (ਯੂ.ਡੀ.ਆਈ.ਐਸ.ਈ.+) ਦੀ 2023-24 ਰਿਪੋਰਟ ਵਿੱਚ ਖੁਲਾਸਾ ਹੋਇਆ ਸੀ ਕਿ 3 ਤੋਂ 7 ਸਾਲ ਦੇ ਬੱਚਿਆਂ ਵਿੱਚ ਸਿੱਖਾਂ ਦਾ ਹਿੱਸਾ ਸਿਰਫ 49 ਫੀਸਦੀ ਰਹਿ ਗਿਆ ਹੈ, ਜੋ 2011 ਵਿੱਚ 57.69 ਫੀਸਦੀ ਸੀ। ਇਸ ਤਰ੍ਹਾਂ, ਭਵਿੱਖ ਵਿੱਚ ਸਿੱਖ ਬਹੁਗਿਣਤੀ ਖਤਰੇ ਵਿੱਚ ਹੈ। ਦੂਜੇ ਪਾਸੇ, ਹਿੰਦੂ ਆਬਾਦੀ 38.49 ਫੀਸਦੀ ਤੋਂ ਵਧ ਕੇ 45.7 ਫੀਸਦੀ ਹੋ ਗਈ ਹੈ, ਜਦਕਿ ਮੁਸਲਮਾਨਾਂ ਦਾ ਹਿੱਸਾ 1.93 ਫੀਸਦੀ ਤੋਂ ਤਿੰਨ ਗੁਣਾ ਵਧ ਕੇ 3.4 ਫੀਸਦੀ ਹੋ ਗਿਆ ਹੈ। ਇਹ ਬਦਲਾਅ ਨਾ ਸਿਰਫ ਸਿੱਖ ਕੌਮ ਲਈ ਚੁਣੌਤੀ ਹੈ, ਸਗੋਂ ਪੰਜਾਬ ਦੀ ਸੱਭਿਆਚਾਰਕ ਅਤੇ ਰਾਜਨੀਤਿਕ ਵਿਰਾਸਤ ਨੂੰ ਵੀ ਖਤਰੇ ਵਿੱਚ ਪਾ ਰਿਹਾ ਹੈ।

ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ, "ਇਹ ਕੋਈ ਸਾਧਾਰਣ ਘਟਨਾ ਨਹੀਂ ਹੈ। ਇਹ ਇੱਕ ਲੰਮੇ ਸਮੇਂ ਦੀ ਪ੍ਰਕਿਰਿਆ ਹੈ ਜਿਸ ਵਿੱਚ ਨੀਵੀਂ ਜਨਨ ਦਰ, ਵਿਦੇਸ਼ਾਂ ਵੱਲ ਪ੍ਰਵਾਸ ਅਤੇ ਅੰਦਰੂਨੀ ਪ੍ਰਵਾਸੀ ਮਜ਼ਦੂਰਾਂ ਦੀ ਵਧਦੀ ਗਿਣਤੀ ਸ਼ਾਮਲ ਹੈ। ਜੇਕਰ ਹੁਣ ਵੀ ਕੋਈ ਉਪਰਾਲਾ ਨਾ ਹੋਇਆ ਤਾਂ 2050 ਤੱਕ ਪੰਜਾਬ ਵਿੱਚ ਸਿੱਖ ਘੱਟ ਗਿਣਤੀ ਬਣ ਜਾਣਗੇ।"

ਇਤਿਹਾਸਕ ਪਿਛੋਕੜ: ਪੰਜਾਬੀ ਸੂਬੇ ਦੀ ਸਿੱਖੀ ਵਿਰਾਸਤ-1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਮੁੱਖ ਤੌਰ 'ਤੇ ਸਿੱਖ ਬਹੁਗਿਣਤੀ ਵਾਲੇ ਰਾਜ ਬਣਾਉਣ ਲਈ ਹੀ ਕੀਤੀ ਗਈ ਸੀ। ਮਾਸਟਰ ਤਾਰਾ ਸਿੰਘ ਵਰਗੇ ਸਿੱਖ ਆਗੂਆਂ ਨੇ ਇਸ ਮੰਗ ਨੂੰ ਉਠਾਇਆ ਸੀ ਤਾਂ ਜੋ ਸਿੱਖ ਕੌਮ ਨੂੰ ਆਪਣਾ ਆਧਾਰ ਮਿਲ ਸਕੇ। 1971 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਸਿੱਖ 60.58 ਫੀਸਦੀ, ਹਿੰਦੂ 37.13 ਫੀਸਦੀ ਅਤੇ ਮੁਸਲਿਮ ਸਿਰਫ 0.87 ਫੀਸਦੀ ਸਨ। ਇਹ ਅੰਕੜੇ ਪੰਜਾਬ ਨੂੰ ਸਿੱਖਾਂ ਦਾ ਘਰ ਬਣਾਉਣ ਦੀ ਸਫਲਤਾ ਦੱਸਦੇ ਸਨ। ਪਰ ਇਤਿਹਾਸਕ ਤੌਰ 'ਤੇ ਆਰੀਆ ਸਮਾਜ ਅਤੇ ਜਨਸੰਘ ਵਰਗੀਆਂ ਸੰਗਠਨਾਂ ਨੇ ਪੰਜਾਬੀ ਭਾਸ਼ਾ ਨੂੰ ਹਿੰਦੀ ਨਾਲ ਜੋੜ ਕੇ ਵਿਰੋਧ ਕੀਤਾ, ਜਿਸ ਨਾਲ ਕਈ ਹਿੰਦੂ ਬਹੁਗਿਣਤੀ ਵਾਲੇ ਇਲਾਕੇ ਹਰਿਆਣਾ ਅਤੇ ਹਿਮਾਚਲ ਵਿੱਚ ਚਲੇ ਗਏ। ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਤਤਕਾਲੀ ਸਰਸੰਘ ਚਾਲਕ ਐਮ. ਐਸ. ਗੋਲਵਾਲਕਰ ਨੇ 1960 ਵਿੱਚ ਜਲੰਧਰ ਆ ਕੇ ਕਿਹਾ ਸੀ ਕਿ "ਪੰਜਾਬੀ ਹਰ ਪੰਜਾਬੀ (ਹਿੰਦੂ ਸਮੇਤ) ਦੀ ਮਾਤ ਭਾਸ਼ਾ ਹੈ।" ਪਰ ਉਨ੍ਹਾਂ ਦੀ ਸਲਾਹ ਨੂੰ ਅਣਗੌਲਿਆ ਕੀਤਾ ਗਿਆ, ਅਤੇ ਨਤੀਜਾ ਇਹ ਹੋਇਆ ਕਿ 1961 ਦੀ ਜਨਗਣਨਾ ਪੰਜਾਬ ਦੇ ਪੁਨਰਗਠਨ ਦਾ ਅਧਾਰ ਬਣੀ। ਇਸ ਤੋਂ ਬਾਅਦ 2001 ਵਿੱਚ ਸਿੱਖ 59.9 ਫੀਸਦੀ ਅਤੇ ਹਿੰਦੂ 36.94 ਫੀਸਦੀ ਹੋ ਗਏ। ਪਰ 2011 ਵਿੱਚ ਸਿੱਖਾਂ ਦਾ ਹਿੱਸਾ 2 ਫੀਸਦੀ ਘਟ ਕੇ 57.69 ਫੀਸਦੀ ਹੋ ਗਿਆ, ਜਦਕਿ ਹਿੰਦੂ 38.49 ਫੀਸਦੀ ਹੋ ਗਏ। 2021 ਦੀ ਜਨਗਣਨਾ ਅਜੇ ਨਹੀਂ ਹੋਈ, ਪਰ ਅੰਦਾਜ਼ੇ ਦੱਸਦੇ ਹਨ ਕਿ ਸਿੱਖ ਹੁਣ 50 ਫੀਸਦੀ ਤੋਂ ਘੱਟ ਹਨ। ਇਹ ਬਦਲਾਅ ਕਿਵੇਂ ਹੋਇਆ? ਇਸ ਨੂੰ ਸਮਝਣ ਲਈ ਅਸੀਂ ਕਾਰਨਾਂ ਵੱਲ ਵੇਖੀਏ।

ਸਿੱਖ ਆਬਾਦੀ ਘਟਣ ਦੇ ਕਾਰਨ : ਨੀਵੀਂ ਜਨਨ ਦਰ ਅਤੇ ਪ੍ਰਵਾਸ-ਸਿੱਖ ਆਬਾਦੀ ਦਾ ਘਟਣਾ ਮੁੱਖ ਤੌਰ 'ਤੇ ਨੀਵੀਂ ਪ੍ਰਜਨਨ ਦਰ (ਟੀ.ਐਫ.ਆਰ.) ਕਾਰਨ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ (ਐੱਨ.ਐੱਫ.ਐੱਚ.ਐੱਸ.-5, 2019-21) ਅਨੁਸਾਰ ਪੰਜਾਬ ਵਿੱਚ ਸਿੱਖਾਂ ਦੀ ਟੀ. ਐੱਫ. ਆਰ. ਸਿਰਫ 1.6 ਹੈ, ਜੋ ਰਿਪਲੇਸਮੈਂਟ ਲੈਵਲ (2.1) ਤੋਂ ਘੱਟ ਹੈ। ਇੱਕ ਔਰਤ ਜਾਂ ਦੰਪਤੀ ਔਸਤਨ 1.6 ਬੱਚੇ ਪੈਦਾ ਕਰ ਰਿਹਾ ਹੈ, ਜਦਕਿ ਆਬਾਦੀ ਨੂੰ ਸਥਿਰ ਰੱਖਣ ਲਈ 2.1 ਚਾਹੀਦਾ ਹੈ। ਦੂਜੇ ਪਾਸੇ, ਰਾਸ਼ਟਰੀ ਤੌਰ 'ਤੇ ਹਿੰਦੂਆਂ ਦੀ ਟੀ.ਐੱਫ.ਆਰ. 2.0 ਅਤੇ ਮੁਸਲਿਮਾਂ ਦੀ 2.3 ਹੈ। ਪੰਜਾਬ ਵਿੱਚ ਵੀ ਇਹ ਅੰਤਰ ਵਧ ਰਿਹਾ ਹੈ। ਪ੍ਰਵਾਸ ਵੀ ਵੱਡਾ ਕਾਰਨ ਹੈ।

ਪਿਊ ਰਿਸਰਚ ਸੈਂਟਰ ਦੀ ਰਿਪੋਰਟ ਅਨੁਸਾਰ, ਪੰਜਾਬ ਤੋਂ ਵਿਦੇਸ਼ਾਂ ਵੱਲ ਪ੍ਰਵਾਸ ਨੇ ਨੌਜਵਾਨਾਂ ਦੀ ਗਿਣਤੀ ਨੂੰ ਘਟਾਇਆ ਹੈ। ਬਹੁਤ ਸਾਰੇ ਪਿੰਡਾਂ ਵਿਚ ਨੌਜਵਾਨ ਘੱਟ ਨਜ਼ਰ ਆ ਰਹੇ ਹਨ।2024 ਵਿੱਚ ਟਾਈਮਜ਼ ਆਫ ਇੰਡੀਆ ਨੇ ਲਿਖਿਆ ਕਿ ਸਿੱਖ ਨੌਜਵਾਨਾਂ ਦਾ ਵਿਦੇਸ਼ ਜਾਣਾ ਜਨਸੰਖਿਆ ਨੂੰ ਬਦਲ ਰਿਹਾ ਹੈ। ਯੂ.ਡੀ.ਆਈ.ਐਸ.ਈ.+ ਰਿਪੋਰਟ ਵਿੱਚ ਵਿਖਾਇਆ ਗਿਆ ਹੈ ਕਿ 3 ਤੋਂ 8 ਸਾਲ ਦੇ ਸਿੱਖ ਬੱਚਿਆਂ ਵਿੱਚ 8.68 ਫੀਸਦੀ ਘਟੀ ਹੈ, ਜਦਕਿ ਹਿੰਦੂ ਬੱਚੇ 38.48 ਤੋਂ 45.7 ਫੀਸਦੀ ਹੋ ਗਏ ਹਨ।

ਅਜਿਹੇ ਹੋਰ ਕਾਰਨ ਵੀ ਹਨ: ਹਵਾ ਅਤੇ ਪਾਣੀ ਦਾ ਪ੍ਰਦੂਸ਼ਣ, ਜੋ ਸਪਰਮ ਕਾਉਂਟ ਅਤੇ ਔਰਜਨ ਰਿਜ਼ਰਵ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਵਿੱਚ ਪੈਸਟੀਸਾਈਡਾਂ ਦਾ ਵੱਧ ਵਰਤੋਂ ਹਾਰਮੋਨਲ ਅਸੰਤੁਲਨ ਪੈਦਾ ਕਰ ਰਿਹਾ ਹੈ। ਲਾਈਫਸਟਾਈਲ ਬਦਲਾਅ - ਮੋਟਾਪਾ, ਸ਼ਰਾਬ ਪੀਣਾ ਅਤੇ ਤਣਾਅ - ਵੀ ਜ਼ਿੰਮੇਵਾਰ ਹਨ। ਐੱਨ.ਐੱਫ.ਐੱਚ.ਐੱਸ. ਅਨੁਸਾਰ, ਪੰਜਾਬ ਵਿੱਚ ਥਾਇਰਾਇਡ ਅਤੇ ਡਾਇਬਟੀਜ਼ ਵਧ ਰਹੇ ਹਨ, ਜੋ ਬਾਂਝਪਣ ਨੂੰ ਵਧਾਉਂਦੇ ਹਨ।

ਹਿੰਦੂ ਅਤੇ ਮੁਸਲਿਮ ਆਬਾਦੀ ਕਿਉਂ ਵਧ ਰਹੀ ਹੈ?-ਹਿੰਦੂ ਆਬਾਦੀ ਦਾ ਵਧਣਾ ਮੁੱਖ ਤੌਰ 'ਤੇ ਉਨ੍ਹਾਂ ਦੀ ਥੋੜ੍ਹੀ ਵਧੀਆ ਜਨਨ ਦਰ ਅਤੇ ਅੰਦਰੂਨੀ ਪ੍ਰਵਾਸ ਕਾਰਨ ਹੈ। ਐੱਨ. ਐੱਫ. ਐੱਚ. ਐੱਸ.-5 ਅਨੁਸਾਰ, ਪੰਜਾਬ ਵਿੱਚ ਹਿੰਦੂਆਂ ਦੀ ਟੀ.ਐੱਫ.ਆਰ. 1.8 ਤੋਂ 2.0 ਵਿਚਕਾਰ ਹੈ, ਜੋ ਸਿੱਖਾਂ ਤੋਂ ਵਧੇਰੇ ਹੈ। ਯੂ.ਡੀ.ਆਈ.ਐੱਸ.ਈ.+ ਰਿਪੋਰਟ ਵਿੱਚ ਹਿੰਦੂ ਬੱਚਿਆਂ ਵਿੱਚ 7 ਫੀਸਦੀ ਵਾਧਾ ਵਿਖਾਇਆ ਗਿਆ ਹੈ। ਮੁਸਲਿਮ ਆਬਾਦੀ ਦਾ ਵਧਣਾ ਪੂਰਬੀ ਰਾਜਾਂ (ਬਿਹਾਰ, ਯੂ.ਪੀ.) ਤੋਂ ਪ੍ਰਵਾਸੀਆਂ ਕਾਰਨ ਹੈ। 2011 ਵਿੱਚ 1.93 ਫੀਸਦੀ ਤੋਂ ਵਧ ਕੇ 2024 ਵਿੱਚ 3.4 ਫੀਸਦੀ ਹੋ ਗਈ। ਇਹ ਪ੍ਰਵਾਸੀ ਉੱਚ ਜਨਨ ਦਰ ਵਾਲੇ ਹਨ - ਰਾਸ਼ਟਰੀ ਤੌਰ 'ਤੇ ਮੁਸਲਿਮ ਟੀ.ਐੱਫ.ਆਰ. 2.3 ਹੈ। ਪੰਜਾਬ ਟੁਡੇ ਨਿਊਜ਼ ਨੇ ਲਿਖਿਆ ਕਿ ਯੂ.ਡੀ.ਆਈ.ਐੱਸ.ਈ.+ 2023-24 ਵਿੱਚ ਮੁਸਲਿਮ ਬੱਚਿਆਂ ਦਾ ਹਿੱਸਾ 2.7 ਫੀਸਦੀ ਤੋਂ ਵਧ ਗਿਆ। ਇਹ ਲੋਕ ਅਕਸਰ ਖੇਤੀਬਾੜੀ ਅਤੇ ਨਿਰਮਾਣ ਵਿੱਚ ਕੰਮ ਕਰਦੇ ਹਨ ਅਤੇ ਰਹਿਣ ਲੱਗ ਪਏ ਹਨ। ਇਸਾਈ ਆਬਾਦੀ ਵਿੱਚ ਵਾਧਾ ਨਹੀਂ ਹੋਇਆ, ਹਾਲਾਂਕਿ ਧਰਮ ਪਰਿਵਰਤਨ ਦੀਆਂ ਖਬਰਾਂ ਹਨ। ਪਰ ਯੂ.ਡੀ.ਆਈ.ਐੱਸ.ਈ.+ ਅਨੁਸਾਰ ਇਸਾਈ ਬੱਚੇ 1.2 ਫੀਸਦੀ ਤੋਂ ਵੀ ਘੱਟ ਹਨ।

ਪ੍ਰਵਾਸੀ ਮਜ਼ਦੂਰਾਂ ਦੀ ਵਧਦੀ ਗਿਣਤੀ: ਸਿੱਖ ਬਹੁਗਿਣਤੀ ਲਈ ਚੁਣੌਤੀ-ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਵਧਣ ਨਾਲ ਜਨਸੰਖਿਆ ਵਿੱਚ ਬਦਲਾਅ ਆ ਰਿਹਾ ਹੈ। ਫਰੰਟਲਾਈਨ ਮੈਗਜ਼ੀਨ ਨੇ ਅਕਤੂਬਰ 2025 ਵਿੱਚ ਲਿਖਿਆ ਸੀ ਕਿ ਬਿਹਾਰ ਅਤੇ ਯੂ.ਪੀ. ਤੋਂ ਆਏ ਮਜ਼ਦੂਰ ਖੇਤੀ, ਨਿਰਮਾਣ ਅਤੇ ਸੇਵਾ ਖੇਤਰ ਨੂੰ ਚਲਾ ਰਹੇ ਹਨ। ਪੰਜਾਬ ਵਿੱਚ 70 ਫੀਸਦੀ ਅਣਕੁਸ਼ਲ ਮਜ਼ਦੂਰੀ ਇਨ੍ਹਾਂ ਨੇ ਭਰ ਲਈ ਹੈ। ਇਹ ਲੋਕ ਛੋਟੇ ਕਾਰੋਬਾਰ ਕਰ ਰਹੇ ਹਨ ਤੇ ਪਰਿਵਾਰ ਧੜਾਧੜ ਪੰਜਾਬ ਵਿਚ ਲਿਆ ਰਹੇ ਹਨ, ਜਿਸ ਨਾਲ ਉਹਨਾਂ ਦੀ ਆਬਾਦੀ ਵਧ ਰਹੀ ਹੈ।

ਰਿਵੀਲਰ ਮੈਗਜ਼ੀਨ ਅਨੁਸਾਰ, ਪੰਜਾਬ ਵਿੱਚ 63 ਫੀਸਦੀ ਪ੍ਰਵਾਸੀ ਮਜ਼ਦੂਰ ਰੁਪਏ 20,000 ਤੋਂ 50,000 ਕਮਾਉਂਦੇ ਹਨ, ਪਰ ਉਹਨਾਂ ਦੀ ਜਨਨ ਦਰ ਉੱਚੀ ਹੈ। ਇਹ ਚੁਣੌਤੀ ਹੈ ਕਿਉਂਕਿ ਸਿੱਖ ਨੌਜਵਾਨ ਇਨ੍ਹਾਂ ਨੌਕਰੀਆਂ ਨੂੰ ਨਹੀਂ ਕਰਨਾ ਚਾਹੁੰਦੇ ਅਤੇ ਵਿਦੇਸ਼ ਜਾਂਦੇ ਹਨ। ਨਤੀਜਾ, ਸ਼ਹਿਰਾਂ ਵਿੱਚ "ਭਈਆਂ" ਦੀ ਵਧਦੀ ਹੋਂਦ ਨਾਲ ਸੱਭਿਆਚਾਰਕ ਤਣਾਅ ਵਧ ਰਿਹਾ ਹੈ। ਇਹ ਪ੍ਰਵਾਸੀ ਆਰਥਿਕ ਤੌਰ 'ਤੇ ਪੰਜਾਬ ਲਈ ਲਾਭਕਾਰੀ ਹਨ, ਪਰ ਜਨਸੰਖਿਆ ਨੂੰ ਬਦਲ ਰਹੇ ਹਨ। ਪੰਜਾਬ ਟੁਡੇ ਨੇ ਲਿਖਿਆ ਕਿ ਇਹ ਚੁੱਪਚਾਪ ਡੈਮੋਗ੍ਰਾਫਿਕ ਬਦਲਾਅ ਨਾਲ ਉੱਤਰੀ ਭਾਰਤ ਨੂੰ ਨਵਾਂ ਰੂਪ ਦੇ ਰਹੇ ਹਨ।

### ਭਵਿੱਖ ਲਈ ਕਾਰਵਾਈ ਦੀ ਲੋੜ

ਪੰਜਾਬ ਦੀ ਲੋਕਸੰਖਿਆ ਬਦਲਾਅ ਸਿਰਫ ਅੰਕੜੇ ਨਹੀਂ, ਸਗੋਂ ਇੱਕ ਕੌਮੀ ਸੰਕਟ ਹੈ। ਏਸ਼ੀਆ ਸਮਾਚਾਰ ਨੇ ਦਸੰਬਰ 2024 ਵਿੱਚ ਲਿਖਿਆ ਕਿ 2025-26 ਦੀ ਜਨਗਣਨਾ ਵਿੱਚ ਸਿੱਖਾਂ ਦਾ ਹਿੱਸਾ ਹੋਰ ਘਟੇਗਾ। ਜੇਕਰ ਸਿੱਖ ਰਹਿਨੁਮਾ ਅਤੇ ਭਾਈਚਾਰਾ ਏਕਤਾ ਨਾਲ ਨਹੀਂ ਉੱਠੇ ਤਾਂ ਪੰਜਾਬੀ ਸੂਬੇ ਦੀ ਸਿੱਖੀ ਵਿਰਾਸਤ ਖਤਮ ਹੋ ਜਾਵੇਗੀ। ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਆਖਦੇ ਹਨ ਕਿ ਪਰਿਵਾਰ ਵਧਾਓ, ਸਿੱਖੀ ਨੂੰ ਅਪਨਾਓ, ਕਿਰਦਾਰ ਗੁਰਮਤਿ ਅਨੁਸਾਰ ਰਖੋ ਅਤੇ ਪੰਜਾਬ ਨੂੰ ਮਜ਼ਬੂਤ ਬਣਾਓ। ਇਹ ਸਮਾਂ ਚਿੰਤਾ ਕਰਨ ਦਾ ਨਹੀਂ, ਕਾਰਵਾਈ ਕਰਨ ਦਾ ਹੈ। ਜੇਕਰ ਅਸੀਂ ਹੁਣ ਨਹੀਂ ਜਾਗੇ ਤਾਂ ਭਵਿੱਖ ਵਿੱਚ ਕੋਈ ਖੇਤਰ ਨਹੀਂ ਰਹੇਗਾ ਜਿੱਥੇ ਸਿੱਖ ਬਹੁਗਿਣਤੀ ਹੋਵੇ। ਚੜ੍ਹਦੀ ਕਲਾ ਵਿੱਚ ਰਹਿਣ ਲਈ, ਸਾਨੂੰ ਨਵੀਂ ਪੀੜ੍ਹੀ ਨੂੰ ਵਧਾਉਣਾ ਪਵੇਗਾ।

## ਸਿੱਖ ਬੁੱਧੀਜੀਵੀ ਕੀ ਕਹਿੰਦੇ ਹਨ: ਨੀਤੀਆਂ ਅਤੇ ਸੁਝਾਅ

ਸਿੱਖ ਬੁੱਧੀਜੀਵੀਆਂ ਵਿੱਚ ਚਿੰਤਾ ਹੈ ਅਤੇ ਉਹ ਸਪੱਸ਼ਟ ਨੀਤੀਆਂ ਦੀ ਮੰਗ ਕਰ ਰਹੇ ਹਨ। ਪੱਤਰਕਾਰ ਬਘੇਲ ਸਿੰਘ ਧਾਲੀਵਾਲ ਨੇ ਲਿਖਿਆ, "ਸਿੱਖ ਆਬਾਦੀ ਘਟਣ ਨਾਲ ਸਾਡੀ ਸੰਸਥਾਗਤ ਸ਼ਕਤੀ ਘੱਟ ਰਹੀ ਹੈ। ਇਹ ਡੈਮੋਗ੍ਰਾਫਿਕ ਬਦਲਾਅ ਨਾਲ ਭਵਿੱਖ ਖਤਰੇ ਵਿੱਚ ਹੈ।" ਉਹਨਾਂ ਨੇ ਵਿਦੇਸ਼ੀ ਪ੍ਰਵਾਸ ਅਤੇ ਪ੍ਰਵਾਸੀ ਮਜ਼ਦੂਰਾਂ ਦੀ ਪੰਜਾਬ ਵਿਚ ਵਧ ਰਹੀ ਗਿਣਤੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਡਾ. ਕੇ. ਬੀ. ਐੱਸ. ਸਿੱਧੂ, ਜੋ ਸਬਸਟੈਕ ਤੇ ਲਿਖਦੇ ਹਨ, ਕਹਿੰਦੇ ਹਨ, "ਸਿੱਖਾਂ ਨੂੰ ਆਪਣੀ ਪਛਾਣ ਨੂੰ ਮਜ਼ਬੂਤ ਕਰਨ ਲਈ ਲੀਡਰਸ਼ਿਪ ਚਾਹੀਦੀ ਹੈ। ਨੀਵੀਂ ਜਨਨ ਦਰ ਅਤੇ ਪ੍ਰਵਾਸ ਨੂੰ ਰੋਕਣ ਲਈ ਸਿੱਖ ਫੈਮਿਲੀਆਂ ਨੂੰ 2-3 ਬੱਚਿਆਂ ਦੀ ਨੀਤੀ ਅਪਨਾਉਣੀ ਚਾਹੀਦੀ ਹੈ।" ਉਹ ਸਿੱਖ ਇੰਸਟੀਚਿਊਟਸ ਨੂੰ ਮਜ਼ਬੂਤ ਕਰਨ ਅਤੇ ਸਿੱਖੀ ਪਛਾਣ ਨੂੰ ਬਚਾਉਣ ਦੀ ਗੱਲ ਕਰਦੇ ਹਨ।

ਸਾਬਕਾ ਅਕਾਲ ਤਖ਼ਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ 2020 ਵਿੱਚ ਤੇ ਹੁਣ ਐਕਟਿੰਗ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਸੰਦੇਸ਼ ਵਿੱਚ ਕਿਹਾ ਸੀ ਕਿ "ਕੌਮ ਨੂੰ ਆਬਾਦੀ ਘਟਣ ਤੋਂ ਸੁਚੇਤ ਹੋਣਾ ਚਾਹੀਦਾ ਹੈ। ਚੰਗੀ ਆਰਥਿਕ ਹਾਲਤ ਵਾਲੇ ਘਰਾਂ ਨੂੰ 3 ਬੱਚੇ ਅਤੇ ਆਮ ਘਰਾਂ ਨੂੰ 2 ਬੱਚੇ ਪੈਦਾ ਕਰਨੇ ਚਾਹੀਦੇ ਹਨ।" ਇਹ ਸੁਝਾਅ ਅੱਜ ਵੀ ਪ੍ਰਸੰਗਿਕ ਹੈ।

ਸਿੱਖ ਚਿੰਤਕ ਡਾਕਟਰ ਸਵਰਾਜ ਸਿੰਘ ਨੇ ਕਿਹਾ ਕਿ, "ਡੈਮੋਗ੍ਰਾਫਿਕ ਡਿਕਲਾਈਨ ਨੂੰ ਰੋਕਣ ਲਈ ਸਿੱਖਾਂ ਨੂੰ ਕਿਰਦਾਰ, ਐਜੂਕੇਸ਼ਨ ਅਤੇ ਹੈਲਥਕੇਅਰ ਤੇ ਜਨਸੰਖਿਆ ਵਲ ਧਿਆਨ ਦੇਣਾ ਚਾਹੀਦਾ ਹੈ। ਦਿਹਾਤੀ ਅਰਥਵਿਵਸਥਾ ਨੂੰ ਮਜ਼ਬੂਤ ਕਰੋ ਅਤੇ ਪ੍ਰਵਾਸ ਨੂੰ ਰੋਕੋ।

# ਜਰਮਨ ਚਰਚਾਂ ਵਿੱਚ ਬੱਚਿਆਂ ਨਾਲ ਦਹਾਕਿਆਂ ਤੱਕ ਦੁਰਵਿਹਾਰ

**✪ ਪਾਸਾਊ ਚਰਚ ਵਿੱਚ 700 ਬੱਚਿਆਂ ਨਾਲ ਦੁਰਵਿਹਾਰ ਦੇ ਵੱਡੇ ਸੈਕੰਡਲ ਦਾ ਪਰਦਾਫਾਸ਼ ✪ 77 ਸਾਲਾਂ ਤੱਕ ਚੱਲਿਆ ਪਾਦਰੀਆਂ ਦਾ ਜ਼ੁਲਮ: 154 ਤੇ ਇਲਜ਼ਾਮ ਲਗੇ ✪ ਬਿਸ਼ਪ ਨੇ ਮੰਨੀ ਵੱਡੀ ਗਲਤੀ, ਵਿਸ਼ਵ ਭਰ ਵਿੱਚ ਗੁੱਸਾ ਅਤੇ ਸ਼ਰਮਿੰਦਗੀ**



ਜਰਮਨੀ ਦੇ ਬਵੇਰੀਆ ਪ੍ਰਾਂਤ ਵਿੱਚ ਸਥਿਤ ਪਾਸਾਊ ਡਾਇਓਸੀਸ ਵਿੱਚ ਇੱਕ ਵੱਡਾ ਖੁਲਾਸਾ ਹੋਇਆ ਹੈ। ਇੱਕ ਨਵੀਂ ਰਿਪੋਰਟ ਵਿੱਚ ਪਤਾ ਲੱਗਾ ਹੈ ਕਿ 1945 ਤੋਂ 2022 ਤੱਕ ਲਗਭਗ 700 ਬੱਚੇ ਅਤੇ ਕਿਸ਼ੋਰ ਕੈਥੋਲਿਕ ਚਰਚ ਦੇ ਪਾਦਰੀਆਂ ਵੱਲੋਂ ਯੌਨ ਸ਼ੋਸ਼ਣ ਅਤੇ ਹਿੰਸਾ ਦਾ ਸ਼ਿਕਾਰ ਹੋਏ ਹਨ। ਇਹ ਰਿਪੋਰਟ ਪਾਸਾਊ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਤਿਆਰ ਕੀਤੀ ਹੈ ਅਤੇ ਇਸ ਵਿੱਚ ਚਰਚ ਵਿੱਚ ਦਹਾਕਿਆਂ ਤੱਕ ਚੱਲੀ ਸੰਸਥਾਗਤ ਨਾਕਾਮੀ ਅਤੇ ਦਬਾਅ ਵਾਲੀ ਸੰਸਕ੍ਰਿਤੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਹ ਖਬਰ ਨਾ ਸਿਰਫ ਜਰਮਨੀ ਵਿੱਚ ਹਲਚਲ ਮਚਾ ਰਹੀ ਹੈ ਬਲਕਿ ਵਿਸ਼ਵ ਭਰ ਵਿੱਚ ਚਰਚ ਦੀ ਵਿਸ਼ਵਾਸਯੋਗਤਾ ਉਪਰ ਸਵਾਲ ਖੜ੍ਹੇ ਕਰ ਰਹੀ ਹੈ। ਇਸ ਰਿਪੋਰਟ ਨੇ ਫਿਰ ਤੋਂ ਉਸ ਵੱਡੇ ਸਵਾਲ ਨੂੰ ਜਨਮ ਦਿੱਤਾ ਹੈ ਕਿ ਜਰਮਨ ਚਰਚਾਂ ਨੇ ਦਹਾਕਿਆਂ ਤੱਕ ਨਾਬਾਲਗਾਂ ਨਾਲ ਦੁਰਵਿਹਾਰ ਕਿਉਂ ਕੀਤਾ?

ਇਸ 400 ਪੰਨਿਆਂ ਵਾਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਘੱਟੋ-ਘੱਟ 154 ਕੈਥੋਲਿਕ ਪਾਦਰੀਆਂ ਨੇ ਨਾਬਾਲਗਾਂ ਨਾਲ ਯੌਨ ਸ਼ੋਸ਼ਣ, ਸਰੀਰਕ ਹਿੰਸਾ ਜਾਂ ਦੋਵੇਂ ਕੀਤੇ ਹਨ। ਜ਼ਿਆਦਾਤਰ ਪੀੜਤ ਲੜਕੇ ਸਨ। ਖੋਜਕਰਤਾਵਾਂ ਨੇ ਕਿਹਾ ਹੈ ਕਿ ਅਸਲੀ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ ਕਿਉਂਕਿ ਬਹੁਤ ਸਾਰੇ ਮਾਮਲੇ ਰਿਪੋਰਟ ਨਹੀਂ ਹੋਏ। ਰਿਪੋਰਟ ਵਿੱਚ 672 ਤੋਂ ਵੱਧ ਬੱਚੇ ਅਤੇ ਕਿਸ਼ੋਰਾਂ ਨੂੰ ਪੀੜਤ ਦੱਸਿਆ ਗਿਆ ਹੈ ਜੋ ਕੈਥੋਲਿਕ ਬੋਰਡਿੰਗ ਸਕੂਲਾਂ, ਹੋਸਟਲਾਂ, ਧਾਰਮਿਕ ਸਿੱਖਿਆ ਕਲਾਸਾਂ ਅਤੇ ਆਲਟਰ ਸੇਵਾ ਦੌਰਾਨ ਸ਼ੋਸ਼ਣ ਦਾ ਸ਼ਿਕਾਰ ਹੋਏ ਹਨ। ਕਈ ਮਾਮਲਿਆਂ ਵਿੱਚ ਸਿਰ਼ਫ "ਬੱਚਿਆਂ ਦੇ ਗਰੁੱਪ" ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨੂੰ ਕਿਸੇ ਪਾਦਰੀ ਨੇ ਕਲਾਸ ਦੀ ਪ੍ਰੈਕਟਿਸ ਵਿੱਚ ਸ਼ੋਸ਼ਣ ਕੀਤਾ। ਇਸ ਕਰਕੇ ਅਸਲੀ ਪੀੜਤਾਂ ਦੀ ਗਿਣਤੀ ਪੱਕੀ ਨਾਲ ਨਹੀਂ ਦੱਸੀ ਜਾ ਸਕਦੀ।

ਰਿਪੋਰਟ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਪਾਸਾਊ ਡਾਇਓਸੀਸ ਵਿੱਚ 1945 ਤੋਂ 2022 ਤੱਕ ਸੇਵਾ ਕਰਨ ਵਾਲੇ ਲਗਭਗ 2,400 ਪਾਦਰੀਆਂ ਵਿੱਚੋਂ 6.4 ਪ੍ਰਤੀਸ਼ਤ ਤੇ ਨਾਬਾਲਗਾਂ ਨਾਲ ਦੁਰਵਿਹਾਰ ਦਾ ਸ਼ੱਕ ਹੈ। ਇਨ੍ਹਾਂ ਵਿੱਚੋਂ 128 ਪਾਦਰੀਆਂ ਤੇ ਸਿੱਧੇ ਯੌਨ ਸ਼ੋਸ਼ਣ ਦੇ ਇਲਜ਼ਾਮ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 86 ਪ੍ਰਤੀਸ਼ਤ ਸ਼ੱਕੀ ਪਾਦਰੀ ਅਜਿਹੇ ਸਨ ਜਿਨ੍ਹਾਂ ਨੇ ਇਹ ਕੰਮ ਪਹਿਲੀ ਵਾਰ ਨਹੀਂ ਕੀਤਾ ਸੀ। ਉਹ ਵਾਰ-ਵਾਰ ਅਜਿਹਾ ਕਰਦੇ ਰਹੇ। ਇਹ ਤਿੰਨ ਸਾਲਾਂ ਦੀ ਖੋਜ ਹੈ ਜਿਸ ਨੂੰ ਪਾਸਾਊ ਯੂਨੀਵਰਸਿਟੀ ਦੀ ਟੀਮ ਨੇ ਪੂਰਾ ਕੀਤਾ। ਖੋਜ ਦੇ ਮੁਖੀ ਮਾਰਕ ਫੌਨ ਕਲੌਰਿੰਗ ਨੇ ਕਿਹਾ, "ਜੋ ਵੀ ਹੋਇਆ ਉਹ ਕਦੇ ਨਹੀਂ ਹੋਣਾ ਚਾਹੀਦਾ ਸੀ। ਪੀੜਤਾਂ ਉਪਰ ਇਸ ਦਾ ਬੁਰਾ ਅਸਰ ਪੂਰੀ ਜ਼ਿੰਦਗੀ ਰਹਿੰਦਾ ਹੈ।" ਪਾਸਾਊ ਦੇ ਬਿਸ਼ਪ ਸਟੀਫਨ ਓਸਟਰ ਨੇ ਰਿਪੋਰਟ ਤੇ ਪ੍ਰਤੀਕਿਰਿਆ ਦਿੰਦੇ ਹੋਏ ਇਸ ਨੂੰ ਚਰਚ ਦੀ "ਵੱਡੀ ਨਾਕਾਮੀ" ਦੱਸਿਆ ਅਤੇ ਕਿਹਾ, "ਮੈਂ ਸਿਰ਼ਫ ਮੁਆ਼ਫੀ ਮੰਗ ਸਕਦਾ ਹਾਂ ਅਤੇ ਚੁੱਪੀ ਵਾਲੀ ਸੰਸਕ੍ਰਿਤੀ ਨੂੰ ਬਦਲਣ ਦੀ ਜ਼ਰੂਰਤ ਹੈ।"

ਇਹ ਘਟਨਾ ਜਰਮਨੀ ਵਿੱਚ ਚਰਚ ਨਾਲ ਜੁੜੇ ਦੁਰਵਿਹਾਰ ਦੇ ਵੱਡੇ ਸਕੈਂਡਲਾਂ ਦੀ ਇੱਕ ਕੜੀ ਹੈ। 2018 ਵਿੱਚ ਇੱਕ ਰਾਸ਼ਟਰੀ ਪੱਧਰ ਦੀ ਵੱਡੇ ਅਧਿਐਨ ਨੇ ਜਰਮਨੀ ਭਰ ਵਿੱਚ ਕੈਥੋਲਿਕ ਚਰਚਾਂ ਵਿੱਚ ਹਜ਼ਾਰਾਂ ਯੌਨ ਸ਼ੋਸ਼ਣ ਦੇ ਮਾਮਲੇ ਖੋਲ੍ਹੇ ਸਨ। ਉਸ ਅਧਿਐਨ ਵਿੱਚ 1946 ਤੋਂ 2014 ਤੱਕ 3,677 ਮਾਮਲੇ ਸਾਹਮਣੇ ਆਏ ਸਨ ਜਿਨ੍ਹਾਂ ਨੇ ਚਰਚ ਦੀ ਵਿਸ਼ਵਾਸਯੋਗਤਾ ਨੂੰ ਵੱਡਾ ਝਟਕਾ ਦਿੱਤਾ ਸੀ।

ਹੁਣ ਸਵਾਲ ਇਹ ਹੈ ਕਿ ਜਰਮਨ ਚਰਚਾਂ ਨੇ ਦਹਾਕਿਆਂ ਤੱਕ ਨਾਬਾਲਗਾਂ ਨਾਲ ਅਜਿਹਾ ਦੁਰਵਿਹਾਰ ਕਿਉਂ ਕੀਤਾ? ਰਿਪੋਰਟ ਅਤੇ ਪਿਛਲੇ ਅਧਿਐਨਾਂ ਵਿੱਚ ਇਸ ਦੇ ਕਈ ਕਾਰਨ ਦੱਸੇ ਗਏ ਹਨ। ਪਹਿਲਾ ਵੱਡਾ ਕਾਰਨ ਚਰਚ ਵਿੱਚ ਚੱਲੀ ਚੁੱਪੀ ਅਤੇ ਦਬਾਅ ਵਾਲੀ ਸੰਸਕ੍ਰਿਤੀ ਹੈ। ਪਾਦਰੀਆਂ ਨੂੰ ਬਹੁਤ ਤਾਕਤ ਅਤੇ ਅਧਿਕਾਰ ਮਿਲਿਆ ਹੁੰਦਾ ਹੈ ਅਤੇ ਉਹਨਾਂ ਨੂੰ ਚੁਣੌਤੀ ਦੇਣਾ ਮੁਸ਼ਕਲ ਹੁੰਦਾ ਹੈ। ਬਹੁਤ ਵਾਰ ਪੀੜਤਾਂ ਨੂੰ ਚੁੱਪ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ ਜਾਂ ਉਹਨਾਂ ਨੂੰ ਨਹੀਂ ਮੰਨਿਆ ਜਾਂਦਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚਰਚ ਨੇ ਅਕਸਰ ਗਲਤੀਆਂ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਅਤੇ ਪਾਦਰੀਆਂ ਨੂੰ ਸਜ਼ਾ ਦੇਣ ਦੀ ਬਜਾਏ ਨਵੇਂ ਥਾਂ ਭੇਜ ਦਿੱਤਾ ਜਾਂਦਾ ਸੀ ਜਿੱਥੇ ਉਹ ਫਿਰ ਅਜਿਹਾ ਕਰਦੇ ਰਹਿੰਦੇ ਸਨ। ਇਹ ਸੰਸਥਾਗਤ ਨਾਕਾਮੀ ਹੈ ਜਿੱਥੇ ਤਾਕਤ ਵਾਲੇ ਲੋਕ ਆਪਣੇ ਗਲਤ ਕੰਮਾਂ ਨੂੰ ਲੁਕਾਉਂਦੇ ਰਹੇ। ਖੋਜਕਰਤਾਵਾਂ ਨੇ ਇਹ ਵੀ ਕਿਹਾ ਹੈ ਕਿ ਚਰਚ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਕੋਈ ਮਜ਼ਬੂਤ ਨਿਯਮ ਨਹੀਂ ਸਨ ਅਤੇ ਰਿਪੋਰਟਿੰਗ ਸਿਸਟਮ ਵੀ ਕਮਜ਼ੋਰ ਸੀ। ਇਹ ਸਭ ਕਾਰਨ ਮਿਲ ਕੇ ਦਹਾਕਿਆਂ ਤੱਕ ਅਜਿਹੇ ਕੰਮਾਂ ਨੂੰ ਚੱਲਣ ਦਿੱਤਾ।

ਕੌਣ ਜ਼ਿੰਮੇਵਾਰ ਹੈ? ਰਿਪੋਰਟ ਵਿੱਚ ਸਿੱਧੇ ਤੌਰ ਤੇ 154 ਪਾਦਰੀਆਂ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ ਜਿਨ੍ਹਾਂ ਨੇ ਯੌਨ ਸ਼ੋਸ਼ਣ ਅਤੇ ਹਿੰਸਾ ਕੀਤੀ। ਪਰ ਇਹ ਸਿਰ਼ਫ ਉਹ ਨਹੀਂ ਹਨ। ਚਰਚ ਦੇ ਉੱਚ ਅਧਿਕਾਰੀ ਜਿਵੇਂ ਬਿਸ਼ਪ ਅਤੇ ਆਰਚਬਿਸ਼ਪ ਵੀ ਜ਼ਿੰਮੇਵਾਰ ਹਨ ਕਿਉਂਕਿ ਉਹਨਾਂ ਨੇ ਇਹਨਾਂ ਮਾਮਲਿਆਂ ਨੂੰ ਢੱਕਿਆ ਅਤੇ ਪਾਦਰੀਆਂ ਨੂੰ ਸਜ਼ਾ ਨਹੀਂ ਦਿੱਤੀ। ਉਦਾਹਰਨ ਵਜੋਂ, ਪਿਛਲੇ ਸਕੈਂਡਲਾਂ ਵਿੱਚ ਜਰਮਨੀ ਦੇ ਕਈ ਬਿਸ਼ਪਾਂ ਤੇ ਇਲਜ਼ਾਮ ਲੱਗੇ ਹਨ ਕਿ ਉਹਨਾਂ ਨੇ ਪੀੜਤਾਂ ਨੂੰ ਨਹੀਂ ਸੁਣਿਆ ਅਤੇ ਤਾਕਤ ਵਾਲੇ ਪਾਦਰੀਆਂ ਨੂੰ ਬਚਾਇਆ। ਪਾਸਾਊ ਵਿੱਚ ਵੀ ਰਿਪੋਰਟ ਨੇ ਕਿਹਾ ਹੈ ਕਿ ਚਰਚ ਅਧਿਕਾਰੀਆਂ ਅਤੇ ਗੈਰ-ਚਰਚ ਵਾਲੇ ਵਿਅਕਤੀਆਂ ਨੇ ਵੀ ਗਲਤੀਆਂ ਕੀਤੀਆਂ। ਵੈਟੀਕਨ ਅਤੇ ਪੋਪ ਵੀ ਅਸਿੱਧੇ ਤੌਰ ਤੇ ਜ਼ਿੰਮੇਵਾਰ ਮੰਨੇ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਪਿਛਲੇ ਸਾਲਾਂ ਵਿੱਚ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਪਰ ਤੇਜ਼ੀ ਨਾਲ ਕਾਰਵਾਈ ਨਹੀਂ ਕੀਤੀ ਗਈ। ਉਦਾਹਰਨ ਵਜੋਂ, 2010 ਵਿੱਚ ਇੱਕ ਮਾਮਲੇ ਵਿੱਚ ਪੀੜਤਾਂ ਨੇ ਪੋਪ ਨੂੰ ਸ਼ਿਕਾਇਤ ਕੀਤੀ ਪਰ ਕੁਝ ਨਹੀਂ ਹੋਇਆ।

## ਕੀ ਕਾਰਵਾਈ ਹੋਈ ਹੈ?

ਰਿਪੋਰਟ ਆਉਣ ਤੋਂ ਬਾਅਦ ਬਿਸ਼ਪ ਓਸਟਰ ਨੇ ਮੁਆ਼ਫੀ ਮੰਗੀ ਅਤੇ ਚਰਚ ਵਿੱਚ ਸੰਸਕ੍ਰਿਤੀ ਬਦਲਾਵ ਦੀ ਗੱਲ ਕੀਤੀ। ਚਰਚ ਨੇ ਹੁਣ ਬੱਚਿਆਂ ਦੀ ਸੁਰੱਖਿਆ ਲਈ ਨਵੇਂ ਨਿਯਮ ਬਣਾਏ ਹਨ ਜਿਵੇਂ ਸ਼ਖ਼ਤ ਸਿਖਲਾਈ ਅਤੇ ਰਿਪੋਰਟਿੰਗ ਸਿਸਟਮ। ਜਰਮਨੀ ਵਿੱਚ ਪੁਲਿਸ ਅਤੇ ਅਦਾਲਤਾਂ ਨੇ ਕਈ ਮਾਮਲਿਆਂ ਵਿੱਚ ਜਾਂਚ ਸ਼ੁਰੂ ਕੀਤੀ ਹੈ ਅਤੇ ਕੁਝ ਪਾਦਰੀਆਂ ਨੂੰ ਸਜ਼ਾ ਵੀ ਹੋਈ ਹੈ। ਉਦਾਹਰਨ ਵਜੋਂ, ਇੱਕ ਮਾਮਲੇ ਵਿੱਚ ਇੱਕ ਪਾਦਰੀ ਨੂੰ 7 ਸਾਲਾਂ ਦੀ ਜੇਲ੍ਹ ਹੋਈ ਪਰ ਚਰਚ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। 2018 ਦੀ ਰਾਸ਼ਟਰੀ ਰਿਪੋਰਟ ਤੋਂ ਬਾਅਦ ਚਰਚ ਨੇ ਵੱਡੇ ਪੱਧਰ ਤੇ ਜਾਂਚਾਂ ਸ਼ੁਰੂ ਕੀਤੀਆਂ ਅਤੇ ਕਈ ਬਿਸ਼ਪਾਂ ਨੂੰ ਅਸਤੀਫਾ ਦੇਣਾ ਪਿਆ। ਪਰ ਬਹੁਤੇ ਲੋਕ ਮੰਨਦੇ ਹਨ ਕਿ ਅਜੇ ਵੀ ਵੱਡੇ ਸੁਧਾਰਾਂ ਦੀ ਜ਼ਰੂਰਤ ਹੈ ਜਿਵੇਂ ਵੈਟੀਕਨ ਵੱਲੋਂ ਵੱਧ ਨਿਗਰਾਨੀ ਅਤੇ ਪੀੜਤਾਂ ਨੂੰ ਮੁਆਵਜ਼ਾ।

## ਵਿਸ਼ਵ ਵਿੱਚ ਇਸ ਰਿਪੋਰਟ ਤੇ ਕੀ ਪ੍ਰਤੀਕਿਰਿਆ ਹੈ?

ਵਿਸ਼ਵ ਅਖਬਾਰਾਂ ਨੇ ਇਸ ਨੂੰ ਵੱਡੇ ਪੱਧਰ ਤੇ ਕਵਰ ਕੀਤਾ ਹੈ। ਡੀਪੀਏ ਨਿਊਜ਼ ਏਜੰਸੀ ਨੇ ਲਿਖਿਆ, "ਪਾਸਾਊ ਡਾਇਓਸੀਸ ਵਿੱਚ 700 ਬੱਚੇ ਸ਼ੋਸ਼ਣ ਦਾ ਸ਼ਿਕਾਰ ਹੋਏ, ਇਹ ਚਰਚ ਦੀ ਵੱਡੀ ਨਾਕਾਮੀ ਹੈ।" ਸਪੀਗਲ ਮੈਗਜ਼ੀਨ ਨੇ ਕਿਹਾ, "ਸੈਂਕੜੇ ਮਾਮਲੇ ਸਾਹਮਣੇ ਆਏ ਹਨ ਅਤੇ ਇਹ ਚਰਚ ਵਿੱਚ ਸੈਕੰਡਲਾਂ ਨੂੰ ਦਬਾਉਣ ਦੀ ਰੁਚੀ ਤੇ ਚੁੱਪੀ ਨੂੰ ਦਰਸਾਉਂਦੇ ਹਨ।" ਰੈਲੀਜਨ ਡਿਜੀਟਲ ਨੇ ਬਿਸ਼ਪ ਦੇ ਬਿਆਨ ਨੂੰ ਹਾਈਲਾਈਟ ਕੀਤਾ, "ਸਿਰ਼ਫ ਮੁਆ਼ਫੀ ਮੰਗੀ ਜਾ ਸਕਦੀ ਹੈ।"

ਲੋਕਾਂ ਦੀ ਪ੍ਰਤੀਕਿਰਿਆ ਵੀ ਤਿੱਖੀ ਹੈ। ਸੋਸ਼ਲ ਮੀਡੀਆ ਐਕਸ ਤੇ ਬਹੁਤ ਸਾਰੀਆਂ ਪੋਸਟਾਂ ਆਈਆਂ ਹਨ। ਟੌਮੀ ਰਿਚਰਡਜ਼ ਨੇ ਲਿਖਿਆ, "ਇਹ 77 ਸਾਲਾਂ ਦੀ ਲੁਕੀ ਵਹਿਸ਼ਤ ਹੈ, 700 ਪੀੜਤ ਅਤੇ 154 ਦੋਸ਼ੀ।"

ਵਿਸ਼ਵ ਭਰ ਵਿੱਚ ਲੋਕ ਚਰਚ ਨੂੰ ਵੱਧ ਪਾਰਦਰਸ਼ੀ ਅਤੇ ਜ਼ਿੰਮੇਵਾਰ ਬਣਾਉਣ ਦੀ ਮੰਗ ਕਰ ਰਹੇ ਹਨ। ਬਹੁਤੇ ਅਖਬਾਰਾਂ ਨੇ ਇਸ ਨੂੰ ਚਰਚ ਦੀ ਵੱਡੀ ਨਾਕਾਮੀ ਦੱਸਿਆ ਅਤੇ ਪੀੜਤਾਂ ਲਈ ਇਨਸਾ਼ਫ ਦੀ ਮੰਗ ਕੀਤੀ। ਇਹ ਰਿਪੋਰਟ ਨੇ ਫਿਰ ਤੋਂ ਸਾਬਤ ਕੀਤਾ ਹੈ ਕਿ ਚਰਚ ਨੂੰ ਆਪਣੇ ਅੰਦਰ ਵੱਡੇ ਬਦਲਾਵ ਲਿਆਉਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਅਜਿਹੇ ਕੰਮ ਨਾ ਵਾਪਰਨ। ਇਹ ਰਿਪੋਰਟ ਪਾਸਾਊ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਮੁੱਖ ਤੌਰ ਤੇ 8 ਦਸੰਬਰ 2025 ਨੂੰ ਪ੍ਰਕਾਸ਼ਿਤ ਕੀਤੀ ਗਈ ਸੀ। ਇਹ ਪਹਿਲਾਂ ਬਿਸ਼ਪ ਅਤੇ ਬੈਠਕਾਂ ਨੂੰ ਦਿੱਤੀ ਗਈ ਸੀ ਅਤੇ ਫਿਰ ਆਨਲਾਈਨ ਅਤੇ ਅਖਬਾਰਾਂ ਵਿੱਚ ਆਈ ਸੀ।

## ਡਰਗ ਸਮਗਲਿੰਗ ਕਰਨ ਜਾ ਰਿਹਾ ਤਸਕਰ ਪੁਲਸ ਵਲੋਂ ਗ੍ਰਿਫਤਾਰ

ਲੁਧਿਆਣਾ-ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੇ ਹੈਰੋਇਨ ਸਪਲਾਈ ਕਰਨ ਜਾ ਰਹੇ ਤਸਕਰ ਅਸ਼ਵਨੀ ਕੁਮਾਰ ਸੰਨੀ ਨੂੰ ਗ੍ਰਿ਼ਫਤਾਰ ਕੀਤਾ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਮੁਲਜ਼ਮ ਖ਼ਿਲਾ਼ਫ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਵਜੋਂ ਕੀਤੀ ਗਈ ਹੈ, ਜੋ ਕਿ ਮੁਹੱਲਾ ਮਨੋਹਰ ਨਗਰ ਦਾ ਰਹਿਣ ਵਾਲਾ ਹੈ।

# ਯੂ.ਕੇ. ਨੇ ਗੁਰਪ੍ਰੀਤ ਸਿੰਘ ਰੀਹਲ ਉੱਤੇ ਲਗਾਈਆਂ ਸਖ਼ਤ ਪਾਬੰਦੀਆਂ

**ਖਾਸ ਰਿਪੋਟ**

## ✪ ਵਿਸ਼ਵ ਭਰ ਦੇ ਸਿੱਖਾਂ ਵਿਚ ਰੋਸ ✪ 200 ਤੋਂ ਵੱਧ ਸਿੱਖ ਜਥੇਬੰਦੀਆਂ ਵੱਲੋਂ ਬਰਤਾਨੀਆ ਦੇ ਫੈਸਲੇ ਦੀ ਸਖ਼ਤ ਨਿੰਦਾ ✪ ਕਿਹਾ ਕਿ ਭਾਰਤ ਦੇ ਦਬਾਅ ਕਾਰਣ ਸਿੱਖ ਆਵਾਜ਼ ਦਬਾਉਣ ਦੀ ਕੋਸ਼ਿਸ਼

ਬ੍ਰਿਟੇਨ ਦੀ ਸਰਕਾਰ ਨੇ ਹਾਲ ਹੀ ਵਿੱਚ ਇੱਕ ਵੱਡਾ ਫੈਸਲਾ ਲੈਂਦੇ ਹੋਏ ਬ੍ਰਿਟਿਸ਼ ਸਿੱਖ ਕਾਰੋਬਾਰੀ ਗੁਰਪ੍ਰੀਤ ਸਿੰਘ ਰੀਹਲ ਉੱਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਹ ਪਾਬੰਦੀਆਂ ਯੂ.ਕੇ. ਦੇ ਨਵੇਂ ਡੋਮੈਸਟਿਕ ਕਾਊਂਟਰ-ਟੈਰਰਿਜ਼ਮ ਨਿਯਮਾਂ ਤਹਿਤ ਲਗਾਈਆਂ ਗਈਆਂ ਹਨ, ਜਿਸ ਵਿੱਚ ਗੁਰਪ੍ਰੀਤ ਦੇ ਸਾਰੇ ਅਸੈੱਟਸ ਨੂੰ ਫ੍ਰੀਜ਼ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਨੂੰ ਕਿਸੇ ਵੀ ਕੰਪਨੀ ਦੇ ਡਾਇਰੈਕਟਰ ਵਜੋਂ ਕੰਮ ਕਰਨ ਤੋਂ ਵੀ ਰੋਕ ਦਿੱਤਾ ਗਿਆ ਹੈ। ਭਾਰਤ ਵਿੱਚ ਪ੍ਰੋ-ਖਾਲਿਸਤਾਨ ਗਤੀਵਿਧੀਆਂ ਨੂੰ ਫੰਡਿੰਗ ਕਰ ਰਹੇ ਹਨ। ਇਹ ਫੈਸਲਾ ਯੂ.ਕੇ. ਵੱਲੋਂ ਆਪਣੇ ਨਾਗਰਿਕ ਉੱਤੇ ਲਗਾਈ ਗਈ ਪਹਿਲੀ ਅਜਿਹੀ ਪਾਬੰਦੀ ਹੈ, ਜਿਸ ਨੂੰ ਸਰਕਾਰ ਨੇ "ਲੈਂਡਮਾਰਕ ਐਕਸ਼ਨ" ਕਿਹਾ ਹੈ।

ਪਰ ਇਸ ਫੈਸਲੇ ਨੇ ਵਿਸ਼ਵ ਭਰ ਵਿੱਚ ਰਹਿੰਦੀਆਂ ਸਿੱਖ ਜਥੇਬੰਦੀਆਂ ਵਿਚ ਰੋਸ ਪੈਦਾ ਕਰ ਦਿੱਤਾ ਹੈ।12 ਦੇਸ਼ਾਂ ਅਤੇ ਤਿੰਨ ਮਹਾਂਦੀਪਾਂ ਦੀਆਂ 200 ਤੋਂ ਵੱਧ ਸਿੱਖ ਜਥੇਬੰਦੀਆਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਇਸ ਫ਼ੈਸਲੇ ਨੂੰ "ਬਿਨਾਂ ਨਿਆਂ ਦੀ ਸਜ਼ਾ" ਅਤੇ "ਨਸਲੀ ਭੇਦਭਾਵ" ਕਰਾਰ ਦਿੱਤਾ ਹੈ। ਇਨ੍ਹਾਂ ਜਥੇਬੰਦੀਆਂ ਵਿੱਚ ਇੰਗਲੈਂਡ, ਸਕਾਟਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨੀਦਰਲੈਂਡ, ਸਪੇਨ, ਜਰਮਨੀ, ਪੁਰਤਗਾਲ, ਫ਼ਰਾਂਸ, ਇਟਲੀ ਅਤੇ ਨਿਊਜ਼ੀਲੈਂਡ ਦੇ ਗੁਰਦੁਆਰੇ ਅਤੇ ਸੰਸਥਾਵਾਂ ਸ਼ਾਮਲ ਹਨ। ਵਿਸ਼ਵ ਸਿੱਖ ਪਾਰਲੀਮੈਂਟ ਅਤੇ ਹੋਰ 200 ਤੋਂ ਵੱਧ ਸਿੱਖ ਸੰਸਥਾਵਾਂ ਨੇ ਸਾਂਝੇ ਬਿਆਨ ਵਿੱਚ ਇਸ ਪਾਬੰਦੀ ਦੀ ਸਖ਼ਤ ਨਿੰਦਾ ਕੀਤੀ ਹੈ। ਉਹਨਾਂ ਨੇ ਕਿਹਾ ਹੈ ਕਿ ਇਹ ਫੈਸਲਾ ਭਾਰਤ ਸਰਕਾਰ ਦੇ ਦਬਾਅ ਕਾਰਨ ਲਿਆ ਗਿਆ ਹੈ ਅਤੇ ਇਸ ਵਿੱਚ ਕਿਸੇ ਵੀ ਕਿਸਮ ਦੀ ਨਿਰਪੱਖ ਜਾਂਚ ਜਾਂ ਅਦਾਲਤੀ ਪ੍ਰਕਿਰਿਆ ਨਹੀਂ ਅਪਣਾਈ ਗਈ। ਸਿੱਖ ਜਥੇਬੰਦੀਆਂ ਨੇ ਇਸ ਨੂੰ "ਨੋ ਡਿਊ ਪ੍ਰੋਸੈੱਸ" ਯਾਨੀ ਬਿਨਾਂ ਕਿਸੇ ਨਿਆਂਪੂਰਨ ਪ੍ਰਕਿਰਿਆ ਦੇ ਲਏ ਗਏ ਫੈਸਲੇ ਵਜੋਂ ਵੇਖਿਆ ਹੈ ਅਤੇ ਕਿਹਾ ਹੈ ਕਿ ਯੂ.ਕੇ. ਸਰਕਾਰ ਭਾਰਤ ਨਾਲ ਵਪਾਰਕ ਸਮਝੌਤੇ ਲਈ ਆਪਣੇ ਨਾਗਰਿਕ ਨੂੰ ਨਿਸ਼ਾਨਾ ਬਣਾ ਰਹੀ ਹੈ। ਉਹਨਾਂ ਕਿਹਾ ਕਿ ਜੇ ਅੱਜ ਗੁਰਪ੍ਰੀਤ ਰਹਿਲ ਨੂੰ ਬਿਨਾਂ ਸਬੂਤ ਦਬਾਇਆ ਜਾ ਸਕਦਾ ਹੈ, ਤਾਂ ਕੱਲ੍ਹ ਕਿਸੇ ਵੀ ਸਿੱਖ ਜਾਂ ਬੋਲਣ ਵਾਲੇ ਵਿਅਕਤੀ ਨੂੰ ਦਬਾਇਆ ਜਾ ਸਕਦਾ ਹੈ। ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਬੋਲਣ ਦੀ ਆਜ਼ਾਦੀ, ਨੂੰ ਖ਼ਤਮ ਕਰਨ ਦੀ ਲੜਾਈ ਹੈ।"



### ਗੁਰਪ੍ਰੀਤ ਸਿੰਘ ਰੀਹਲ ਕੌਣ ਹੈ ਅਤੇ ਇਹ ਪਾਬੰਦੀਆਂ ਕਿਉਂ ਲਗਾਈਆਂ ਗਈਆਂ?

ਗੁਰਪ੍ਰੀਤ ਇੱਕ ਬ੍ਰਿਟਿਸ਼ ਨਾਗਰਿਕ ਹੈ ਅਤੇ ਉਹ ਇੱਕ ਕਾਰੋਬਾਰੀ ਹੈ। ਉਹ ਸਿੱਖ ਕਮਿਊਨਿਟੀ ਵਿੱਚ ਕਾਫ਼ੀ ਜਾਣੇ-ਪਛਾਣੇ ਜਾਂਦੇ ਹਨ ਅਤੇ ਉਹਨਾਂ ਨੇ ਪੰਜਾਬ ਦੇ ਮਸਲਿਆਂ ਉੱਤੇ ਅੰਤਰਰਾਸ਼ਟਰੀ ਪੱਧਰ ਤੇ ਆਵਾਜ਼ ਉਠਾਈ ਹੈ। ਉਹਨਾਂ ਦੀ ਸੰਸਥਾ "ਸੇਵਿੰਗ ਪੰਜਾਬ" ਪੰਜਾਬ ਵਿੱਚ ਪਾਣੀ ਦੇ ਸੰਕਟ, ਕਿਸਾਨਾਂ ਦੀਆਂ ਸਮੱਸਿਆਵਾਂ ਅਤੇ 1984 ਦੇ ਸਿੱਖ ਨਸਲਕੁਸ਼ੀ ਵਰਗੇ ਮੁੱਦਿਆਂ ਉੱਤੇ ਕੰਮ ਕਰਦੀ ਹੈ। ਗੁਰਪ੍ਰੀਤ ਨੇ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਕਈ ਸੈਮੀਨਾਰ ਕੀਤੇ ਹਨ ਜਿੱਥੇ ਉਹ ਪੰਜਾਬੀ ਮਸਲਿਆਂ ਨੂੰ ਉਠਾਉਂਦੇ ਰਹੇ ਹਨ। ਉਹਨਾਂ ਨੇ ਸੰਯੁਕਤ ਰਾਸ਼ਟਰ ਵਿੱਚ ਵੀ ਪੰਜਾਬ ਦੇ ਪਾਣੀ ਅਤੇ ਨਸਲਕੁਸ਼ੀ ਵਰਗੇ ਮਸਲਿਆਂ ਉੱਤੇ ਗੱਲ ਕੀਤੀ ਹੈ। ਪਰ ਯੂ.ਕੇ. ਸਰਕਾਰ ਨੇ ਉਹਨਾਂ ਉੱਤੇ ਇਲਜ਼ਾਮ ਲਗਾਇਆ ਹੈ ਕਿ ਉਹ ਗਰਮ ਖਿਆਲੀ ਲਹਿਰ ਨਾਮਕ ਗਰੁੱਪ ਨਾਲ ਜੁੜੇ ਹੋਏ ਹਨ । ਭਾਰਤ ਵਿੱਚ ਖਾੜਕੂਵਾਦ ਨੂੰ ਫੰਡਿੰਗ ਕਰ ਰਹੇ ਹਨ। ਇਸ ਕਾਰਨ ਉਹਨਾਂ ਦੇ ਅਸੈੱਟਸ ਫ੍ਰੀਜ਼ ਕੀਤੇ ਗਏ ਹਨ ਅਤੇ ਉਹਨਾਂ ਨੂੰ ਕੰਪਨੀ ਮੈਨੇਜਮੈਂਟ ਤੋਂ ਵੀ ਰੋਕ ਦਿੱਤਾ ਗਿਆ ਹੈ।

### ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਕਿਉਂ ਚਿੰਤਤ ਹਨ?

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਗੁਰਪ੍ਰੀਤ ਸਿੰਘ ਨੇ ਕਦੇ ਵੀ ਹਿੰਸਾ ਨੂੰ ਉਤਸ਼ਾਹਿਤ ਨਹੀਂ ਕੀਤਾ। ਉਹ ਸਿਰਫ਼ ਪੰਜਾਬ ਦੇ ਮਸਲਿਆਂ ਉੱਤੇ ਬੋਲ ਰਹੇ ਹਨ ਅਤੇ ਸੱਚਾਈ ਨੂੰ ਅੱਗੇ ਲਿਆ ਰਹੇ ਹਨ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ (ਯੂ.ਕੇ.), ਵਰਲਡ ਸਿੱਖ ਪਾਰਲੀਮੈਂਟ, ਸਿੱਖ ਫੈਡਰੇਸ਼ਨ ਕੈਨੇਡਾ, ਸਿੱਖ ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ ਅਤੇ ਓਨਟਾਰੀਓ ਗੁਰਦੁਆਰਾ ਕੌਂਸਲ ਵਰਗੀਆਂ ਜਥੇਬੰਦੀਆਂ ਨੇ ਕਿਹਾ ਹੈ ਕਿ ਇਹ ਪਾਬੰਦੀਆਂ ਭਾਰਤ ਦੇ ਰਾਜਨੀਤਕ ਦਬਾਅ ਕਾਰਨ ਲਗਾਈਆਂ ਗਈਆਂ ਹਨ। ਉਹਨਾਂ ਨੇ ਕਿਹਾ ਕਿ ਭਾਰਤ ਲੰਬੇ ਸਮੇਂ ਤੋਂ ਗੁਰਪ੍ਰੀਤ ਨੂੰ ਨਿਸ਼ਾਨਾ ਬਣਾ ਰਿਹਾ ਸੀ ਕਿਉਂਕਿ ਉਹ ਅੰਤਰਰਾਸ਼ਟਰੀ ਪੱਧਰ ਤੇ ਪੰਜਾਬੀ ਮਸਲਿਆਂ ਨੂੰ ਉਭਾਰ ਰਹੇ ਸਨ। ਹੁਣ ਯੂ.ਕੇ. ਵੀ ਭਾਰਤ ਨੂੰ ਖੁਸ਼ ਕਰਨ ਲਈ ਅਜਿਹਾ ਕਰ ਰਿਹਾ ਹੈ। ਇਸ ਨਾਲ ਨਾ ਸਿਰਫ਼ ਗੁਰਪ੍ਰੀਤ ਨੂੰ ਨੁਕਸਾਨ ਹੋ ਰਿਹਾ ਹੈ ਬਲਕਿ ਉਹਨਾਂ ਦੀ ਸੰਸਥਾ ਸੇਵਿੰਗ ਪੰਜਾਬ ਨੂੰ ਵੀ ਬੰਦ ਕਰਨਾ ਪੈ ਰਿਹਾ ਹੈ। ਸਿੱਖ ਜਥੇਬੰਦੀਆਂ ਨੇ ਕਿਹਾ ਕਿ ਯੂ.ਕੇ. ਭਾਰਤ ਨਾਲ ਵਪਾਰਕ ਲਾਭ ਲਈ ਆਪਣੇ ਨਾਗਰਿਕ ਦੀ ਆਵਾਜ਼ ਨੂੰ ਦਬਾ ਰਿਹਾ ਹੈ ਅਤੇ ਇਹ ਗਲਤ ਹੈ।

### ਕੀ ਇਹ ਝੂਠਾ ਕੇਸ ਹੈ ਜਾਂ ਸਿੱਖਾਂ ਨਾਲ ਵਿਤਕਰਾ?

ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਇਸ ਨੂੰ ਝੂਠਾ ਕੇਸ ਕਿਹਾ ਹੈ ਕਿਉਂਕਿ ਯੂ.ਕੇ. ਸਰਕਾਰ ਨੇ ਕੋਈ ਵੀ ਸਬੂਤ ਅਦਾਲਤ ਵਿੱਚ ਨਹੀਂ ਪੇਸ਼ ਕੀਤੇ। ਉਹਨਾਂ ਨੇ ਕਿਹਾ ਕਿ ਇਹ ਸਿਰਫ਼ ਭਾਰਤ ਦੀਆਂ ਗੱਲਾਂ ਉੱਤੇ ਅਧਾਰਿਤ ਹੈ ਅਤੇ ਕੋਈ ਨਿਰਪੱਖ ਜਾਂਚ ਨਹੀਂ ਕੀਤੀ ਗਈ। ਵਿਸ਼ਵ ਸਿੱਖ ਪਾਰਲੀਮੈਂਟ ਨੇ ਕਿਹਾ ਕਿ ਗੁਰਪ੍ਰੀਤ ਭਾਰਤ ਦੀ ਟ੍ਰਾਂਸਨੈਸ਼ਨਲ ਰਿਪ੍ਰੈੱਸ਼ਨ ਦਾ ਨਵਾਂ ਸ਼ਿਕਾਰ ਹੈ, ਯਾਨੀ ਭਾਰਤ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ। ਉਹਨਾਂ ਨੇ ਉਦਾਹਰਣ ਵਜੋਂ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਅਤੇ ਹੋਰ ਸਿੱਖ ਲੀਡਰਾਂ ਦੇ ਕਤਲਾਂ ਦੇ ਦੋਸ਼ ਲਗਾਏ। ਸਿੱਖ ਜਥੇਬੰਦੀਆਂ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਵੀ ਕਿਹਾ ਹੈ ਕਿਉਂਕਿ ਯੂ.ਕੇ. ਵਿੱਚ ਹੋਰ ਗਰੁੱਪਾਂ ਉੱਤੇ ਅਜਿਹੀਆਂ ਪਾਬੰਦੀਆਂ ਨਹੀਂ ਲਗਾਈਆਂ ਜਾਂਦੀਆਂ ਜੇ ਉਹ ਆਪਣੇ ਮਸਲਿਆਂ ਉੱਤੇ ਬੋਲਦੇ ਹਨ। ਉਹਨਾਂ ਨੇ ਕਿਹਾ ਕਿ ਇਹ ਫੈਸਲਾ ਸਿੱਖ ਆਵਾਜ਼ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਹੈ ਅਤੇ ਇਹ ਲੋਕਤੰਤਰ ਵਿੱਚ ਗਲਤ ਹੈ।

ਸਿੱਖ ਫੈਡਰੇਸ਼ਨ (ਯੂ.ਕੇ.), ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਪ੍ਰੈੱਸ ਐਸੋਸੀਏਸ਼ਨ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਯੂ.ਕੇ. ਨੂੰ ਇਸ ਫੈਸਲੇ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਜੇ ਕੋਈ ਇਲਜ਼ਾਮ ਹੈ ਤਾਂ ਉਹ ਅਦਾਲਤ ਵਿੱਚ ਸਬੂਤ ਪੇਸ਼ ਕਰੇ। ਉਹਨਾਂ ਨੇ ਕਿਹਾ ਕਿ ਗੁਰਪ੍ਰੀਤ ਨੇ ਹਮੇਸ਼ਾ ਸ਼ਾਂਤੀਪੂਰਨ ਤਰੀਕੇ ਨਾਲ ਮਸਲੇ ਉਠਾਏ ਹਨ ਅਤੇ ਉਹਨਾਂ ਨੂੰ ਅੱਤਵਾਦੀ ਕਹਿਣਾ ਗਲਤ ਹੈ। ਸਿੱਖ ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਕਿ ਇਹ ਭਾਰਤ ਦੀ ਵਧਦੀ ਵਿਦੇਸ਼ੀ ਦਖਲਅੰਦਾਜ਼ੀ ਦਾ ਹਿੱਸਾ ਹੈ ਅਤੇ ਸਿੱਖਾਂ ਨੂੰ ਡਰਾਉਣ ਲਈ ਕੀਤਾ ਜਾ ਰਿਹਾ ਹੈ। ਉਹਨਾਂ ਨੇ ਮੰਗ ਕੀਤੀ ਹੈ ਕਿ ਯੂ.ਕੇ. ਨੂੰ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਬਚਾਉਣਾ ਚਾਹੀਦਾ ਹੈ ਨਾ ਕਿ ਵਿਦੇਸ਼ੀ ਦਬਾਅ ਵਿੱਚ ਆਉਣਾ ਚਾਹੀਦਾ। ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਨੇ ਵੀ ਇਸ ਨੂੰ ਨਿੰਦਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਕਿ ਇਹ ਪੂਰੀ ਕੌਮ ਉੱਤੇ ਅਸਰ ਪਾਉਂਦੀਆਂ ਹਨ।

ਇਸ ਘਟਨਾ ਦਾ ਪਿੱਛਾ ਵੇਖੀਏ ਤਾਂ ਗੁਰਪ੍ਰੀਤ ਸਿੰਘ ਲੰਬੇ ਸਮੇਂ ਤੋਂ ਪੰਜਾਬ ਦੇ ਮਸਲਿਆਂ ਉੱਤੇ ਬੋਲ ਰਹੇ ਹਨ। ਉਹਨਾਂ ਨੇ ਮੋਰਕੈਮਬੇ ਫੁੱਟਬਾਲ ਕਲੱਬ ਨਾਲ ਵੀ ਜੁੜੇ ਰਹੇ ਹਨ ਅਤੇ ਸਿੱਖ ਕਮਿਊਨਿਟੀ ਲਈ ਕੰਮ ਕੀਤਾ ਹੈ। ਪਰ ਭਾਰਤ ਸਰਕਾਰ ਨੇ ਉਹਨਾਂ ਨੂੰ ਪ੍ਰੋ-ਖਾਲਿਸਤਾਨੀ ਕਹਿ ਕੇ ਨਿਸ਼ਾਨਾ ਬਣਾਇਆ ਹੈ।

ਪੰਥਕ ਜਥੇਬੰਦੀਆਂ ਨੇ ਅਪੀਲ ਕੀਤੀ ਹੈ ਕਿ ਸਾਰੇ ਸਿੱਖ ਇੱਕਜੁੱਟ ਹੋ ਕੇ ਇਸ ਵਿਰੋਧ ਕਰਨ ਅਤੇ ਆਪਣੀ ਆਵਾਜ਼ ਨੂੰ ਮਜ਼ਬੂਤ ਕਰਨ।

# ਮਨਪ੍ਰੀਤ ਇਆਲੀ ਨੂੰ ਪਾਰਟੀ ਵਿਚ ਨਹੀਂ ਲਿਆ ਜਾਵੇਗਾ ਸੁਖਬੀਰ ਸਿੰਘ ਬਾਦਲ ਵਲੋਂ ਐਲਾਨ



ਸਿਧਵਾਂ ਬੇਟ-ਸਾਬਕਾ ਉੱਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਨਪ੍ਰੀਤ ਸਿੰਘ ਇਆਲੀ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ, ਉਨ੍ਹਾਂ ਕਿਹਾ ਕਿ ਜਦੋਂ ਤੱਕ ਉਹ ਪਾਰਟੀ ਪ੍ਰਧਾਨ ਹਨ ਇਆਲੀ ਦੀ ਪਾਰਟੀ ਵਿੱਚ ਵਾਪਸੀ ਨਹੀਂ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਆਲੀ ਨੇ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਆਲੀ ਨਿੱਜੀ ਫਾਇਦੇ ਲਈ ਪਾਰਟੀ ਵਿਚ ਸ਼ਾਮਲ ਹੋਏ ਤੇ ਜਦੋਂ ਉਸ ਦੀ ਬਿਜ਼ਨੈੱਸ ਸੈੱਟ ਹੋ ਗਿਆ ਤਾਂ ਉਸ ਨੇ ਪਾਰਟੀ ਬਦਲ ਲਈ। ਸੁਖਬੀਰ ਸਿੰਘ ਬਾਦਲ ਨੇ ਵਿਧਾਇਕ ਇਆਲੀ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਆਖਿਆ ਕੁਝ ਮੌਕਾਪ੍ਰਸਤ ਲੋਕਾਂ ਨੇ ਜਿਹੜੇ ਆਪਣੇ ਸੁਪਨਿਆਂ ਲਈ ਪਾਰਟੀ ਦੀ ਪਿੱਠ 'ਚ ਛੁਰਾ ਮਾਰਿਆ, ਉਨ੍ਹਾਂ ਦਾ ਸੁਪਨਾ ਕਦੇ ਵੀ ਪੂਰਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਜਿਹੜਾ ਨਵਾਂ ਜਾਅਲੀ ਅਕਾਲੀ ਦਲ ਬਣਿਆ ਹੈ ਉਸਦਾ ਕੋਈ ਅਧਾਰ ਨਹੀਂ। ਉਨ੍ਹਾਂ ਕਿਹਾ ਜਿੰਨਾਂ ਚਿਰ ਮੈਂ ਪਾਰਟੀ ਦਾ ਪ੍ਰਧਾਨ ਹਾਂ ਉਨਾਂ ਚਿਰ ਅਜਿਹੇ ਮੌਕਾਪ੍ਰਸਤ ਲੋਕਾਂ ਨੂੰ ਮੈਂ ਪਾਰਟੀ ਦੇ ਨੇੜੇ ਨਹੀਂ ਲੱਗਣ ਦੇਵਾਂਗਾ ਕਿਉਂਕਿ ਅਜਿਹੇ ਲੋਕਾਂ ਨੇ ਪਾਰਟੀ ਦਾ ਪਹਿਲਾਂ ਹੀ ਬਹੁਤ ਨੁਕਸਾਨ ਕੀਤਾ ਹੈ।

**ਕਰਾਈਮ ਨਿਊਜ਼**

# ਪਤਨੀ ਨੇ ਨਸ਼ੇ ਲਈ ਪੈਸੇ ਨਾ ਦਿਤੇ ਤਾਂ ਨਸ਼ੇੜੀ ਪਤੀ ਨੇ ਚਲਾ ਦਿੱਤੀ ਗੋਲ਼ੀ

## ✪ ਪਤਨੀ ਵਲੋਂ ਪਤੀ ਖਿਲਾਫ ਦਰਜ ਕਰਵਾਈ ਸ਼ਿਕਾਇਤ

ਲੁਧਿਆਣਾ-ਬਾਲਾਜੀ ਕਾਲੋਨੀ ਵਿਚ ਦਿਨ-ਦਿਹਾੜੇ ਹੋਈ ਫਾਇਰਿੰਗ ਦੇ ਮਾਮਲੇ ਵਿਚ ਥਾਣਾ ਜਮਾਲਪੁਰ ਦੀ ਪੁਲਸ ਨੇ ਗਗਨਦੀਪ ਕੌਰ ਦੇ ਬਿਆਨ 'ਤੇ ਉਸ ਦੇ ਮੁਲਜ਼ਮ ਪਤੀ ਲਵਪ੍ਰੀਤ ਖਿਲਾਫ ਕਾਰਵਾਈ ਕੀਤੀ ਹੈ। ਜਾਣਕਾਰੀ ਮੁਤਾਬਕ ਗਗਨਦੀਪ ਕੌਰ ਵਲੋਂ ਪਤੀ ਖਿਲਾਫ ਦਰਜ ਸ਼ਿਕਾਇਤ ਵਿਚ ਕਿਹਾ ਹੈ ਕਿ ਬੀਤੇ ਦਿਨੀਂ ਉਸ ਦੇ ਨਸ਼ੇ ਦੇ ਆਦੀ ਪਤੀ ਨੇ ਪੈਸੇ ਮੰਗੇ। ਉਸ ਨੇ ਇਨਕਾਰ ਕੀਤਾ ਤਾਂ ਝਗੜੇ ਦੌਰਾਨ ਮੁਲਜ਼ਮ ਲਵਪ੍ਰੀਤ ਨੇ ਹਵਾ ਵਿਚ ਆਪਣੀ ਨਾਜਾਇਜ਼ ਪਿਸਤੌਲ ਨਾਲ ਗੋਲੀ ਚਲਾ ਦਿੱਤੀ।

ਅਚਾਨਕ ਹੋਈ ਫਾਇਰਿੰਗ ਨਾਲ ਗਗਨਦੀਪ ਘਬਰਾ ਗਈ ਅਤੇ ਤੁਰੰਤ ਭੱਜ ਕੇ ਅੰਦਰ ਕਮਰੇ ਵਿਚ ਜਾ ਕੇ ਲੁਕ ਗਈ। ਔਰਤ ਮੁਤਾਬਕ ਗੋਲੀ ਦੀ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਵੀ ਸਹਿਮ ਗਏ। ਇਸ ਤੋਂ ਬਾਅਦ ਮੁਲਜ਼ਮ ਮੌਕਾ ਪਾ ਕੇ ਹਥਿਆਰ ਸਮੇਤ ਉਥੋਂ ਭਜ ਗਿਆ।

ਪੁਲਸ ਵਲੋਂ ਨਾਜਾਇਜ਼ ਹਥਿਆਰ ਦੀ ਬਰਾਮਦਗੀ ਅਤੇ ਮੁਲ਼ਜਮ ਦੇ ਨਸ਼ੇ ਦੇ ਸਰੋਤ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ

# ਪੇਸ਼ੀ ਭੁਗਤਣ ਆਏ ਵਿਅਕਤੀ ਦੀ ਗੋਲੀਆਂ ਮਾਰ ਕੇ ਗੈਂਗਸਟਰਾਂ ਨੇ ਕੀਤਾ ਕਤਲ

## ✪ 4 ਖਿਲਾ.ਫ ਮਾਮਲਾ ਦਰਜ ✪ ਪੁਲਿਸ ਦੋਸ਼ੀਆਂ ਦੀ ਭਾਲ ਵਿਚ ਰੁਝੀ

ਅਬੋਹਰ-ਅਬੋਹਰ ਦੀ ਸੀਤੋ ਰੋਡ ਸਥਿਤ ਤਹਿਸੀਲ ਕੰਪਲੈਕਸ ਵਿਚ ਦਿਨ ਦਿਹਾੜੇ ਤਰੀਕ ਭੁਗਤਣ ਆਏ ਇਕ ਵਿਅਕਤੀ ਆਕਾਸ਼ ਉਰਫ਼ ਗੋਲੂ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਦੋਸ਼ੀ ਤੁਰੰਤ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ।

ਘਟਨਾ ਦੀ ਸੂਚਨਾ ਮਿਲਦੇ ਹੀ ਜ਼ਿਲ੍ਹਾ ਪੁਲਿਸ ਮੁਖੀ ਮੌਕੇ 'ਤੇ ਪੁੱਜੇ ਅਤੇ ਗੈਂਗਵਾਰ ਨਾਲ ਜੁੜੇ ਉਕਤ ਮਾਮਲੇ ਵਿਚ ਦੋਸ਼ੀ ਪਹਿਚਾਣਦੇ ਹੋਏ ਜਲਦੀ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸੰਬੰਧੀ 4 ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮਿਰਤਕ ਦੀ ਲਾਸ਼ ਅਬੋਹਰ ਦੇ ਸਰਕਾਰੀ ਹਸਪਤਾਲ ਵਿਚ ਰਖਵਾ ਦਿੱਤੀ ਗਈ



ਹੈ। ਮੌਕੇ 'ਤੇ ਪੁਲਿਸ ਪਾਰਟੀ ਨਾਲ ਪੁੱਜੇ ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਨੇ ਦਾਅਵਾ ਕੀਤਾ ਗਿਆ ਉਕਤ ਮਸਲਾ ਗੈਂਗਵਾਰ ਨਾਲ ਜੁੜਿਆ ਪ੍ਰਤੀਤ ਹੁੰਦਾ ਹੈ ਅਤੇ ਮਿਰਤਕ ਵਿਅਕਤੀ 'ਤੇ ਕਈ ਮਾਮਲੇ ਦਰਜ ਸਨ ਜੋ ਕਿ ਅੱਜ ਆਪਣੀ ਤਰੀਕ ਭੁਗਤਣ ਆਇਆ ਸੀ, ਇਸ ਦੌਰਾਨ ਪਹਿਲਾਂ ਤੋਂ ਹੀ ਤਾਂਗ ਲਗਾਏ ਬੈਠੇ ਦੂਜੇ ਗੈਂਗ ਨਾਲ ਸੰਬੰਧਿਤ 3 ਵਿਅਕਤੀਆਂ ਵਿਚੋਂ 1 ਵਿਅਕਤੀ ਨੇ ਉਸ 'ਤੇ ਗੋਲੀਆਂ ਚਲਾ ਕੇ ਹੱਤਿਆ ਕਰ ਦਿੱਤੀ। ਜਿਨ੍ਹਾਂ ਦੀ ਪਹਿਚਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਪੁਲਿਸ ਪਾਰਟੀ ਵਲੋਂ ਵਾਰਦਾਤ ਵਿਚ ਸ਼ਾਮਲ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ। ਇਸ ਮੌਕੇ ਐਸ.ਪੀ ਗੁਰਮੀਤ ਸਿੰਘ, ਥਾਣਾ ਮੁਖੀ ਰਵਿੰਦਰ ਸਿੰਘ, ਮਨਿੰਦਰ ਸਿੰਘ ਸਣੇ ਭਾਰੀ ਪੁਲਿਸ ਫੋਰਸ ਘਟਨਾ ਸਥਾਨ ਅਤੇ ਸਰਕਾਰੀ ਹਸਪਤਾਲ ਵਿਚ ਮੌਜੂਦ ਸੀ।

# ਗੈਂਗਸਟਰ ਜੱਗੂ ਭਗਵਾਨਪੁਰੀਆ ਗੈਂਗ ਦੇ ਦੋ ਸ਼ੂਟਰ ਗ੍ਰਿਫਤਾਰ

ਬਟਾਲਾ-ਬਾਰਡਰ ਰੇਂਜ ਪੰਜਾਬ ਪੁਲਸ ਦੇ ਡੀ. ਆਈ. ਜੀ. ਸੰਦੀਪ ਗੋਇਲ ਨੇ ਬਟਾਲਾ ਵਿੱਚ ਦੱਸਿਆ ਕਿ ਬਟਾਲਾ ਪੁਲਸ ਨੇ ਗੈਂਗਸਟਰ ਜੱਗੂ



ਭਗਵਾਨਪੁਰ ਗੈਂਗ ਦੇ ਦੋ ਖ਼ਤਰਨਾਕ ਸਾਥੀ ਤੇ ਸ਼ੂਟਰਾਂ ਨੂੰ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਹੈ। ਦੋਵੇਂ ਨੌਜਵਾਨ ਕਈ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦੇ ਸਨ ਡੀ. ਆਈ. ਜੀ. ਗੋਇਲ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਸ਼ੂਟਰਾਂ ਨੇ ਸਤੰਬਰ ਤੇ ਅਕਤੂਬਰ 2025 ਵਿੱਚ ਵੱਖ-ਵੱਖ ਫਾਇਰਿੰਗ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਸਭ ਤੋਂ ਵੱਡੇ ਮਾਮਲੇ ਵਿੱਚ ਇਨ੍ਹਾਂ ਨੇ ਕੁਲਵੰਤ ਸਿੰਘ ਨਾਂ ਦੇ ਵਿਅਕਤੀ ਨੂੰ ਘਰ ਵਿੱਚ ਦਾਖਲ ਹੋ ਕੇ ਗੋਲੀ ਮਾਰ ਕੇ ਕਤਲ ਕੀਤਾ ਸੀ। ਇਸ ਤੋਂ ਇਲਾਵਾ, ਡੀ. ਆਈ. ਜੀ. ਨੇ ਖੁਲਾਸਾ ਕੀਤਾ ਕਿ ਕਰਵਾਚੌਥ ਦੀ ਰਾਤ ਬਟਾਲਾ 'ਚ ਹੋਈ ਫਾਇਰਿੰਗ ਵਾਰਦਾਤ ਦੇ ਪਿੱਛੇ ਵੀ ਇਹੀ ਦੋ ਸ਼ੂਟਰ ਸਨ। ਇਸ ਹਮਲੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਸੀ। ਪੁਲਸ ਦਾ ਕਹਿਣਾ ਹੈ ਕਿ ਦੋਵੇਂ ਸ਼ੂਟਰ ਜੱਗੂ ਭਗਵਾਨਪੁਰ ਗੈਂਗ ਲਈ ਕਈ ਸੁਪਾਰੀ ਕਤਲ ਅਤੇ ਹਮਲਿਆਂ ਨੂੰ ਅੰਜਾਮ ਦੇ ਚੁੱਕੇ ਸਨ। ਦਿੱਲੀ ਪੁਲਸ ਨਾਲ ਸਾਂਝੀ ਕਾਰਵਾਈ ਕਰਕੇ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ।

# ਅੰਮ੍ਰਿਤਸਰ ਦਿਹਾਤੀ ਪੁਲਿਸ ਵਲੋਂ ਹਥਿਆਰਾਂ ਸਣੇ ਇਕ ਮੁਲਜ਼ਮ ਗ੍ਰਿਫ਼ਤਾਰ



ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਖੁਫੀਆ ਜਾਣਕਾਰੀਆਂ 'ਤੇ ਕਾਰਵਾਈ ਕਰਦਿਆਂ ਵੱਡੀ ਕਾਰਵਾਈ ਵਿਚ ਇਕ ਅੰਤਰਰਾਸ਼ਟਰੀ ਹਥਿਆਰਾਂ ਦੀ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਕਾਰਵਾਈ ਦੌਰਾਨ ਪੁਲਿਸ ਨੇ ਆਕਾਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਜਿਸ 'ਤੇ ਲੰਬੇ ਸਮੇਂ ਤੋਂ ਵਿਦੇਸ਼ੀ ਹਥਿਆਰਾਂ ਦੀ ਗੈਰ-ਕਾਨੂੰਨੀ ਸਪਲਾਈ ਅਤੇ ਸਪਲਾਈ ਵਿਚ ਸ਼ਾਮਲ ਹੋਣ ਦਾ ਸ਼ੱਕ ਸੀ। ਪੁਲਿਸ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮ ਤੋਂ ਇਕ ਸਟਾਰ ਮਾਰਕ ਪਿਸਤੌਲ (.30 ਬੋਰ), ਇਕ ਪਿਸਤੌਲ (.30 ਬੋਰ), ਇਕ ਪੀਐਕਸ-5 ਪਿਸਤੌਲ (.30 ਬੋਰ), ਇਕ ਗਲੌਕ ਜਨਰਲ-19 ਪਿਸਤੌਲ (9 ਐਮਐਮ), ਛੇ ਕਾਰਤੂਸ (.30 ਬੋਰ) ਅਤੇ ਇਕ ਮੋਬਾਈਲ ਫ਼ੋਨ ਬਰਾਮਦ ਕੀਤਾ। ਪੁਲਿਸ ਦੇ ਅਨੁਸਾਰ ਬਰਾਮਦ ਕੀਤੇ ਗਏ ਹਥਿਆਰ ਸਾਰੇ ਵਿਦੇਸ਼ੀ ਬਣੇ ਹਨ ਅਤੇ ਸਭ ਤੋਂ ਆਧੁਨਿਕ ਸ਼੍ਰੇਣੀ ਦੇ ਮੰਨੇ ਜਾਂਦੇ ਹਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਆਕਾਸ਼ਦੀਪ ਦੇ ਪਾਕਿਸਤਾਨ ਸਥਿਤ ਹਥਿਆਰ ਸਪਲਾਇਰਾਂ ਨਾਲ ਨਿਯਮਤ ਸੰਪਰਕ ਸਨ। ਇਹ ਨੈੱਟਵਰਕ ਪੰਜਾਬ ਵਿਚ ਅਸ਼ਾਂਤੀ ਫੈਲਾਉਣ ਅਤੇ ਗੈਂਗਸਟਰ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਹਥਿਆਰ ਸਪਲਾਈ ਕਰ ਰਿਹਾ ਸੀ।

# ਮਾਨਸਿਕ ਪਰੇਸ਼ਾਨੀ ਕਾਰਨ ਬੰਦੇ ਨੇ ਖ਼ੁਦ ਨੂੰ ਗੋਲ਼ੀ ਮਾਰੀ

## ✪ ਵਿਦੇਸ਼ ਵਿਚ ਰਹਿੰਦਾ ਹੈ ਪਰਿਵਾਰ ✪ ਪਤਨੀ ਨੂੰ ਤਲਾਕ ਦੇਣ ਬਾਅਦ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਸੀ



ਫਾਜ਼ਿਲਕਾ-ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਬਜੀਤਪੁਰ ਭੋਮਾ ਵਿੱਚ ਇੱਕ 37 ਸਾਲਾ ਵਿਅਕਤੀ ਸੰਦੀਪ ਬਰਾੜ ਨੇ ਆਪਣੇ ਲਾਇਸੈਂਸੀ ਪਿਸਤੌਲ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ। ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਸੰਦੀਪ ਦੇ ਪਰਿਵਾਰਕ ਮੈਂਬਰ ਵਿਦੇਸ਼ ਵਿੱਚ ਰਹਿੰਦੇ ਹਨ।2016 ਵਿੱਚ ਆਪਣੀ ਪਤਨੀ ਨੂੰ ਤਲਾਕ ਦੇ ਦਿੱਤਾ ਸੀ, ਜਿਸ ਤੋਂ ਬਾਅਦ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਗਿਆ। ਸੰਦੀਪ ਇਸ ਸਮੇਂ ਆਪਣੀ ਮਾਂ ਨਾਲ ਪਿੰਡ ਵਿੱਚ ਰਹਿ ਰਿਹਾ ਸੀ।

# ਅੰਮ੍ਰਿਤਸਰ ਵਿਚ ਚਾਰ ਕਿੱਲੋ ਹੈਰੋਇਨ, 3.90 ਲੱਖ ਰੁਪਏ ਦੀ ਡਰੱਗ ਮਨੀ ਤੇ ਪਿਸਤੌਲ ਸਮੇਤ ਚਾਰ ਦੋਸ਼ੀ ਫੜੇ

ਅੰਮ੍ਰਿਤਸਰ-ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਵਿਦੇਸ਼ ਆਧਾਰਿਤ ਤਸਕਰਾਂ ਨਾਲ ਜੁੜੇ ਡਰੱਗ ਸਪਲਾਈ ਮਾਡਿਊਲ ਦੇ ਚਾਰ ਕਾਰਕੁਨਾਂ ਯੁਵਰਾਜ ਸਿੰਘ ਰੋੜੀਵਾਲ, ਅੰਮ੍ਰਿਤਸਰ, ਵਰਿੰਦਰ ਸਿੰਘ ਵਾਸੀ ਧੌਲ ਕਲਾਂ, ਅੰਮ੍ਰਿਤਸਰ; ਜਗਰੂਪ ਸਿੰਘ ਵਾਸੀ ਸੰਗਨਾ, ਅੰਮ੍ਰਿਤਸਰ ਅਤੇ ਜੁਗਰਾਜ ਸਿੰਘ ਵਾਸੀ ਸਰਕਾਰੀਆ ਐਨਕਲੇਵ, ਅੰਮ੍ਰਿਤਸਰਨੂੰ 4 ਕਿਲੋ ਹੈਰੋਇਨ, 3.90 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ 32 ਬੋਰ ਪਿਸਤੌਲ, ਮੈਗਜ਼ੀਨ ਤੇ ਪੰਜ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰ ਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ ਗੌਰਵ ਯਾਦਵ ਨੇ ਦਿੱਤੀ।

ਪੁਲਿਸ ਟੀਮ ਨੇ ਉਨ੍ਹਾਂ ਦਾ ਕਾਲੇ ਰੰਗ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਅਤੇ ਚਿੱਟੇ ਰੰਗ ਦੀ ਹੌਂਡਾ ਐਕਟਿਵਾ ਜਿਸਦੀ ਵਰਤੋਂ ਉਹ ਖੇਪ ਡਿਲੀਵਰ ਕਰਨ ਲਈ ਕਰ ਰਹੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੂੰ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਵਿਦੇਸ਼ੀ ਹੈਂਡਲਰ ਲਖਵਿੰਦਰ ਸਿੰਘ ਉਰਫ਼ ਬਾਬਾ ਲੱਖਾ ਦੇ ਸਾਥੀਆਂ ਯੁਵਰਾਜ ਅਤੇ ਵਰਿੰਦਰ ਨੇ ਅਜਨਾਲਾ ਸੈਕਟਰ ਤੋਂ ਹੈਰੋਇਨ ਦੀ ਇਕ ਖੇਪ ਪ੍ਰਾਪਤ ਕੀਤੀ ਹੈ ਅਤੇ ਉਹ ਸੰਭਾਵਿਤ ਤੌਰ 'ਤੇ ਇਸ ਖੇਪ ਨੂੰ ਅੰਮ੍ਰਿਤਸਰ ਦੇ ਗੁਰਦੁਆਰਾ ਮੋਰਚਾ ਸਾਹਿਬ ਨੇੜੇ ਸ਼ੱਕੀ ਜਗਰੂਪ ਸਿੰਘ ਨੂੰ ਡਿਲੀਵਰ ਕਰਨਗੇ।




ਉਨ੍ਹਾਂ ਦੱਸਿਆ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਜਾਲ ਵਿਛਾਇਆ ਅਤੇ ਤਿੰਨਾਂ ਮੁਲਜ਼ਮਾਂ ਨੂੰ ਨਸ਼ੀਲੇ ਪਦਾਰਥਾਂ ਦੀ ਖੇਪ ਅਤੇ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਜਗਰੂਪ ਸਿੰਘ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਉਹ ਦਇਆ ਸਿੰਘ ਪ੍ਰੀਤ ਸੇਖੋਂ, ਜੋ ਇਸ ਸਮੇਂ ਸ੍ਰੀ ਮੁਕਤਸਰ ਸਾਹਿਬ ਦੀ ਕੇਂਦਰੀ ਜੇਲ੍ਹ ਵਿਚ ਬੰਦ ਹੈ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੈਨੇਡਾ ਵਿਚ ਪੰਜਾਬੀਆਂ ਉਪਰ ਗੈਂਗ ਹਿੰਸਾ ਤੇ ਲੁਟਮਾਰ ਦਾ ਖਤਰਾ ਮੰਡਰਾਇਆ

## ✪ ਐਡਮਿੰਟਨ ਵਿੱਚ ਦੋ ਪੰਜਾਬੀ ਨੌਜਵਾਨਾਂ ਦੀ ਬੇਰਹਿਮੀ ਨਾਲ ਹੱਤਿਆ ਤੇ ਪੰਜਾਬੀ ਕਾਰੋਬਾਰੀ ਦੇ ਘਰ ਉਪਰ ਫਾਇਰਿੰਗ ✪ ਟਰਾਂਟੋ ਬਾਅਦ ਕੈਲਗਰੀ ਟਾਊਨ ਹਾਲ ਵਿੱਚ ਪੰਜਾਬੀ ਭਾਈਚਾਰੇ ਦਾ ਸਖਤ ਰੋਸ ✪ ਕਿਉਂ ਸਿਰਫ਼ ਪੰਜਾਬੀ-ਸਿੱਖ ਹੀ ਨਿਸ਼ਾਨੇ ਉੱਤੇ ? ਖਾਲਿਸਤਾਨ ਅੰਦੋਲਨ ਅਤੇ ਭਾਰਤੀ ਨੈਕਸਸ ਦੇ ਸਵਾਲ ਖੜੇ ਹੋਏ







ਬੀਤੇ ਦਿਨੀ ਮਾਨਸਾ ਜ਼ਿਲ੍ਹੇ ਦੇ ਗੁਰਦੀਪ ਸਿੰਘ (27) ਅਤੇ ਰਣਵੀਰ ਸਿੰਘ (18) ਦੀ ਐਡਮਿੰਟਨ ਦੇ 32 ਐਵੇਨਿਊ ਅਤੇ 26 ਸਟਰੀਟ ਦੇ ਚੌਰਾਹੇ ਨੇੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਗੁਰਦੀਪ ਸਿੰਘ ਅਤੇ ਰਣਵੀਰ ਸਿੰਘ, ਜੋ ਢਾਈ ਸਾਲ ਪਹਿਲਾਂ ਸਟੱਡੀ ਵੀਜ਼ੇ ਉੱਤੇ ਕੈਨੇਡਾ ਆਏ ਸਨ, ਆਪਣੇ ਦੋਸਤ ਦਾ ਜਨਮ-ਦਿਨ ਮਨਾਉਣ ਜਾ ਰਹੇ ਸਨ। ਅਚਾਨਕ ਹਮਲਾਵਰਾਂ ਨੇ ਗੱਡੀ ਰੋਕ ਲਈ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਨੇੜੇ ਰਹਿਣ ਵਾਲੇ ਲੋਕਾਂ ਨੇ ਗੋਲੀਆਂ ਦੀ ਆਵਾਜ਼ ਸੁਣੀ ਅਤੇ ਪੁਲਿਸ ਨੂੰ ਬੁਲਾਇਆ।

ਐਡਮਿੰਟਨ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਸੀਸੀਟੀਵੀ ਫੁਟੇਜ ਅਤੇ ਨੌਜਵਾਨਾਂ ਦੀਆਂ ਗਤੀਵਿਧੀਆਂ ਦੀ ਪੜਚੋਲ ਜਾਰੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਇਹ ਗੈਂਗ ਵਾਇਲੈਂਸ ਨਾਲ ਜੁੜੀ ਹੋ ਸਕਦੀ ਹੈ, ਜੋ ਪੰਜਾਬੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੀ ਹੈ।

ਐਡਮਿੰਟਨ ਘਟਨਾ ਤੋਂ ਇੱਕ ਦਿਨ ਪਹਿਲਾਂ ਹੀ ਟੋਰਾਂਟੋ ਨੇੜੇ ਕੈਲਡਨ ਵਿੱਚ ਇੱਕ ਹੋਰ ਹਿੰਸਕ ਘਟਨਾ ਵਾਪਰੀ। ਭਾਰਤੀ ਮੂਲ ਦੇ ਕਾਰੋਬਾਰੀ ਰਣਵੀਰ ਮੰਡ ਦੇ ਘਰ ਉੱਤੇ 16 ਗੋਲੀਆਂ ਚਲਾਈਆਂ ਗਈਆਂ। ਗੋਲੀਆਂ ਕਾਰ, ਗੈਰੇਜ ਅਤੇ ਰਸੋਈ ਨੂੰ ਲੱਗੀਆਂ, ਪਰ ਕੋਈ ਜ਼ਖ਼ਮੀ ਨਹੀਂ ਹੋਇਆ। ਰਣਵੀਰ ਨੇ ਦੱਸਿਆ ਕਿ ਉਹ 30 ਸਾਲ ਪਹਿਲਾਂ ਕੈਨੇਡਾ ਆਏ ਅਤੇ ਰੈਸਟੋਰੈਂਟ ਤੇ ਕੰਸਟ੍ਰੱਕਸ਼ਨ ਕੰਪਨੀ ਚਲਾਉਂਦੇ ਹਨ। ਤਿੰਨ ਮਹੀਨੇ ਪਹਿਲਾਂ ਲਾਰੈਂਸ ਬਿਸ਼ਨੋਈ ਗੈਂਗ ਨੇ 2 ਮਿਲੀਅਨ ਡਾਲਰ ਦੀ ਫਿਰੌਤੀ ਮੰਗੀ ਸੀ। ਇਨਕਾਰ ਕਰਨ ਤੇ ਇੰਗਲੈਂਡ ਅਤੇ ਇਟਲੀ ਤੋਂ ਧਮਕੀਆਂ ਆਈਆਂ ਸਨ।

ਬਿਸ਼ਨੋਈ ਗੈਂਗ, ਜੋ ਭਾਰਤ ਵਿੱਚ ਜੇਲ੍ਹਾਂ ਤੋਂ ਚੱਲਦਾ ਹੈ, ਨੂੰ ਕੈਨੇਡਾ ਨੇ ਸਤੰਬਰ 2025 ਵਿੱਚ ਅੱਤਵਾਦੀ ਸੰਗਠਨ ਐਲਾਨਿਆ ਸੀ। ਇਹ ਕੈਨੇਡਾ ਵਿਚ ਗੈਂਗ ਹੱਤਿਆ, ਗੋਲੀਬਾਰੀਆਂ ਅਤੇ ਫਿਰੌਤੀ ਰਾਹੀਂ ਡਰ ਪੈਦਾ ਕਰ ਰਿਹਾ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐੱਮਪੀ) ਅਨੁਸਾਰ, ਇਹ ਭਾਰਤੀ ਏਜੰਸੀਆਂ ਨਾਲ ਜੁੜਿਆ ਹੈ ਅਤੇ ਸਿੱਖ ਵਿਰੋਧੀ ਹਿੰਸਾ ਵਿੱਚ ਵਰਤਿਆ ਜਾਂਦਾ ਹੈ। ਪਰ ਸਿਖ ਜਥੇਬੰਦੀਆਂ ਕੈਨੇਡਾ ਸਰਕਾਰ ਉਪਰ ਇਤਰਾਜ਼ ਉਠਾ ਰਹੀਆਂ ਹਨ ਕਿ ਕੈਨੇਡਾ ਸਰਕਾਰ ਹਿੰਸਾ ਉਪਰ ਕੰਟਰੋਲ ਕਿਉਂ ਨਹੀਂ ਕਰ ਸਕੀ ?

ਪ੍ਰਸਿੱਧ ਪੱਤਰਕਾਰ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਅਨੁਸਾਰ ਪੰਜਾਬੀ-ਸਿੱਖ ਭਾਈਚਾਰਾ ਕੈਨੇਡਾ ਵਿੱਚ ਸਰਗਰਮ ਹੈ - ਖਾਸ ਕਰਕੇ ਬੀਸੀ, ਓਂਟਾਰੀਓ ਅਤੇ ਅਲਬਰਟਾ ਵਿੱਚ। ਉਹ ਟਰੱਕਿੰਗ, ਕੰਸਟ੍ਰੱਕਸ਼ਨ ਅਤੇ ਵਪਾਰ ਵਿੱਚ ਅੱਗੇ ਹਨ, ਜੋ ਫਿਰੌਤੀ ਲਈ ਆਸਾਨ ਨਿਸ਼ਾਨਾ ਬਣਦੇ ਹਨ। ਪਰ ਮੁੱਖ ਕਾਰਨ ਰਾਜਨੀਤਿਕ ਹੈ: ਖਾਲਿਸਤਾਨ ਅੰਦੋਲਨ।

ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐੱਸਓ) ਅਨੁਸਾਰ, ਭਾਰਤ ਸਰਕਾਰ ਬਿਸ਼ਨੋਈ ਵਰਗੇ ਗੈਂਗਾਂ ਨੂੰ ਵਰਤਕੇ ਸਿੱਖਾਂ ਤੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ ਭਾਈ ਹਰਦੀਪ ਸਿੰਘ ਨਿੱਜਰ ਦੀ ਹੱਤਿਆ (2023) ਤੋਂ ਬਾਅਦ ਇਹ ਤਰਜਮਾਨੀ ਹਿੰਸਾ ਵਧੀ ਹੈ। ਪੰਜਾਬੀ ਲੋਕਾਂ ਦਾ ਮੰਨਣਾ ਹੈ ਕਿ ਗੁਜਰਾਤੀ ਜਾਂ ਹੋਰ ਭਾਰਤੀ ਭਾਈਚਾਰੇ ਖਾਲਿਸਤਾਨ ਨਹੀਂ ਮੰਨੇ ਜਾਂਦੇ, ਇਸ ਲਈ ਉਹ ਨਿਸ਼ਾਨੇ ਉੱਤੇ ਨਹੀਂ ਹਨ।

ਪੰਥਕ ਜਥੇਬੰਦੀਆਂ ਜਿਵੇਂ ਸਿੱਖ ਫੈਡਰੇਸ਼ਨ ਅਤੇ ਦਸਮੇਸ਼ ਕਲਚਰ ਸੈਂਟਰ ਨੇ ਇਸ ਬਾਰੇ ਕੈਨੇਡਾ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

ਸਿੱਖ ਭਾਈਚਾਰੇ ਨੇ ਕੈਨੇਡਾ ਸਰਕਾਰ ਵਿਰੁੱਧ ਕਈ ਮੁਹਿੰਮਾਂ ਚਲਾਈਆਂ ਹਨ। ਬ੍ਰੈਂਪਟਨ ਅਤੇ ਸਰੀ ਵਿੱਚ ਵੀ ਅਜਿਹੇ ਸਮਾਗਮ ਹੋਏ ਹਨ,ਜਿਸ ਵਿਚ ਗੈਂਗ ਹਿੰਸਾ ਦੀ ਨਿਖੇਧੀ ਕੀਤੀ ਗਈ ਸੀ।

ਇਸ ਤੋਂ ਇਲਾਵਾ, ਫਿਰੌਤੀ ਅਤੇ ਹਿੰਸਾ ਵਿਰੁੱਧ ਟਾਊਨ ਹਾਲਾਂ ਦੀ ਲੜੀ ਚੱਲ ਰਹੀ ਹੈ। ਹੁਣ ਕੈਲਗਰੀ ਵਿੱਚ 14 ਦਸੰਬਰ ਨੂੰ ਵੈਨਿਸ ਬੈਂਕਵੇਟ ਹਾਲ ਵਿੱਚ ਵੱਡਾ ਸਮਾਗਮ ਹੋਇਆ ਸੀ। ਡਬਲਯੂਐੱਸਓ, ਸਿੱਖ ਫੈਡਰੇਸ਼ਨ ਅਤੇ ਦਸਮੇਸ਼ ਕਲਚਰ ਸੈਂਟਰ ਨੇ ਆਯੋਜਿਤ ਕੀਤਾ ਸੀ। ਇੱਥੇ 600 ਤੋਂ ਵੱਧ ਲੋਕ ਇਕੱਠੇ ਹੋਏ ਸਨ ਅਤੇ ਅਧਿਕਾਰੀਆਂ ਨੂੰ ਸਵਾਲ ਕੀਤੇ ਸਨ। ਜਸਕਰਨ ਸਿੰਘ ਸੰਧੂ, ਡਬਲਯੂਐੱਸਓ ਅਲਬਰਟਾ ਪ੍ਰਧਾਨ ਨੇ ਕਿਹਾ, "ਹਰ ਕੋਈ ਜਾਣਦਾ ਹੈ ਕਿ ਇਹ ਗੈਂਗ ਹਿੰਸਾ ਪੰਜਾਬੀਆਂ ਵਿਰੁੱਧ ਕੌਣ ਕਰਾ ਰਿਹਾ ਹੈ। ਇਹ ਰਾਸ਼ਟਰੀ ਸੰਕਟ ਹੈ, ਨਾ ਕਿ ਸਥਾਨਕ। ਪਰ ਕੈਨੇਡਾ ਸਰਕਾਰ ਇਸ ਸੰਕਟ ਵਲ ਧਿਆਨ ਨਹੀਂ ਦੇ ਰਹੀ।"

ਸਤੰਬਰ 2025 ਦੀ ਪੁਲਿਸ ਰਿਪੋਰਟ ਅਨੁਸਾਰ, ਧਮਕੀਆਂ ,ਹਿੰਸਾ ,ਕਤਲ ਵਧ ਰਹੇ ਹਨ। ਟੋਰਾਂਟੋ ਵਿੱਚ ਹੋਏ ਟਾਊਨ ਹਾਲਾਂ ਨੇ ਰਾਸ਼ਟਰੀ ਧਿਆਨ ਖਿੱਚਿਆ, ਜਿਸ ਨਾਲ ਕੈਲਗਰੀ ਵਿੱਚ ਲਿਬਰਲ, ਕੰਜ਼ਰਵੇਟਿਵ ਅਤੇ ਐੱਨਡੀਪੀ ਨੇਤਾ ਆਏ ਸਨ।

ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਉਸਨੇ ਕਦਮ ਚੁੱਕੇ ਹਨ, ਪਰ ਪੰਜਾਬੀ ਭਾਈਚਾਰਾ ਸੰਤੁਸ਼ਟ ਨਹੀਂ ਹੈ। ਨਵੰਬਰ 2025 ਵਿੱਚ ਟ੍ਰਾਇਲੈਟਰਲ ਸੰਮੇਲਨ ਵਿੱਚ ਬੀਸੀ, ਓਂਟਾਰੀਓ ਅਤੇ ਫੈਡਰਲ ਸਰਕਾਰ ਨੇ ਫਿਰੌਤੀ ਵਿਰੁੱਧ ਸਖਤ ਕਾਰਵਾਈ ਦਾ ਵਾਅਦਾ ਕੀਤਾ ਸੀ ਅਤੇ 1 ਮਿਲੀਅਨ ਡਾਲਰ ਵਿਕਟਿਮ ਸਪੋਰਟ ਲਈ ਦਿੱਤੇ ਸਨ। ਬੀਸੀ ਨੇ ਐਕਸਟੌਰਸ਼ਨ ਟਾਸਕ ਫੋਰਸ ਬਣਾਈ ਸੀ ਅਤੇ 15 ਫਿਰੌਤੀ ਸ਼ੱਕੀਆਂ ਉਪਰ ਕਾਰਵਾਈ ਕਰਨ ਦਾ ਐਲਾਨ ਕੀਤਾ ਸੀ। ਅਲਬਰਟਾ ਨੇ ਸਾਈਬਰਕ੍ਰਾਈਮ ਟਾਸਕ ਫੋਰਸ ਲਾਂਚ ਕੀਤੀ ਸੀ, ਜੋ ਡਿਜੀਟਲ ਧਮਕੀਆਂ ਨੂੰ ਟਰੈਕ ਕਰੇਗੀ। ਨਿਆਂ ਮੰਤਰੀ ਮਿੱਕੀ ਅਮੇਰੀ ਨੇ ਕਿਹਾ, "ਅਲਬਰਟਾ ਵਿੱਚ ਜ਼ੀਰੋ ਟਾਲਰੈਂਸ ਹੈ। ਅਸੀਂ ਅਪਰਾਧੀਆਂ ਨੂੰ ਤੇਜ਼ੀ ਨਾਲ ਨਿਸ਼ਾਨਾ ਬਣਾਵਾਂਗੇ।"

ਪੰਥਕ ਜਥੇਬੰਦੀਆਂ ਅਤੇ ਚਿੰਤਕਾਂ ਅਨੁਸਾਰ, ਭਾਈਚਾਰੇ ਨੂੰ ਏਕਤਾ ਦਿਖਾਉਣੀ ਚਾਹੀਦੀ ਹੈ। ਜਸਕਰਨ ਸੰਧੂ ਨੇ ਕਿਹਾ, "ਧਮਕੀਆਂ ਰਿਪੋਰਟ ਕਰੋ, ਪੁਲਿਸ ਨਾਲ ਸਹਿਯੋਗ ਕਰੋ ਅਤੇ ਰਾਜਨੀਤਿਕ ਭਾਈਚਾਰੇ ਨੂੰ ਮਜ਼ਬੂਤ ਕਰੋ।" ਡਾ. ਅਮਰਜੀਤ ਸਿੰਘ ਨੇ ਸੁਝਾਇਆ, "ਕਮਿਊਨਿਟੀ ਵਾਚ ਗਰੁੱਪ ਬਣਾਓ ਅਤੇ ਨੌਜਵਾਨਾਂ ਨੂੰ ਗੈਂਗਸ ਤੋਂ ਬਚਾਓ।" ਐੱਸਐੱਫ਼ਜੇ ਨੇ ਇੰਡੀਅਨ ਕੌਂਸਲੇਟਾਂ ਉੱਤੇ ਨਜ਼ਰ ਰਖਣ ਦੀ ਮੰਗ ਕੀਤੀ ਹੈ।

ਕੈਨੇਡੀਅਨ ਮੀਡੀਆ ਵਿੱਚ ਇਹ ਸੰਕਟ ਵੱਡਾ ਮੁੱਦਾ ਹੈ। ਸੀਬੀਸੀ ਨੇ ਕੈਲਗਰੀ ਟਾਊਨ ਹਾਲ ਨੂੰ ਕਵਰ ਕੀਤਾ ਅਤੇ ਗੈਂਗ ਹਿੰਸਾ ਤੇ ਫਿਰੌਤੀ ਦੇ ਵਧਣ ਨੂੰ "ਚਿੰਤਾਜਨਕ" ਕਿਹਾ। ਗਲੋਬ ਐਂਡ ਮੇਲ ਨੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਐਲਾਨਣ ਬਾਰੇ ਚਰਚਾ ਕੀਤੀ ਹੈ। ਟੋਰਾਂਟੋ ਸਟਾਰ ਨੇ ਪੀਲ ਖੇਤਰ ਵਿੱਚ ਹਿੰਸਾ ਨੂੰ "ਅਸਹਿਣਯੋਗ" ਕਿਹਾ।

ਅਮਰੀਕਨ ਅਖ਼ਬਾਰਾਂ ਵਿੱਚ ਨਿਊਯਾਰਕ ਟਾਈਮਜ਼ ਨੇ ਅਕਤੂਬਰ 2024 ਵਿੱਚ ਲਿਖਿਆ, "ਕੈਨੇਡਾ ਦੇ ਸਿੱਖ ਭਾਈਚਾਰੇ ਨੂੰ ਗੈਂਗ ਹਿੰਸਾ ਅਤੇ ਡਰ ਦੀ ਲਹਿਰ ਨੇ ਹਿਲਾ ਦਿੱਤਾ ਹੈ। ਇਹ ਭਾਰਤੀ ਏਜੰਸੀਆਂ ਅਤੇ ਗੈਂਗਾਂ ਦਾ ਨੈਕਸਸ ਹੈ।"

ਐਡਮੰਟਨ ਦੀਆਂ ਹੱਤਿਆਵਾਂ ਅਤੇ ਕੈਲਗਰੀ ਦੇ ਟਾਊਨ ਹਾਲ ਨੇ ਇੱਕ ਸੁਨੇਹਾ ਦਿੱਤਾ ਹੈ - ਸਰਕਾਰ ਦੀ ਚੁੱਪ ਨਹੀਂ ਚੱਲੇਗੀ। ਪੰਜਾਬੀ-ਸਿੱਖ ਭਾਈਚਾਰਾ ਲੜ ਰਿਹਾ ਹੈ, ਅਤੇ ਕੈਨੇਡਾ ਨੂੰ ਗੈਂਗ ਹਿੰਸਾ ਉਪਰ ਸਖਤ ਕਾਰਵਾਈ ਕਰਨੀ ਪਵੇਗੀ। ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਜੇਕਰ ਟਾਸਕ ਫੋਰਸ ਸਖਤ ਹੋਈ ਅਤੇ ਸ਼ੱਕੀਆਂ ਦੀ ਡੀਪੋਰਟੇਸ਼ਨ ਤੇਜ਼ ਹੋਈ, ਤਾਂ ਇਹ ਸੰਕਟ ਰੁਕ ਸਕਦਾ ਹੈ। ਪਰ ਭਾਈਚਾਰੇ ਨੂੰ ਵੀ ਆਪਣੇ ਅੰਦਰ ਏਕਤਾ ਦੀ ਲੋੜ ਹੈ। ਇਹ ਨਾ ਸਿਰਫ਼ ਪੰਜਾਬੀਆਂ ਦੀ ਹੋਂਦ ਦੀ ਲੜਾਈ ਹੈ, ਸਗੋਂ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੇ ਮਨੁੱਖੀ ਅਧਿਕਾਰਾਂ ਦਾ ਮੱਸਲਾ ਹੈ।

# ਭਾਰਤ ਵਿੱਚ ਵਧ ਰਹੀ ਹੈ ਅਸਮਾਨਤਾ, ਗਰੀਬੀ ਵਧੀ: ਵਿਸ਼ਵ ਰਿਪੋਰਟ 2026 ਨੇ ਕੀਤਾ ਵੱਡਾ ਖੁਲਾਸਾ

## ✪ 65 ਫੀਸਦੀ ਦੌਲਤ ਉਪਰ ਉੱਪਰਲੀਆਂ ਜਾਤੀਆਂ ਅਤੇ ਅਮੀਰ ਵਰਗਾਂ ਦਾ ਹੱਕ ✪ ਆਦਿਵਾਸੀ, ਦਲਿਤ ਤੇ ਮਿਹਨਤਕਸ਼ ਵਰਗ ਕਿਉਂ ਪੱਛੜ ਰਹੇ ਹਨ? ✪ ਕਾਰਪੋਰੇਟ ਚੰਦੇ ਨੇ ਭਾਜਪਾ ਦੀ ਸਿਆਸੀ ਤਾਕਤ ਵਧਾਈ: ਲੋਕਤੰਤਰ ਖਤਰੇ ਵਲ

ਵਿਸ਼ਵ ਅਸਮਾਨਤਾ ਰਿਪੋਰਟ 2026 ਅਨੁਸਾਰ, ਭਾਰਤ ਦੇ ਸਭ ਤੋਂ ਅਮੀਰ 10 ਫੀਸਦੀ ਲੋਕਾਂ ਨੇ ਪੂਰੇ ਦੇਸ਼ ਦੀ 65 ਫੀਸਦੀ ਦੌਲਤ ਤੇ ਕਬਜ਼ਾ ਕੀਤਾ ਹੋਇਆ ਹੈ। ਇਹਨਾਂ ਵਿੱਚੋਂ ਵੀ ਸਭ ਤੋਂ ਅਮੀਰ 1 ਫੀਸਦੀ ਲੋਕਾਂ (ਲਗਭਗ 1.40 ਕਰੋੜ) ਨੇ 40 ਫੀਸਦੀ ਦੌਲਤ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਇੱਕ ਪਾਸੇ 14 ਕਰੋੜ ਅਮੀਰ ਲੋਕਾਂ ਕੋਲ 65 ਫੀਸਦੀ ਅਮੀਰੀ, ਦੂਜੇ ਪਾਸੇ 1 ਅਰਬ 36 ਕਰੋੜ ਆਮ ਲੋਕਾਂ ਕੋਲ ਸਿਰਫ਼ 35 ਫੀਸਦੀ ਦੌਲਤ ਹੈ।

ਰਿਪੋਰਟ ਨੂੰ ਪੈਰਿਸ ਵਿੱਚ ਬਣੀ ਵਰਲਡ ਇਨੀਕੁਅਲਿਟੀ ਲੈਬ ਨੇ ਤਿਆਰ ਕੀਤਾ ਸੀ। ਰਿਪੋਟ ਅਨੁਸਾਰ, ਆਮਦਨ ਵਿੱਚ ਵੀ ਇਹ ਅਸਮਾਨਤਾ ਹੈਰਾਨ ਕਰਨ ਵਾਲੀ ਹੈ। ਦੇਸ਼ ਦੇ ਉੱਪਰਲੇ 10 ਫੀਸਦੀ ਲੋਕਾਂ ਨੂੰ ਪੂਰੀ ਦੌਲਤ ਦਾ 58 ਫੀਸਦੀ ਹਿੱਸਾ ਮਿਲ ਰਿਹਾ ਹੈ, ਜਦਕਿ ਹੇਠਲੇ 50 ਫੀਸਦੀ ਲੋਕਾਂ ਨੂੰ ਸਿਰਫ਼ 15 ਫੀਸਦੀ। ਤਿੰਨ ਸਾਲਾਂ ਵਿੱਚ ਹੀ ਉੱਪਰਲੇ 10 ਫੀਸਦੀ ਦੀ ਦੌਲਤ ਵਿੱਚ 7 ਫੀਸਦੀ ਵਾਧਾ ਹੋ ਗਿਆ ਹੈ।

ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇਹ ਅਮੀਰ 10 ਫੀਸਦੀ ਲੋਕ ਕੌਣ ਹਨ? ਉਹ ਕਿਸ ਸਮਾਜਕ ਜਾਤੀ ਅਤੇ ਵਰਗ ਨਾਲ ਜੁੜੇ ਹਨ? ਰਿਪੋਰਟ ਅਤੇ ਹੋਰ ਅਧਿਐਨਾਂ ਅਨੁਸਾਰ, ਇਹਨਾਂ ਵਿੱਚ ਬਹੁਤ ਘੱਟ ਆਦਿਵਾਸੀ, ਦਲਿਤ ਜਾਂ ਅਤਿ ਪਛੜੇ ਹਨ। 2011 ਦੀ ਜਨਗਣਨਾ ਅਨੁਸਾਰ, ਦੇਸ਼ ਵਿੱਚ 10.50 ਕਰੋੜ ਆਦਿਵਾਸੀ ਸਨ, ਜੋ ਹੁਣ 12 ਕਰੋੜ ਹੋ ਗਏ ਹਨ। ਭਾਰਤੀ ਅਰਬਪਤੀਆਂ ਵਿੱਚ ਕੋਈ ਵੀ ਆਦਿਵਾਸੀ ਨਹੀਂ ਹੈ। ਇਸੇ ਤਰ੍ਹਾਂ, ਦਲਿਤਾਂ (ਸ਼ਡ) ਦੀ ਆਬਾਦੀ 24 ਕਰੋੜ ਹੈ, ਪਰ ਉੱਪਰਲੇ 10 ਫੀਸਦੀ ਵਿੱਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੈ। ਅਤਿ ਪਛੜੇ, ਜੋ ਦੇਸ਼ ਦੀ 30-35 ਫੀਸਦੀ ਆਬਾਦੀ (40 ਕਰੋੜ ਤੋਂ ਵੱਧ) ਹਨ, ਉਨ੍ਹਾਂ ਵਿੱਚੋਂ ਵੀ ਘੱਟੋ-ਘੱਟ ਕੋਈ ਅਮੀਰ ਨਹੀਂ।

ਅਧਿਐਨਾਂ ਅਨੁਸਾਰ, ਭਾਰਤੀ ਅਰਬਪਤੀਆਂ ਦੀ 88.4 ਫੀਸਦੀ ਦੌਲਤ ਉੱਪਰਲੀਆਂ ਜਾਤੀਆਂ (ਅੱਪਰ ਕਾਸਟ) ਵਿੱਚ ਕੇਂਦਰਿਤ ਹੈ। ਇਹ ਉਹ ਲੋਕ ਹਨ ਜੋ




ਇਤਿਹਾਸਕ ਤੌਰ ਤੇ ਸ਼ਾਸਕ ਜਾਤੀਆਂ ਨਾਲ ਜੁੜੇ ਹਨ - ਜਿਵੇਂ ਬ੍ਰਾਹਮਣ, ਕਸ਼ੱਤਰੀਆਂ ਅਤੇ ਵੈਸ਼ਿਆ। ਹੋਰ ਪਛੜੇ ਵਰਗ ਵਿੱਚੋਂ ਵੀ ਸਿਰਫ਼ 1-2 ਫੀਸਦੀ ਹੀ ਉੱਪਰਲੇ 10 ਵਿੱਚ ਹੋ ਸਕਦੇ ਹਨ, ਜੋ ਕਿ ਦੇਸ਼ ਦੀ ਅੱਧੀ ਆਬਾਦੀ (70 ਕਰੋੜ) ਨੂੰ ਦਰਸਾਉਂਦੇ ਹਨ। ਇਹਨਾਂ ਵਿੱਚੋਂ ਵੀ ਅਗੜੀਆਂ ਪਛੜੀ ਜਾਤੀਆਂ ਜਿਵੇਂ ਮਰਾਠਾ, ਪਟੇਲ ਜਾਂ ਜਾਟ ਹੀ ਅੱਗੇ ਵਧੀਆਂ ਹਨ। ਆਮ ਤੌਰ ਤੇ, ਇਹ 14 ਕਰੋੜ ਅਮੀਰ ਲੋਕ ਦੇਸ਼ ਦੇ 'ਦੂਜੇ ਦਰਜੇ ਦੀਆਂ-ਸਵਰਨ' ਜਾਤੀਆਂ ਨਾਲ ਜੁੜੇ ਹਨ। ਉਹਨਾਂ ਵਿੱਚ ਮਜ਼ਦੂਰ ਜਾਂ ਕਿਸਾਨਾਂ ਦਾ ਨਾਮ ਵੀ ਨਹੀਂ।

ਸਰਕਾਰ ਦੇ 2023-24 ਦੇ ਅੰਕੜਿਆਂ ਅਨੁਸਾਰ, ਦੇਸ਼ ਵਿੱਚ 64.33 ਕਰੋੜ ਕਿਰਤੀ ਲੋਕ ਹਨ, ਜਿਨ੍ਹਾਂ ਵਿੱਚੋਂ 31.2 ਕਰੋੜ ਅਸੰਗਠਿਤ ਖੇਤਰ ਵਿੱਚ ਹਨ। ਇਹਨਾਂ ਵਿੱਚੋਂ ਕੋਈ ਵੀ ਉੱਪਰਲੇ 14 ਕਰੋੜ ਅਮੀਰਾਂ ਵਿੱਚ ਨਹੀਂ। 15.9 ਕਰੋੜ ਲੋਕ ਖੇਤੀ ਵਿੱਚ ਕੰਮ ਕਰਦੇ ਹਨ, ਪਰ ਉਨ੍ਹਾਂ ਨੂੰ ਅਮੀਰਾਂ ਦੀ ਸੂਚੀ ਵਿੱਚ ਥਾਂ ਨਹੀਂ ਮਿਲੀ। ਰਿਸਰਚ ਇੰਸਟੀਚਿਊਟ ਪ੍ਰਾਈਸ ਅਨੁਸਾਰ, 6.84 ਕਰੋੜ ਪਰਿਵਾਰ ਖੇਤੀ ਉਪਰ ਨਿਰਭਰ ਹਨ, ਜੋ ਔਸਤਨ 4.9 ਵਿਅਕਤੀਆਂ ਵਾਲੇ ਪਰਿਵਾਰਾਂ ਨਾਲ 33.5 ਕਰੋੜ ਲੋਕ ਬਣਦੇ ਹਨ। ਇਹਨਾਂ ਵਿੱਚੋਂ ਕੋਈ ਅਮੀਰ ਨਹੀਂ। ਇਸ ਤਰ੍ਹਾਂ, ਇਹ ਅਮੀਰ 10 ਫੀਸਦੀ ਵਪਾਰੀਆਂ, ਉਦਯੋਗਪਤੀਆਂ ਅਤੇ ਪੇਸ਼ੇਵਰਾਂ ਨਾਲ ਜੁੜੇ ਹਨ, ਨਾ ਕਿ ਮਿਹਨਤਕਸ਼ ਵਰਗ ਨਾਲ।



ਇਹ ਅਸਮਾਨਤਾ ਸਿਰਫ਼ ਦੌਲਤ ਤੱਕ ਸੀਮਤ ਨਹੀਂ। ਇਹ ਰਾਜਨੀਤੀ ਨੂੰ ਵੀ ਖਾ ਰਹੀ ਹੈ। ਇਹ ਅਮੀਰ ਲੋਕ ਚੋਣਾਂ ਵਿੱਚ ਆਪਣੀ ਦੌਲਤ ਨਾਲ ਪਾਰਟੀਆਂ ਨੂੰ ਚੰਦਾ ਦੇ ਕੇ ਕੰਟਰੋਲ ਕਰਦੇ ਹਨ। ਇਹ ਮੀਡੀਆ ਨੂੰ ਖਰੀਦਦੇ ਹਨ, ਸੋਸ਼ਲ ਮੀਡੀਆ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਨੀਤੀਆਂ ਨੂੰ ਆਪਣੇ ਹੱਕ ਵਿੱਚ ਬਦਲਦੇ ਹਨ। ਇਸ ਦਾ ਸਭ ਤੋਂ ਵੱਡਾ ਉਦਾਹਰਨ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਜੁੜੇ ਕਾਰਪੋਰੇਟਾਂ ਹੈ। 2023-24 ਵਿੱਚ ਭਾਜਪਾ ਨੂੰ 2,243 ਕਰੋੜ ਰੁਪਏ ਚੰਦਾ ਮਿਲਿਆ, ਜੋ ਪੂਰੇ ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੂੰ ਮਿਲੇ ਚੰਦੇ ਦਾ 88 ਫੀਸਦੀ ਹੈ। ਉਸੇ ਸਾਲ ਕਾਂਗਰਸ ਨੂੰ ਸਿਰਫ਼ 281 ਕਰੋੜ ਮਿਲੇ। ਇਹ ਵਾਧਾ ਹੈਰਾਨ ਕਰਨ ਵਾਲਾ ਹੈ - 2022-23 ਵਿੱਚ 719 ਕਰੋੜ ਤੋਂ ਵਧਾ ਕੇ 211 ਫੀਸਦੀ ਵਾਧਾ।

ਭਾਜਪਾ ਨਾਲ ਜੁੜੇ ਵੱਡੇ ਕਾਰਪੋਰੇਟਾਂ ਦੀ ਗਿਣਤੀ ਵੀ ਘੱਟ ਨਹੀਂ। ਚੋਣ ਚੰਦੇ ਦੇ ਅੰਕੜਿਆਂ ਅਨੁਸਾਰ, ਸਭ ਤੋਂ ਵੱਡਾ ਡੋਨਰ ਮੇਘਾ ਇੰਜੀਨੀਅਰਿੰਗ ਐਂਡ ਇਨਫਰਾਸਟ੍ਰਕਚਰ ਲਿਮਟਿਡ ਹੈ, ਜਿਸ ਨੇ 584 ਕਰੋੜ ਰੁਪਏ ਦਿੱਤੇ ਸਨ। ਇਹ ਕੰਪਨੀ ਇਨਫਰਾਸਟ੍ਰਕਚਰ ਅਤੇ ਖਾਣ ਵਾਲੀਆਂ ਖਾਦਾਂ ਵਿੱਚ ਕੰਮ ਕਰਦੀ ਹੈ ਅਤੇ ਪੂਰਬੀ ਰਾਜਾਂ ਵਿੱਚ ਸਰਕਾਰੀ ਕਾਂਟ੍ਰੈਕਟਾਂ ਨਾਲ ਜੁੜੀ ਹੈ। ਦੂਜਾ ਵੱਡਾ ਡੋਨਰ ਕਿਊਇਕ ਸਪਲਾਈ ਚੇਨ ਪ੍ਰਾਈਵੇਟ ਲਿਮਟਿਡ ਹੈ, ਜਿਸ ਨੇ 375 ਕਰੋੜ ਦਿੱਤੇ ਸਨ। ਇਸ ਤੋਂ ਇਲਾਵਾ, ਫਾਰਮਾ ਅਤੇ ਇਨਫਰਾ ਕੰਪਨੀਆਂ ਜਿਵੇਂ ਕਿ ਸ਼ਾਇਰ ਫਾਰਮਾ, ਵੇਦਾਂਤਾ ਅਤੇ ਐਕਸਲੋਂ ਮੋਬਿਲ ਨੇ ਵੀ ਵੱਡੇ ਚੰਦੇ ਦਿੱਤੇ ਸਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਕੰਪਨੀਆਂ ਨੇ ਇਲੈਕਟੋਰਲ ਬਾਂਡਾਂ ਰਾਹੀਂ ਚੰਦਾ ਦਿੱਤਾ ਸੀ, ਜੋ ਹੁਣ ਖਤਮ ਹੋ ਗਏ ਹਨ ਪਰ ਉਹਨਾਂ ਨੇ ਭਾਜਪਾ ਨੂੰ ਮਜ਼ਬੂਤ ਬਣਾਇਆ ਸੀ।

ਇਹਨਾਂ ਕਾਰਪੋਰੇਟਾਂ ਨੇ ਆਪਣੀ ਦੌਲਤ ਵਿੱਚ ਵੀ ਭਾਰੀ ਵਾਧਾ ਕੀਤਾ ਹੈ। ਫੋਰਬਸ ਦੀ 2025 ਰਿਪੋਰਟ ਅਨੁਸਾਰ, ਭਾਰਤ ਵਿੱਚ 284 ਅਰਬਪਤੀ ਹਨ, ਜਿਨ੍ਹਾਂ ਦੀ ਕੁੱਲ ਦੌਲਤ 941 ਅਰਬ ਡਾਲਰ ਹੈ। ਇਹ ਪਿਛਲੇ ਸਾਲ ਤੋਂ ਥੋੜ੍ਹੀ ਘੱਟ ਹੈ, ਪਰ ਫਿਰ ਵੀ ਵੱਡੀ ਹੈ। ਮੁਕੇਸ਼ ਅੰਬਾਨੀ (ਰਿਲਾਇੰਸ) ਦੀ ਦੌਲਤ 105 ਅਰਬ ਡਾਲਰ ਹੈ, ਗੌਤਮ ਅਦਾਨੀ (ਅਦਾਨੀ ਗਰੁੱਪ) ਦੀ 92 ਅਰਬ ਅਤੇ ਸਵਿਤਰੀ ਜਿੰਦਲ (ਜਿੰਦਲ ਗਰੁੱਪ) ਦੀ 40.2 ਅਰਬ। ਇਹਨਾਂ ਵਿੱਚੋਂ ਬਹੁਤੇ ਉੱਪਰਲੀਆਂ ਜਾਤੀਆਂ ਨਾਲ ਜੁੜੇ ਹਨ ਅਤੇ ਭਾਜਪਾ ਨਾਲ ਨੇੜਲੇ ਸਬੰਧ ਰੱਖਦੇ ਹਨ। ਉਦਾਹਰਨ ਵਜੋਂ, ਅਦਾਨੀ ਗਰੁੱਪ ਨੇ ਰਾਸ਼ਟਰੀ ਯੋਜਨਾਵਾਂ ਵਿੱਚ ਵੱਡੇ ਕਾਂਟ੍ਰੈਕਟ ਲਏ ਹਨ, ਜਿਸ ਨਾਲ ਉਨ੍ਹਾਂ ਦੀ ਦੌਲਤ ਵਧੀ। ਫੋਰਬਸ ਅਨੁਸਾਰ, 2024-25 ਵਿੱਚ ਭਾਰਤੀ ਅਰਬਪਤੀਆਂ ਦੀ ਦੌਲਤ ਵਿੱਚ ਔਸਤਨ 42 ਫੀਸਦੀ ਵਾਧਾ ਹੋਇਆ, ਜਦਕਿ ਆਮ ਲੋਕਾਂ ਦੀ ਆਮਦਨ ਘੱਟੋ-ਘੱਟ ਵਧੀ ਹੈ।

ਭਾਜਪਾ ਤੇ ਕਾਰਪੋਰੇਟ ਦੇ ਸਬੰਧ ਅਕਾਰਣ ਨਹੀਂ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਅਮੀਰਾਂ ਦੀ ਦੌਲਤ ਵਧੀ, ਉਸੇ ਤਰ੍ਹਾਂ ਭਾਜਪਾ ਦੇ ਚੰਦੇ ਵਧੇ ਹਨ। 2004 ਵਿੱਚ 88 ਕਰੋੜ, 2014 ਵਿੱਚ 295 ਕਰੋੜ, 2019 ਵਿੱਚ 3,562 ਕਰੋੜ ਅਤੇ 2024 ਵਿੱਚ 10,107 ਕਰੋੜ। ਇਹ ਵਾਧਾ ਭਾਜਪਾ ਨੂੰ ਸੱਤਾ ਵਿੱਚ ਰੱਖਣ ਵਾਲਾ ਹੈ, ਜੋ ਨੀਤੀਆਂ ਰਾਹੀਂ ਇਹਨਾਂ ਕਾਰਪੋਰੇਟਾਂ ਨੂੰ ਲਾਭ ਦਿੰਦੀ ਹੈ। ਇਹ ਅਮੀਰ ਲੋਕ ਚੰਦੇ ਨਾਲ ਨਾ ਸਿਰਫ਼ ਚੋਣਾਂ ਜਿੱਤਵਾਉਂਦੇ ਹਨ, ਬਲਕਿ ਮੀਡੀਆ ਅਤੇ ਨੀਤੀ ਨਿਰਮਾਣ ਨੂੰ ਵੀ ਨਿਯੰਤਰਿਤ ਕਰਦੇ ਹਨ। ਉਹ ਫੈਸਲਾ ਕਰਦੇ ਹਨ ਕਿ ਕਿਹੜਾ ਮੁੱਦਾ ਉੱਠੇ ਅਤੇ ਕਿਹੜਾ ਦਬੇ।

ਇਹ ਸਭ ਡਾ. ਬੀ. ਆਰ. ਅੰਬੇਡਕਰ ਦੀ ਚੇਤਾਵਨੀ ਨੂੰ ਯਾਦ ਕਰਾਉਂਦਾ ਹੈ। ਸੰਵਿਧਾਨ ਸਭਾ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਰਾਜਨੀਤਿਕ ਲੋਕਤੰਤਰ ਤਾਂ ਬਣਾ ਰਹੇ ਹਾਂ, ਪਰ ਜੇਕਰ ਸਮਾਜਿਕ ਅਤੇ ਆਰਥਿਕ ਅਸਮਾਨਤਾ ਨੂੰ ਨਾ ਰੋਕਿਆ ਤਾਂ ਇਹ ਲੋਕਤੰਤਰ ਨੂੰ ਖਾ ਜਾਵੇਗੀ। ਅੱਜ ਉਹ ਅਸਮਾਨਤਾ ਇੱਕ ਵੱਡਾ ਖ਼ਤਰਾ ਬਣ ਚੁੱਕੀ ਹੈ। ਇਹ ਨਾ ਸਿਰਫ਼ ਗਰੀਬੀ-ਅਮੀਰੀ ਦਾ ਮਾਮਲਾ ਹੈ, ਬਲਕਿ ਇਹ ਦੇਸ਼ ਦੇ ਭਵਿੱਖ ਨੂੰ ਵੀ ਬਦਲ ਰਹੀ ਹੈ। ਅਮੀਰ ਲੋਕ ਨੀਤੀਆਂ ਨੂੰ ਆਪਣੇ ਹੱਕ ਵਿੱਚ ਬਣਾਉਂਦੇ ਹਨ, ਜਿਵੇਂ ਟੈਕਸ ਵਿੱਚ ਰਾਹਤ ਜਾਂ ਵੱਡੇ ਪ੍ਰੋਜੈਕਟਾਂ ਵਿੱਚ ਲਾਭ।

ਰਿਪੋਰਟ ਵਿੱਚ ਸੁਝਾਅ ਵੀ ਹੈ - ਅਮੀਰਾਂ ਉਪਰ ਵੱਧ ਟੈਕਸ ਲਗਾਓ, ਦੌਲਤ ਨੂੰ ਵੰਡੋ ਅਤੇ ਸਮਾਜਿਕ ਨਿਆਂ ਨੂੰ ਯਕੀਨੀ ਬਣਾਓ। ਪਰ ਕੀ ਮੋਦੀ ਸਰਕਾਰ ਇਹ ਸੁਣੇਗੀ? ਜਦੋਂ ਤੱਕ ਸਰਕਾਰ ਇਸ ਅਸਮਾਨਤਾ ਨੂੰ ਨਹੀਂ ਰੋਕੇਗੀ, ਭਾਰਤ ਦਾ ਲੋਕਤੰਤਰ ਅਮੀਰਾਂ ਦਾ ਬਣਿਆ ਰਹੇਗਾ।

# ਵੀਰ ਬਾਲ ਦਿਵਸ ਉਪਰ ਸਿੱਖ ਵਿਦਵਾਨਾਂ ਵੱਲੋਂ ਮੋਦੀ ਸਰਕਾਰ ਉਪਰ ਇਤਰਾਜ਼ ਕਿਉਂ ?

## ✪ ਪੰਥਕ ਜਥੇਬੰਦੀਆਂ ਦੀ ਮੰਗ ਕਿ ਮੋਦੀ ਸਰਕਾਰ ਸਾਹਿਬਜ਼ਾਦੇ ਸ਼ਹੀਦੀ ਦਿਵਸ ਨਾਂ ਰੱਖੇ ਅਤੇ ਚਾਰੇ ਸਾਹਿਬਜ਼ਾਦਿਆਂ ਦਾ ਸਮਾਗਮ ਮਨਾਵੇ

ਦੇਸ਼ ਭਰ ਵਿੱਚ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਏ ਜਾਣ ਤੋਂ ਪਹਿਲਾਂ ਸਿੱਖ ਬੁੱਧੀਜੀਵੀਆਂ, ਵਿਦਵਾਨਾਂ, ਸੰਸਦ ਮੈਂਬਰਾਂ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਇਸ ਨਾਂ ਨੂੰ ਬਦਲ ਕੇ ਸਾਹਿਬਜ਼ਾਦੇ ਸ਼ਹੀਦੀ ਦਿਵਸ ਜਾਂ ਚਾਰ ਸਾਹਿਬਜ਼ਾਦੇ ਸ਼ਹੀਦੀ ਦਿਵਸ ਰੱਖਣ ਦੀ ਮੰਗ ਨੂੰ ਮੁੜ ਦੁਹਰਾਇਆ ਹੈ। ਇਹ ਵਿਵਾਦ 2022 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਦਿਨ ਨੂੰ ਵੀਰ ਬਾਲ ਦਿਵਸ ਐਲਾਨਣ ਤੋਂ ਬਾਅਦ ਸ਼ੁਰੂ ਹੋਇਆ ਸੀ ਅਤੇ ਹੁਣ ਵੀ ਜਾਰੀ ਹੈ। ਸਿੱਖ ਵਿਦਵਾਨਾਂ ਅਨੁਸਾਰ ਇਹ ਨਾਂ ਨਾ ਸਿਰਫ਼ ਸਿੱਖ ਇਤਿਹਾਸ ਅਤੇ ਮਰਿਆਦਾ ਨਾਲ ਮੇਲ ਨਹੀਂ ਖਾਂਦਾ, ਸਗੋਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੰਡਦਾ ਹੈ ਅਤੇ ਸਿੱਖ ਪਹਿਚਾਣ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਪੁੱਤਰਾਂ ਨੂੰ ਸਿੱਖ ਧਰਮ ਵਿੱਚ ਚਾਰ ਸਾਹਿਬਜ਼ਾਦੇ ਕਿਹਾ ਜਾਂਦਾ ਹੈ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ (ਉਮਰ 18 ਸਾਲ) ਅਤੇ ਬਾਬਾ ਜੁਝਾਰ ਸਿੰਘ ਜੀ (ਉਮਰ 14 ਸਾਲ) ਨੇ 22 ਦਸੰਬਰ 1705 ਨੂੰ ਚਮਕੌਰ ਦੀ ਜੰਗ ਵਿੱਚ ਸ਼ਹਾਦਤ ਪਾਈ ਸੀ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ (ਉਮਰ 9 ਸਾਲ) ਅਤੇ ਬਾਬਾ ਫਤਿਹ ਸਿੰਘ ਜੀ (ਉਮਰ 6 ਸਾਲ) ਨੂੰ 26 ਦਸੰਬਰ 1705 ਨੂੰ ਸਰਹਿੰਦ ਵਿੱਚ ਜ਼ਿੰਦਾ ਦੀਵਾਰ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ। ਇਹ ਸ਼ਹਾਦਤਾਂ ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਮੰਨੀਆਂ ਜਾਂਦੀਆਂ ਹਨ ਕਿਉਂਕਿ ਇੰਨੀ ਛੋਟੀ ਉਮਰ ਵਿੱਚ ਧਰਮ ਲਈ ਅਜਿਹੀ ਕੁਰਬਾਨੀ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਦੀ।

ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐਸ ਅਨੁਸਾਰ, "ਸਿੱਖਾਂ ਲਈ 21 ਤੋਂ 27 ਦਸੰਬਰ ਤੱਕ ਚਾਰ ਸਾਹਿਬਜ਼ਾਦੇ ਸ਼ਹੀਦੀ ਸਪਤਾਹ ਮਨਾਇਆ ਜਾਂਦਾ ਹੈ। ਇਹ ਪੂਰਾ ਹਫ਼ਤਾ ਸ਼ਹਾਦਤ ਦੀ ਯਾਦ ਵਿੱਚ ਗੁਰਬਾਣੀ ਪਾਠ ਅਤੇ ਕੀਰਤਨ ਨਾਲ ਮਨਾਇਆ ਜਾਂਦਾ ਹੈ, ਨਾ ਕਿ ਮਾਤਮ ਨਾਲ। ਇਸ ਨੂੰ ਵੰਡ ਕੇ ਸਿਰਫ਼ ਛੋਟੇ ਸਾਹਿਬਜ਼ਾਦਿਆਂ ਨੂੰ 'ਬਾਲ' ਕਹਿ ਕੇ ਯਾਦ ਕਰਨਾ ਸਿੱਖ ਮਰਿਆਦਾ ਦੇ ਖਿਲਾਫ਼ ਹੈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਭਾਵੇਂ ਇਹ ਸਿੱਖ ਇਤਿਹਾਸ ਵਿੱਚ ਅਤਿ ਦੁਖਦਾਈ ਘਟਨਾ ਹੈ ਪਰ ਸਿੱਖ ਇਸ ਨੂੰ ਗੌਰਵ ਨਾਲ ਯਾਦ ਕਰਦੇ ਹਨ। ਰੋਜ਼ਾਨਾ ਅਰਦਾਸ ਵਿੱਚ ਵੀ "ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ..." ਇਕੱਠੇ ਯਾਦ ਕੀਤੇ ਜਾਂਦੇ ਹਨ।



2022 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਐਲਾਨ ਕੀਤਾ ਕਿ 26 ਦਸੰਬਰ ਨੂੰ ਵੀਰ ਬਾਲ ਦਿਵਸ ਹਮੇਸ਼ਾ ਮਨਾਇਆ ਜਾਵੇਗਾ, ਜੋ ਸਿਰਫ਼ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਹੈ। ਇਸ ਨੂੰ ਗਜ਼ਟ ਨੋਟੀਫਿਕੇਸ਼ਨ ਨਾਲ ਰਸਮੀ ਬਣਾ ਦਿੱਤਾ ਗਿਆ। ਪਰ ਐਲਾਨ ਹੁੰਦੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅਕਾਲ ਤਖ਼ਤ ਸਾਹਿਬ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਨਾਂ ਸਿੱਖ ਮਰਿਆਦਾ ਨਾਲ ਨਹੀਂ ਮਿਲਦਾ ਅਤੇ ਸਿਰਫ਼ ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰਨ ਨਾਲ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਘਟਾਇਆ ਜਾ ਰਿਹਾ ਹੈ।

ਅਕਾਲ ਤਖ਼ਤ ਨੇ ਇੱਕ ਕਮੇਟੀ ਬਣਾਈ ਜਿਸ ਨੇ ਸੁਝਾਅ ਦਿੱਤਾ ਕਿ ਬਾਲ ਦਿਵਸ ਦਾ ਨਾਂ ਸਾਹਿਬਜ਼ਾਦੇ ਸ਼ਹੀਦੀ ਦਿਵਸ ਰੱਖਿਆ ਜਾਵੇ। ਐਸਜੀਪੀਸੀ ਨੇ ਵੀ ਇਸ ਨੂੰ ਪਾਸ ਕੀਤਾ ਅਤੇ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਪਰ ਕੋਈ ਬਦਲਾਅ ਨਹੀਂ ਹੋਇਆ। 2025 ਵਿੱਚ ਵੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਸਿੱਖ ਸੰਸਦ ਮੈਂਬਰਾਂ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਇਸ ਨਾਂ ਨੂੰ ਬਦਲਿਆ ਜਾਵੇ ਕਿਉਂਕਿ ਇਹ ਸਿੱਖ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ।

ਸਿਖ ਚਿੰਤਕ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ 'ਪਹਿਲਾਂ 14 ਨਵੰਬਰ ਨੂੰ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਉਪਰ ਬਾਲ ਦਿਵਸ ਮਨਾਇਆ ਜਾਂਦਾ ਸੀ। ਹੁਣ ਇਸ ਨੂੰ 26 ਦਸੰਬਰ ਉਪਰ ਸ਼ਿਫਟ ਕਰ ਕੇ 'ਵੀਰ' ਜੋੜਨਾ ਰਾਜਨੀਤਿਕ ਲੱਗਦਾ ਹੈ। ਕੁਝ ਵਿਦਵਾਨਾਂ ਅਨੁਸਾਰ ਇਹ ਨਹਿਰੂ ਦੀ ਯਾਦ ਨੂੰ ਮਿਟਾਉਣ ਦੀ ਕੋਸ਼ਿਸ਼ ਹੈ। ਪਹਿਲਾਂ ਵੀ ਭਾਈ ਹਕੀਕਤ ਰਾਏ ਨੂੰ ਵੀਰ ਹਕੀਕਤ ਰਾਏ, ਬਾਬਾ ਬੰਦਾ ਸਿੰਘ ਬਹਾਦੁਰ ਨੂੰ ਵੀਰ ਵੈਰਾਗੀ ਕਹਿ ਕੇ ਸਿੱਖ ਪਹਿਚਾਣ ਨੂੰ ਮਿਟਾਉਣ ਦੀਆਂ ਸੰਘ ਪਰਿਵਾਰ ਵਲੋਂ ਕੋਸ਼ਿਸ਼ਾਂ ਹੋਈਆਂ ਸਨ। ਇਸ ਨੂੰ ਸਿੱਖ ਇਤਿਹਾਸ ਨੂੰ ਹਿੰਦੂ ਨਰੇਟਿਵ ਵਿੱਚ ਮਿਲਾਉਣ ਵਜੋਂ ਵੇਖਿਆ ਜਾਂਦਾ ਹੈ।

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ, ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਅਤੇ ਹੋਰਾਂ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਬਾਲ ਦਿਵਸ ਦਾ ਨਾਂ ਬਦਲਿਆ ਜਾਵੇ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗਜ ਨੇ ਵੀ ਸਿੱਖ ਐਮਪੀਆਂ ਨੂੰ ਸੰਸਦ ਵਿੱਚ ਮੁੱਦਾ ਚੁੱਕਣ ਲਈ ਕਿਹਾ ਸੀ।

ਵੀਰ ਬਾਲ ਦਿਵਸ ਦੀਆਂ ਰਸਮੀ ਤਿਆਰੀਆਂ ਵਿੱਚ ਬੱਚਿਆਂ ਵੱਲੋਂ ਸਾਹਿਬਜ਼ਾਦਿਆਂ ਵਾਂਗ ਕੱਪੜੇ ਪਾਉਣ ,ਰੋਲ ਨਿਭਾਉਣ ਵਰਗੇ ਪ੍ਰੋਗਰਾਮਾਂ ਤੇ ਵੀ ਇਤਰਾਜ਼ ਹੋਇਆ ਸੀ। ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਅਨੁਸਾਰ ਗੁਰੂ ਪਰਿਵਾਰ ਦੀ ਨਕਲ ਕਰਨਾ ਸਖ਼ਤ ਮਨ੍ਹਾ ਹੈ।

ਸਿੱਖ ਸੇਵਕ ਸੁਸਾਇਟੀ ਦੇ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਇਹ ਮੰਗ ਸਿਰਫ਼ ਨਾਂ ਦੀ ਨਹੀਂ ਸਗੋਂ ਸਿੱਖ ਇਤਿਹਾਸ ਅਤੇ ਪਹਿਚਾਣ ਦੀ ਰਾਖੀ ਦੀ ਹੈ। ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਨੂੰ ਸਿੱਖ ਸੰਸਥਾਵਾਂ ਨਾਲ ਸਲਾਹ ਕਰ ਕੇ ਫੈਸਲੇ ਲੈਣੇ ਚਾਹੀਦੇ ਹਨ ਤਾਂ ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ।

ਇਸ ਮੌਕੇ ਤੇ ਸਿੱਖ ਸੰਗਤ ਵੱਲੋਂ ਗੁਰਦੁਆਰਿਆਂ ਵਿੱਚ ਵਿਸ਼ੇਸ਼ ਦੀਵਾਨ ਅਤੇ ਗੁਰਬਾਣੀ ਪਾਠ ਕੀਤੇ ਜਾ ਰਹੇ ਹਨ। ਵਿਸ਼ਵ ਭਰ ਦੇ ਸਿੱਖ ਚਾਰੇ ਸਾਹਿਬਜ਼ਾਦਿਆਂ ਨੂੰ ਇਕੱਠੇ ਯਾਦ ਕਰ ਰਹੇ ਹਨ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਰਹੇ ਹਨ।

# ਸ਼ਹੀਦੀ ਸ਼ਤਾਬਦੀ ਸਮਾਗਮ ਮੌਕੇ ਅਕਾਲ ਤਖਤ ਸਾਹਿਬ ਵਲੋਂ ਸ਼ਿਲਾਂਗ ਦੇ ਸਿੱਖਾਂ ਦੇ ਹੱਕ ਵਿਚ ਖੜਨ ਦਾ ਫੈਸਲਾ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੇਘਾਲਿਆ ਦੇ ਸ਼ਿਲਾਂਗ ਸ਼ਹਿਰ ਵਿਚ ਸਥਿਤ ਗੁਰਦੁਆਰਾ: ਗੁਰੂ ਨਾਨਕ ਦਰਬਾਰ ਬੜਾ ਬਾਜ਼ਾਰ ਵਿਖੇ ਗੁਰਦੁਆਰਾ ਕਮੇਟੀ ਵਲੋਂ ਸ੍ਰੀ ਗੁਰੂ ਤੇਗ਼ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਵਿਸ਼ੇਸ਼ ਗੁਰਮਤਿ ਸਮਾਗਮ ਵਿਚ ਸ਼ਮੂਲੀਅਤ ਕੀਤੀ।



ਇਸ ਦੌਰਾਨ ਜਥੇਦਾਰ ਗੜਗੱਜ ਨੇ ਤਸੱਲੀ ਪ੍ਰਗਟਾਈ ਕਿ ਸ਼ਿਲਾਂਗ ਦੇ ਬਹੁਤੇ ਸਿੱਖ ਨੌਜਵਾਨਾਂ ਆਪਣੀ ਸਾਬਤ ਸੂਰਤ ਸਿੱਖ ਪਛਾਣ ਕਾਇਮ ਰੱਖੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਪੂਰੀ ਦੁਨੀਆ ਦੇ ਸਿੱਖ, ਸ਼ਿਲਾਂਗ ਦੀ ਪੰਜਾਬੀ ਲੇਨ ਵਿਚ ਵੱਸਦੇ ਸਿੱਖਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਦੇਸ਼ ਦੁਨੀਆ ਅੰਦਰ ਵੱਸਦੇ ਸਿੱਖਾਂ ਅਤੇ ਸਮੂਹ ਸਿੱਖ ਜਥੇਬੰਦੀਆਂ ਨੂੰ ਵੀ ਵਿਸ਼ੇਸ਼ ਅਪੀਲ ਕੀਤੀ ਕਿ ਜੇਕਰ ਕਦੇ ਸ਼ਿਲਾਂਗ ਦੇ ਸਿੱਖਾਂ ਨਾਲ ਕੋਈ ਧੱਕਾ ਹੁੰਦਾ ਹੈ ਤਾਂ ਇਸ ਦੀ ਅਵਾਜ਼ ਅੰਤਰਰਾਸ਼ਟਰੀ ਪੱਧਰ 'ਤੇ ਪੂਰੀ ਚੜ੍ਹਦੀ ਕਲਾ ਨਾਲ ਬੁਲੰਦ ਕੀਤੀ ਜਾਵੇ ।ਜਥੇਦਾਰ ਨੇ ਕਿਹਾ ਕਿ ਜਦੋਂ ਵੀ ਦੇਸ਼ ਦੀ ਰੱਖਿਆ ਦੀ ਗੱਲ ਆਈ ਹੈ ਤਾਂ ਬਹਾਦਰ ਸਿੱਖ ਕੌਮ ਨੇ ਹਮੇਸ਼ਾ ਹੀ ਮੋਹਰੀ ਭੂਮਿਕਾ ਨਿਭਾਈ ਹੈ । ਇਸ ਲਈ ਸਰਕਾਰਾਂ ਦੀ ਇਹ ਪਹਿਲੀ ਜ਼ਿੰਮੇਵਾਰੀ ਹੈ ਕਿ ਦੇਸ਼ ਅੰਦਰ ਵੱਸਦੇ ਸਿੱਖਾਂ ਦੇ ਹੱਕ ਅਤੇ ਹਿਤ ਸੁਰੱਖਿਅਤ ਰਹਿਣ। ਇਸ ਦੌਰਾਨ ਮੇਘਾਲਿਆ ਦੇ ਕੈਬਨਿਟ ਮੰਤਰੀ ਸਨਬੋਰ ਸ਼ੁਲਾਈ ਨੇ ਵੀ ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ ।


ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਗੁ: ਗੁਰੂ ਨਾਨਕ ਦਰਬਾਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ, ਉੱਤਰ ਪੂਰਬ ਸਿੱਖ ਪ੍ਰਤੀਨਿਧ ਬੋਰਡ ਦੇ ਸੀਨੀਅਰ ਮੁੱਖ ਸਲਾਹਕਾਰ ਤੇ ਗੁ: ਧੁਬੜੀ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੁਪਿੰਦਰਪਾਲ ਸਿੰਘ, ਜਸਕਰਨ ਸਿੰਘ ਮੀਡੀਆ ਸਲਾਹਕਾਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤ ਹਾਜ਼ਰ ਸੀ।

# ਅਮਰੀਕਾ ਭਾਰਤੀ ਗਰਭਵਤੀ ਔਰਤਾਂ ਨੂੰ ਵੀਜ਼ਾ ਦੇਣ ਵਿੱਚ ਵਰਤੇਗਾ ਸਾਵਧਾਨੀ

## ✪ 'ਬਰਥ ਟੂਰਿਜ਼ਮ' ਉਪਰ ਪਾਬੰਦੀ, ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਬਰਥ ਟੂਰਿਜ਼ਮ ਨਾਲ ਹੈਲਥ ਕੇਅਰ ਸਿਸਟਮ ਤੇ ਬੋਝ ਵਧਦਾ ਹੈ

ਅਮਰੀਕਾ ਨੇ ਗਰਭਵਤੀ ਭਾਰਤੀ ਔਰਤਾਂ ਨੂੰ ਵੀਜ਼ਾ ਦੇਣ ਵਿੱਚ ਵਧੇਰੇ ਸਾਵਧਾਨੀ ਵਰਤਣ ਦਾ ਐਲਾਨ ਕੀਤਾ ਹੈ। ਅਮਰੀਕੀ ਦੂਤਾਵਾਸ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਨੂੰ ਲੱਗੇ ਕਿ ਯਾਤਰਾ ਦਾ ਮੁੱਖ ਮੰਤਵ ਅਮਰੀਕਾ ਵਿੱਚ ਬੱਚੇ ਨੂੰ ਜਨਮ ਦੇ ਕੇ ਉਸ ਨੂੰ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨਾ ਹੈ, ਤਾਂ ਉਹ ਵੀਜ਼ਾ ਨਹੀਂ ਦੇਣਗੇ। ਇਸ ਨੂੰ ਅਮਰੀਕਾ ਨੇ 'ਜਨਮ ਸੈਰ-ਸਪਾਟਾ' ਜਾਂ 'ਬਰਥ ਟੂਰਿਜ਼ਮ' ਕਿਹਾ ਹੈ। ਇਹ ਨੀਤੀ ਪਹਿਲਾਂ ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਗਈ ਸੀ ਅਤੇ ਹੁਣ ਇਸ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਹੈ। ਅਮਰੀਕੀ ਦੂਤਾਵਾਸ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਟੂਰਿਸਟ ਵੀਜ਼ਾ (ਬੀ-1/ਬੀ-2) ਲਈ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ ਜੇਕਰ ਅਧਿਕਾਰੀਆਂ ਨੂੰ ਲੱਗੇ ਕਿ ਯਾਤਰਾ ਦਾ ਅਸਲੀ ਉਦੇਸ਼ ਅਮਰੀਕਾ ਵਿੱਚ ਬੱਚੇ ਨੂੰ ਜਨਮ ਦੇਣਾ ਹੈ। ਉਨ੍ਹਾਂ ਨੇ ਕਿਹਾ, "ਅਸੀਂ ਅਜਿਹੀ ਇਜਾਜ਼ਤ ਨਹੀਂ ਦਿੰਦੇ।" ਇਹ ਨੀਤੀ ਅਮਰੀਕੀ ਵਿਦੇਸ਼ ਵਿਭਾਗ ਦੇ ਨਿਯਮਾਂ ਤਹਿਤ ਆਉਂਦੀ ਹੈ ਜੋ ਬੀ ਵੀਜ਼ਾ ਨੂੰ ਸੈਲਾਨੀਆਂ ਲਈ ਹੀ ਸੀਮਿਤ ਰੱਖਦੇ ਹਨ, ਨਾ ਕਿ ਨਾਗਰਿਕਤਾ ਪ੍ਰਾਪਤ ਕਰਨ ਲਈ। ਅਮਰੀਕਾ ਦਾ ਦਾਅਵਾ ਹੈ ਕਿ ਹਰ ਸਾਲ ਵੱਡੀ ਗਿਣਤੀ ਵਿੱਚ ਗਰਭਵਤੀ ਔਰਤਾਂ ਟੂਰਿਸਟ ਵੀਜ਼ਾ ਤੇ ਅਮਰੀਕਾ ਆਉਂਦੀਆਂ ਹਨ ਤਾਂ ਜੋ ਉਨ੍ਹਾਂ ਦੇ ਬੱਚੇ ਨੂੰ ਜਨਮ ਸਿੱਧ ਨਾਗਰਿਕਤਾ ਮਿਲ ਜਾਵੇ। ਇਸ ਨਾਲ ਅਮਰੀਕੀ ਸਿਸਟਮ ਤੇ ਬੋਝ ਵਧਦਾ ਹੈ ਅਤੇ ਨਿਯਮਾਂ ਦੀ ਉਲੰਘਣਾ ਹੁੰਦੀ ਹੈ।

ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਅਨੁਸਾਰ, ਅਮਰੀਕੀ ਧਰਤੀ ਉਪਰ ਜਨਮ ਲੈਣ ਵਾਲਾ ਬੱਚਾ ਆਪਣੇ ਆਪ ਅਮਰੀਕੀ ਨਾਗਰਿਕ ਬਣ ਜਾਂਦਾ ਹੈ, ਭਾਵੇਂ ਉਸ ਦੇ ਮਾਪੇ ਕਿਸੇ ਵੀ ਦੇਸ਼ ਦੇ ਹੋਣ ਜਾਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਕੁਝ ਵੀ ਹੋਵੇ। ਇਸ ਨੂੰ



'ਬਰਥਰਾਈਟ ਸਿਟੀਜ਼ਨਸ਼ਿਪ' ਕਿਹਾ ਜਾਂਦਾ ਹੈ। ਇਹ ਨਾਗਰਿਕਤਾ ਬੱਚੇ ਨੂੰ ਅਮਰੀਕੀ ਪਾਸਪੋਰਟ, ਵੋਟ ਪਾਉਣ ਅਤੇ ਹੋਰ ਅਧਿਕਾਰ ਦਿੰਦੀ ਹੈ, ਪਰ ਮਾਪਿਆਂ ਨੂੰ ਨਹੀਂ। ਇਸ ਨੀਤੀ ਨੂੰ ਅਮਰੀਕਾ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ ਅਤੇ ਇਹ 1868 ਵਿੱਚ ਲਾਗੂ ਹੋਈ ਸੀ। ਪਰ ਇਸ ਨੂੰ ਲੈ ਕੇ ਵਿਵਾਦ ਵੀ ਹੈ ਕਿ ਕੁਝ ਲੋਕ ਇਸ ਦਾ ਗਲਤ ਫਾਇਦਾ ਉਠਾਉਂਦੇ ਰਹੇ ਹਨ।

ਇਸ ਨੀਤੀ ਦੇ ਅਪਵਾਦ ਵੀ ਹਨ। ਜੇਕਰ ਬੱਚਾ ਅਮਰੀਕੀ ਧਰਤੀ ਤੇ ਜਨਮ ਲੈਂਦਾ ਹੈ ਤਾਂ ਉਹ ਨਾਗਰਿਕ ਬਣ ਜਾਂਦਾ ਹੈ, ਪਰ ਵਿਦੇਸ਼ੀ ਰਾਜਦੂਤਾਂ ਜਾਂ ਡਿਪਲੋਮੈਟਾਂ ਦੇ ਬੱਚੇ ਜੋ ਅਧਿਕਾਰਤ ਡਿਊਟੀ ਤੇ ਅਮਰੀਕਾ ਵਿੱਚ ਜਨਮ ਲੈਂਦੇ ਹਨ, ਉਹ ਅਮਰੀਕੀ ਨਾਗਰਿਕ ਨਹੀਂ ਮੰਨੇ ਜਾਂਦੇ। ਅਮਰੀਕਾ ਕਹਿੰਦਾ ਹੈ ਕਿ ਇਹ ਨੀਤੀ ਨਾਗਰਿਕਤਾ ਪ੍ਰਣਾਲੀ ਨੂੰ ਸੁਰੱਖਿਅਤ ਰੱਖਣ ਲਈ ਹੈ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਹੈ। ਬਹੁਤ ਸਾਰੀਆਂ ਔਰਤਾਂ ਟੂਰਿਸਟ ਵੀਜ਼ਾ ਉਪਰ ਆਉਂਦੀਆਂ ਹਨ, ਬੱਚਾ ਜਨਮ ਦਿੰਦੀਆਂ ਹਨ ਅਤੇ ਵਾਪਸ ਚਲੀਆਂ ਜਾਂਦੀਆਂ ਹਨ, ਪਰ ਬੱਚੇ ਨੂੰ ਨਾਗਰਿਕਤਾ ਮਿਲ ਜਾਂਦੀ ਹੈ ਜੋ ਬਾਅਦ ਵਿੱਚ ਮਾਪਿਆਂ ਨੂੰ ਵੀ ਫਾਇਦਾ ਪਹੁੰਚਾ ਸਕਦੀ ਹੈ।

ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਬਰਥ ਟੂਰਿਜ਼ਮ ਨਾਲ ਅਮਰੀਕੀ ਹੈਲਥਕੇਅਰ ਸਿਸਟਮ ਤੇ ਬੋਝ ਵਧਦਾ ਹੈ ਕਿਉਂਕਿ ਇਹ ਔਰਤਾਂ ਅਕਸਰ ਮੈਡੀਕਲ ਬਿੱਲ ਨਹੀਂ ਭਰਦੀਆਂ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਫਾਇਦਾ ਉਠਾਉਂਦੀਆਂ ਹਨ। ਇਸ ਤੋਂ ਇਲਾਵਾ, ਇਹ ਨੀਤੀ ਅਮਰੀਕੀ ਨਾਗਰਿਕਤਾ ਨੂੰ ਸਸਤਾ ਬਣਾਉਂਦੀ ਹੈ ਅਤੇ ਅਸਲੀ ਸੈਲਾਨੀਆਂ ਲਈ ਵੀਜ਼ਾ ਪ੍ਰਕਿਰਿਆ ਨੂੰ ਗੰਦਲਾ ਕਰਦੀ ਹੈ। ਅੰਕੜੇ ਦੱਸਦੇ ਹਨ ਕਿ ਹਰ ਸਾਲ ਹਜ਼ਾਰਾਂ ਔਰਤਾਂ ਅਜਿਹਾ ਕਰਦੀਆਂ ਹਨ, ਖਾਸ ਕਰਕੇ ਚੀਨ, ਰੂਸ ਅਤੇ ਭਾਰਤ ਤੋਂ। ਅਮਰੀਕਾ ਚਾਹੁੰਦਾ ਹੈ ਕਿ ਨਾਗਰਿਕਤਾ ਸਿਰਫ਼ ਅਸਲੀ ਤਰੀਕੇ ਨਾਲ ਮਿਲੇ, ਨਾ ਕਿ ਚਲਾਕੀ ਨਾਲ। ਇਸ ਨੀਤੀ ਨੂੰ 2020 ਵਿੱਚ ਟਰੰਪ ਪ੍ਰਸ਼ਾਸਨ ਨੇ ਲਾਗੂ ਕੀਤਾ ਸੀ ਅਤੇ ਹੁਣ 2025 ਵਿੱਚ ਇਸ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।

ਅਮਰੀਕੀ ਕਾਨੂੰਨ ਅਨੁਸਾਰ, ਟੂਰਿਸਟ ਵੀਜ਼ਾ ਸਿਰਫ਼ ਸੈਰ-ਸਪਾਟੇ, ਵਪਾਰ ਜਾਂ ਮੈਡੀਕਲ ਇਲਾਜ ਲਈ ਹੈ, ਨਾ ਕਿ ਨਾਗਰਿਕਤਾ ਪ੍ਰਾਪਤ ਕਰਨ ਲਈ। ਜੇਕਰ ਕੋਈ ਔਰਤ ਗਰਭਵਤੀ ਹੈ ਅਤੇ ਅਮਰੀਕਾ ਵਿੱਚ ਜਨਮ ਦੇਣਾ ਚਾਹੁੰਦੀ ਹੈ ਤਾਂ ਉਸ ਨੂੰ ਵੀਜ਼ਾ ਅਰਜ਼ੀ ਵਿੱਚ ਸੱਚ ਦੱਸਣਾ ਪੈਂਦਾ ਹੈ। ਪਰ ਜੇਕਰ ਅਧਿਕਾਰੀ ਨੂੰ ਲੱਗੇ ਕਿ ਇਹ ਮੁੱਖ ਮੰਤਵ ਹੈ ਤਾਂ ਵੀਜ਼ਾ ਨਹੀਂ ਮਿਲੇਗਾ।

ਟਰੰਪ ਦਾ ਮੰਨਣਾ ਸੀ ਕਿ ਇਹ ਨੀਤੀ ਅਮਰੀਕੀ ਸਰਹੱਦਾਂ ਨੂੰ ਸੁਰੱਖਿਅਤ ਰੱਖੇਗੀ ਅਤੇ ਅਸਲੀ ਇਮੀਗ੍ਰੈਂਟਾਂ ਨੂੰ ਫਾਇਦਾ ਦੇਵੇਗੀ। ਹੁਣ 2025 ਵਿੱਚ, ਟਰੰਪ ਦੇ ਦੂਜੇ ਕਾਰਜਕਾਲ ਵਿੱਚ ਇਹ ਨੀਤੀ ਨੂੰ ਭਾਰਤ ਵਰਗੇ ਦੇਸ਼ਾਂ ਤੇ ਖਾਸ ਧਿਆਨ ਨਾਲ ਲਾਗੂ ਕੀਤਾ ਜਾ ਰਿਹਾ ਹੈ। ਟਰੰਪ ਨੇ ਹਮੇਸ਼ਾ ਇਮੀਗ੍ਰੇਸ਼ਨ ਨੂੰ ਆਪਣੀ ਪ੍ਰਾਥਮਿਕਤਾ ਬਣਾਇਆ ਹੈ ਅਤੇ ਕਹਿੰਦੇ ਹਨ ਕਿ ਅਮਰੀਕਾ ਨੂੰ ਪਹਿਲਾਂ ਅਮਰੀਕੀਆਂ ਦੀ ਚਿੰਤਾ ਕਰਨੀ ਚਾਹੀਦੀ ਹੈ। ਬਹੁਤ ਸਾਰੇ ਮਾਹਿਰ ਕਹਿੰਦੇ ਹਨ ਕਿ ਇਹ ਨੀਤੀ ਭੇਦਭਾਵ ਵਾਲੀ ਹੈ ਅਤੇ ਔਰਤਾਂ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਦੀ ਹੈ। ਪਰ ਅਮਰੀਕਾ ਕਹਿੰਦਾ ਹੈ ਕਿ ਇਹ ਸਭ ਲਈ ਬਰਾਬਰ ਹੈ।

# ਸਿਡਨੀ ਵਿਚ ਜਿਹਾਦੀ ਹਮਲਾ-16 ਹਲਾਕ

## ✪ ਪ੍ਰਧਾਨ ਮੰਤਰੀ ਮੋਦੀ ਵਲੋਂ ਜਿਹਾਦੀ ਹਿੰਸਾ ਦੀ ਨਿੰਦਾ ✪ ਇਕ ਹਮਲਾਵਰ ਮਾਰਿਆ ਗਿਆ-ਦੂਜਾ ਗ੍ਰਿਫ਼ਤਾਰ

ਸਿਡਨੀ-ਬੌਂਡੀ ਬੀਚ 'ਤੇ ਹੋਏ ਭਿਆਨਕ ਜਿਹਾਦੀ ਹਮਲੇ ਨੇ ਪੂਰੇ ਆਸਟਰੇਲੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਿਡਨੀ ਦੇ ਪ੍ਰਸਿੱਧ ਬੌਂਡੀ ਬੀਚ ਨੇੜੇ ਇੱਕ ਯਹੂਦੀ ਧਾਰਮਿਕ ਸਮਾਗਮ ਦੌਰਾਨ ਹੋਈ ਗੋਲੀਬਾਰੀ ਵਿੱਚ ਹੁਣ ਤੱਕ ਘੱਟੋ-ਘੱਟ 16 ਲੋਕਾਂ ਦੀ ਮੌਤ ਦੀ ਜਾਣਕਾਰੀ ਮਿਲੀ ਹੈ, ਜਦਕਿ 29 ਤੋਂ ਵੱਧ ਲੋਕ ਜ਼ਖ਼ਮੀ ਦੱਸੇ ਜਾ ਰਹੇ ਹਨ, ਜਿੰਨ੍ਹਾਂ ਦਾ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ।

ਇੰਨ੍ਹਾਂ ਵਿੱਚ ਬੱਚੇ ਅਤੇ ਦੋ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਪੁਲਿਸ ਅਨੁਸਾਰ ਇਹ ਹਮਲਾ ਬੌਂਡੀ ਬੀਚ ਦੇ ਉੱਤਰੀ ਹਿੱਸੇ ਵਿਚ ਸਥਿਤ ਬੌਂਡੀ ਪਾਰਕ ਪਲੇਗਰਾਊਂਡ ਨੇੜੇ ਹੋਇਆ, ਜਿੱਥੇ ਚਾਨੁਕਾ ਦਾ ਸਮਾਗਮ ਚੱਲ ਰਿਹਾ ਸੀ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਹਮਲੇ ਵਿੱਚ ਸ਼ਾਮਲ ਇੱਕ ਬੰਦੂਕਧਾਰੀ ਮੌਕੇ



'ਤੇ ਹੀ ਮਾਰਿਆ ਗਿਆ, ਜਦਕਿ ਇਕ ਹੋਰ ਗੰਭੀਰ ਹਾਲਤ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਇੱਕ ਹੋਰ ਸੰਭਾਵਿਤ ਹਮਲਾਵਰ ਦੀ ਭਾਲ ਜਾਰੀ ਹੈ। ਮਾਰੇ ਗਏ ਬੰਦੂਕਧਾਰੀ ਦੀ ਪਹਿਚਾਣ 24 ਸਾਲਾ ਨਵੀਦ ਅਕਰਮ ਵਜੋਂ ਕੀਤੀ ਗਈ ਹੈ, ਜੋ ਸਿਡਨੀ ਦੇ ਬੋਨੀਰਿਗ ਇਲਾਕੇ ਵਿੱਚ ਰਹਿੰਦਾ ਸੀ ਅਤੇ ਕਿੱਤੇ ਵਜੋਂ ਮਿਸਤਰੀ (ਇੱਟਾਂ ਲਾਉਣ ਵਾਲਾ) ਦੱਸਿਆ ਜਾਂਦਾ ਹੈ। ਪੁਲਿਸ ਵੱਲੋਂ ਉਸਦੇ ਘਰ 'ਤੇ ਛਾਪੇਮਾਰੀ ਕਰਕੇ ਤਲਾਸ਼ੀ ਲੈਣ ਦੀ ਕਾਰਵਾਈ ਜਾਰੀ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਇਸ ਹਮਲੇ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕੌਮੀ ਸੁਰੱਖਿਆ ਕਮੇਟੀ ਦੀ ਤੁਰੰਤ ਮੀਟਿੰਗ ਬੁਲਾਈ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਸ 'ਚ ਯਹੂਦੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ।

### ਮੋਦੀ ਵਲੋਂ ਆਸਟ੍ਰੇਲੀਆ ਵਿਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਸਟ੍ਰੇਲੀਆ ਵਿੱਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਅਤੇ ਇਸ ਦੁੱਖ ਦੀ ਘੜੀ ਵਿੱਚ ਉਸ ਦੇਸ਼ ਦੇ ਲੋਕਾਂ ਨਾਲ ਇਕਜੁੱਟਤਾ ਪ੍ਰਗਟ ਕੀਤੀ।

ਕੀ ਲਿਖੇ ਕੋਈ ਗੜ੍ਹੀ ਚਮਕੌਰ ਬਾਰੇ, ਜਿੱਥੇ ਸੁੱਤਾ ਏ ਅਜੀਤ ਜੁਝਾਰ ਤੇਰਾ। ਹੱਥੋਂ ਕਲਮਾਂ ਡਿੱਗ ਪੈਂਦੀਆਂ ਬਾਜਾਂ ਵਾਲਿਆ, ਚਿਣਿਆ ਵੇਖ ਕੇ ਨੀਂਹਾਂ 'ਚ ਪਰਿਵਾਰ ਤੇਰਾ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ





ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਵਿੱਚ ਸ਼ਹੀਦੀ ਸਮਾਗਮ

## ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਪੁਰਬ

## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ 26, 27, 28 ਦਸੰਬਰ 2025 ਨੂੰ

## ਕੌਆਲਕਾਸਟ ਫੌਂਡਰੀ ਡਰਬੀ ਦੇ ਸਮੂਹ ਸਾਬਕਾ ਵਰਕਰਾਂ ਅਤੇ ਡਰਬੀ ਦੀ ਸਮੂਹ ਸਾਧ ਸੰਗਤ ਵੱਲੋਂ ਪੂਰੀ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਦਸਮੇਸ਼ ਪਿਤਾ ਕਲਗੀਧਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਦੀ ਆਜ਼ਾਦੀ ਅਤੇ ਧਰਮ ਦੀ ਰਾਖੀ ਲਈ ਸਰਬੰਸ ਵਾਰ ਕੇ ਸਿੱਖ ਪੰਥ ਨੂੰ ਰਾਹ ਦਿਖਾ ਦਿੱਤਾ ਕਿ ਕਿੱਡਾ ਵੀ ਭਾਰੀ ਸਮਾਂ ਆ ਜਾਵੇ ਸਿੱਖ ਨੇ ਡੋਲਣਾ ਨਹੀਂ। ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਚੱਲ ਰਹੀ ਜੰਗ ਦੌਰਾਨ ਗੁਰੂ ਸਾਹਿਬ ਨੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੂੰ ਚਮਕੌਰ ਦੀ ਗੜ੍ਹੀ ਵਿੱਚੋਂ ਆਪਣੇ ਹੱਥੀਂ ਸਜਾ ਕੇ ਜੰਗ ਨੂੰ ਤੋਰਿਆ, ਜਿੱਥੇ ਉਹ ਲੱਖਾਂ ਮੁਗ਼ਲ ਫੌਜਾਂ ਦਾ ਬਹਾਦਰੀ ਨਾਲ ਟਾਕਰਾ ਕਰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰ ਗਏ। ਇਸੇ ਤਰ੍ਹਾਂ ਗੁਰੂ ਸਾਹਿਬ ਦੇ ਬਹੁਤ ਹੀ ਪਿਆਰੇ ਸਿੱਖ ਜੰਗ ਵਿੱਚ ਸ਼ਹੀਦ ਹੋ ਗਏ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਸਰਹੰਦ ਦੀਆਂ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਪਿੱਛੋਂ ਮਾਤਾ ਗੁਜਰ ਕੌਰ ਜੀ ਨੇ ਵੀ ਸਵਾਸ ਤਿਆਗ ਦਿੱਤੇ। ਇਹਨਾਂ ਸ਼ਹਾਦਤਾਂ ਨੂੰ ਯਾਦ ਕਰਨ ਲਈ ਸਮੂਹ ਸੰਗਤਾਂ ਵੱਲੋਂ ਇਹ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ।

ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕੁਆਲਕਾਸਟ ਫੌਂਡਰੀ ਵਿਖੇ ਕੰਮ ਕਰ ਚੁੱਕੇ ਸਮੂਹ ਵਰਕਰਾਂ ਵੱਲੋਂ

ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਦਾ ਸ਼ਹੀਦੀ ਪੁਰਬ

**ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ**

ਕੌਆਲਕਾਸਟ ਫੌਂਡਰੀ ਵਿਖੇ ਕੰਮ ਕਰ ਚੁੱਕੇ ਸਮੂਹ ਵਰਕਰਾਂ ਅਤੇ ਸਮੁੱਚੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਦਿਉ ਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਾਹਿਬਜ਼ਾਦਿਆਂ ਦੀ ਯਾਦ ਵਿੱਚ 22 ਦਸੰਬਰ ਤੋਂ 28 ਦਸੰਬਰ ਤੱਕ ਸ਼ਾਮ 7 ਤੋਂ 8 ਵਜੇ ਤੱਕ ਨਾਮ ਸਿਮਰਨ ਹੋਵੇਗਾ।**

ਪ੍ਰੋਗਰਾਮ ਦਾ ਵੇਰਵਾ:

### ਮਾਤਾ ਗੁਜਰ ਕੌਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਯਾਦ ਨੂੰ ਸਮਰਪਿਤ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦਿਨ ਸ਼ੁੱਕਰਵਾਰ 26 ਦਸੰਬਰ 2025 ਸਵੇਰੇ 10:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 28 ਦਸੰਬਰ 2025 ਸਵੇਰੇ 9:30 ਵਜੇ ਪਾਏ ਜਾਣਗੇ**

ਭੋਗ ਤੋਂ ਉਪਰੰਤ ਦੀਵਾਨ ਸਜਣਗੇ ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ, ਉਸ ਤੋਂ ਬਾਅਦ ਕਥਾ ਵਾਚਕ ਗਿਆਨੀ ਮੇਜਰ ਸਿੰਘ ਲਧਾਈਕੇ, ਰਾਗੀ ਜਥਾ ਭਾਈ ਬਚਿੱਤਰ ਸਿੰਘ, ਢਾਡੀ ਜਥਾ ਗਿਆਨੀ ਹਰਦੀਪ ਸਿੰਘ ਮਾਨੋਚਾਹਲ ਹਾਜ਼ਰੀ ਭਰਨਗੇ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਬੇਨਤੀ ਕਰਤਾ - ਧੰਨਵਾਦ ਸਹਿਤ ਸਮੂਹ ਕੌਆਲਕਾਸਟ ਵਰਕਰ, ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਮੈਂਬਰ ਗੁਰਦੁਆਰਾ ਸਾਹਿਬ

# GURU ARJAN DEV GURDWARA


STANHOPE STREET, DERBY, DE23 6QJ. TEL: 01332 776872 / 270 644

ਵਧੇਰੇ ਜਾਣਕਾਰੀ ਲਈ ਸੰਪਰਕ ਫੋਨ: - 07890 674 690 / ਫੋਨ- 07817 607 925 / ਫੋਨ- 07774 222734

# ਸੰਘਰਸ਼ ਦੇ ਦੌਰ ਦਾ ਦੂਸਰਾ ਅਡੀਸ਼ਨ ਕੈਨੇਡਾ ਬੀ. ਸੀ ਵਿੱਚ ਸਿੱਖ ਆਗੂਆਂ ਨੇ ਜਾਰੀ ਕੀਤਾ

ਲੰਡਨ – ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਦਾ ਦੂਸਰਾ ਅਡੀਸ਼ਨ ਕੈਨੇਡਾ ਬੀ. ਸੀ ਵਿੱਚ ਖਾਲਿਸਤਾਨੀ ਆਗੂਆਂ ਅਤੇ ਸ਼ਹੀਦ ਪਰਿਵਾਰਾਂ ਵਲੋਂ ਜੈਕਾਰਿਆਂ ਦੀ ਗੂੰਜ ਵਿੱਚ ਜਾਰੀ ਕੀਤਾ ਗਿਆ। ਗੁਰਦਵਾਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ, ਵੈਸਟ ਮਨਿਸਟਰ, ਬੀ.ਸੀ ਵਿਖੇ ਸ਼ਹੀਦਾਂ ਦੇ ਪਰਿਵਾਰਾਂ ਵਲੋਂ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ। ਉਪਰੰਤ ਸਜੇ ਹੋਏ ਭਾਰੀ ਦੀਵਾਨ ਦੌਰਾਨ ਪੰਥਕ ਬੁਲਾਰਿਆਂ ਨੇ ਆਪਣੇ ਵਿਚਾਰਾਂ ਦਾ ਇਜ਼ਹਾਰ ਕੀਤਾ ਅਤੇ ਰਾਗੀ- ਢਾਡੀ ਸਿੰਘਾਂ ਨੇ ਸ਼ਹੀਦਾਂ ਬਾਰੇ ਪ੍ਰਸੰਗ ਗਾਇਣ ਕੀਤੇ।ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਡਾਕਟਰ ਅਮਰਜੀਤ ਸਿੰਘ ਨੇ ਵਿਸਥਾਰ ਸਹਿਤ ਖਾਲਿਸਤਾਨ ਦੇ ਸੰਘਰਸ਼ ਬਾਰੇ ਸਿੱਖ ਸੰਗਤਾਂ ਨਾਲ ਸਾਂਝ ਪਾਈ। ਉਪਰੰਤ ਡਾਕਟਰ ਅਮਰਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਸਹੋਤਾ, ਭਾਈ ਕੰਵਲਜੀਤ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਅਮਰਜੀਤ ਸਿੰਘ, ਢਾਡੀ ਰਸ਼ਪਾਲ ਸਿੰਘ ਪਮਾਲ ਅਤੇ ਸ਼ਹੀਦ ਪਰਿਵਾਰਾਂ ਵਲੋਂ ਸੰਘਰਸ਼ ਦਾ ਦੌਰ ਨਾਮੀ ਕਿਤਾਬ ਦਾ ਦੂਸਰਾ ਅਡੀਸ਼ਨ ਰਿਲੀਜ਼ ਜਾਰੀ ਕੀਤਾ ਗਿਆ।




ਸਿੱਖ ਸੰਘਰਸ਼ ਦੌਰਾਨ ਸਿੱਖ ਨੌਜਵਾਨਾਂ ਨੂੰ ਪੰਜਾਬ ਪੁਲਿਸ ਦੇ ਅਧਿਕਾਰੀਆਂ ਵਲੋਂ ਆਰਥਿਕ ਲਾਭ ਪ੍ਰਾਪਤ ਕਰਨ ਅਤੇ ਤਰੱਕੀਆਂ ਦੇ ਦੌੜ ਵਿੱਚ ਵੱਡੀ ਪੱਧਰ ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ, ਜਿਹਨਾਂ ਦੀ ਸਹੀ ਗਿਣਤੀ ਕਰਨੀ ਵੀ ਮੁਸ਼ਕਿਲ ਹੈ। ਪੰਜਾਬ ਦੀਆਂ ਨਹਿਰਾਂ, ਡਰੇਨਾਂ ਦੇ ਪੁਲਾਂ ਅਤੇ ਚੌਰਾਹਿਆਂ ਨੂੰ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਲੱਥਪੱਥ ਕੀਤਾ ਗਿਆ। ਉਹਨਾਂ ਜ਼ਾਲਮ ਪੁਲਿਸ ਅਧਿਕਾਰੀਆਂ ਦੀ ਕਾਲੀ ਸੂਚੀ, ਪੁਲਿਸ ਕੈਟਾਂ ਨੂੰ ਬੇਨਕਾਬ ਕਰਦੀ ਹੋਈ, ਸੰਘਰਸ਼ ਦੌਰਾਨ ਗੌਰਵਮਈ ਐਕਸ਼ਨਾਂ ਦੀ ਸਾਂਝ ਪਾਉਂਦੀ ਹੋਈ, ਸਿੱਖ ਬਜੁਰਗਾਂ ਦੇ ਅਦਿੱਖ ਯੋਗਦਾਨ ਨੂੰ ਰੂਪਮਾਨ ਕਰਦੀ ਹੋਈ ਅਤੇ ਸਿੱਖ ਪਰਿਵਾਰਾਂ ਵਿੱਚ ਸਿੱਖ ਜੁਝਾਰੂਆਂ ਪ੍ਰਤੀ ਪਿਆਰ ਅਤੇ ਸਨੇਹ ਦੀ ਗਵਾਹੀ ਭਰਦੀ ਹੋਈ ਕਿਤਾਬ ਸੰਘਰਸ਼ ਦਾ ਦੌਰ ਦਾ ਦੂਸਰਾ ਅਡੀਸ਼ਨ ਸਿੱਖ ਸੰਗਤਾਂ ਦੇ ਪੜਨ ਵਾਸਤੇ ਉਪਲਬਧ ਹੋ ਚੁੱਕਾ ਹੈ। ਜਿਕਰਯੋਗ ਹੈ ਕਿ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ । ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ, ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਣਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ। ਲੰਗੜੇ ਲੂਲੇ ਵੀ ਸਿੱਖ ਦੁਸ਼ਮਣ ਸਰਕਾਰਾਂ ਦੇ ਫੀਲੇ ਬਣਕੇ ਝੂਠੀਆਂ ਕਹਾਣੀਆਂ ਬਣਾ ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਦੇ ਵਾਰਸ ਬਣਕੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ ਬੋਲ ਸਿੱਖ ਦੁਸ਼ਮਣ ਲਾਬੀ ਨੂੰ ਖੁਸ਼ ਕਰ ਰਹੇ ਹਨ । ਸੰਘਰਸ਼ ਦਾ ਦੌਰ ਨਾਮੀ ਕਿਤਾਬ ਵਿੱਚ ਸਰਕਾਰ ਪੱਖੀ ਇਸ ਵਰਤਾਰੇ ਦਾ ਟਾਕਰਾ ਕਰਦਿਆਂ ਸਿੱਖ ਸੰਘਰਸ਼ ਦੇ ਪਾਕਿ ਪਵਿੱਤਰ ਅਕਸ ਨੂੰ ਸਹੀ ਅਰਥਾਂ ਵਿੱਚ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਗਈ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਪ੍ਰਧਾਨ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਦਾ ਦੂਜਾ ਅਡੀਸ਼ਨ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ, ਸਿਮਰਨਜੀਤ ਸਿੰਘ ਮਾਨ, ਸ੍ਰ ਇਮਾਨ ਸਿੰਘ ਮਾਨ ਤੋਂ ਇਲਾਵਾ ਸ਼ਹੀਦ ਪਰਿਵਾਰਾਂ ਵਲੋਂ ਜਾਰੀ ਕੀਤਾ ਗਿਆ ਸੀ । ਇਸ ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਘਰਸ਼ ਦੌਰਾਨ ਵਾਪਰੀਆਂ ਅਨੇਕਾਂ ਸੀ ਹੱਡ ਬੀਤੀਆਂ ਘਟਨਾਵਾਂ ਦਾ ਵਰਨਣ ਕਰਦਿਆਂ ਅਨੇਕਾਂ ਯਾਦਾਂ ਦੀ ਸਾਂਝ ਪਾਈ ਹੈ।

ਸੰਘਰਸ਼ ਦੌਰਾਨ ਸਿੱਖ ਪਰਿਵਾਰਾਂ ਵਿੱਚ ਜੁਝਾਰੂਆਂ ਪ੍ਰਤੀ ਅਥਾਹ ਪਿਆਰ ਅਤੇ ਸਤਿਕ-ਾਰ ਦਾ ਵਰਨਣ ਹੈ ਉੱਥੇ ਮਾਤਾਵਾਂ ਅਤੇ ਬਜ਼ੁਰਗਾਂ ਵਲੋਂ ਜੁਝਾਰੂਆਂ ਦੀ ਚੜਦੀ ਕਲਾ ਵਾਸਤੇ ਪਾਏ ਗਏ ਅਦਿੱਖ ਯੋਗਦਾਨ ਦੀ ਸਾਂਝ ਹੈ। ਲੇਖਕ ਦੇ ਹੱਡੀਂ ਹੰਢਾਏ ਅਤੇ ਅੱਖੀਂ ਵੇਖੇ ਸੰਘਰਸ਼ ਦੀ ਦਾਸਤਾਨ ਭਰਪੂਰ ਇਸ ਕਿਤਾਬ ਵਿੱਚ ਬਹੁਤ ਸਾਰੀਆਂ ਘਟਨਾਵਾਂ ਦਾ ਵਰਨਣ ਹੈ।

# ਅਮਰੀਕਾ ਵੱਲੋਂ ਯਾਤਰੀਆਂ ਦੀ ਸੋਸ਼ਲ ਮੀਡੀਆ ਚੈਕ ਕਰਨ ਦੀ ਯੋਜਨਾ, ਨਵਾਂ ਨਿਯਮ ਚਰਚਾ ਵਿੱਚ

ਵਾਸ਼ਿੰਗਟਨ — ਅਮਰੀਕਾ ਨੇ ਵਿਦੇਸ਼ੀ ਯਾਤਰੀਆਂ ਲਈ ਸੁਰੱਖਿਆ ਪ੍ਰਕਿਰਿਆ ਕੜੀ ਕਰਨ ਦਾ ਇੱਕ ਨਵਾਂ ਸੁਝਾਅ ਪੇਸ਼ ਕੀਤਾ ਹੈ, ਜਿਸ ਅਧੀਨ ਟੂਰਿਸਟਾਂ ਦੀ ਪਿਛਲੇ ਪੰਜ ਸਾਲਾਂ ਦੀ ਸੋਸ਼ਲ ਮੀਡੀਆ ਹਿਸਟਰੀ ਲਾਜ਼ਮੀ ਤੌਰ ‘ਤੇ ਜਾਂਚੀ ਜਾ ਸਕਦੀ ਹੈ। ਇਹ ਨਿਯਮ ਖਾਸ ਤੌਰ ‘ਤੇ ਉਹਨਾਂ ਦੇਸ਼ਾਂ ਲਈ ਹੈ ਜੋ Visa Waiver Programme ਅਧੀਨ ਬਿਨਾਂ ਵੀਜ਼ਾ ਅਮਰੀਕਾ ਦੀ ਯਾਤਰਾ ਕਰਦੇ ਹਨ।

ਨਵੇਂ ਪ੍ਰਸਤਾਵ ਅਨੁਸਾਰ, ਯਾਤਰੀਆਂ ਨੂੰ ਆਪਣੀਆਂ ਸੋਸ਼ਲ ਮੀਡੀਆ IDs, ਪੁਰਾਣੇ ਫੋਨ ਨੰਬਰ, ਈਮੇਲ, ਰਹਿਣ ਦੇ ਪਤੇ ਅਤੇ ਇਮਰਜੈਂਸੀ ਕੰਟੈਕਟ ਵਗੈਰਾ ਜਿਹੀਆਂ ਵਾਧੂ ਜਾਣਕਾਰੀਆਂ ਵੀ ਦੇਣੀਆਂ ਪੈ ਸਕਦੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਪਹਚਾਣ ਪ੍ਰਣਾਲੀ ਨੂੰ ਹੋਰ ਭਰੋਸੇਯੋਗ ਬਣਾਉਣ ਲਈ ਲਿਆ ਜਾ ਰਿਹਾ ਹੈ। ਦੂਜੇ ਪਾਸੇ, ਕਈ ਯਾਤਰੀ ਅਤੇ ਗੋਪਨੀਯਤਾ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਪ੍ਰਸਤਾਵ ‘ਤੇ ਚਿੰਤਾ ਜਤਾਈ ਹੈ। ਉਹ ਮੰਨਦੇ ਹਨ ਕਿ ਇਹ ਉਪਰਾਲਾ ਲੋਕਾਂ ਦੀ ਨਿੱਜਤਾ ‘ਤੇ ਸਿੱਧਾ ਹੱਕਮਾਰ ਹੋ ਸਕਦਾ ਹੈ ਅਤੇ ਇਸ ਨਾਲ ਡੇਟਾ ਦੇ ਦੁਰਪਯੋਗ ਦੇ ਡਰ ਵੀ ਵਧ ਸਕਦੇ ਹਨ। ਇਹ ਪ੍ਰਸਤਾਵ ਫਿਲਹਾਲ 60 ਦਿਨਾਂ ਲਈ ਲੋਕਾਂ ਦੀ ਰਾਇ ਵਾਸਤੇ ਖੁੱਲ੍ਹਾ ਰੱਖਿਆ ਗਿਆ ਹੈ, ਜਿਸ ਤੋਂ ਬਾਅਦ ਅੰਤਿਮ ਫੈਸਲਾ ਲਿਆ ਜਾਵੇਗਾ।

# ਗੈਰਕਾਨੂੰਨੀ ਤੌਰ ’ਤੇ ਜੰਗਲੀ ਜੀਵਾਂ ਦਾ ਸ਼ਿਕਾਰ ਕਰਨ ਵਾਲੇ ਦੋਸ਼ੀ ਨੂੰ 50 ਹਜ਼ਾਰ ਡਾਲਰ ਜੁਰਮਾਨਾ-10 ਸਾਲ ਲਈ ਸ਼ਿਕਾਰ ਕਰਨ ’ਤੇ ਪੂਰੀ ਪਾਬੰਦੀ

ਵੈਨਕੂਵਰ, 15 ਦਸੰਬਰ (ਮਲਕੀਤ ਸਿੰਘ)- ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਜੰਗਲੀ ਜੀਵਾਂ ਦਾ ਗੈਰਕਾਨੂੰਨੀ ਸ਼ਿਕਾਰ ਦੇ ਮਾਮਲਿਆਂ ਵਿੱਚ ਦੋਸੀ ਪਾਏ ਜਾਣ ਮਗਰੋਂ ਮੈਪਲ ਰਿਡਜ ਦੇ ਇੱਕ ਵਿਅਕਤੀ ਨੂੰ ਅਦਾਲਤ ਵੱਲੋਂ 50 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ ਹੈ ਅਤੇ ਉਸ ’ਤੇ 10 ਸਾਲ ਲਈ ਕਿਸੇ ਵੀ ਕਿਸਮ ਦਾ ਸ਼ਿਕਾਰ ਕਰਨ ’ਤੇ ਪਾਬੰਦੀ ਲਗਾ ਦਿੱਤੀ ਗਈ ਹੈ।ਬੀ.ਸੀ. ਕਨਜ਼ਰਵੇਸ਼ਨ ਅਫ਼ਸਰ ਸਰਵਿਸ ਅਨੁਸਾਰ ਦੋਸ਼ੀ ਵਿਅਕਤੀ ਨੇ ਖੁੱਲ੍ਹੇ ਸ਼ਿਕਾਰ ਮੌਸਮ ਤੋਂ ਬਾਹਰ ਜੰਗਲੀ ਜੀਵਾਂ ਨੂੰ ਮਾਰਨ ਅਤੇ ਰਹਾਇਸ਼ੀ ਇਲਾਕਿਆਂ ਦੇ ਨੇੜੇ ਅੱਗਿਆਸਤ੍ਰ ਚਲਾਉਣ ਦੇ ਦੋਸ਼ ਅਦਾਲਤ ਵਿੱਚ ਕਬੂਲ ਕਰ ਲਏ ਹਨ

ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਸ਼ੀ ਦੀਆਂ ਇਨਾ ਹਰਕਤਾਂ ਨਾਲ ਨਾ ਸਿਰਫ਼ ਜੰਗਲੀ ਜੀਵ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਹੋਈ, ਸਗੋਂ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਵੀ ਗੰਭੀਰ ਖਤਰਾ ਪੈਦਾ ਹੋਇਆ।ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਅਦਾਲਤ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਜੁਰਮਾਨੇ ਦੇ ਨਾਲ-ਨਾਲ ਲੰਬੇ ਸਮੇਂ ਲਈ ਸ਼ਿਕਾਰ ’ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ

# ਸਕੌਟਲੈਂਡ ਵਿੱਚ ਗਰੂਮਿੰਗ ਗੈਂਗਸ ਬਾਰੇ MSPs ‘ਤੇ ਸਿਆਸੀ ਤਣਾਅ

ਸਕੌਟਲੈਂਡ ਵਿੱਚ MSPs ਅਤੇ ਸਰਕਾਰ ‘ਚ ਚਰਚਾ ਤੇ ਤਣਾਅ ਵੱਧ ਗਿਆ ਹੈ ਕਿਉਂਕਿ ਕਈ ਦਾ ਕਹਿਣਾ ਹੈ ਕਿ ਮਨਮਾਨੇ ਤੌਰ ‘ਤੇ ਗਰੂਮਿੰਗ ਗੈਂਗਸ ਦੀ ਸਮੱਸਿਆ ਨੂੰ ਸਹੀ ਤਰੀਕੇ ਨਾਲ ਨਹੀਂ ਸਮਝਿਆ ਜਾਂਦਾ ਅਤੇ ਸਰਕਾਰ ਇਸ ਨੂੰ ਬੁਰਾ ਕੇਸ ਵਾਂਗ ਛੋੜਣਾ ਚਾਹੁੰਦੀ ਹੈ।

- ਵਿਪੱਖ MSPs ਨੇ ਦਲੀਲ ਦਿੱਤੀ ਹੈ ਕਿ ਗਰੂਮਿੰਗ ਗੈਂਗਸ ਦੇ ਹਮਲਿਆਂ ਦੀ ਪੜਤਾਲ ਅਤੇ ਇਨਕੁਾਇਰੀ ਦੀ ਲੋੜ ਹੈ, ਤਾਂ ਜੋ ਬੱਚਿਆਂ ਨਾਲ ਹੋਏ ਜ਼ੁਲਮ ਅਤੇ ਬਲਾਤਕਾਰ ਦੀ ਸੱਚਾਈ ਸਾਹਮਣੇ ਲਿਆਂਦੀ ਜਾ ਸਕੇ।
- ਪਹਿਲੇ ਮੰਤਰੀ ਜੌਨ ਸਵਿਨੀ ਅਤੇ ਨਿਆਂ ਸੈਕਰੇਟਰੀ ਐਂਜਲਾ ਕਾਨਸਟੈਂਸ ਨੇ ਕਿਹਾ ਹੈ ਕਿ ਪੁਲਿਸ ਸਕਾਟਲੈਂਡ ਅਤੇ ਖ਼ਾਸ ਤੌਰ ‘ਤੇ ਸਥਾਪਤ ਕੀਤੇ ਗਏ ਨੈਸ਼ਨਲ ਚਾਈਲਡ ਸੈਕਸੁਅਲ ਐਬਿਊਜ਼ ਅਤੇ ਐਕਸਪਲੋਇਟੇਸ਼ਨ ਗਰੁੱਪ ਕੰਮ ਕਰ ਰਹੇ ਹਨ ਅਤੇ ਫ਼ਿਲਹਾਲ ਵੱਡੀ ਪਬਲਿਕ ਇਨਕੁਆਇਰੀ ਦੀ ਜ਼ਰੂਰਤ ਨਹੀਂ ਹੈ।
- ਵਿਪੱਖ MSPs ਅਤੇ ਕੁਝ ਪੈਟਿਸ਼ਨਾਂ ਵਾਲਿਆਂ ਨੇ ਦਿੱਤਾ ਹੈ ਕਿ ਇਸ ਦਾਅਵੇ ਦੀ ਜ਼ਰੂਰਤ ਹੈ ਕਿ ਇੱਕ ਅਜਿਹਾ ਅਧਿਕਾਰਤ ਇਨਕੁਆਰੀ ਹੋਵੇ ਜੋ ਪਿਛਲੇ ਅਤੇ ਮੌਜੂਦਾ ਮਾਮਲਿਆਂ ਦੀ ਪੂਰੀ ਜਾਂਚ ਕਰੇ।
- ਇਸ ਤਰ੍ਹਾਂ ਦੀ ਸਿਆਸੀ ਹੋਰਚੋੜ ਨੇ ਲੋਕਾਂ ‘ਚ ਗਹਿਰੀ ਚਿੰਤਾ ਪੈਦਾ ਕਰ ਦਿੱਤੀ ਹੈ, ਖ਼ਾਸ ਕਰਕੇ ਉਹ ਲੋਕ ਜੋ ਸਾਲਾਂ ਤੱਕ ਗਲਤ ਵਰਤਾਅ ਅਤੇ ਬਲਾਤਕਾਰ ਦਾ ਸ਼ਿਕਾਰ ਹੋਏ। ਪਰ ਸਰਕਾਰ ਦੇ ਬਿਆਨਾਂ ਅਤੇ ਕਾਰਵਾਈ ਦੇ ਅੰਕੜੇ ਹਾਲੇ ਵੀ ਪੂਰੇ ਤੌਰ ‘ਤੇ ਸਰਵਜਨਿਕ ਨਹੀਂ ਹਨ।


# ਬਰਤਾਨੀਆਂ ਦੇ ਮਹਾਰਾਜਾ ਚਾਰਲਸ ਤੀਜੇ ਨੇ ਕੈਂਸਰ ਦੇ ਇਲਾਜ ਅਤੇ ਸਿਹਤਯਾਬੀ ਬਾਰੇ ਕੀਤੀ ਚਰਚਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਮਹਾਰਾਜਾ ਚਾਰਲਸ ਤੀਜੇ ਨੇ ਕਿਹਾ ਕਿ ਜਲਦੀ ਪਤਾ ਲੱਗਣ ਕਾਰਨ, ਪ੍ਰਭਾਵਸ਼ਾਲੀ ਇਲਾਜ ਅਤੇ ਆਪਣੇ ਡਾਕਟਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਕਾਰਨ, ਨਵੇਂ ਸਾਲ ਵਿੱਚ ਉਨ੍ਹਾਂ ਦੇ ਕੈਂਸਰ ਦੇ ਇਲਾਜ ਤੋਂ ਕੁਝ ਰਾਹਤ ਮਿਲ ਜਾਵੇਗੀ। ਮਹਾਰਾਜਾ ਚਾਰਲਸ 77 ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਇਹ ਪ੍ਰੋਗਰਾਮ ਲੋਕਾਂ ਨੂੰ ਕੈਂਸਰ ਜਾਂਚ ਦਾ ਲਾਭ ਲੈਣ ਲਈ ਉਤਸ਼ਾਹਿਤ ਕਰਨ ਦੀ ਇੱਕ ਮੁਹਿੰਮ ਦਾ ਹਿੱਸਾ ਹੈ, ਕਿਉਂਕਿ ਜਾਂਚ ਕੈਂਸਰ ਨੂੰ ਇਸਦੇ ਸ਼ੁਰੂਆਤੀ ਪੜਾਵਾਂ ਵਿੱਚ ਹੀ ਪਛਾਣ ਸਕਦੀ ਹੈ ਅਤੇ ਇਲਾਜ ਕਰਨਾ ਆਸਾਨ ਬਣਾ ਸਕਦੀ ਹੈ। ਸ਼ੁਰੂਆਤੀ ਪਤਾ ਲੱਗਣ ਨਾਲ ਬਹੁਤ ਸਾਰੀਆਂ ਜਾਨਾਂ ਬਚ ਸਕਦੀਆਂ ਹਨ। ਉਹਨਾਂ ਕਿਹਾ ਕਿ "ਮੈਂ ਇਹ ਵੀ ਜਾਣਦਾ ਹਾਂ ਕਿ ਜਾਂਚ ਨੇ ਮੇਰੇ ਕੇਸ ਵਿੱਚ ਕਿੰਨਾ ਫ਼ਰਕ ਪਾਇਆ ਹੈ, ਕਿਉਂਕਿ ਇਸ ਨੇ ਮੈਨੂੰ ਇਲਾਜ ਦੌਰਾਨ ਵੀ ਇੱਕ ਪੂਰੀ ਅਤੇ ਸਰਗਰਮ ਜ਼ਿੰਦਗੀ ਜਿਉਣ ਦੀ ਆਗਿਆ ਦਿੱਤੀ ਹੈ।" ਇਸ ਸੰਦੇਸ਼ ਵਿੱਚ ਚਾਰਲਸ ਨੇ ਉਨ੍ਹਾਂ 22 ਮਹੀਨਿਆਂ ਦੇ ਆਪਣੇ ਅਨੁਭਵ ਸਾਂਝੇ ਕੀਤੇ, ਜਿਹਨਾਂ ਦੌਰਾਨ ਉਸ ਕੈਂਸਰ ਨਾਲ ਲੜ੍ਹ ਰਹੇ ਸਨ। ਚਾਰਲਸ ਦਾ ਆਪਣੀ ਬਿਮਾਰੀ ਦਾ ਖੁਲਾਸਾ ਕਰਨ ਦਾ ਫੈਸਲਾ ਬਰਤਾਨਵੀ ਸ਼ਾਹੀ ਪਰਿਵਾਰ ਲਈ ਇੱਕ ਵੱਡਾ ਫੈਸਲਾ ਸੀ, ਕਿਉਂਕਿ ਸ਼ਾਹੀ ਪਰਿਵਾਰ ਰਵਾਇਤੀ ਤੌਰ 'ਤੇ ਆਪਣੀ ਸਿਹਤ ਨੂੰ ਇੱਕ ਨਿੱਜੀ ਮਾਮਲਾ ਮੰਨਦਾ ਰਿਹਾ ਹੈ ਅਤੇ ਲੋਕਾਂ ਨਾਲ ਬਹੁਤ ਘੱਟ ਜਾਣਕਾਰੀ ਸਾਂਝੀ ਕਰਦਾ ਹੈ।

**Three months' free contact lenses**

when you buy glasses from £**70** and sign-up to our easycare subscription



Contact lenses or glasses this winter? Both.



Book an eye test at specsavers.co.uk

Specsavers

Offer ends 31 March 2026. Glasses and contact lenses must be to your prescription only. Cannot be used with any other offers. Offer is valid for one purchase only and can only be redeemed once per new easycare customer per person at one participating store. Only for customers who have not been signed up to easycare for at least 6 months. **Glasses:** Must be a single pair from the £70 range or above which come with standard 1.5 single-vision lenses (or 1.6 for £170 rimless ranges). Additional charge for extra lens options. **easycare direct debit scheme:** Package valid until your membership ceases by the cancellation of your direct debit payments or after your prescription ceases to be valid (usually two years). Three months' free contact lenses can only be redeemed when you sign up for the easycare direct debit scheme at the time of purchasing the glasses. Cannot be exchanged in whole or part for cash. Three months' free contact lenses provided up front. Our staff members will inform you what your monthly subscription charge will be following the first three months of free lenses. Payment will be taken by direct debit from month two of your subscription and every month thereafter. You may cancel your subscription at any time. For cancellation details, see the easycare direct debit mandate provided to you to at sign-up or contact your local store. Cancellation must be at least 30 days prior to delivery in order for payment to be refunded. Subject to suitability, availability and eligibility. If your prescription is not valid an eye test and contact lens assessment may be required at our standard charge. Offer applies to all easyvision contact lenses only. No refund is available for eyecare already provided. All easycare package benefits will be redeemable following your first direct debit payment (month two of the subscription) including your eye test. All easycare package benefits are redeemable only by the named person on easycare package. Offer applies to all soft lens products available on easycare, excluding coloured, gas permeable, and hard lenses. Subject to suitability, availability and eligibility. If your prescription is not valid, an eye test and contact lens assessment may be required at our standard charges. This offer applies to all our daily and reusable soft lenses. Excludes online purchases. For full terms and conditions relating to easycare, ask in store or visit specsavers.co.uk/contact-lenses/direct-debit-package

ਜੈ ਸ੍ਰੀ ਗੁਰੂ ਰਵਿਦਾਸ ਜੀ | ੴ ਸਤਿਗੁਰ ਪ੍ਰਸਾਦਿ॥ | ਜੈ ਸ੍ਰੀ ਗੁਰੂ ਰਵਿਦਾਸ ਜੀ

## ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

### ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ

# 649ਵਾਂ ਪ੍ਰਕਾਸ਼ ਉਤਸਵ

## ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ

### 1 ਫਰਵਰੀ 2026 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

ਪਰਮ ਸਤਿਕਾਰਯੋਗ ਸਾਧ ਸੰਗਤ ਜੀਉ।

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਮਹਾਨ ਪ੍ਰਕਾਸ਼ ਉਤਸਵ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਮਹਾਨ ਰਹਿਬਰ, ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ ਨੇ 15ਵੀਂ ਸਦੀ ਵਿੱਚ ਸਭ ਤੋਂ ਪਵਿੱਤਰ ਅਸਥਾਨ ਕਾਸ਼ੀ (ਬਨਾਰਸ) ਵਿੱਚ ਅਵਤਾਰ ਧਾਰ ਕੇ ਊਚ-ਨੀਚ, ਜਾਤਪਾਤ ਤੇ ਵੰਡੀ ਹੋਈ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਦਾ ਉਪਰਾਲਾ ਕੀਤਾ। ਉਸ ਸਮੇਂ ਦੇ ਘਮੰਡੀ ਹੁਕਮਰਾਨ, ਧਰਮ ਦੇ ਠੇਕੇਦਾਰ ਗੁਰੂ ਜੀ ਦੇ ਸੰਘਰਸ਼ ਦਾ ਸਾਹਮਣਾ ਨਾ ਕਰ ਸਕੇ। ਰਾਜਾ ਨਾਗਰ ਮੱਲ, ਰਾਣੀ ਝਾਲਾ ਬਾਈ ਅਤੇ ਰਾਣੀ ਮੀਰਾਂ ਬਾਈ, ਰਾਜਾ ਸਿਕੰਦਰ ਲੋਧੀ ਅਤੇ ਹੋਰ ਉਸ ਵਕਤ ਦੇ ਲੋਕ ਜਾਤਪਾਤ ਵਿੱਚ ਵੰਡੇ ਸਮਾਜ ਨੂੰ ਤਿਆਗ ਕੇ ਜਗਤ ਗੁਰੂ ਰਵਿਦਾਸ ਜੀ ਦੀ ਸ਼ਰਨ ਵਿੱਚ ਆ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਇਨਸਾਫ ਸੱਚਾਈ, ਇਨਸਾਨੀਅਤ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜਿਵੇਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਫਰਮਾਇਆ ਕਿ ਬੇਗਮਪੁਰਾ ਸ਼ਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥ ਅੱਜ ਫਿਰ ਕੌਮ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਲਈ ਗੁਰੂ ਜੀ ਦੇ ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਪ੍ਰਚਾਰਨ ਅਤੇ ਗੁਰਬਾਣੀ ਦੇ ਰੂਪ ਵਿੱਚ ਉਨ੍ਹਾਂ ਦੀ ਅਨਮੋਲ ਸਿੱਖਿਆ ਉਪਰ ਅਮਲ ਕਰਨ ਦੀ ਲੋੜ ਹੈ। ਆਉ ਅੱਜ ਉਸ ਮਹਾਨ ਰਹਿਬਰ ਦੇ ਪ੍ਰਕਾਸ਼ ਉਤਸਵ 'ਤੇ ਪ੍ਰਣ ਕਰੀਏ ਅਤੇ ਉਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਸਫਲੇ ਕਰੀਏ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਉ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਪਰਿਵਾਰਾਂ ਵੱਲੋਂ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਦੇ ਜਾਪਾਂ ਦੀ ਸੇਵਾ

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭਨਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਗੁਰਪੁਰਬ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਗੁਰਪੁਰਬ ਤੱਕ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ। ਆਪ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਖੰਡ ਪਾਠਾਂ ਦੀ ਲੜੀ ਵਿੱਚ ਆਪਣਾ ਯੋਗਦਾਨ ਪਾਉ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸੰਗਤ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੋਂ ਹੁਣ ਤੱਕ ਜਿਹੜੇ ਪਰਿਵਾਰਾਂ ਵੱਲੋਂ ਪਾਠ ਦੀ ਸੇਵਾ ਲਈ ਗਈ ਹੈ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ:

09-11-25 ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਪੁਰਬ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ
09-11-25 ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਮਨਜਿੰਦਰ ਸਿੰਘ ਜੀ ਦੇ ਪਰਿਵਾਰ ਵੱਲੋਂ ਕਰਵਾਏ ਗਏ
14-11-25 ਜੋਗਿੰਦਰ ਸਿੰਘ ਬੰਗੜ ਦੇ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, 16-11-25 ਭੋਗ ਸ੍ਰੀ ਅਖੰਡ ਪਾਠ ਸਾਹਿਬ
21-11-25 ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਅਤੇ 23-11-25 ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
28-11-25 ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
29-11-25 ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਜਗਤਾਰ ਸਿੰਘ ਚੌਂਕੜੀਆ ਜੀ ਦੇ ਪਰਿਵਾਰ ਵੱਲੋਂ
30-11-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਲੋਈ ਪਰਿਵਾਰ ਵੱਲੋਂ
05-12-25 ਬੱਸ ਡਰਾਈਵਰਾਂ ਦੇ ਪਰਿਵਾਰਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 7-12-25 ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ
12-12-25 ਪ੍ਰਬੰਧਕ ਕਮੇਟੀ ਅਤੇ ਟਰੱਸਟੀ ਸਾਹਿਬਾਨ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 14-12-25 ਭੋਗ ਸ੍ਰੀ ਅਖੰਡ ਪਾਠ ਸਾਹਿਬ
19-12-25 ਗੁਰੂ ਘਰ ਦੇ ਸੇਵਾਦਾਰਾਂ ਅਤੇ ਸੰਗਤਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, 21-12-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
20-12-25 ਸ਼ਨਿੱਚਰਵਾਰ ਨੂੰ ਦੁੱਗਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
26-12-25 ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ (1) ਗੁਰੂ ਘਰ ਦੇ ਸੇਵਾਦਾਰਾਂ ਵੱਲੋਂ (2) ਪਰਮਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ
28-12-25 ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ (1) ਗੁਰੂ ਘਰ ਦੇ ਸੇਵਾਦਾਰਾਂ ਵੱਲੋਂ (2) ਪਰਮਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ
30-12-25 ਮੰਗਲਵਾਰ ਦਰਸ਼ਨ ਸਿੰਘ ਨਾਗੀ ਦੇ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ
31-12-25 ਬੁੱਧਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਸ੍ਰੀ ਬਸੰਤ ਰਾਏ ਜੀ ਦੇ ਪਰਿਵਾਰ ਵੱਲੋਂ
01-01-26 ਵੀਰਵਾਰ ਦਰਸ਼ਨ ਸਿੰਘ ਨਾਗੀ ਦੇ ਪਰਿਵਾਰ ਵੱਲੋਂ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
02-01-26 ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ੍ਰੀਮਤੀ ਗੁਰਦੀਪ ਕੌਰ ਚੌਂਕੜੀਆ ਪਰਿਵਾਰ ਵੱਲੋਂ, 4-1-26 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
09-01-26 ਆਰੰਭ ਸ੍ਰੀ ਅਖੰਡ ਪਾਠ ਸਾਹਿਬ ਰੋਇਲ ਮੇਲ ਪੋਸਟ ਆਫਿਸ ਸਟਾਫ ਵੱਲੋਂ - 11-1-26 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
16-01-26 ਆਰੰਭ ਸ੍ਰੀ ਅਖੰਡ ਪਾਠ ਸਾਹਿਬ (1) ਗੁਰੂ ਘਰ ਦੀਆਂ ਬੀਬੀਆਂ ਵੱਲੋਂ (2) ਸ੍ਰੀ ਮਤੀ ਵਿੱਦਿਆ ਦੁੱਗਲ ਜੀ ਦੇ ਪਰਿਵਾਰ ਵੱਲੋਂ
18-01-26 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ (1) ਗੁਰੂ ਘਰ ਦੀਆਂ ਬੀਬੀਆਂ ਵੱਲੋਂ (2) ਸ੍ਰੀ ਮਤੀ ਵਿੱਦਿਆ ਦੁੱਗਲ ਜੀ ਦੇ ਪਰਿਵਾਰ ਵੱਲੋਂ
23-01-26 ਸ਼ੁੱਕਰਵਾਰ ਏਅਰਪੋਰਟ ਦੇ ਸਟਾਫ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, 25-1-26 ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
24-01-26 ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਸ: ਬਲਬੀਰ ਸਿੰਘ ਖੁੱਤਣ ਜੀ ਦੇ ਪਰਿਵਾਰ ਵੱਲੋਂ
30-01-26 ਸ਼ੁੱਕਰਵਾਰ ਨੂੰ ਸਮੂਹ ਸੰਗਤਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
01-02-26 ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ




### ਪ੍ਰੋਗਰਾਮ ਦਾ ਵੇਰਵਾ ਇਸ ਤਰ੍ਹਾਂ ਹੈ :

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**
30-01-2026 ਸ਼ੁੱਕਰਵਾਰ 10 ਵਜੇ ਸਵੇਰੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
01-02-2026 ਐਤਵਾਰ 10 ਵਜੇ ਸਵੇਰੇ

ਉਪਰੰਤ ਗਿਆਨੀ ਰਣਜੀਤ ਸਿੰਘ ਜੀ (ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ) ਗੁਰੂ ਮਹਾਰਾਜ ਜੀ ਦੀ ਆਰਤੀ ਦਾ ਕੀਰਤਨ ਕਰਨਗੇ। ਇਸ ਉਪਰੰਤ ਹੋਰ ਵੀ ਗੁਣੀ ਗਿਆਨੀ ਤੇ ਕੀਰਤਨੀ ਜਥੇ ਪਹੁੰਚ ਰਹੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਸ਼ਨੀਵਾਰ 31-1-2026 ਨੂੰ ਸਵੇਰੇ 9:00 ਨਿਸ਼ਾਨ ਸਾਹਿਬ ਨੂੰ ਪੂਰਨ ਮਰਿਯਾਦਾ ਅਨੁਸਾਰ ਚੋਲਾ ਪਹਿਨਾਇਆ ਜਾਵੇਗਾ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣੇ ਜੀਵਨ ਸਫਲੇ ਕਰੋ ਜੀ।

### ਸੇਵਾਦਾਰ : ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ, ਸਾਊਥਾਲ

282, ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ
ਟੈਲੀਫੋਨ: 020-8574-0245 (ਦਫਤਰ) ਟੈਲੀਫੋਨ: 020-8574-0528 (ਲੰਗਰ ਹਾਲ)
Fax: 020-8574-8967 - www.sgrds.org

### 649th BIRTHDAY ANNIVERSARY of

# Shri Guru Ravidass Ji

## ON SUNDAY 1st FEB 2026 AT

## SHRI GURU RAVIDASS TEMPLE, SOUTHALL

### 282 WESTERN ROAD, SOUTHALL, MIDDX. UB2 5JT

Shri Guru Ravidass Ji was one of the leading Saint of Medieval times. He preached that man can not be known by his occupation but by noble deeds and love to mankind. He believed in equality, liberty, Freedom and equal status of human beings.

## DISTINGUISHED GUESTS

0) Chief Guest His excellency High Commissioner of India
0) President of Shri Guru Ravidass Sabha U.K. and Abroad
0) Mayor of Ealing Council
0) Mayor of Hounslow
0) Local Members of Parliament (M.P.'s)
0) Superintendent of Police
0) Head Teachers from High Schools
0) All community & faith leaders & Councillors

ਉੱਪਰ ਲਿਖੇ ਪਤਵੰਤੇ ਸੱਜਣਾਂ ਨੂੰ ਸੱਦਾ ਪੱਤਰ ਪ੍ਰਬੰਧਕ ਕਮੇਟੀ ਵੱਲੋਂ ਭੇਜਿਆ ਗਿਆ ਹੈ। ਆਸ ਹੈ ਕਿ ਉਹ ਗੁਰੂ ਘਰ ਵਿਖੇ ਦਰਸ਼ਨ ਦੇਣਗੇ। ਇਸ ਤੋਂ ਉਪਰੰਤ ਸਥਾਨਕ ਪਤਵੰਤੇ ਸੱਜਣਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀ ਗੁਰੂ ਘਰ ਆਉਣ ਦੀ ਕ੍ਰਿਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।

**Car park will be open on Saturday/Sunday from 8:00am to 6:00pm**

ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਓ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

# • ਪੰਜਾਬੀ ਫ਼ਿਲਮ ਦਰਪਣ •

## ਅਮਰਜੀਤ ਖੁਰਾਣਾ ਇਸ ਸਾਲ ਇੰਡਸਟਰੀ ਵਿੱਚ ਛਾਏ ਰਹੇ



ਸਾਊ ਸੁਭਾਅ ਤੇ ਕੰਮ ਕਰਨ ਦਾ ਪਿਆਰਾ ਸਲੀਕਾ ਤੇ ਵੀਡੀਓ ਦੀ ਕਹਾਣੀ ਵੱਖਰੀ ਤੇ ਦਿਲ ਟੁੰਬਦੀ ਇਹ ਖਾਸੀਅਤ ਵੀਡਿਓ ਤੇ ਫ਼ਿਲਮ ਨਿਰਦੇਸ਼ਕ ਅਮਰਜੀਤ ਖੁਰਾਣਾ ਦੀ ਹੈ।ਅਮਰਜੀਤ ਖੁਰਾਣਾ ਨੇ ਬੈਕ ਟੂ ਬੈਕ ਵੀਡਿਓ ਕਰਨੇ ਜ਼ਾਰੀ ਰੱਖੇ ਹਨ। ਰਾਜਾ ਸਿੱਧੂ ਤੇ ਜਯੋਤੀ ਗਿੱਲ ਦਾ ਵੀਡੀਓ ਓਹਨਾਂ ਕੀਤਾ ਹੈ। ਅਮਰਜੀਤ ਖੁਰਾਣਾ ਤਕਨੀਕ ਆਧੁਨਿਕ ਵਰਤਦੇ ਨੇ ਤੇ ਫੋਟੋਗ੍ਰਾਫੀ ਵੀ ਅੱਤੀ ਉੱਤਮ ਕਰਵਾਉਂਦੇ ਹਨ। ਓਹ ਕਦੇ ਵਾਧੂ ਬਜਟ ਨਹੀਂ ਕਰਵਾਉਂਦੇ ਤੇ ਕਈ ਵਾਰ ਓਹ ਨਿਰਮਾਤਾ ਤੇ ਕਲਾਕਾਰ ਦੇ ਬਜਟ ਅਨੁਕੂਲ ਵੀ ਟੌਪ ਵੀਡਿਓ ਦਿੰਦੇ ਹਨ। ਅਮਰਜੀਤ ਖੁਰਾਣਾ ਦੀ ਸਿਫਤ ਨਿਰਦੇਸ਼ਕਾ ਸਿੰਮੀਪ੍ਰੀਤ ਕੌਰ ਵੀ ਕਰਦੀ ਹੈ ਤੇ ਅਮਰਜੀਤ ਖੁਰਾਣਾ ਨੂੰ ਜਸਬੀਰ ਰਿਸ਼ੀ ਤੇ ਸਤਿਆ ਸਿੰਘ ਵੀ ਕਾਬਿਲ ਨਿਰਦੇਸ਼ਕ ਆਖਦੇ ਨੇ ਤੇ ਓਹਨਾਂ ਨੇ ਜੇ ਐਸ ਮੋਸ਼ਨ ਪਿਕਚਰਜ਼ ਲਈ ਅਮਰਜੀਤ ਖੁਰਾਣਾ ਤੋਂ ਸ਼ੋਰਟ ਫ਼ਿਲਮਾਂ ਵੀ ਕਰਵਾਈਆਂ ਹਨ। ਆ ਰਹੇ ਵਕਤ ਵਿੱਚ ਨਵੇਂ ਸਾਲ ਅਮਰਜੀਤ ਖੁਰਾਣਾ ਵੱਡੀਆਂ ਪੰਜਾਬੀ ਫ਼ਿਲਮਜ਼ ਤੇ ਨਾਮਵਰ ਗਾਇਕਾਂ ਦੇ ਵੀਡੀਓ ਕਰਦੇ ਨਜ਼ਰ ਆਉਣਗੇ। ਅਮਰਜੀਤ ਖੁਰਾਣਾ ਨੇ ਕਿਹਾ ਕਿ ਹਰ ਵੀਡੀਓ ਵੱਖਰਾ ਹੋਏ ਤੇ ਫ਼ਿਲਮ ਕਨਸੈਪਟ ਦਾ ਵੀਡੀਓ ਬਣੇ ਤੇ ਕੋਈ ਸਮਝੌਤਾ ਮਾਡਲ ਜਾਂ ਤਕਨੀਕੀ ਯੂਨਿਟ ਵੱਲੋਂ ਓਹ ਨਹੀਂ ਕਰਦੇ ਤਾਂ ਹੀ ਓਹਨਾਂ ਦੇ ਵੀਡਿਓ ਅੱਤੀ ਉੱਤਮ ਲੋਕ ਆਖਦੇ ਨੇ ਹੁੰਦੇ ਹਨ।

## ਡੌਲੀਸ਼ਾ ਦੇ ਟਰੈਕ ਬੰਨੀ ਸ਼ਰਮਾ ਬਾਲੀਵੁੱਡ ਸਟਾਈਲ ਨਾਲ ਕਰਨਗੇ



ਡੌਲੀਸ਼ਾ ਪੰਜਾਬੀ ਗਾਇਕੀ ਵਿੱਚ ਓਹ ਨਾਮ ਹੈ ਜਿਸ ਨੇ ਨਵੇਂ ਸਾਲ ਦੌਰਾਨ ਤਹਿਲਕਾ ਮਚਾ ਦੇਣਾ ਹੈ ਤੇ ਇਹ ਗੱਲ ਪੂਰੇ ਆਤਮ ਵਿਸ਼ਵਾਸ ਨਾਲ ਪੰਜਾਬੀ ਸੰਗੀਤ ਨਗਰ ਦੇ ਪ੍ਰਮੁੱਖ ਪ੍ਰਮੋਟਰ ਬੰਨੀ ਸ਼ਰਮਾ ਨੇ ਟੋਰਾਂਟੋ ਵਿਖੇ ਕਹੀ। ਬੰਨੀ ਸ਼ਰਮਾ ਨੂੰ ਪੰਜਾਬੀ ਸੰਗੀਤ ਜਗਤ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਲਈ ਆਏ ਦਿਨ ਸਨਮਾਨ ਦਿੱਤੇ ਜਾਂਦੇ ਨੇ ਪਰ ਗਾਇਕਾ ਡੌਲੀਸ਼ਾ ਤੇ ਓਹਨਾਂ ਦੇ ਪਿਤਾ ਜੀ ਨੇ ਜਿਹੜਾ ਸਨਮਾਨ ਦਿਲੋਂ ਦਿੱਤਾ ਓਹ ਬੰਨੀ ਸ਼ਰਮਾ ਆਖਦੇ ਨੇ ਓਹਨਾਂ ਨੂੰ ਸਾਰੀ ਉਮਰ ਯਾਦ ਰਹੇਗਾ। ਓਹਨਾਂ ਕਿਹਾ ਕਿ ਮੈਂ ਇੱਕ ਯੋਜਨਾ ਬਣਾਈ ਹੈ ਤੇ ਜਰਨੈਲ ਘੁਮਾਣ ਸਾਬ ਨੂੰ ਡੌਲੀਸ਼ਾ ਦੀ ਆਵਾਜ਼ ਦੇ ਵੱਖ ਵੱਖ ਅੰਦਾਜ਼ ਭੇਜੇ ਨੇ ਤੇ ਓਹਨਾਂ ਵੱਲੋਂ ਅੱਛੇ ਤਰੀਕੇ ਨਾਲ ਗਰੀਨ ਸਿਗਨਲ ਦਿੱਤਾ ਗਿਆ ਹੈ। ਬੰਨੀ ਸ਼ਰਮਾ ਦੱਸਦੇ ਨੇ ਕਿ ਡੌਲੀਸ਼ਾ ਦੀ ਆਵਾਜ਼ ਵਿੱਚ ਇੱਕ ਕਸ਼ਿਸ਼ ਹੈ ਤੇ ਓਹ ਬਾਲੀਵੁੱਡ ਸਟਾਈਲ ਗਾਇਕੀ ਲਈ ਪੂਰੀ ਫਿੱਟ ਹੈ। ਗੀਤਾਂ ਦੀ ਚੋਣ ਜ਼ਾਰੀ ਹੈ ਤੇ ਅਸੀਂ ਵਧੀਆ ਤੇ ਪਿਆਰੀ ਪਿਆਰੀ ਤਰਜ਼ ਨਾਲ ਇਸ ਦਾ ਸੰਗੀਤ ਮੁੰਬਈ ਤੇ ਕਨੇਡਾ ਵਿੱਚ ਤਿਆਰ ਕਰਵਾਉਣਾ ਹੈ। ਬੰਨੀ ਸ਼ਰਮਾ ਨੇ ਇਹ ਵੀ ਕਿਹਾ ਕਿ ਓਹ ਖੁਦ ਇਸ ਦਾ ਵੀਡੀਓ ਬਾਲੀਵੁੱਡ ਟਾਈਪ ਦਾ ਪਰ ਓਸ ਵਿੱਚ ਪੰਜਾਬ ਤੇ ਪੰਜਾਬੀਅਤ ਦੀ ਝਲਕ ਹੋਏਗੀ ਕਰਾਂਗੇ। ਇੱਕ ਤਰਾਂ ਨਾਲ ਡੌਲੀਸ਼ਾ ਦਾ ਸ਼ਾਨਦਾਰ ਅੰਦਾਜ਼ ਨਾਲ ਨਵੇਂ ਸਿਰੇ ਤੋ ਮਿਊਜ਼ਿਕ ਇੰਡਸਟਰੀ ਵਿੱਚ ਪ੍ਰਵੇਸ਼ ਕਰਵਾਉਣਾ ਹੈ ਤਾਂ ਕਿ ਡੌਲੀਸ਼ਾ ਕਲ ਨੂੰ ਪੰਜਾਬੀ ਤੇ ਹਿੰਦੀ ਫ਼ਿਲਮਾਂ ਲਈ ਪਲੇ ਬੈਕ ਵੀ ਦੇਵੇ ਤੇ ਵੱਡੇ ਵੱਡੇ ਸ਼ੋ ਵੀ ਕਰੇ।ਬਾਕੀ ਬੰਨੀ ਸ਼ਰਮਾ ਜੀ ਆਖਦੇ ਨੇ ਪ੍ਰਭੂ ਹੱਥ ਪਰ ਸਾਡੀ ਇਮਾਨਦਾਰ ਕੋਸਿਸ਼ ਤੇ ਡੌਲੀਸ਼ਾ ਦੀ ਆਵਾਜ਼ ਬਸ ਥੋੜਾ ਇੰਤਜ਼ਾਰ ਕਰਨ ਪੰਜਾਬੀ।

## ਗੁਰਮੇਜ ਮੇਹਲੀ ਨੂੰ ਦੂਜੇ ਮਾਣਕ ਨਾਲ ਬੁਲਾਂਦੇ ਰਹੇ ਕੁਲਦੀਪ ਮਾਣਕ



ਗੁਰਮੇਜ ਮੇਹਲੀ ਦੀ ਆਵਾਜ਼ ਤੇ ਸਟੇਜ ਦਾ ਅੰਦਾਜ ਬਿਲਕੁਲ ਸਵਰਗੀ ਕੁਲਦੀਪ ਮਾਣਕ ਜਿਹਾ ਹੈ ਤੇ ਓਹਨਾਂ ਦੀ ਗਾਇਕੀ ਵੀ ਕਲੀਆਂ ਤੇ ਲੋਕ ਤੱਥਾਂ ਵਾਲੀ ਹੈ। ਵੈਸੇ ਸਵਰਗੀ ਕੁਲਦੀਪ ਮਾਣਕ ਦੇ ਅਸਲੀ ਸ਼ਗਿਰਦ ਗੁਰਮੇਜ ਮੇਹਲੀ ਹਨ ਤੇ ਖੁਦ ਓਹਨਾਂ ਨੇ ਮਾਣਕ ਸਾਬ ਨਾਲ ਬਹੁਤ ਸਟੇਜਾਂ ਸਾਂਝੀਆਂ ਕੀਤੀਆਂ ਹਨ।ਗੁਰਮੇਜ ਮੇਹਲੀ ਨੂੰ ਸਟੇਜ ਤੇ ਕਈ ਵਾਰ ਸਾਬਾਸ਼ ਦਿੰਦੇ ਸਵਰਗੀ ਕੁਲਦੀਪ ਮਾਣਕ ਆਖਦੇ ਸਨ ਕਿ ਤੂੰ ਤੇ ਮੇਰਾ ਹੀ ਰੂਪ ਹੈ। ਗੁਰਮੇਜ ਮਹਿਕਦੀ ਓਹ ਆਵਾਜ਼ ਹੈ ਜਿਸ ਨੂੰ ਮੰਢਾਲੀ ਸ਼ਰੀਫ਼ ਦੇ ਮੇਲੇ ਲਗਾਤਾਰ ਸਾਈਂ ਸੱਦਾ ਦਿੰਦੇ ਨੇ ਤੇ ਲੋਕ ਗੱਲਾਂ ਗੀਤਾਂ ਨਾਲ ਕਰਦਾ ਗੁਰਮੇਜ ਮੇਹਲੀ ਮੇਲਾ ਲੁੱਟ ਲੈਂਦਾ ਹੈ।ਗੁਰਮੇਜ ਮੇਹਲੀ ਨੇ ਸ਼੍ਰੀ ਗੁਰੂ ਰਵੀਦਾਸ ਜੀ ਤੇ ਅਨੇਕਾਂ ਧਾਰਮਿਕ ਗੀਤ ਗਾਏ ਨੇ ਨਾਲ ਹੀ ਡਾਕਟਰ ਅੰਬੇਦਕਰ ਤੇ ਵੱਖਰੇ ਟਰੈਕ ਦੇਣ ਦਾ ਰਿਕਾਰਡ ਵੀ ਮੇਹਲੀ ਦੇ ਨਾਮ ਹੈ।ਇਸ ਦੇ ਇਲਾਵਾ ਲੋਕਾਂ ਦੀ ਪਸੰਦ ਤੇ ਦੋਗਾਣਾ ਗਾਇਕੀ ਵੀ ਓਹ ਕਰਦੇ ਨੇ ਤੇ ਓਹ ਇਸ ਪਾਸੇ ਵੀ ਹਿੱਟ ਰਹੇ ਹਨ। ਗੁਰਮੇਜ ਮੇਹਲੀ ਨੂੰ ਵਿਦੇਸ਼ਾਂ ਵਾਲੇ ਦੂਜਾ ਮਾਣਕ ਆਖਦੇ ਨੇ ਓਸ ਦਾ ਜਵਾਬ ਦਿੰਦੇ ਆਖਦੇ ਨੇ ਕਿ ਓਹ ਸ਼ੁਕਰਗੁਜ਼ਾਰ ਨੇ ਤੇ ਇਹ ਸਭ ਮਾਣਕ ਸਾਬ ਕਾਰਨ ਤੇ ਬਾਕੀ ਓਹਨਾਂ ਨੂੰ ਮਾਣਕ ਸਾਬ ਦੀ ਸਭ ਤੋਂ ਜਿਆਦਾ ਸੰਗਤ ਕਰਨ ਦਾ ਮਾਣ ਪ੍ਰਾਪਤ ਹੈ।


## ਬਿੱਟੂ ਅਰੋੜਾ ਦੂਰਦਰਸ਼ਨ ਜਲੰਧਰ ਦੇ ਨਿੱਜੀ ਪ੍ਰੋਗਰਾਮਾਂ ਦੇ ਅਮਿਤਾਭ ਬੱਚਨ



ਲੰਡਨ ਜਦ ਤੁਸਾਦ ਸੰਗ੍ਰਾਲਿਆ ਗਏ ਸਨ ਬਿੱਟੂ ਅਰੋੜਾ ਤਦ ਅਮਿਤਾਭ ਬੱਚਨ ਦੇ ਬੁੱਤ ਨੂੰ ਦੇਖ ਕਿਹਾ ਸੀ ਕਿ ਵਾਕਿਆ ਹੀ ਬਾਲੀਵੁੱਡ ਇੱਕ ਹੀ ਸੁਪਰ ਸਟਾਰ ਅਮਿਤਾਭ ਬੱਚਨ ਅੱਜ ਤੱਕ ਬਦਲ ਨਹੀਂ ਤੇ ਗੱਲ ਆਪਾਂ ਕਰਦੇ ਹਾਂ ਕਿ ਦੂਰਦਰਸ਼ਨ ਜਲੰਧਰ ਡੀ ਡੀ ਪੰਜਾਬੀ ਤੇ ਰੰਗਾ ਰੰਗ ਪ੍ਰੋਗਰਾਮ "ਛਣਕਾਰ" ਤੇ ਹਰ ਸਾਲ ਨਵੇਂ ਸਾਲ ਤੇ ਖਾਸ ਰੰਗਾ ਰੰਗ ਪ੍ਰੋਗਰਾਮ "ਜਸ਼ਨ" ਪੇਸ਼ ਕਰਨ ਵਿੱਚ ਬਿੱਟੂ ਅਰੋੜਾ ਦਾ ਕੋਈ ਬਦਲ ਨਹੀਂ ਹੈ। ਬਿੱਟੂ ਅਰੋੜਾ ਖੁਦ ਤਕਨੀਕੀ ਮਾਹਿਰ ਨੇ ਤੇ ਨਵੇਂ ਸਾਲ ਦੇ ਪ੍ਰੋਗਰਾਮ ਨੂੰ ਨਵੀਂ ਦਿੱਖ, ਸੰਪਾਦਨ ਤੇ ਗੀਤਾਂ ਦੀ ਤਰਤੀਬ ਬਿੱਟੂ ਅਰੋੜਾ ਕਮਾਲ ਦਾ ਕੰਮ ਕਰਦੇ ਹਨ।ਬਿੱਟੂ ਅਰੋੜਾ ਨੇ ਕਿਹਾ ਕਿ ਓਹ "ਜਸ਼ਨ 2026" ਬਣਾ ਰਹੇ ਨੇ ਤੇ ਓਸ ਵਿੱਚ ਨਵੇਂ ਪੁਰਾਣੇ, ਨਾਮਵਰ ਕਲਾਕਾਰ ਹੋਣਗੇ ਬਿੱਟੂ ਅਰੋੜਾ ਦੀ ਵਾਕਫੀਅਤ ਤੇ ਸਟੈਂਡਰਡ ਸ਼ੋ ਦਾ ਦੇਖ ਓਹਨਾਂ ਦੇ ਪ੍ਰੋਗਰਾਮ "ਜਸ਼ਨ 2026" ਲਈ ਕਲਾਕਾਰਾਂ ਵਿੱਚ ਅਮਿਤਾਭ ਬੱਚਨ ਦੀ ਫ਼ਿਲਮ ਦੇਖਣ ਜਿੰਨਾ ਉਤਸ਼ਾਹ ਹੈ।ਬਿੱਟੂ ਅਰੋੜਾ ਜਿਹੜੇ ਪਿਛਲੇ ਕੁੱਝ ਮਾਹ ਪਹਿਲੇ ਵਰੁਣ ਤਿਵਾੜੀ ਵੱਲੋਂ ਆਸਟ੍ਰੇਲੀਆ ਵਿਖੇ ਸਨਮਾਨਿਤ ਕੀਤੇ ਗਏ ਸਨ ਨੇ ਕਿਹਾ ਕਿ ਇਸ ਵਾਰ ਵੀ ਓਹ "ਜਸ਼ਨ 2026" ਨੂੰ ਯਾਦਗਾਰੀ ਮਨੋਰੰਜਕ ਪ੍ਰੋਗਰਾਮ ਬਣਾਉਣ ਲਈ ਸਰਗਰਮ ਹਨ ਤੇ ਪੰਜਾਬ ਦੇ ਕਲਾਕਾਰਾਂ ਦਾ ਧੰਨਵਾਦ ਜਿਹੜੇ ਬਹੁਤ ਜਿਆਦਾ ਸਹਿਯੋਗ ਜਸ਼ਨ ਫ਼ਿਲਮਜ਼ ਤੇ ਓਹਨਾਂ ਨੂੰ ਦੇ ਰਹੇ ਹਨ।

## ਵਲੈਤੀਏ ਲੁੱਟ ਲਏ ਕਬੱਡੀ ਗੀਤ ਗਾ ਰਮਨ ਗਿੱਲ ਨੇ

ਰਮਨ ਗਿੱਲ ਦਾ ਨਾਮ ਸੁਣਦੇ ਹੀ ਅੱਖਾਂ ਅੱਗੇ ਇੱਕ ਅਰਸ਼ਾਂ ਤੋਂ ਉੱਤਰੀ ਪਰੀ ਦੀ ਤਸਵੀਰ ਸਾਹਮਣੇ ਆਓਂਦੀ ਹੈ ਤੇ ਆਵਾਜ਼ ਜਿਵੇਂ ਖੰਡ ਮਿਸ਼ਰੀ ਹੋਏ ਤੇ ਖਾਸ ਗੱਲ ਕਿ ਰਮਨ ਗਿੱਲ ਹਰੇਕ ਤਰਾਂ ਦੇ ਗੀਤ ਗਾਏ ਹਿੱਟ, ਸਟੇਜ ਹਿੱਟ। "ਵਹਿਮ" ਗਾਇਆ ਤਾਂ ਓਹਨਾਂ ਦੇ ਵਹਿਮ ਉੱਤਰ ਗਏ ਜਿਹੜੇ




ਆਖਦੇ ਸੀ ਸੋਹਣੀ ਤੇ ਹੀਰ ਜਿਹੀ ਏ ਗਾਇਕੀ ਕਿਵੇਂ ਹੋਊ ਜਦ ਸੁਣਿਆ ਤਾਂ ਵਹਿਮ ਗਾਇਬ ਕਰ ਦਿੱਤੇ। ਰਮਨ ਗਿੱਲ ਨੇ ਕਬੱਡੀ ਤੇ ਗੀਤ ਗਾ ਕਿ ਵਲੈਤ ਨਚਾ ਦਿੱਤਾ। ਐਤਕੀ ਸੀਜ਼ਨ ਤੇਰੇ ਨਾਮ ਬੋਲੇਗਾ ਕਬੱਡੀ ਵਾਲੇ ਗੀਤ ਨੇ ਕਬੱਡੀ ਪ੍ਰਮੋਟਰ ਨੋਟ ਵਾਰਨ ਲਈ ਮਜ਼ਬੂਰ ਕੀਤੇ। ਰਮਨ ਗਿੱਲ ਦੂਜੀ ਨਿਮਰਤ ਖੈਹਰਾ ਬਣ ਸਕਦੀ ਹੈ।ਰਮਨ ਗਿੱਲ ਜੁੜ ਗਈ ਜਿਸ ਦਿਨ ਪੰਜਾਬੀ ਫ਼ਿਲਮਾਂ ਵਿੱਚ ਹਿੱਟ ਨਾਇਕਾ ਬਣੇਗੀ। ਰਮਨ ਗਿੱਲ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ ਕਾਮਨਾਵਾਂ।ਰਮਨ ਗਿੱਲ ਨੂੰ ਪੰਜਾਬ ਸਰਕਾਰ ਆਪਣੀਆਂ ਐਡ ਫ਼ਿਲਮਜ਼ ਲਈ ਗੀਤ ਗਵਾਏ ਤੇ ਖੁਦ ਰਮਨ ਤੇ ਫਿਲਮਾਏ ਜਾਣ ਤਾਂ ਜਚੇਗੀ। ਰਮਨ ਗਿੱਲ ਦਾ ਪ੍ਰਚਾਰ ਵੱਡੀ ਪੱਧਰ ਤੇ ਕੋਈ ਡਿਜੀਟਲ ਕੰਪਨੀ ਕਰੇ ਤਾਂ ਰਮਨ ਗਿੱਲ ਸੁਪਰ ਸਟਾਰ ਬਣ ਸਕਦੀ ਹੈ। ਅਕਲ ਸ਼ਕਲ ਦੋਵੇਂ ਓਸ ਕੋਲ ਆਵਾਜ਼ ਅੰਦਾਜ਼ ਓਸ ਕੋਲ ਗੱਲ ਕੀ ਰਮਨ ਗਿੱਲ ਕੁਦਰਤ ਦੀ ਧਰਤੀ ਤੇ ਸੁਰ ਸ਼ਹਿਜ਼ਾਦੀ ਹੈ।

## ਆ ਗਈ ਮੀਤ ਛਾ ਗਈ ਮਨਜੀਤ ਮੀਤ ਤੇ "ਜੀਜਾ ਹੋ ਗਿਆ ਸ਼ਰਾਬੀ"



ਓਹੀ ਪਿੰਡਾਂ ਦਾ ਮਾਹੌਲ, ਸੱਥ ਵਿੱਚ ਅਖਾੜਾ ਤੇ ਗਾਉਂਦੀ ਮਨਜੀਤ ਮੀਤ ਸਾਰੇ ਜਵਾਨ, ਬਜ਼ੁਰਗ ਕਹਿਣ ਅਸ਼ਕੇ ਇਹ ਹੈ ਸ਼ੁੱਧ ਪੰਜਾਬਣ ਗਾਇਕਾ ਤੇ ਚਰਚਾ ਹੀ ਗਾਇਕਾ ਮਨਜੀਤ ਮੀਤ ਦੀ ਅੱਜ ਕਲ ਹੈ।ਮੀਤ ਨੇ ਕਿਹਾ ਕਿ ਓਸ ਦੇ ਵੀਡੀਓ ਵੀ ਪੰਜਾਬੀ ਵਿਰਸੇ ਦੀ ਬਾਤ ਪਾਉਣ ਵਾਲੇ ਹਨ। ਰੱਬ ਨੇ ਜਤਿੰਦਰ ਸ਼ਰਮਾ ਦਾ ਦਿੱਤਾ ਸਾਥ ਤੇ ਅੱਜ ਸਟਾਰ ਓਹ ਧਾਰਮਿਕ ਗਾਇਕੀ ਦੀ ਹੈ ਤੇ ਹੁਣ ਪੇਂਡੂ ਗਾਇਕੀ ਦੀ ਸਟਾਰ ਬਣਨ ਵੱਲ ਹੈ। ਮਨਜੀਤ ਮੀਤ ਨੇ ਗਾਇਕਾ ਬਣ ਪਿੰਡਾਂ ਵਿੱਚ ਖੁੱਲ੍ਹੇ ਅਖਾੜੇ ਲਾਏ ਹਨ। ਮਨਜੀਤ ਮੀਤ ਨੇ ਭਰੇ ਪੰਡਾਲ ਤੇ ਪਿੰਡ ਵਿੱਚ ਖੁੱਲ੍ਹੇ ਅਖਾੜੇ ਲਾਏ ਤੇ ਦਰਸਾ ਦਿੱਤਾ ਕਿ ਓਹ ਸ਼ੁੱਧ ਪੰਜਾਬਣ ਗਾਇਕਾ ਹੈ। ਅਮਨ ਸਟਰਿੰਗ ਤੋਂ ਬਾਅਦ ਸੰਗੀਤਕਾਰ ਮਿਕੂ ਸਿੰਘ ਨਾਲ ਟਰੈਕ ਆ ਰਹੇ ਹਨ।ਆਰ ਜੇ ਬੀਟਸ ਨੇ "ਜੀਜਾ ਹੋ ਗਿਆ ਸ਼ਰਾਬੀ" ਟਰੈਕ ਰਲੀਜ਼ ਕੀਤਾ ਤੇ ਇਹ ਅੱਜ ਹਿੱਟ ਹੈ।ਬੰਨੀ ਸ਼ਰਮਾ ਨੇ ਪ੍ਰੋਜੈਕਟ ਰਲੀਜ਼ ਕਰਦੇ ਕਿਹਾ ਸੀ ਕਿ ਮਨਜੀਤ ਮੀਤ ਛਾ ਜਾਏਗੀ। ਜਗਰਾਤੇ ਦਾ ਕੰਮ ਓਸ ਕੋਲ ਮਾਤਾ ਰਾਣੀ ਦੀ ਕਿਰਪਾ ਨਾਲ ਬਹੁਤ ਹੈ। ਮਨਜੀਤ ਮੀਤ ਜਲਦੀ ਵਿਜੇ ਮੱਟੂ ਦੀ ਫ਼ਿਲਮ ਨਾਲ ਫਿਲਮੀ ਪਰਦੇ ਤੇ ਗਾਉਂਦੀ ਤੇ ਐਕਟਿੰਗ ਕਰਦੀ ਨਜ਼ਰ ਆਏਗੀ।ਓਹ ਪੇਂਡੂ ਕਿਰਦਾਰ ਵਿੱਚ ਵੀਡੀਓ ਨਾਲ ਹਾਜ਼ਿਰ ਹੋ ਕਿ ਸਟਾਰ ਗਾਇਕਾ ਬਣ ਆ ਰਹੇ ਵਕਤ ਵਿੱਚ ਵਿਦੇਸ਼ ਸ਼ੋ ਲਾਉਂਦੀ ਨਜ਼ਰ ਆਏਗੀ।

-ਅੰਮ੍ਰਿਤ ਪਵਾਰ



ਪ੍ਰਮਜੀਤ ਸਿੰਘ ਬਸਰਾ

# ਪੰਜਾਬ ਰੈਸਲਿੰਗ ਐਸੋਸੀਏਸ਼ਨ (ਜਲੰਧਰ ਬਰਾਂਚ) ਦੇ

## ਪਰਮਜੀਤ ਸਿੰਘ ਬਸਰਾ ਨੂੰ ਪ੍ਰਧਾਨ ਅਤੇ ਪਹਿਲਵਾਨ ਸੁਰਜੀਤ ਸਿੰਘ ਨੂੰ ਜਨਰਲ ਸੈਕਟਰੀ ਬਣਨ 'ਤੇ

## ਯੂ.ਕੇ. ਦੇ ਉੱਘੇ ਖੇਡ ਪ੍ਰਮੋਟਰਾਂ ਅਤੇ ਬਿਜਨੈਸਮੈਨ ਮਾਣਕ ਭਰਾਵਾਂ ਰਾਜਵੀਰ ਸਿੰਘ ਮਾਣਕ ਅਤੇ ਸੁਰਿੰਦਰ ਸਿੰਘ ਮਾਣਕ ਵੱਲੋਂ ਵਧਾਈਆਂ



ਪਹਿਲਵਾਨ ਸੁਰਜੀਤ ਸਿੰਘ

ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਜਲੰਧਰ ਬਰਾਂਚ ਦੀ ਬੀਤੇ ਦਿਨੀਂ ਚੋਣ ਸਮੇਂ ਪਰਮਜੀਤ ਸਿੰਘ ਬਸਰਾ ਨੂੰ ਪ੍ਰਧਾਨ ਅਤੇ ਪਹਿਲਵਾਨ ਸੁਰਜੀਤ ਸਿੰਘ ਨੂੰ ਜਨਰਲ ਸੈਕਟਰੀ ਬਣਨ ਤੇ ਵਧਾਈ ਦਿੰਦੇ ਹੋਏ ਸਮੁੱਚੀ ਐਸੋਸੀਏਸ਼ਨ ਦਾ ਹਾਰਦਿਕ ਧੰਨਵਾਦ ਕਰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਪ੍ਰਮਜੀਤ ਸਿੰਘ ਬਸਰਾ ਅਤੇ ਪਹਿਲਵਾਨ ਸੁਰਜੀਤ ਸਿੰਘ ਜਲੰਧਰ ਦੇ ਪਹਿਲਵਾਨਾਂ ਦੀ ਸੁਚੱਜੀ ਅਗਵਾਈ ਕਰਨਗੇ ਤਾਂ ਜੋ ਉਹ ਵਧੀਆ ਕਾਰਗੁਜਾਰੀ ਕਰਨ।





ਪੰਜਾਬ ਰੈਸਲਿੰਗ ਐਸੋਸੀਏਸ਼ਨ (ਜਲੰਧਰ ਬਰਾਂਚ) ਦੇ ਅਹੁਦੇਦਾਰਾਂ ਦੀ ਚੋਣ ਸਮੇਂ ਹਾਜ਼ਰ ਮੈਂਬਰ




Rajvir Singh Manak
M.A. (Hons.), B.Sc. (Hons.)

With Best Compliments From :

Manak Brothers


265 & 271a High Street
Orpington Kent
BR6 0NW
Tel: 01689 870769

42 Windmill Street
Gravesend Kent
DA12 1BA
Tel: 01474 324529

46 London Road
Sevenoaks Kent
TN13 1AS
Tel: 01732 207207

The Shard (25th Floor)
32 London Bridge St
London, SE1 9SG
Tel: 0800 634 9726

www.manaksolicitors.co.uk info@manaksolicitors.co.uk



Surinder Singh Manak
LL.B. (Hons.)


# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।
4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤਿੰਨ ਜਾਂ ਚਾਰ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 24

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਟ, ਠ, ਡ, ਢ, ਣ. Some times you need sound modifiers to make the right sound, but we will make just MUKTA words.

| | | | | |
|---|---|---|---|---|
| ਟਕਰ | ਟਬਰ | ਟਰਕ | ਟਸਲ | ਟਮਟਮ |
| ਠਰਨ | ਠਗਣ | ਠਣਠਣ | ਡਰਨ | ਡਗਡਗ |
| ਡਰਮ | ਢਲਣ | ਢਕਣ | | |

ਣ ਨਾਲ ਕੋਈ ਵੀ ਸ਼ਬਦ ਸ਼ੁਰੂ ਨਹੀਂ ਹੁੰਦਾ।

Class Exercise : Make three letter words which at least use one of the letters - ਟ, ਠ, ਡ, ਢ, ਣ


Note: Certain words above require the use of adhak; for the purpose of this activity we are leaving these words in mukta form

ਸਿੱਖਿਆ – ਗੁਰਮੁਖੀ Page 48 Level I

# ਜਦੋਂ ਦਿਲ ਕੰਬਾਊ ਚਮਕੌਰ ਅਤੇ ਸਰਹੰਦ ਸ਼ਹੀਦੀ ਸਾਕੇ ਵਾਪਰੇ ਤਦ 'ਭਾਰਤ ਦੇਸ਼' ਦਾ ਕੋਈ ਵਜੂਦ ਹੀ ਨਹੀਂ ਸੀ

ਦੇਸ਼ਾਂ-ਵਿਦੇਸ਼ਾਂ ਵਿੱਚ ਫੈਲੀ ਹੋਈ ਸਤਿਗੁਰੂ ਨਾਨਕ ਸਾਹਿਬ ਦੀ ਨਾਦੀ ਸੰਤਾਨ 'ਖ਼ਾਲਸਾ ਪੰਥ' ਭਾਵ ਸਿੱਖ ਕੌਮ ਦਸੰਬਰ ਦੇ ਮਹੀਨੇ ਨੂੰ 'ਸਫ਼ਰ-ਏ-ਸ਼ਹਾਦਤ' ਦੇ ਮਹੀਨੇ ਵਜੋਂ ਮਨਾਉਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੀ 'ਕੁਰਾਨ ਦੀ ਸੌਂਹ' ਅਤੇ ਹਿੰਦੂ ਰਾਜਿਆਂ ਦੀ 'ਗਊਂ ਦੀ ਸੌਂਹ' 'ਤੇ ਇਤਬਾਰ ਕਰ ਕੇ ਅਨੰਦਪੁਰ ਸਥਿਤ ਅਨੰਦਗੜ੍ਹ ਕਿਲ੍ਹਾ ਖ਼ਾਲੀ ਕਰ ਕੇ ਅਨੰਦਪੁਰੋਂ ਬਾਹਰ ਨਿਕਲ਼ ਤੁਰੇ। ਓਧਰ ਕੀਤੇ ਹੋਏ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਅਹਿਦ ਤੇ ਖਾਧੀਆਂ ਕਸਮਾਂ ਨੂੰ ਤੋੜ ਕੇ ਹਿੰਦੂ ਪਹਾੜੀ ਰਾਜੇ ਤੇ ਮੁਗ਼ਲ ਫ਼ੌਜ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਫ਼ਲਿਆਂ 'ਤੇ ਹਮਲਾ ਕਰ ਦਿੱਤਾ। ਸਿੰਘਾਂ ਦਾ ਕਾਫ਼ਲਾ ਦੁਸ਼ਮਣ ਨਾਲ਼ ਲੜਦਾ ਭਿੜਦਾ ਤੁਰਿਆ ਗਿਆ, ਸਰਸਾ ਨਦੀ ਦੇ ਕਿਨਾਰੇ ਅੰਮ੍ਰਿਤ ਵੇਲ਼ੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ, ਕੀਰਤਨ ਦੀ ਸਮਾਮਤੀ ਤੋਂ ਬਾਅਦ ਸਰਸਾ ਪਾਰ ਕਰਨ ਸਮੇਂ ਗੁਰੂ ਸਾਹਿਬ ਦਾ ਸਾਰਾ ਪਰਿਵਾਰ ਵਿਛੜ ਗਿਆ।

ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ (ਅੰਮ੍ਰਿਤ ਛਕਣ ਤੋਂ ਬਾਅਦ ਮਾਤਾ ਗੁਜਰ ਕੌਰ) ਗੁਰੂ ਸਾਹਿਬ ਨਾਲ਼ੋਂ ਵਿਛੜ ਗਏ। ਉਹਨਾਂ ਨੂੰ ਰਸਤੇ ਵਿੱਚ ਕੁੰਮਾ ਮਾਸ਼ਕੀ ਮਿਲ਼ਿਆ, ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੇ ਇੱਕ ਰਾਤ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਗੁਜ਼ਾਰੀ ਤੇ ਉੱਥੋਂ ਉਨ੍ਹਾਂ ਨੂੰ ਗੰਗੂ ਬ੍ਰਾਹਮਣ ਆਪਣੇ ਘਰ ਲੈ ਗਿਆ। ਅਕ੍ਰਿਤਘਣ ਗੰਗੂ ਬ੍ਰਾਹਮਣ ਨੇ ਰਾਤ ਵੇਲ਼ੇ ਮਾਤਾ ਜੀ ਦੀ ਮੋਹਰਾਂ ਦੀ ਥੈਲੀ ਚੁਰਾ ਲਈ ਅਤੇ ਮੁਗ਼ਲ ਸਰਕਾਰ ਕੋਲ਼ੋਂ ਇਨਾਮ ਲੈਣ ਲਈ ਧੰਨ ਦੇ ਲਾਲਚ ਕਾਰਨ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਪਾਰ ਕਰ ਕੇ, ਪੰਜਾਂ ਪਿਆਰਿਆਂ, ਦੋ ਵੱਡੇ ਸਾਹਿਬਜ਼ਾਦਿਆਂ ਅਤੇ 37 ਕੁ ਦੇ ਕਰੀਬ ਸਿੰਘਾਂ ਸਮੇਤ ਚਮਕੌਰ ਪਹੁੰਚੇ, ਚਮਕੌਰ ਦੀ ਗੜ੍ਹੀ ਨੂੰ ਹਿੰਦੂ ਰਾਜਿਆਂ ਤੇ ਮੁਗ਼ਲਾਂ ਦੀ ਸਾਂਝੀ ਦਸ ਲੱਖ ਫ਼ੌਜ ਨੇ ਘੇਰਾ ਪਾ ਲਿਆ। ਦੁਨੀਆਂ ਦੀ ਆਸਾਵੀਂ ਜੰਗ ਖ਼ਾਲਸਾ ਪੰਥ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਲੜੀ। ਦੋ ਵੱਡੇ ਸਾਹਿਬਜ਼ਾਦੇ, ਤਿੰਨ ਪਿਆਰੇ ਅਤੇ 35 ਕੁ ਦੇ ਕਰੀਬ ਸਿੰਘ, ਮੈਦਾਨੇ ਜੰਗ ਵਿੱਚ ਹਿੰਦੂ ਰਾਜਿਆਂ ਅਤੇ ਮੁਗ਼ਲਾਂ ਦੀਆਂ ਸਾਝੀਆਂ ਲੱਖਾਂ ਫ਼ੌਜਾਂ ਨਾਲ਼ ਲੜਦੇ ਸ਼ਹੀਦ ਹੋ ਗਏ।

ਇੱਥੇ ਹੈਰਾਨੀਜਨਕ ਤੱਥ ਇਹ ਹੈ ਕਿ ਬੁੱਤ ਤੋੜਨ ਵਾਲ਼ਿਆਂ ਤੇ ਬੁੱਤ ਪੂਜਣ ਵਾਲ਼ਿਆਂ ਦੀ ਸਾਂਝੀ ਫ਼ੌਜ ਨੇ ਉਸ ਗੁਰੂ ਗੋਬਿੰਦ ਸਿੰਘ ਜੀ ਨੂੰ ਘੇਰਾ ਪਾਇਆ, ਜਿਹੜਾ ਨਾ ਬੁੱਤ ਤੋੜਦਾ ਹੈ ਤੇ ਨਾ ਹੀ ਬੁੱਤ ਪੂਜਦਾ ਹੈ, ਸਗੋਂ ਅਕਾਲ ਪੁਰਖ ਵੱਲੋਂ ਸਥਾਪਿਤ ਸਿੱਖ ਧਰਮ ਅਨੁਸਾਰ ਇੱਕ ਅਕਾਲ ਦਾ ਪੁਜਾਰੀ ਹੈ। ਗੁਰੂ ਪੰਥ ਦੀ ਆਗਿਆ ਮੰਨ ਕੇ ਤਿੰਨਾਂ ਸਿੰਘਾਂ ਸਮੇਤ (ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ) ਚੌਹਾਂ ਦਿਸ਼ਾਵਾਂ ਰਾਹੀਂ ਤਾੜੀ ਮਾਰ ਕੇ, ਬੁੱਤ ਤੋੜ ਤੇ ਬੁੱਤ ਪੂਜਕਾਂ ਦੀ ਸਾਂਝੀ ਦਸ ਲੱਖ ਫ਼ੌਜ ਦਾ ਘੇਰਾ ਤੋੜ ਕੇ ਜੇਤੂ ਹੋ ਕੇ ਬਾਹਰ ਨਿਕਲ਼ ਗਏ।



ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਅਦ ਪੋਹ ਮਹੀਨੇ ਦੀ ਕੜਕਦੀ ਠੰਢ ਅਤੇ ਹਨੇਰੀ ਰਾਤ ਵਿੱਚ ਨੰਗੇ ਪੈਰੀਂ ਮਾਛੀਵਾੜੇ ਪਹੁੰਚੇ, ਜਿੱਥੇ ਗੁਰੂ ਸਾਹਿਬ ਨੂੰ ਉਹ ਤਿੰਨੇ ਸਿੰਘ ਵੀ ਆ ਮਿਲ਼ੇ, ਜਿਹੜੇ ਉਹਨਾਂ ਨਾਲ਼ ਚਮਕੌਰ ਦੀ ਗੜ੍ਹੀ ਵਿੱਚੋਂ ਬਾਹਰ ਨਿਕਲ਼ੇ ਸਨ। ਦਸੰਬਰ ਦੇ ਮਹੀਨੇ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਤੇ ਉਸ ਦੇ ਪਰਿਵਾਰ ਨੇ 'ਪੰਥ ਵਸੇ ਮੈਂ ਉਜੜਾਂ' ਦੀ ਭਾਵਨਾ ਤਹਿਤ ਅਕਹਿ ਤੇ ਅਸਹਿ ਕਸ਼ਟ ਝੱਲੇ ਸਨ।

ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ ਕਿ ਦਸੰਬਰ ਦੇ ਮਹੀਨੇ ਸਾਕਾ ਚਮਕੌਰ ਤੇ ਸਾਕਾ ਸਰਹੰਦ ਵਿੱਚ ਗੁਰੂ ਪਰਿਵਾਰ ਦੀਆਂ ਸ਼ਹੀਦੀਆਂ ਅਤੇ ਚਮਕੌਰ ਗੜ੍ਹੀ ਦੀਆਂ ਸ਼ਹੀਦੀਆਂ ਬਾਰੇ ਵਿਸਥਾਰ ਸਹਿਤ ਲਿਖਿਆ ਜਾਵੇ। ਕੇਵਲ ਟੂਕ ਮਾਤਰ ਹਵਾਲੇ ਹੀ ਦਿੱਤੇ ਹਨ।

ਹਥਲਾ ਲੇਖ ਦਾ ਕਾਰਨ ਇਹ ਹੈ ਕਿ ਚਮਕੌਰ ਦੀ ਗੜ੍ਹੀ ਦੇ ਸ਼ਹੀਦਾਂ ਅਤੇ ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਸਿੱਖ ਧਰਮ ਦੇ ਨਿਆਰੇਪਣ ਅਤੇ ਗੁਰੂ ਨਾਨਕ ਸਾਹਿਬ ਵੱਲੋਂ ਚਲਾਏ 'ਤੀਸਰੇ ਪੰਥ' ਭਾਵ ਸਿੱਖ ਕੌਮ ਦੀ ਅੱਡਰੀ ਨਿਆਰੀ, ਵਿਲੱਖਣ ਤੇ ਸੁਤੰਤਰ ਹੋਂਦ ਹਸਤੀ ਨੂੰ ਕਾਇਮ ਰੱਖਣ ਲਈ ਅਤੇ ਹਲੇਮੀ ਰਾਜ ਸਥਾਪਿਤ ਕਰਨ ਲਈ ਹੋਈਆਂ, ਇਹਨਾਂ ਸਹਾਦਤਾਂ ਸਦਕਾ ਹੀ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਸਥਾਪਿਤ ਕੀਤਾ ਜੋ ਕਿ ਸਿੱਖ ਇਨਕਲਾਬ ਸੀ।

ਪਰ ਅੱਜ ਗਿਣੀ ਮਿਥੀ ਸਾਜ਼ਿਸ਼ ਤਹਿਤ 'ਰਾਸ਼ਟਰੀ ਸ੍ਵੈਮ ਸੰਘ' ਤੇ ਇਸ ਦੀ ਭੈਣ 'ਰਾਸ਼ਟਰੀ ਸਿੱਖ ਸੰਗਤ' ਤੇ ਅਕਾਲੀ ਭਾਜਪਾ ਗੱਠਜੋੜ ਸਰਕਾਰ ਤੇ ਕਾਂਗਰਸ ਸਰਕਾਰ ਤੇ ਕੇਂਦਰ ਦੀ ਭਾਜਪਾ ਸਰਕਾਰ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਜੀ ਅਤੇ ਚੋਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਭਾਰਤ ਦੇ 'ਰਾਸ਼ਟਰੀ ਗੌਰਵ' ਦੇ ਖ਼ਾਤੇ ਵਿੱਚ ਪਾਉਣਾ ਚਾਹੁੰਦੀ ਹੈ। ਹੁਣ ਇਹ ਗੱਲ ਜਗ ਜਾਹਿਰ ਹੋ ਚੁਕੀ ਹੈ ਕਿ ਅਕਾਲੀ ਦਲ ਬਾਦਲ ਨੇ ਭਾਜਪਾ ਨਾਲ਼ ਪਤੀ-ਪਤਨੀ ਦਾ ਰਿਸਤਾ ਨਿਭਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸਿੱਖ ਵਿਰੋਧੀ ਸੰਸਥਾ ਆਰ. ਐੱਸ. ਐੱਸ. ਦੇ ਅਧੀਨ ਕੀਤਾ ਹੋਇਆ ਹੈ।

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਪੈਂਦੀ। ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਗਤੀਵਿਧੀਆਂ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਸਿੱਖਾਂ ਦੀਆਂ ਇਹਨਾਂ ਧਾਰਮਿਕ ਸੰਸਥਾਵਾਂ ਨੂੰ ਵੀ ਰਾਸ਼ਟਰਵਾਦ ਦਾ ਭੂਤ ਚਿੰਬੜਦਾ ਜਾ ਰਿਹਾ ਹੈ। ਇਸ ਦਾ ਪ੍ਰਤੱਖ ਸਬੂਤ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬੰਡੂਗਰ ਦੇ 25 ਦਸੰਬਰ, 2016 ਨੂੰ 'ਅਜੀਤ ਅਖ਼ਬਾਰ' ਵਿੱਚ ਛਪੇ ਲੇਖ 'ਸਾਕਾ ਸਰਹਿੰਦ' ਨਿੱਕੀਆਂ ਜਿੰਦਾਂ ਦਾ ਵੱਡਾ ਸਾਕਾ ਵਿੱਚ ਮਿਲਦਾ ਹੈ ਇਸ ਲੇਖ ਵਿੱਚ ਪ੍ਰੋ: ਕਿਰਪਾਲ ਸਿੰਘ ਬੰਡੂਗਰ ਲਿਖਦੇ ਹਨ ਕਿ "ਬੱਚਿਆਂ ਨੂੰ ਕੰਧਾਂ ਵਿੱਚ ਚਿਣਿਆ ਗਿਆ, ਦੁਨੀਆਂ ਦੀ ਇਹ ਅਜੀਮ, ਨਿਵੇਕਲੀ, ਲਾਮਿਸਾਲ, ਦਿਲ ਕੰਬਾਊ ਅਤੇ ਇਤਿਹਾਸਕ ਸ਼ਹੀਦੀ ਨੇ ਭਾਰਤ ਦੇ ਇਤਿਹਾਸ ਦਾ ਵਹਿਣ ਹੀ ਮੋੜ ਦਿੱਤਾ ਅਤੇ ਦੁਨੀਆਂ ਨੂੰ ਅਸਚਰਜਤਾ ਵਿੱਚ ਪਾ ਦਿੱਤਾ, ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਂਟ ਕਰਕੇ, ਸਿੱਖ ਕੌਮ ਅਤੇ ਭਾਰਤ ਦਾ ਸੀਸ ਉੱਚਾ ਕਰ ਦਿੱਤਾ......"। ਅੱਗੇ ਬੰਡੂਗਰ ਸਾਹਬ ਲਿਖਦੇ ਹਨ ਕਿ "ਬ੍ਰਿਧ ਉਮਰੇ ਮਾਤਾ ਗੁਜਰੀ ਜੀ ਵੀ ਠੰਢੇ ਬੁਰਜ ਵਿੱਚ ਅੰਤਾਂ ਦੇ ਤਸੀਹੇ ਝੱਲਦੇ ਹੋਏ ਸ਼ਹੀਦੀ ਪਾ ਗਏ। ਭਾਰਤ ਅਤੇ ਸਿੱਖ ਕੌਮ ਦੇ ਇਤਿਹਾਸ ਵਿੱਚ ਸੱਚ, ਹੱਕ, ਧਰਮ, ਮਨੁੱਖੀ ਅਧਿਕਾਰ ਅਤੇ 'ਰਾਸ਼ਟਰੀ ਗੌਰਵ' ਲਈ ਕਿਸੇ ਇਸਤਰੀ ਦੀ ਇਹ ਪਹਿਲੀ ਸ਼ਹੀਦੀ ਸੀ। (ਹਵਾਲਾ ਜਨਵਰੀ 2017 ਦੇ 'ਖ਼ਾਲਸਾ ਫ਼ਤਹਿਨਾਮਾ' ਵਿੱਚੋਂ ਧੰਨਵਾਦ ਸਹਿਤ ਲਿਆ ਗਿਆ ਹੈ)।

ਜਾਪਦਾ ਹੈ ਕਿ ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੇ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਹਿੰਦੂ ਰਾਸ਼ਟਰਵਾਦ ਨੂੰ ਸਮਰਪਿਤ ਅਕਾਲੀ ਭਾਜਪਾ ਗੱਠਜੋੜ ਸਰਕਾਰ ਨੂੰ ਖ਼ੁਸ਼ ਕਰਨ ਲਈ ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ 'ਭਾਰਤ ਦੇ ਰਾਸ਼ਟਰੀ ਗੌਰਵ' ਦੇ ਖ਼ਾਤੇ ਵਿੱਚ ਪਾਉਣ ਦਾ ਵੱਡਾ ਗ਼ੁਨਾਹ ਕੀਤਾ ਹੈ ਕਿਉਂਕਿ ਜਦੋਂ ਦਸੰਬਰ 1704 ਈਸਵੀ ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਖਿਲ੍ਹਾਰ ਕੇ ਸ਼ਹੀਦ ਕੀਤਾ ਗਿਆ ਅਤੇ ਮਾਤਾ ਗੁਜਰ ਕੌਰ ਠੰਢੇ ਬੁਰਜ ਵਿੱਚ ਅੰਤਾਂ ਦੇ ਤਸੀਹੇ ਝੱਲਦੇ ਹੋਏ ਸ਼ਹੀਦੀ ਪਾ ਗਏ, ਓਦੋਂ 'ਭਾਰਤ' ਦਾ 'ਇੱਕ ਦੇਸ' ਵਜੋਂ ਕੋਈ ਵਜ਼ੂਦ ਹੀ ਨਹੀਂ ਸੀ।

**ਇਸ ਦਾ ਹਵਾਲਾ 'ਪੰਜਾਬ:** ਔਰੰਗਜੇਬ ਤੋਂ ਮਾਊਂਟਬੈਂਟਨ ਤਕ ਦਾ ਇਤਿਹਾਸ' ਦੀ ਪੁਸਤਕ ਦੇ ਪੰਨਾ 9 ਪਹਿਲੇ ਅਧਿਆਇ ਦੇ ਔਰੰਗਜ਼ੇਬ ਦੀ ਮੌਤ ਤੋਂ ਪਹਿਲਾਂ ਦੇ ਪੰਜਾਬ ਦਾ ਇਤਿਹਾਸ ਇੰਜ ਵਰਨਣ ਕੀਤਾ ਗਿਆ ਹੈ ਕਿ "ਔਰੰਗਜ਼ੇਬ ਤੋਂ ਪਹਿਲਾਂ ਪੰਜਾਬ ਕਿਹੋ ਜਿਹਾ ਹੋਇਆ ਕਰਦਾ ਸੀ, ਇਹ ਪਿਛੋਕੜ ਜਾਨਣਾ ਲਾਹੇਵੰਦ ਹੋਵੇਗਾ ਕਿ ਪੰਜਾਬ ਦੇ ਵਾਵਰੋਲੇ ਤਿੰਨ ਹਿੱਸਿਆਂ ਵਿੱਚ ਵੰਡਾਂਗੇ ਪਹਿਲਾ ਪੂਰਬ ਮੁਗ਼ਲ ਕਾਲ ਦਾ ਪੰਜਾਬ, ਦੂਜਾ ਮੁਗ਼ਲ ਰਾਜ ਦਾ ਪੰਜਾਬ ਤੇ ਤੀਜਾ ਸਿੱਖ ਗੁਰੂ ਸਾਹਿਬਾਨ ਦਾ ਪੰਜਾਬ ਭਾਵ 'ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਏਕ ਮਰਦਿ ਕਾਮਲ ਨੇ ਜਗਾਇਆ ਖ਼ੁਆਬ ਸੇ' (ਸਿੱਖ ਧਰਮ ਦੇ ਬਾਨੀ ਤੇ ਨਿਰਮਲ ਪੰਥ ਦੇ ਸੰਸਥਾਪਕ ਸਤਿਗੁਰੂ ਨਾਨਕ ਸਾਹਿਬ ਜੀ ਨੇ)

'ਇਹ ਤਾਂ ਆਮ ਹਿੰਦੋਸਤਾਨੀਆਂ ਨੂੰ ਅੰਗ੍ਰੇਜ਼ਾਂ ਦਾ ਕਈ ਗੱਲਾਂ ਕਰਕੇ ਸ਼ੁਕਰਗੁਜਾਰ ਹੋਣਾ ਚਾਹੀਦਾ ਹੈ ਕਿ ਉਹਨਾਂ ਪੰਜਾਬ ਤੋਂ ਬਿਨਾ ਸਾਰੇ ਹਿੰਦੋਸਤਾਨ ਨੂੰ ਡੰਡੇ ਨਾਲ਼ ਇਕੱਠਾ ਕੀਤਾ ਸੀ। ਤਾਂ ਹੀ ਅੱਜ ਹਿੰਦੂ ਲੀਡਰ ਕਸ਼ਮੀਰ ਤੇ ਨਾਗਾਲੈਂਡ ਨੂੰ ਦੇਸ਼ ਦਾ ਅਟੁੱਟ ਅੰਗ ਕਹਿਣ ਜੋਗੇ ਹੋਏ ਹਨ, ਨਹੀਂ ਤਾਂ ਅੰਗ੍ਰੇਜ਼ਾਂ ਦੇ ਆਉਣ ਤੋਂ ਪਹਿਲਾਂ ਅੱਜ ਵਾਲ਼ਾ ਭਾਰਤ 600 ਤੋਂ ਵੀ ਵੱਧ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ, ਕੋਈ ਇੱਕ ਦੂਜੇ ਨੂੰ ਜਾਣਦਾ ਤਕ ਨਹੀਂ ਸੀ। ਮੁਗ਼ਲ ਰਾਜ ਤੋਂ ਪਹਿਲਾਂ ਵੀ ਹਿੰਦੂ ਧਰਮ ਨੇ ਦੇਸ਼ ਨੂੰ ਇੱਕ ਨਹੀਂ ਰਹਿਣ ਦਿੱਤਾ ਸਗੋਂ ਉਸ ਦੇ ਹਰ ਛੋਟੇ ਜਿਹੇ ਰਾਜ ਨੂੰ ਵੱਖਰਾ ਦੇਸ ਸਮਝਣ ਦਾ ਉਪਦੇਸ਼ ਦਿੱਤਾ। ਜਿਸ ਕਾਰਣ ਅਖੰਡ ਭਾਰਤ ਦੀ ਭਾਵਨਾ ਕਦੇ ਪੂਰੀ ਹੀ ਨਹੀਂ ਹੋ ਸਕੀ। ਹਿੰਦੂ ਧਾਰਮਿਕ ਗ੍ਰੰਥਾਂ ਵਿੱਚ ਪ੍ਰਦੇਸ ਦੀਆਂ ਪ੍ਰੀਭਾਸ਼ਾਵਾਂ ਅਨੇਕਾਂ ਥਾਵਾਂ ਤੇ ਮਿਲ਼ਦੀਆਂ ਹਨ। ਜਿਨ੍ਹਾਂ ਨੂੰ ਪੜ੍ਹਨ ਨਾਲ਼ ਸਾਰੀ ਗੱਲ ਸਪਸ਼ਟ ਹੋ ਜਾਂਦੀ ਹੈ। 'ਧਰਮ ਸਿੰਧੂ' ਧਰਮ ਗ੍ਰੰਥ ਦੇ ਅਨੁਸਾਰ ਬ੍ਰਾਹਮਣ ਲਈ ਆਪਣੇ ਨਿਵਾਸ ਸਥਾਨ ਤੋਂ 20 ਕੋਹ, ਖੱਤਰੀ ਲਈ 24 ਕੋਹ, ਵੈਸ਼ ਲਈ 30 ਕੋਹ ਅਤੇ ਸ਼ੂਦਰ ਲਈ 60 ਕੋਹ ਦੂਰ ਦਾ ਇਲਾਕਾ ਵਿਦੇਸ਼ ਮੰਨਿਆ ਜਾਂਦਾ ਸੀ।

'ਭਾਰਤ ਦੀ ਏਕਤਾ ਤੇ ਅਖੰਡਤਾ' ਦਾ ਰਾਗ ਅਕਸਰ ਹੀ ਸੁਣਨ ਨੂੰ ਮਿਲਦਾ ਰਹਿੰਦਾ ਹੈ, ਕਿਹਾ ਜਾਂਦਾ ਹੈ ਕਿ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਭਾਰਤ ਇੱਕ ਹੈ ਤੇ ਇੱਕ ਹੀ ਰਹੇਗਾ, ਪਰ ਜੇਕਰ ਇਤਿਹਾਸ ਤੇ ਸਰਸਰੀ ਨਜ਼ਰ ਵੀ ਮਾਰੀ ਜਾਵੇ ਤਾਂ ਇਹ ਕਥਨ ਕੋਰਾ ਝੂਠ ਸਾਬਤ ਹੋ ਜਾਂਦਾ ਹੈ, ਨਿਰਾ-ਦੰਭ ਬ੍ਰਾਹਮਣਵਾਦੀ ਗ੍ਰੰਥਾਂ ਦੀ ਹਰੇਕ ਗੱਪ ਵਾਂਗ ਕੋਰਾ ਝੂਠ ਹੈ।

ਬਾਕੀ ਹਿਸਾ ਅਗਲੇ ਸਫ਼ਾ 32 ਤੇ ਪੜ੍ਹੋ

31 ਸਫ਼ੇ ਦੀ ਬਾਕੀ

ਉਕਤ ਤੱਥਾਂ ਦੇ ਆਧਾਰ 'ਤੇ ਦਸੰਬਰ 1704 ਈ. ਨੂੰ ਜਦੋਂ ਸਾਕਾ ਚਮਕੌਰ ਤੇ ਸਾਕਾ ਸਰਹੰਦ ਦਿਲ ਕੰਬਾਊ ਸਾਕੇ ਵਰਤੇ, ਓਦੋਂ ਦੁਨੀਆਂ ਦੇ ਨਕਸ਼ੇ 'ਤੇ ਭਾਰਤ ਨਾਂ ਦਾ ਕੋਈ ਦੇਸ਼ ਹੀ ਨਹੀਂ ਸੀ ਤਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੀ ਮਾਤਾ ਤੇ ਚਾਰ ਸਾਹਿਬਜ਼ਾਦੇ ਕਿਹੜੇ 'ਭਾਰਤ ਦੇਸ' ਦੇ ਨਾਗਰਿਕ ਹੋ ਗਏ!

ਇਸ ਦਾ ਅਸੀਂ ਜਿਕਰ ਇਸ ਕਰਕੇ ਕਰ ਰਹੇ ਹਾਂ ਕਿ ਸਿੱਖੀ ਦੀ ਦੁਸ਼ਮਣ ਤੇ ਕੱਟੜਵਾਦੀ ਹਿੰਦੂ ਜਥੇਬੰਦੀ ਆਰ. ਐੱਸ. ਐੱਸ. ਵਾਲ਼ੇ ਗੁਰਇਤਿਹਾਸ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਆਪਣੀਆਂ ਸ਼ਾਖਾਵਾਂ ਵਿੱਚ ਜਿੱਥੇ ਮਹਾਰਾਣਾ ਪ੍ਰਤਾਪ ਅਤੇ ਸ਼ਿਵਾਜੀ ਮਰਹੱਟਾ ਦੀ ਫੋਟੋ ਦੇ ਨਾਲ਼ ਗੁਰੂ ਗੋਬਿੰਦ ਸਿੰਘ ਜੀ ਦੀ ਕਾਲਪਨਿਕ ਫੋਟੋ ਵੀ ਰੱਖਦੇ ਹਨ ਤੇ ਆਪਣੀਆਂ ਸ਼ਾਖਾਵਾਂ ਵਿੱਚ ਅਜਿਹੇ ਗੀਤ ਵੀ ਗਾਉਂਦੇ ਹਨ ਕਿ 'ਅਸੀਂ ਸਾਹਿਬਜ਼ਾਦਿਆਂ ਤੇ ਬੰਦਾ ਸਿੰਘ ਦੇ ਵਾਰਿਸ ਹਾਂ, ਦਸ਼ਮੇਸ਼ ਪਿਤਾ ਅਸੀਂ ਤੇਰੇ ਪੁੱਤ ਹਾਂ, ਤੇ ਤੇਰੇ ਦਰਸਾਏ ਰਾਹ ਤੇ ਚਲ ਕੇ ਦੁਸ਼ਟਾਂ ਦਾ ਨਾਸ਼ ਕਰਾਂਗੇ ਤੇ ਭਾਰਤ ਲਈ ਮਰ ਮਿਟਾਂਗੇ'।

ਹੁਣ ਵਿਚਾਰਨਯੋਗ ਤੱਥ ਇਹ ਹੈ ਕਿ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਾਲ਼ਿਆਂ ਦੇ ਗੰਗੂ ਬ੍ਰਾਹਮਣ ਤੇ ਸੁੱਚਾ ਨੰਦ ਦੇ ਵਾਰਸ, ਸਾਹਿਬਜ਼ਾਦਿਆਂ ਦੇ ਵਾਰਸ ਕਿਵੇਂ ਹੋ ਸਕਦੇ ਹਨ? ਸਾਹਿਬਜ਼ਾਦਿਆਂ ਅਤੇ ਬੰਦਾ ਸਿੰਘ ਦਾ ਵਾਰਸ ਖ਼ਾਲਸਾ ਪੰਥ ਹੈ। ਜੋ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਨਾਦੀ ਸੰਤਾਨ ਹੈ, ਇਸ ਤੱਥ ਦੀ ਪ੍ਰੋੜਤਾ ਸਿਰਦਾਰ ਕਪੂਰ ਸਿੰਘ ਨੇ 'ਸਾਚੀ ਸਾਖੀ' ਦੇ ਪੰਨਾ 70 ਉੱਤੇ ਇਸ ਪ੍ਰਕਾਰ ਕੀਤੀ ਹੈ ਕਿ 'ਸੰਨ 1705 ਈ. ਵਿੱਚ ਜਦੋਂ ਮਾਤਾ ਸੁੰਦਰੀ (ਸੁੰਦਰ ਕੌਰ) ਸਾਹਿਬ ਦਸਵੇਂ ਪਾਤਿਸ਼ਾਹ ਨੂੰ ਸਾਬੋ ਕੀ ਤਲਵੰਡੀ ਭਰੇ ਦੀਵਾਨ ਵਿੱਚ ਮਿਲ਼ੇ, ਤਦ ਚੋਹਾਂ ਸਾਹਿਬਜ਼ਾਦਿਆਂ ਬਾਰੇ ਪੁੱਛੇ ਜਾਣ ਉੱਤੇ ਮਾਤਾ ਸੁੰਦਰੀ ਨੂੰ ਗੁਰੂ ਸਾਹਿਬ ਨੇ ਇਹ ਜਗਤ-ਵਿਖਿਆਤ ਉੱਤਰ ਦਿੱਤਾ, ਤੇ ਦੀਵਾਨ ਵਿੱਚ ਇਕੱਤਰ ਹੋਏ ਸਿੰਘਾਂ ਵਲ ਹੱਥ ਦਾ ਇਸ਼ਾਰਾ ਕਰ ਕੇ ਕਿਹਾ "ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ।"

ਭਾਵ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਬਿੰਦੀ ਪੁੱਤਰ ਆਪਣੇ ਨਾਦੀ ਪੁੱਤਰ ਖ਼ਾਲਸੇ ਪੰਥ ਉੱਤੋਂ ਵਾਰ ਦਿੱਤੇ। ਇੱਥੇ ਜ਼ਿਕਰਯੋਗ ਹੈ ਕਿ ਸਿੱਖ ਕੌਮ ਦਾ ਕੌਮੀ ਸਰੂਪ ਖ਼ਾਲਸਾ ਪੰਥ ਹੈ ਅਤੇ ਖ਼ਾਲਸਾ ਪੰਥ ਦਾ ਮਾਲਕ ਆਪ ਅਕਾਲ ਪੁਰਖ ਹੈ। ਚਮਕੌਰ ਸਾਹਿਬ ਵਿਖੇ ਗੁਰਦੁਆਰਾ ਕਤਲਗੜ੍ਹ ਦੇ ਮੁਖ ਦੁਆਰ ਉੱਤੇ ਅੱਲਾ ਯਾਰ ਖ਼ਾਂ ਜੋਗੀ ਦਾ ਇਹ ਸ਼ੇਅਰ ਲਿਖਿਆ ਹੋਇਆ ਹੈ ਕਿ "ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ। ਕਟਾਏ ਬਾਪ ਨੇ ਬੱਚੇ ਯਹਾਂ ਖ਼ੁਦਾ ਕੇ ਲੀਏ।"

ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਵੱਲੋਂ ਸਥਾਪਿਤ ਮਨੁੱਖੀ ਏਕਤਾ ਤੇ ਰੱਬੀ ਏਕਤਾ ਨੂੰ ਸਮਰਪਿਤ ਸਿੱਖ ਧਰਮ ਉੱਤੋਂ ਆਪਣੇ ਸਾਹਿਬਜ਼ਾਦੇ ਵਾਰ ਦਿੱਤੇ।

ਖ਼ਾਲਸਾ ਪੰਥ ਦਾ ਭਾਰਤੀਕਰਨ, ਕਰਨ ਲਈ ਜਲੰਧਰ ਦੇ ਦੈਨਿਕ ਪੱਤਰ 'ਹਿੰਦ ਸਮਾਚਾਰ' ਮਿਤੀ 15 ਜਨਵਰੀ, ਸੰਨ 1978 ਦੇ ਐਡੀਟੋਰੀਅਲ ਵਿੱਚ ਲਾਲ਼ਾ ਜਗਤ ਨਾਰਾਇਣ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਆੜ ਹੇਠ, ਗੁਰੂ ਸਾਹਿਬ ਦੇ ਮੁਖਾਰਬਿੰਦ ਚੋਂ ਇਹ ਸ਼ਬਦ ਇਸ ਤਰ੍ਹਾਂ ਲਿਖਵਾਏ ਸਨ ਕਿ "ਇਸ ਭਾਰਤ ਵਰਸ਼ ਕੇ ਸ਼ੀਸ਼ ਪਰ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।"

ਸਿੱਖ ਵਿਰੋਧੀ ਲਾਲ਼ਾ ਜਗਤ ਨਾਰਾਇਣ ਨੇ ਸਾਜ਼ਿਸ਼ੀ ਬੁੱਧੀ ਦੁਆਰਾ 'ਖ਼ਾਲਸਾ ਪੰਥ' ਦੀ ਥਾਂ 'ਭਾਰਤ ਵਰਸ਼' ਸ਼ਬਦ ਦੀ ਵਰਤੋਂ ਕੀਤੀ, 'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ' ਦੀ ਥਾਂ, 'ਇਸ ਭਾਰਤ ਵਰਸ਼ ਕੇ ਸ਼ੀਸ਼ ਪਰ ਵਾਰ ਦੀਏ ਸੁੱਤ ਚਾਰ' ਲਿਖ ਕੇ 'ਖ਼ਾਲਸਾ ਪੰਥ' ਦੀ ਵੱਖਰੀ ਹੋਂਦ ਨੂੰ ਮਿਟਾਉਣ ਲਈ, ਸਿੱਖ ਵਿਰੋਧੀ ਸੋਚ ਦਾ ਪ੍ਰਗਟਾਵਾ ਕੀਤਾ ਸੀ।

ਇਸੇ ਤਰ੍ਹਾਂ ਖ਼ਾਲਸਾ ਪੰਥ ਬਾਰੇ ਇੱਕ ਤੱਥ ਵਿਹੂਨੀ ਅਤੇ ਗੁੰਮਰਾਹਕੁੰਨ ਟਿੱਪਣੀ ਐਲ. ਕੇ. ਅਡਵਾਨੀ ਨੇ ਆਪਣੀ ਪੁਸਤਕ 'ਮਾਈ ਕੰਨਟਰੀ ਮਾਈ ਲਾਈਫ' ਦੇ ਪੰਨਾ 424 ਉੱਤੇ ਇਸ ਪ੍ਰਕਾਰ ਕੀਤੀ ਹੈ। "The Khalsa Panth was created three hundred years ago by Guru Goibnd iSngh the last of the ten Gurus to defend thei Hndus and protecti Hndiusm from the ibgoted Musilm rulers of the itme." ਅਰਥਾਤ: ਸਿੱਖ ਗੁਰੂਆਂ ਵਿੱਚੋਂ ਅਖੀਰਲੇ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਅਤੇ ਹਿੰਦੂ ਧਰਮ ਨੂੰ ਕੱਟੜ ਮੁਸਲਮਾਨ ਹਾਕਮਾਂ ਤੋਂ ਬਚਾਉਣ ਲਈ ਤਿੰਨ ਸੌ ਸਾਲ ਪਹਿਲਾਂ ਖ਼ਾਲਸਾ ਪੰਥ ਪੈਦਾ ਕੀਤਾ ਸੀ..।"

ਐਲ. ਕੇ. ਅਡਵਾਨੀ ਜੋ ਕਿ ਆਰ. ਐੱਸ. ਐੱਸ. ਦਾ ਕੱਟੜ ਸਮਰਥਕ ਮੈਂਬਰ ਹੈ, ਦੀ ਟਿੱਪਣੀ ਅਨੁਸਾਰ, ਖ਼ਾਲਸਾ ਪੰਥ (ਸਿੱਖ ਕੌਮ) ਦੀ ਅੱਡਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਮੰਨਣ ਤੋਂ ਇਨਕਾਰੀ ਹੈ। ਪਰ ਇੱਥੇ ਦੱਸਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਪੈਦਾ ਨਹੀਂ ਸੀ ਕੀਤਾ, ਸਗੋਂ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਪ੍ਰਗਟ ਕੀਤਾ ਸੀ, ਅਰਥਾਤ:

ਖਾਲਸਾ ਅਕਾਲ ਪੁਰਖ ਕੀ ਫ਼ੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।
ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈ ਨਾ ਕਰੌ ਇਨ ਕੀ ਪ੍ਰਤੀਤ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਚਲਾਏ ਤੀਸਰੇ ਪੰਥ (ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ) ਨਾਲ਼ੋਂ ਕੋਈ ਵੱਖਰਾ ਪੰਥ ਨਹੀਂ ਸੀ ਚਲਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਭਾਈ ਪ੍ਰਹਿਲਾਦ ਸਿੰਘ ਨੇ ਆਪਣੇ ਰਹਿਤਨਾਮੇ ਵਿੱਚ ਗਵਾਹੀ ਭਰੀ ਹੈ ਕਿ ਪੰਥ ਗੁਰੂ ਨਾਨਕ ਨੇ ਹੀ ਚਲਾਇਆ, ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਸਾਜਨਾ ਭਾਵ ਪੰਥ ਦਾ ਅੰਤਮ ਸਰੂਪ ਬੰਨ੍ਹ ਕੇ ਉਸ ਨੂੰ ਗੁਰਿਆਈ ਸੌਂਪੀ। 'ਪੰਥ ਚਲਿਓ ਹੈ ਜਗਤ ਮੈ ਗੁਰੂ ਨਾਨਕ ਪ੍ਰਸਾਦਿ।'

ਗੁਰੂ ਕਾਲ ਸਮੇਂ ਮਨੂੰ ਸਿਮਰਤੀ ਦੇ ਵਿਧਾਨ ਅਨੁਸਾਰ ਕੋਈ ਧਰਮ-ਅਧਿਕਾਰ ਤੋਂ ਵੰਚਿਤ ਸੀ ਤੇ ਕੋਈ ਰਾਜ ਅਧਿਕਾਰ ਤੋਂ ਵੰਚਿਤ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ ਸਾਰਿਆ ਨੂੰ 'ਧਰਮ-ਅਧਿਕਾਰੀ' ਤੇ 'ਰਾਜ-ਅਧਿਕਾਰੀ' ਬਣਾਇਆ। ਭਾਈ ਰਤਨ ਸਿੰਘ ਭੰਗੂ ਨੇ ਸਾਰੀਆਂ ਉਹ ਜਾਤਾਂ ਗਿਣੀਆਂ ਹਨ, ਜਿਹੜੀਆਂ ਅੰਮ੍ਰਿਤ ਛਕ ਕੇ 'ਧਰਮ-ਅਧਿਕਾਰੀ' ਤੇ 'ਰਾਜ-ਅਧਿਕਾਰੀ' ਹੋਈਆਂ।

ਗੁਜਰ, ਲੋਹਾਰ, ਆਹੀਰ, ਕਮਜਾਤ।
ਕੰਬੋ ਸ਼ੂਦਰਨ ਕੋ ਪੁਛੈ ਨਾ ਬਾਤ।
ਝੀਵਰ, ਨਾਈ, ਔ ਰੋੜੇ ਘੁਮਿਆਰ।
ਸੈਣੀ, ਸੁਨਿਆਰੇ, ਚੂੜ, ਚੁਮਾਰ।
ਭਟ, ਔ ਹੁਤੇ, ਮੰਗਵਾਰ।
ਬਹੁਰੂਪੀਏ, ਲੁਬਾਣੇ ਔ ਘੁਮਿਆਰ।

ਖ਼ਾਲਸੇ ਦੀ ਸਿਰਜਨਾ ਉਪਰੰਤ ਦਸਵੇ ਗੁਰੂ, ਗੋਬਿੰਦ ਸਿੰਘ ਨੇ ਖ਼ਾਲਸੇ ਬਣਨ ਲਈ ਇੱਕ ਸਿਧਾਂਤ ਦਿੱਤਾ, ਜਿਸ ਨੂੰ ਇਤਿਹਾਸ ਵਿੱਚ 'ਨਾਸ਼ ਸਿਧਾਂਤ' (Nash Doctrnie) ਨਾਲ਼ ਜਾਣਿਆ ਜਾਂਦਾ ਹੈ। ਹਰ ਵਿਅਕਤੀ ਨੂੰ ਖ਼ਾਲਸਾ ਬਣਨ ਤੋਂ ਪਹਿਲਾਂ ਚਾਰ ਗੱਲਾਂ ਦਾ ਤਿਆਗ ਜ਼ਰੂਰੀ ਹੈ ਜਿਵੇਂ ਕਿ 1. ਧਰਮ ਨਾਸ 2. ਕੁਲ ਨਾਸ 3. ਕਿਰਤ ਨਾਸ ਅਤੇ 4. ਕਰਮ ਨਾਸ। ਗੁਰੂ ਗੋਬਿੰਦ ਜੀ ਨੇ 'ਨਾਸ ਸਿਧਾਂਤ' ਅਨੁਸਾਰ ਸਾਰੀਆਂ ਜਾਤਾਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਬਚਨ ਕੀਤਾ 'ਇਨ ਗਰੀਬ ਸਿੰਘਨ ਕੋ ਦੇਊ ਪਾਤਿਸ਼ਾਹੀ। ਏਹ ਯਾਦ ਰਖੇ ਹਮਰੀ ਗੁਰਿਆਈ।' (ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ 32) ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਗ਼ਰੀਬ ਸਿੱਖਾਂ ਨੂੰ ਰਾਜ ਭਾਗ ਦੇਣ ਲਈ ਖ਼ਾਲਸਾ ਪ੍ਰਗਟ ਕੀਤਾ ਸੀ, ਨਾ ਕਿ ਹਿੰਦੂਆਂ ਅਤੇ ਹਿੰਦੂ ਧਰਮ ਨੂੰ ਬਚਾਉਣ ਲਈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਗੁਰੂ ਨਾਨਕ ਸਾਹਿਬ ਹੀ ਗੁਰੂ ਗੋਬਿੰਦ ਸਿੰਘ ਜੀ ਹਨ। ਭਾਈ ਨੰਦ ਲਾਲ ਦੇ ਰਹਿਤਨਾਮੇ ਵਿੱਚ ਗੁਰੂ ਸਾਹਿਬ ਦੇ ਇਹ ਮੁਖਵਾਕ ਦਰਜ ਹਨ। 'ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ।' ਭਾਵ ਓਹੀ ਗੁਰੂ ਗੋਬਿੰਦ ਸਿੰਘ ਹੈ, ਤੇ ਓਹੀ ਨਾਨਕ ਗੁਰੂ ਹੈ ਅਤੇ 'ਰਾਜ ਕਰੇਗਾ ਖ਼ਾਲਸਾ', ਭਾਵ ਰਾਜ ਕਰੇਗਾ ਖ਼ਾਲਸਾ ਗੁਰੂ ਗੋਬਿੰਦ ਸਿੰਘ ਜੀ ਦਾ ਮੁਖਵਾਕ ਹੈ।

ਦੂਸਰਾ ਨੁਕਤਾ ਜੋ ਐਲ. ਕੇ. ਅਡਵਾਨੀ ਕਹਿੰਦਾ ਹੈ ਕਿ ਹਿੰਦੂਆਂ ਨੂੰ ਕੱਟੜ ਮੁਸਲਮਾਨ ਹਾਕਮਾਂ ਕੋਲ਼ੋਂ ਬਚਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਪੈਦਾ ਕੀਤਾ ਸੀ ਇਹ ਵੀ ਇਤਿਹਾਸਕ ਸੱਚਾਈ ਦੇ ਬਿਲਕੁਲ ਉਲ਼ਟ ਹੈ ਕਿਉਂਕਿ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਤਾਂ ਗੁਰੂ ਗੋਬਿੰਦ ਨੂੰ ਆਪਣੀ ਰਿਆਸਤ ਵਿੱਚੋਂ ਬਾਹਰ ਕੱਢਣ ਲਈ ਕਈ ਕਹਿਰੀ ਹਮਲੇ ਕੀਤੇ।

ਗੁਰੂ ਗੋਬਿੰਦ ਸਿੰਘ ਜੀ ਨੂੰ ਹਿੰਦੂ ਬਾਈਧਾਰ ਦੇ ਰਾਜਿਆਂ ਦੇ ਹਮਲੇ ਰੋਕਣ ਲਈ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹਾ ਉਸਾਰਨੇ ਪਏ ਸਨ। 1. ਕਿਲ੍ਹਾ ਲੋਹਗੜ੍ਹ ਸਾਹਿਬ 2. ਕਿਲ੍ਹਾ ਹੋਲਗੜ੍ਹ ਸਾਹਿਬ 3. ਕਿਲ੍ਹਾ ਕੇਸਗੜ੍ਹ ਸਾਹਿਬ 4. ਕਿਲ੍ਹਾ ਤਾਰਾਗੜ੍ਹ ਸਾਹਿਬ 5. ਮੁੱਖ ਕਿਲ੍ਹਾ ਅਨੰਦਗੜ੍ਹ ਸਾਹਿਬ।

ਪਹਾੜੀ ਹਿੰਦੂ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ 'ਤੇ ਲਗਪਗ 14 ਹਮਲੇ ਕੀਤੇ, ਜਿਸ ਵਿੱਚ ਹਿੰਦੂ ਰਾਜਿਆਂ ਨੂੰ ਹਰ ਵਾਰੀ ਹਾਰ ਦਾ ਮੂੰਹ ਵੇਖਣਾ ਪਿਆ ਤੇ ਛੇਕੜ ਅਨੰਦਗੜ੍ਹ ਦੇ ਕਿਲ੍ਹੇ 'ਤੇ ਕਬਜਾ ਕਰਨ ਲਈ ਹੀ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਔਰੰਗਜ਼ੇਬ ਕੋਲ਼ੋਂ ਫ਼ੌਜੀ ਮਦਦ ਮੰਗੀ ਸੀ, ਦੋਹਾਂ ਧਿਰਾਂ ਦੀਆਂ ਮਿਲ਼ਵੀਆਂ ਫ਼ੌਜਾਂ ਵੀ ਜਦ ਅੱਠ ਮਹੀਨੇ ਗੁਰੂ ਗੋਬਿੰਦ ਸਿੰਘ ਕੋਲ਼ੋਂ ਅਨੰਦਗੜ੍ਹ ਦਾ ਕਿਲ੍ਹਾ ਖ਼ਾਲੀ ਨਾ ਕਰਵਾ ਸਕੀਆਂ ਤਾਂ ਉਹਨਾਂ ਨੇ ਕੂਟਲ ਨੀਤੀ ਅਨੁਸਾਰ ਔਰੰਗਜ਼ੇਬ ਨੇ 'ਕੁਰਾਨ ਸ਼ਰੀਫ਼' ਦੀ ਕਸਮ ਅਤੇ ਹਿੰਦੂ ਰਾਜਿਆਂ ਨੇ 'ਆਟੇ ਦੀ ਗਊ' ਬਣਾ ਕੇ ਸੌਂਹ ਖਾਧੀ ਗੁਰੂ ਸਾਹਿਬ ਨੇ ਉਹਨਾਂ ਦੀਆਂ ਧਰਮ ਦੀਆਂ ਖਾਧੀਆਂ ਸੌਂਹਆਂ ਤੇ ਇਤਬਾਰ ਕਰ ਕੇ ਕਿਲ੍ਹਾ ਖ਼ਾਲੀ ਕਰ ਦਿੱਤਾ। ਪਰ ਦੋਹਾਂ ਧਿਰਾਂ ਨੇ ਆਪਣੀਆਂ ਧਰਮ ਦੀਆਂ ਕਸਮਾਂ ਤੋੜ ਕੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਦਸੰਬਰ ਮਹੀਨੇ ਦੇ ਸ਼ਹਾਦਤਾਂ ਦੇ ਸਫ਼ਰ ਵਿੱਚ, ਸਰਸਾ ਦਾ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦਾ ਸਾਕਾ ਅਤੇ ਸਾਕਾ ਸਰਹੰਦ ਬਾਰੇ ਵਰਨਣ ਕੀਤਾ ਜਾ ਚੁੱਕਾ ਹੈ। ਅੰਤ ਵਿੱਚ ਅੱਲਾ ਯਾਰ ਖ਼ਾਂ ਯੋਗੀ ਦੇ ਸ਼ਬਦਾਂ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਦਿੱਤੀ ਸ਼ਰਧਾਂਜਲੀ ਨਾਲ਼ ਸਮਾਪਤੀ ਕਰਦੇ ਹਾਂ:

ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ।
ਸਿੱਖੀ ਕੀ ਨੀਂਵ ਹੈ, ਸਰਪਰ ਉਠਾ ਚਲੇ।
ਗੁਰਿਆਈ ਕਾ ਕਿੱਸਾ, ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ, ਪੋਦਾ ਲਗਾ ਚਲੇ।
ਗਦੀ ਵੀ-ਤਾਜੋ-ਤਖ਼ਤ ਅਬ ਕੌਮ ਪਾਏਗੀ।
ਦੁਨੀਆਂ ਮੇਂ ਜ਼ਾਲਮੋਂ ਕਾ ਨਿਸ਼ਾਂ ਤਕ ਮਿਟਾਏਗੀ।

(ਭਾਵ ਇੱਕ ਦਿਨ ਇੱਥੇ ਸਿੱਖ ਕੌਮ ਦਾ ਰਾਜ ਹੋਵੇਗਾ)

ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪੂਰੇ ਛੇ ਸਾਲ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ 'ਤੇ ਆ ਕੇ ਖ਼ਾਲਸਾ ਨਿਸ਼ਾਨ ਝੁਲਾ ਕੇ ਇੱਥੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਮੋਹਰ ਤੇ ਸਿੱਕਾ ਚਲਾ ਦਿੱਤਾ ਸੀ, ਭਾਵ ਪੂਰੇ ਛੇ ਸਾਲ ਬਾਅਦ ਸਿੱਖ ਕੌਮ ਦਾ ਇੱਥੇ ਰਾਜ ਹੋ ਗਿਆ ਸੀ।

ਹਥਲਾ ਲੇਖ ਲਿਖਣ ਤੋਂ ਭਾਵ ਹੈ ਕਿ 1704 ਈ. ਦੇ ਦਸੰਬਰ ਦੇ ਮਹੀਨੇ ਸ਼ਹੀਦੀ ਸਾਕਾ ਚਮਕੌਰ ਤੇ ਸਹੀਦੀ ਸਾਕਾ ਸਰਹੰਦ ਵਿੱਚ ਜਿੰਨੀਆਂ ਵੀ ਸ਼ਹਾਦਤਾਂ ਹੋਈਆਂ ਉਹ ਗੁਰੂ ਨਾਨਕ ਦੇ ਚਲਾਏ ਤੀਸਰੇ ਪੰਥ 'ਖ਼ਾਲਸਾ ਪੰਥ' ਦੀ ਸੁਤੰਤਰ ਹੋਂਦ-ਹਸਤੀ ਅਤੇ ਹਲੇਮੀ ਰਾਜ ਸਥਾਪਿਤ ਕਰਨ ਲਈ ਹੋਈਆਂ ਸਨ, ਨਾ ਕਿ ਭਾਰਤ ਵਰਸ਼ ਲਈ, ਕਿਉਂਕਿ 1704 ਈ. ਵਿੱਚ ਭਾਰਤ ਦਾ ਇੱਕ ਦੇਸ਼ ਵਜੋਂ ਕੋਈ ਵਜੂਦ ਹੀ ਨਹੀਂ ਸੀ। ਇਸ ਕਰਕੇ ਚੌਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਰਾਸ਼ਟਰਵਾਦ ਦੇ ਖ਼ਾਤੇ ਵਿੱਚ ਪਾਉਣਾ, ਸਿੱਖ ਕੌਮ ਦੀ ਅੱਡਰੀ ਹੋਂਦ ਹਸਤੀ ਨੂੰ ਮਲੀਆਮੇਟ ਕਰਨ ਲਈ ਆਰ. ਐੱਸ. ਐੱਸ. ਦੀ ਗੰਭੀਰ ਸਾਜ਼ਿਸ਼ ਹੈ, ਇਸ ਕਰਕੇ ਖ਼ਾਲਸਾ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ। ਛੋਟੇ ਸਾਹਿਬਜ਼ਾਦੇ 'ਬਾਲ' ਨਹੀਂ, 'ਬਾਬੇ' ਹਨ।

– ਜਥੇਦਾਰ ਮਹਿੰਦਰ ਸਿੰਘ ਯੂ.ਕੇ.

(**ਨੋਟ** : ਜਦੋਂ ਇਹ ਲੇਖ ਲਿਖਿਆ ਗਿਆ, ਓਦੋਂ ਅਕਾਲੀ-ਭਾਜਪਾ ਦਾ ਗੱਠਜੋੜ ਸੀ)

* * * * * * *

# ਮਨੁੱਖੀ ਅਧਿਕਾਰਾਂ ਦੀ ਚੈਂਪੀਅਨ ਰੋਜ਼ਾ ਪਾਰਕਸ

**ਨਿਰਮਲ ਸਿੰਘ ਕੰਧਾਲਵੀ**



ਪਾਠਕੋ, ਆਉ ਦੇਖੀਏ ਕਿ ਰੋਜ਼ਾ ਪਾਰਕਸ ਕੌਣ ਸੀ? ਇਹ ਉਹ ਔਰਤ ਸੀ ਜਿਸ ਨੇ ਅਮਰੀਕਾ ਦੇ ਸ਼ਹਿਰ ਮੌਂਟਗੋਮਰੀ, ਅਲਬਾਮਾ ਸੂਬੇ ਵਿਚ 1955 'ਚ ਬੱਸ ਵਿਚ ਬੈਠਿਆਂ ਕਿਸੇ ਗੋਰੇ ਬੰਦੇ ਲਈ ਆਪਣੀ ਸੀਟ ਖਾਲੀ ਕਰਨ ਤੋਂ ਨਾਂਹ ਕਰ ਦਿਤੀ ਸੀ ਜਦੋਂ ਕਿ ਉਸ ਵੇਲੇ ਦੇ ਕਾਨੂੰਨ ਮੁਤਾਬਿਕ ਕਾਲੇ ਲੋਕਾਂ ਨੂੰ ਗੋਰੇ ਲੋਕਾਂ ਲਈ ਸੀਟ ਖਾਲੀ ਕਰਨੀ ਪੈਂਦੀ ਸੀ। ਅੱਜ ਤੋਂ ਸੱਤਰ ਸਾਲ ਪਹਿਲਾਂ ਰੋਜ਼ਾ ਦੇ ਇਸ ਐਕਸ਼ਨ ਨੇ ਸਾਰੇ ਸ਼ਹਿਰ 'ਚ ਬੱਸਾਂ ਦੇ ਬਾਈਕਾਟ ਦਾ ਸੱਦਾ ਦਿਤਾ ਤੇ ਉਸ ਨੂੰ ਅਮਰੀਕਾ ਵਿਚ ਸਮਾਜਕ ਅਧਿਕਾਰਾਂ ਦੀ ਲੜਾਈ ਲੜਨ ਵਾਲੀ ਆਗੂ ਬਣਾ ਦਿਤਾ।

ਰੋਜ਼ਾ ਕੱਪੜੇ ਸਿਊਣ ਦਾ ਕੰਮ ਕਰਦੀ ਸੀ। ਗ੍ਰਿਫ਼ਤਾਰੀ ਵੇਲੇ ਉਸ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਇਹ ਕਾਨੂੰਨ ਇਸ ਲਈ ਤੋੜਿਆ ਕਿ ਉਹ ਬਹੁਤ ਥੱਕੀ ਹੋਈ ਸੀ, ਸਰੀਰਕ ਤੌਰ 'ਤੇ ਨਹੀਂ ਸਗੋਂ ਹਰੇਕ ਜਗ੍ਹਾ ਜ਼ਿਆਦਤੀਆਂ ਸਹਿ ਸਹਿ ਕੇ।

ਰੋਜ਼ਾ ਦੇ ਇਸ ਵਿਰੋਧ ਨੇ ਅਖੀਰ ਕਾਨੂੰਨ 'ਚ ਤਬਦੀਲੀ ਲਿਆਂਦੀ, ਜੋ ਕਿ ਅੱਜ ਵੀ ਅਮਰੀਕਾ ਦੇ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ। ਪਰ ਉਸ ਨੇ ਸਮਾਜਕ ਅਧਿਕਾਰਾਂ ਲਈ ਜੋ ਕੰਮ ਕਈ ਦਹਾਕਿਆਂ ਤੱਕ ਕੀਤਾ, ਜਿਸ ਕਰ ਕੇ ਉਸ ਨੂੰ ਸਮਾਜਕ ਅਧਿਕਾਰਾਂ ਦੀ ਮੁਹਿੰਮ ਦੀ ਮਾਂ ਕਿਹਾ ਜਾਂਦਾ ਹੈ, ਉਸ ਦੀ ਗੱਲ ਘੱਟ ਹੀ ਕੀਤੀ ਜਾਂਦੀ ਹੈ।

ਡਾ. ਮੇਰੀ ਫਰਾਂਸਿਸ ਬੈਰੀ ਜੋ ਕਿ ਪੈਨਸਿਲਵੇਨੀਆ ਯੂਨੀਵਰਸਿਟੀ 'ਚ ਅਮਰੀਕਨ ਸਮਾਜਕ ਵਿਚਾਰਾਂ, ਇਤਿਹਾਸ ਅਤੇ ਅਫ਼ਰੀਕਨ ਸਟੱਡੀਜ਼ ਦੀ ਪ੍ਰੋਫ਼ੈਸਰ ਹੈ, ਨੇ ਕਿਹਾ ਕਿ ਇਹ ਸਭ ਜਾਣ ਬੁੱਝ ਕੇ ਕੀਤਾ ਜਾ ਰਿਹਾ ਹੈ। ਉਸ ਨੂੰ ਇਹ ਡਰ ਹੈ ਕਿ ਜੇ ਡੋਨਲਡ ਟਰੰਪ ਦੀ ਮਰਜ਼ੀ ਚੱਲੀ ਤਾਂ ਜਲਦੀ ਹੀ ਰੋਜ਼ਾ ਪਾਰਕਸ ਦੇ ਇਤਿਹਾਸਕ ਕਾਰਨਾਮੇ ਨੂੰ ਭੁਲਾ ਦਿਤਾ ਜਾਵੇਗਾ। ਡਾ. ਬੈਰੀ ਨੇ ਚੌਕਸ ਕੀਤਾ ਹੈ ਕਿ ਟਰੰਪ ਜਿਸ ਢੰਗ ਨਾਲ ਇਤਿਹਾਸ ਨੂੰ ਚਿਤਵਦਾ ਹੈ, ਉਸੇ ਹਿਸਾਬ ਨਾਲ ਹੀ ਵ੍ਹਾਈਟ ਹਾਊਸ ਅਜਾਇਬਘਰਾਂ 'ਚ ਪ੍ਰਦਰਸ਼ਿਤ ਕਲਾ-ਕ੍ਰਿਤਾਂ ਦੀ ਨਜ਼ਰਸਾਨੀ ਕਰਵਾਉਣੀ ਚਾਹੇਗਾ। ਪਹਿਲੀ ਕਲਾ-ਕ੍ਰਿਤ ਹੈ ਬੈਂਜਾਮਿਨ ਫ਼ਰੈਂਕਲਿਨ ਦੀਆਂ ਸਾਇੰਸ ਖੋਜਾਂ ਅਤੇ ਉਸ ਵਲੋਂ ਰੱਖੇ ਗਏ ਗ਼ੁਲਾਮਾਂ ਬਾਰੇ। ਟਰੰਪ ਨੂੰ ਗ਼ੁਲਾਮ ਰੱਖਣ 'ਚ ਕੁਝ ਬੁਰਾ ਨਹੀ ਲਗਦਾ। ਇਕ ਹੋਰ ਹੈ ਜਾਰਜ ਫ਼ਲੌਇਡ ਦੀ ਮੌਤ ਬਾਰੇ, ਜਿਸ ਬਾਰੇ ਟਰੰਪ ਵਲੋਂ ਕਿਹਾ ਗਿਆ ਹੈ ਕਿ ਇਹ ਚਿਤਰ ਅਮਰੀਕਨ ਪੁਲਿਸ ਬਾਰੇ ਭੈੜੀ ਤਸਵੀਰ ਪੇਸ਼ ਕਰਦਾ ਹੈ। ਯਾਦ ਰਹੇ ਕਿ ਗੋਰੇ ਪੁਲਿਸ ਅਫ਼ਸਰਾਂ ਨੇ ਗ੍ਰਿਫ਼ਤਾਰੀ ਸਮੇਂ ਕਾਲ਼ੇ ਰੰਗ ਦੇ ਜਾਰਜ ਫ਼ਲੌਇਡ ਦੀ ਧੌਣ 'ਤੇ ਗੋਡਾ ਰੱਖ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਤੇ ਸਾਹ ਘੁੱਟਣ ਕਰ ਕੇ ਉਸ ਦੀ ਮੌਤ ਹੋ ਗਈ ਸੀ।

ਇਸ ਘਟਨਾ ਦੀ ਸਮੁੱਚੀ ਦੁਨੀਆਂ 'ਚ ਬਹੁਤ ਚਰਚਾ ਹੋਈ ਸੀ।

ਟਰੰਪ ਨੇ ਹੁਣੇ ਜਿਹੇ ਹੀ ਆਪਣੇ 'ਟਰੁੱਥ ਸੋਸ਼ਲ' ਪਲੇਟਫ਼ਾਰਮ 'ਤੇ ਲਿਖਿਆ, " ਸਮਿਥਸੋਨੀਅਨ ਬੇਲਗਾਮ ਹੋ ਗਿਆ ਹੈ.......ਜੋ ਕਿ ਸਾਡੇ ਦੇਸ਼ ਨੂੰ ਬੜੇ ਕੋਝੇ ਢੰਗ ਨਾਲ ਪੇਸ਼ ਕਰਦਾ ਹੈ, ਅਤੇ ਦੱਸਦਾ ਹੈ ਕਿ ਗ਼ੁਲਾਮੀ ਕਿੰਨੀ ਭੈੜੀ ਚੀਜ਼ ਸੀ।'

ਯਾਦ ਰਹੇ ਸਮਿਥਸੋਨੀਅਨ ਅਜਾਇਬਘਰਾਂ ਦੀ ਇਕ ਜਥੇਬੰਦੀ ਹੈ ਜੋ ਉਨ੍ਹਾਂ 'ਚ ਰੱਖਣ ਵਾਲੀਆਂ ਕਲਾ- ਕ੍ਰਿਤਾਂ ਦੀ ਚੋਣ ਅਤੇ ਪ੍ਰਬੰਧ ਕਰਦੀ ਹੈ।



ਰੋਜ਼ਾ ਪਾਰਕਸ

ਡਾ.ਬੈਰੀ 'ਅਮਰੀਕਨ ਸਮਾਜਕ ਅਧਿਕਾਰ ਕਮਿਸ਼ਨ' ਦੀ ਸਾਬਕਾ ਚੇਅਰਪਰਸਨ ਹੈ, ਜੋ ਕਿ ਰੋਜ਼ਾ ਪਾਰਕਸ ਨੂੰ ਪਹਿਲੀ ਵਾਰ 1967 'ਚ ਮਿਲੀ ਸੀ, ਕਹਿੰਦੀ ਹੈ ਕਿ ਜੋ ਕੁਝ ਟਰੰਪ ਕਰ ਰਿਹਾ ਹੈ ਉਹ ਲੋਕਾਂ ਦੇ ਸਮਾਜਕ ਅਧਿਕਾਰਾਂ ਲਈ ਵੱਡਾ ਖ਼ਤਰਾ ਹੈ, ਜੋ ਕਿ ਬੜੀਆਂ ਔਕੜਾਂ ਨਾਲ ਉਨ੍ਹਾਂ ਨੇ ਪ੍ਰਾਪਤ ਕੀਤੇ ਹਨ। ਡਾ. ਬੇਰੀ ਨੇ ਕਿਹਾ ਕਿ, ਰੋਜ਼ਾ ਜੋ ਕਿ 2005 ਵਿਚ 92 ਸਾਲ ਦੀ ਉਮਰ ਭੋਗ ਕੇ ਪੂਰੀ ਹੋਈ, ਇਸ ਗੱਲ 'ਚ ਯਕੀਨ ਰੱਖਦੀ ਸੀ ਕਿ ਰਾਜਨੀਤਕ ਬਦਲਾਉ ਲਿਆਉਣ ਲਈ ਹਿੰਮਤ ਅਤੇ ਸ਼ਾਂਤਮਈ ਵਿਦਰੋਹ ਬਹੁਤ ਜ਼ਰੂਰੀ ਹੈ। ਡਾ.ਬੈਰੀ ਨੇ ਹੋਰ ਕਿਹਾ: 'ਰੋਜ਼ਾ ਪਾਰਕਸ ਮਨੁੱਖੀ ਅਧਿਕਾਰਾਂ ਦੇ ਹਰ ਮਸਲੇ ਵਿਚ ਸ਼ਾਮਲ ਰਹੀ।'

'ਜਿਸ ਔਰਤ ਨੇ ਸਾਰੀ ਉਮਰ ਸਮਾਜਕ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸੰਘਰਸ਼ ਕੀਤਾ ਹੋਵੇ ਉਸ ਬਾਰੇ ਸਿਰਫ਼ ਇਕੋ ਘਟਨਾ ਦਾ ਹੀ ਜ਼ਿਕਰ ਕਰਨਾ ਉਸ ਦੇ ਮਹਾਨ ਕੰਮ ਨੂੰ ਛੁਟਿਆਉਣਾ ਹੈ।'

'ਅੱਜ ਸਕੂਲਾਂ 'ਚ ਨਸਲੀ ਮੁੱਦਿਆਂ 'ਤੇ ਗੱਲ ਨਹੀਂ ਕੀਤੀ ਜਾ ਸਕਦੀ। ਟਰੰਪ ਦਾ ਸਮਾਂ, ਵੰਨ-ਸੁਵੰਨਤਾ ਦੇ ਵਿਰੁੱਧ, ਬਰਾਬਰੀ ਬਾਰੇ ਪੁਸਤਕਾਂ 'ਤੇ ਪਾਬੰਦੀ ਤੋਂ ਇਲਾਵਾ ਕਿਸੇ ਵੀ ਉਸ ਗੱਲ 'ਤੇ ਪਾਬੰਦੀ ਲਾਉਣ ਦੀ ਗੱਲ ਕਰਦਾ ਹੈ ਜਿਸ ਵਿਚ ਕਾਲ਼ੇ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਪਛਾਣ ਮਿਲਦੀ ਹੋਵੇ।'

ਪਾਠਕੋ! ਟਰੰਪ ਦੇ ਵਿਚਾਰਾਂ ਬਾਰੇ ਕੌਣ ਨਹੀਂ ਜਾਣਦਾ? ਅਜੇ ਹੁਣੇ ਜਿਹੇ ਹੀ ਉਸ ਨੇ ਇਕ ਬਿਆਨ ਵਿਚ ਸੋਮਾਲੀਆ ਦੇ ਲੋਕਾਂ ਨੂੰ ਕੂੜੇ-ਕਰਕਟ ਦਾ 'ਖਿਤਾਬ' ਦਿਤਾ ਹੈ। ਮਿਨੀਸੋਟਾ ਦੇ ਡੈਮੋਕਰੈਟਿਕ ਮੇਅਰ ਟਿਮ ਵਾਲਜ਼ ਬਾਰੇ ਵੀ ਉਸ ਨੇ ਬੜੇ ਭੈੜੇ ਲਫ਼ਜ਼ ਵਰਤੇ ਹਨ। ਟਿਮ ਵਾਲਜ਼ ਨੇ ਜਵਾਬ 'ਚ ਏਨਾ ਹੀ ਕਿਹਾ ਕਿ ਦੁਨੀਆਂ ਨੂੰ ਆਪਣੇ ਸਕੂਲਾਂ 'ਚੋਂ ਅਜਿਹਾ ਨਫ਼ਰਤੀ ਵਿਵਹਾਰ ਅਤੇ ਭਾਸ਼ਾ ਕੱਢਣ ਨੂੰ ਤੀਹ ਸਾਲ ਲੱਗੇ ਹਨ।

ਏਸ਼ਿਆਈ ਦੇਸ਼ਾਂ ਦੇ ਬਾਸ਼ਿੰਦਿਆਂ ਬਾਰੇ ਵੀ ਟਰੰਪ ਦੇ ਵਿਚਾਰ ਨਫ਼ਰਤ ਭਰੇ ਹਨ। ਸਭ ਦੁਨੀਆਂ ਨੇ ਦੇਖਿਆ ਕਿ ਕਿਵੇਂ ਉਸ ਨੇ ਭਾਰਤੀ ਇਸਤਰੀ ਮਰਦਾਂ ਨੂੰ ਹੱਥਕੜੀਆਂ ਤੇ ਬੇੜੀਆਂ 'ਚ ਬੰਨ੍ਹ ਕੇ ਵਾਪਸ ਭੇਜਿਆ। ਸੋ ਮਿਸ ਬੈਰੀ ਦੇ ਸ਼ੰਕੇ ਬਿਲਕੁਲ ਜਾਇਜ਼ ਹਨ ਤੇ ਸਮੁੱਚੀ ਦੁਨੀਆਂ ਦੀਆਂ ਇਨਸਾਫ਼ ਪਸੰਦ ਜਥੇਬੰਦੀਆਂ ਨੂੰ ਲਾਮਬੰਦ ਹੋ ਕੇ ਸਮਾਜਕ ਅਤੇ ਮਨੁੱਖੀ ਅਧਿਕਾਰਾਂ ਲਈ ਡੱਟ ਕੇ ਖੜ੍ਹੇ ਹੋਣ ਦੀ ਲੋੜ ਹੈ।

## *Tail Piece*

### OPPOSING GROUPS WOULD NOT ALLOW SPEED UP WORK IN PARLIAMENT

After independence we had been increasing number of political groups and a stage had come when only two groups remained in Parliament, but spirit of opposing each other could not end and because this opposing spirit working speed had been co0ming down. The spirit of our Constitution had been to establish a united House of People could not be achieved because the contesting groups continued opposing each other even in the Parliament.

We had the dreams in our mind when we were preparing this Constitution and we established a special chapter Directive Principles of State Po9licy and the political wings had been preaching that they shall work and solve all the problems of the people. But these political wings continued fighting even in the Houses and we could not work and go ahead in solving our problems.

The establishment of opposing units in the House is the main cause and let us write off this tradition and turn the House as one unit House of the People only and no opposition. When there is no provision in the Constitution, why two opposing wings in the House, this small question could not be solved.

And we know that till two opposing wings are there even in the House of the People, they shall continue opposing each other and none can brinbg speed in work and when they give us promises that they shall bring total development by 2047 even the people are not believing in this declaration and they are losing interest in elections and vote percentage has gone low. The political wings must look into the matter seriously and must do something before the next elections. The only outway is that there should be no two contesting groups in the House of the People and let it be a House of the People only and all must work jointly. Even seating arrangement must be one and no separate seating arrangement. All must sit as members and no special seating arrangement. Evben ministers must sit here as members only with no separate identification.

Each member must be free and not under heads of opposing leaders and work as per directions. Each member must work as per his own conscience, will, wisdom, knowledge and discretion and not under directions.

The nation do not want mere supporters and followers in the house of ther representatives.

### SOME ALTERNATIVES TO SPEED-UP WORK IN OUR PARLIAMENT

Elections had been established in India in such a way that only political groups had been taking part to reach our Parliament and in the House they formed two groups. The winng group had been forming government and the others ujoined and form oppositions.

The oppositions never suggested improvements, but oly had been opposing and doubting intentions of the governing wing and because of this system in our Parliament work had been at slow speed.

And this time election results brought a government which is with low majority and no help is available from the opposing side and therefore, there shall be no work reaching the target date by 2047.

Instead of resignation and re-elections, some alternatives are still available0000

1. Both wings must hve one one Bills from each side by turn and vote the same on merits and pass. No opposition, just some improvements.
2.Turn the House as House of the Peole and no rulers and oppositions in the House, all are just representatives of the people and free to work as per their own conscience, will, wisdom and discretion.
3. No blank opposition, but even opposing side may suggest some minor improvements and pass the Bill, Project, Scheme and Policy.
4. No Ordinance, but only Parliament must pass and be notified.
5. All items must be entertained in the House and none be doubted that it has been brought in with malafide intentions against any wing of the society because people in the Parliament had been elected by us and are our own representatives.
6. The leading heads must give liberty to all to work as per their own conscience, will, wisdom, knowledge and discretion and this present system of just supporters and followers be abloshed.
7. Each member or members from adjoining areas must come with problems of the ares they represent to establish that they are actually representatives of the people who actually elected them.

The people of India have given a verdict that they did not like the established system through low percentage of votes and must be accepted. People are the lords and owners of this country and the fighting wings must accept the verdict of the people.

Advocate Dalip Singh Wasan,
Email dalipsinghwassan@yahoo.co.in

# ਵਿੱਦਿਆਦਾਨੀ ਤੇ ਪਰਉਪਕਾਰੀ-ਮਾਨਵੀ ਗੁਣਾਂ ਨਾਲ ਓਤ-ਪੋਤ ਬਾਬਾ ਮਲਕੀਅਤ ਸਿੰਘ ਮਾਣਕੋ (ਜੱਬੜ)

**ਭਗਵਾਨ ਸਿੰਘ ਜੌਹਲ**



ਬਾਬਾ ਮਲਕੀਅਤ ਸਿੰਘ ਮਾਣਕੋ

ਜੀਵਨ ਦਾ ਹਰ ਪਲ ਮਨੁੱਖਤਾ ਦੀ ਸੇਵਾ ਤੇ ਪਰਉਪਕਾਰ ਵਿੱਚ ਬਿਤਾਉਣ ਵਾਲੇ ਬਾਬਾ ਮਲਕੀਅਤ ਸਿੰਘ ਮਾਣਕੋ (ਜੱਬੜ) ਮਾਨਵੀ ਗੁਣਾਂ ਨਾਲ ਓਤ-ਪੋਤ ਆਤਮਾ ਦੇ ਮਾਲਕ ਸਨ। ਅੱਜ ਭਾਵੇਂ ਸਰੀਰ ਕਰਕੇ ਉਹ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਬਿਰਾਜ ਚੁੱਕੇ ਹਨ, ਪਰ ਉਹ ਵਿੱਦਿਆਦਾਨੀ ਵਜੋਂ ਸਿਮਰਨ, ਦਇਆ, ਨਿਮਰਤਾ ਵਰਗੇ ਵੱਡੇ ਗੁਣਾਂ ਕਰਕੇ ਆਪਣੇ ਨਾਲ ਪਿਆਰ ਕਰਨ ਵਾਲੇ ਲੱਖਾਂ ਲੋਕਾਂ ਦੇ ਹਿਰਦੇ ਵਿੱਚ ਵੱਸਦੇ ਹਨ। ਆਪ ਅਜਿਹੀ ਬਹੁ-ਪੱਖੀ ਸ਼ਖ਼ਸੀਅਤ ਸਨ, ਜੋ ਆਪਣੇ ਅੰਤਿਮ ਸੁਆਸਾਂ ਤੱਕ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ (ਜਲੰਧਰ) ਦੀ ਸਥਾਪਨਾ ਵਿੱਚ ਰੁੱਝੇ ਰਹੇ। ਮਾਣਕੋ ਜ਼ਿਲ੍ਹਾ ਜਲੰਧਰ ਦਾ ਹੁਸ਼ਿਆਰਪੁਰ ਜ਼ਿਲ੍ਹੇ ਦੀ ਹੱਦ ਨਾਲ ਲੱਗਦਾ ਪਿੰਡ ਹੈ। ਨਿਰੋਲ ਪੇਂਡੂ ਇਲਾਕਾ ਹੋਣ ਕਰਕੇ ਅਤੇ ਚੋਆਂ ਦੀ ਮਾਰ ਨਾਲ ਪਾਣੀ ਵਿੱਚ ਡੁੱਬਾ ਹੋਣ ਕਰਕੇ ਬਹੁਤ ਪਛੜਿਆ ਹੋਇਆ ਸੀ। ਇਸੇ ਪਿੰਡ ਦੀ ਉੱਚੀ ਨੀਵੀਂ ਧਰਤੀ ਉਪਰ ਜਿਸ ਨੂੰ ਇਲਾਕੇ ਦੇ ਲੋਕ ਜੱਬੜ (ਜਿਥੇ ਫ਼ਸਲ ਨਹੀਂ ਸੀ ਉਗਾਈ ਜਾ ਸਕਦੀ) ਕਹਿੰਦੇ ਸਨ। ਇਥੇ ਹੀ ਬਾਬਾ ਭਾਗ ਸਿੰਘ ਨੇ ਡੇਰਾ ਸੰਤ ਪੁਰਾ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਗੁਰਪੁਰੀ ਜਾਣ ਤੋਂ ਪਿੱਛੋਂ ਸੰਤ ਮੁਸਾਫ਼ਿਰ ਜੀ ਇਲਾਕੇ ਦੇ ਬੱਚਿਆਂ ਨੂੰ ਸਿੱਖਿਆ ਨਾਲ ਜੋੜਨ ਦਾ ਉਪਰਾਲਾ ਕਰਦੇ ਰਹੇ। ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸੰਤ ਬਾਬਾ ਮਲਕੀਅਤ ਸਿੰਘ ਨੇ ਨਿਰੋਲ ਪੇਂਡੂ ਖੇਤਰ ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਰਗੀ ਵਿੱਦਿਅਕ ਸੰਸਥਾ ਬਣਾ ਕੇ ਜਿਥੇ ਨਿਰਮਲ ਸੰਪਰਦਾਇ ਦੇ ਨਾਂਅ ਨੂੰ ਉਜਾਗਰ ਕੀਤਾ, ਇਸ ਦੇ ਨਾਲ-ਨਾਲ ਇਸ ਇਲਾਕੇ ਦੇ ਵਿਕਾਸ ਲਈ ਕਰੋੜਾਂ ਰੁਪਏ ਖਰਚ ਕੇ ਪੁੱਲਾਂ, ਸੜਕਾਂ, ਗੁਰਦੁਆਰਾ ਸਾਹਿਬਾਨ, ਸਕੂਲਾਂ, ਹਸਪਤਾਲਾਂ ਦੀ ਉਸਾਰੀ ਕਰਵਾ ਕੇ ਲੋਕਾਂ ਦੇ ਮਸੀਹੇ ਵਜੋਂ ਭਰਪੂਰ ਸਤਿਕਾਰ ਪ੍ਰਾਪਤ ਕੀਤਾ। ਨਿਰਮਲ ਸੰਤ ਸਮਾਜ ਅਤੇ ਇਲਾਕੇ ਦੇ ਸੂਝਵਾਨ ਲੋਕਾਂ ਨੇ ਉਨ੍ਹਾਂ ਦੀ ਨਿਸ਼ਕਾਮ ਸੇਵਾ ਨੂੰ ਵੇਖਦਿਆਂ ਦੇਸ਼ ਅਤੇ ਵਿਦੇਸ਼ ਵਿੱਚੋਂ ਮਾਇਕ ਸਹਾਇਤਾ ਭੇਜ ਕੇ ਆਪਣਾ ਯੋਗਦਾਨ ਪਾ ਕੇ ਹਮੇਸ਼ਾਂ ਮਾਣ ਮਹਿਸੂਸ ਕਰਦੇ ਸਨ।

ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਵੱਡੀ ਸੰਸਥਾ ਲਈ ਇਕ ਬਹੁਤ ਵੱਡੀ ਚੁਣੌਤੀ ਸੀ। ਪਰ ਉਨ੍ਹਾਂ ਦੇ ਸੇਵਾਦਾਰ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਨੇ ਇਸ ਵੱਡੀ ਜ਼ਿੰਮੇਵਾਰੀ ਨੂੰ ਜਿਵੇਂ ਨਿਭਾਇਆ, ਉਸ ਦੀ ਮਿਸਾਲ ਵੀ ਬਹੁਤ ਘੱਟ ਹੀ ਮਿਲਦੀ ਹੈ। ਬ੍ਰਹਮ ਜੀ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਸੀਮਤ ਸਮੇਂ ਵਿੱਚ ਹੀ ਇਲਾਕੇ ਦੇ ਲੋਕਾਂ ਦੀ ਅਗਵਾਈ ਕਰਦਿਆਂ ਯੂਨੀਵਰਸਿਟੀ ਵਰਗੀ ਵੱਡੀ ਵਿੱਦਿਅਕ ਸੰਸਥਾ ਨੂੰ ਬਾਖ਼ੂਬੀ ਸੰਭਾਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੇਂ ਗੁਰੂ ਕੇ ਲੰਗਰਾਂ ਦੀ ਸੇਵਾਵਾਂ ਤੋਂ ਇਲਾਵਾ ਕੋਵਿਡ ਦੇ ਭਿਆਨਕ ਸਮੇਂ ਵਿੱਚ ਸੰਗਤ ਦੀ ਭਰਪੂਰ ਸੇਵਾ ਕੀਤੀ। ਹਰ ਲੋੜਵੰਦ ਦੀ ਸੇਵਾ ਕਰਨਾ ਅਤੇ ਸਰਬੱਤ ਦੇ ਭਲੇ ਲਈ ਪਲ-ਪਲ ਬਤੀਤ ਕਰਨ ਕਰਕੇ ਸੰਗਤ ਤੋਂ ਮਣਾਂ-ਮੂੰਹੀ ਪਿਆਰ ਪ੍ਰਾਪਤ ਕੀਤਾ। ਪਰ ਛੇਤੀ ਹੀ ਸਰੀਰ ਕਰਕੇ ਸੰਸਾਰ ਤੋਂ ਵਿਦਾਈ ਲੈ ਗਏ।

ਸੰਤ ਬਾਬਾ ਮਲਕੀਅਤ ਸਿੰਘ ਦਾ ਜਨਮ 28 ਜਨਵਰੀ, 1957 ਨੂੰ ਇਸੇ ਪਿੰਡ ਮਾਣਕੋ (ਜਲੰਧਰ) ਵਿਖੇ ਸ. ਹਜ਼ਾਰਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਪ੍ਰੀਤਮ ਕੌਰ ਦੀ ਕੁੱਖ ਤੋਂ ਹੋਇਆ। ਬਚਪਨ ਵਿੱਚ ਪਿੰਡ ਦੇ ਸਕੂਲ ਵਿੱਚ ਪੜ੍ਹਦਿਆਂ ਹੀ ਧਾਰਮਿਕ ਰੁਚੀ ਦੇ ਮਾਲਕ ਸਨ, ਪ੍ਰਭੂ-ਬੰਦਗੀ ਅਤੇ ਵੈਰਾਗ ਵਿੱਚ ਵਿਚਰਦਿਆਂ ਮਨੁੱਖਤਾ ਦੇ ਭਲੇ ਅਤੇ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ। ਇਸ ਅਸਥਾਨ ਦੀ ਸੇਵਾ ਸੰਭਾਲਦਿਆਂ ਸੇਵਾ ਦੇ ਖੇਤਰ ਵਿੱਚ ਵੱਡੇ ਕਾਰਜਾਂ ਵਿੱਚ ਰੁੱਝ ਗਏ। ਸੜਕਾਂ ਤੇ ਪੁੱਲਾਂ ਦੀ ਉਸਾਰੀ ਤੇ ਸੰਗਤ ਦੇ ਸਹਿਯੋਗ ਨਾਲ 22 ਕਰੋੜ ਤੋਂ ਵੀ ਵੱਧ ਰਕਮ ਖਰਚ ਕੇ ਪਛੜੇ ਪਿੰਡਾਂ ਦੇ ਲੋਕਾਂ ਨੂੰ ਸੁੱਖ ਸਹੂਲਤਾਂ ਦਿੱਤੀਆਂ। ਲਗਪਗ 200 ਤੋਂ ਵੀ ਵੱਧ ਪਿੰਡਾਂ ਦੇ ਗੁਰੂ-ਘਰਾਂ ਦੀਆਂ ਇਮਾਰਤਾਂ, ਸਰਕਾਰੀ ਸਕੂਲਾਂ ਵਿੱਚ ਲੈਬਾਰਟਰੀਆਂ, ਕਲਾਸ ਰੂਮਾਂ, ਪ੍ਰੀਖਿਆ ਹਾਲਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਕੇ ਆਪਣੇ ਫਰਜ਼ ਨੂੰ ਨਿਭਾਇਆ। 2003 ਵਿੱਚ ਇੰਜੀਨੀ-ਅਰਿੰਗ ਕਾਲਜ ਉਪਰੰਤ ਪਬਲਿਕ ਸਕੂਲ, ਐਜੂਕੇਸ਼ਨ ਕਾਲਜ, ਨਰਸਿੰਗ ਕਾਲਜ ਦੀ ਸਥਾਪਨਾ, ਸੰਤ ਬਾਬਾ ਭਾਗ ਸਿੰਘ ਚੈਰੀਟੇਬਲ ਸੁਸਾਇਟੀ ਬਣਾ ਕੇ ਵਿੱਦਿਅਕ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ। ਆਪਣੇ ਥੋੜ੍ਹ-ਚਿਰੀ ਆਯੂ ਦੇ ਦੌਰਾਨ ਪੰਜਾਬ ਸਰਕਾਰ ਵੱਲੋਂ ਮਨਜ਼ੂਰੀ ਨਾਲ ਯੂਨੀਵਰਸਿਟੀ ਦੀ ਸਥਾਪਨਾ ਵੀ ਕਰ ਦਿੱਤੀ।

ਇਲਾਕੇ ਦਾ ਹਰ ਪ੍ਰਵਾਸੀ ਭਾਰਤੀ ਸੇਵਾ ਦੇ ਖੇਤਰ ਵਿੱਚ ਹੋ ਰਹੇ ਕਾਰਜਾਂ ਨੂੰ ਮਾਇਕ ਸਹਾਇਤਾ ਭੇਜ ਕੇ ਖ਼ੁਸ਼ੀ ਮਹਿਸੂਸ ਕਰਦਾ ਸੀ, ਪ੍ਰਵਾਸੀ ਜਦੋਂ ਵੀ ਦੇਸ਼ ਪਰਤਦੇ ਸੇਵਾਵਾਂ ਦੇ ਕਾਰਜ ਵੇਖ ਕੇ ਪ੍ਰੇਰਨਾ ਲੈ ਕੇ ਵਾਪਸ ਮੁੜਦੇ ਸਨ।

ਸੰਤ ਬਾਬਾ ਮਲਕੀਅਤ ਸਿੰਘ ਨੇ ਆਪਣੀ ਹਯਾਤੀ ਦੌਰਾਨ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਸੰਤ ਬਾਬਾ ਮਲਕੀਅਤ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਵਡੇਰੇ ਸੰਤ ਬਾਬਾ ਭਾਗ ਸਿੰਘ, ਸੰਤ ਬਾਬਾ ਮੁਸਾਫਿਰ ਜੀ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣ ਵਾਲੇ ਸਚਖੰਡਵਾਸੀ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੀ ਯਾਦ ਵਿੱਚ ਡੇਰਾ ਸੰਤ ਪੁਰਾ ਮਾਣਕੋ (ਜੱਬੜ) ਵਿਖੇ ਉਨ੍ਹਾਂ ਦੇ ਉਤਰਾਧਿਕਾਰੀ ਬਾਬਾ ਜਨਕ ਸਿੰਘ ਦੀ ਅਗਵਾਈ ਵਿੱਚ ਮਹਾਨ ਗੁਰਮਤਿ ਸਮਾਗਮਾਂ ਦੀ ਸਮਾਪਤੀ 3 ਜਨਵਰੀ ਨੂੰ ਹੋਵੇਗੀ। ਇਨ੍ਹਾਂ ਸਮਾਗਮਾਂ ਵਿੱਚ ਦੇਸ਼-ਵਿਦੇਸ਼ ਦੀ ਸੰਗਤ ਤੋਂ ਇਲਾਵਾ ਬੁੱਧੀਜੀਵੀ, ਸਿੱਖਿਆ ਸ਼ਾਸਤਰੀ, ਸਿੰਘ ਸਾਹਿਬ, ਸੰਤ-ਮਹਾਂਪੁਰਸ਼ਾਂ ਤੋਂ ਬਿਨਾਂ ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਵੀ ਪੁੱਜ ਰਹੀਆਂ ਹਨ।

* * * * * * *

# ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਵੱਖ-ਵੱਖ ਖੇਤਰ ਚ ਨਾਮਨਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਿੱਖ ਸਪੋਰਟਸ ਐਸੋਸੀਏਸ਼ਨ ਲੈਸਟਰ ਯੂ ਕੇ ਵੱਲੋਂ ਖੇਡਾਂ ਦੇ ਖੇਤਰ ਅਤੇ ਹੋਰ ਸਮਾਜ ਸੇਵੀ ਗਤੀਵਿਧੀਆਂ ਚ ਸੇਵਾ ਨਿਭਾਉਣ ਵਾਲੀਆ ਸ਼ਖ਼ਸੀਅਤਾਂ ਦਾ ਵੱਡੇ ਪੱਧਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਪ੍ਰਧਾਨ ਪਿਆਰਾ ਸਿੰਘ ਕਲੇਰ ਅਤੇ ਜਨਰਲ ਸਕੱਤਰ ਗੁਰਿੰਦਰ ਸਿੰਘ ਸਮਰਾ ਨੇ ਦੱਸਿਆ ਕਿ ਹਰ ਸਾਲ ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਲੈਸਟਰ ਵਿਖੇ ਵੱਡੇ ਪੱਧਰ ਤੇ ਖੇਡ ਟੂਰਨਾਮੈਂਟ ਕਰਵਾਏ ਜਾਂਦੇ ਹਨ ਅਤੇ ਖੇਡਾਂ ਵਿੱਚ ਜੇਤੂ ਰਹਿਣ ਵਾਲੇ ਖਿਡਾਰਿਆਂ ਨੂੰ ਮੌਕੇ ਤੇ ਇਨਾਮ ਤਕਸੀਮ ਕੀਤੇ ਜਾਂਦੇ ਹਨ।**

**ਇਸ ਮੌਕੇ ਤੇ ਸੀਨੀਅਰ ਅਕਾਲੀ ਆਗੂ ਅਤੇ ਸਮਾਜ ਸੇਵੀ ਕਾਰਜਾਂ ਚ ਸੇਵਾ ਨਿਭਾਉਣ ਵਾਲੇ ਮੁਖਤਿਆਰ ਸਿੰਘ ਝੰਡੇਰ ਅਤੇ ਉਹਨਾਂ ਬਰਤਾਨੀਆ ਪੁਲਿਸ ਵਿੱਚ ਸੇਵਾ ਨਿਭਾ ਰਹੀ ਬੇਟੀ ਹਰਕਵਲ ਕੌਰ ਸਮੇਤ ਗੁਰਜੰਤ ਸਿੰਘ, ਹਿੰਮਤ ਸਿੰਘ ਗਿੱਲ, ਅਸਵੀਰ ਸਿੰਘ ਜੋਹਲ, ਨਿਤਪ੍ਰੀਤ ਸਿੰਘ, ਤਰਨਜੀਤ ਸਿੰਘ ਵਾਲੀਆ, ਬਲਿੰਦਰ ਸਿੰਘ ਸਮਰਾ, ਅਮਰਜੀਤ ਸਿੰਘ, ਗੁਰਵਿੰਦਰ ਸਿੰਘ ਬਸਰਾ, ਮਨਜੀਤ ਸਿੰਘ, ਨਿਰਮਲ ਸਿੰਘ, ਮਨਜੀਤ ਸਿੰਘ, ਜਗਤਾਰ ਸਿੰਘ, ਰਘਬੀਰ ਸਿੰਘ, ਨਸਿੱਤਰ ਸਿੰਘ, ਸੁਰਜੀਤ ਕੌਰ ਰਾਏ, ਜਸਬੀਰ ਕੌਰ ਮਾਨ, ਰਜਿੰਦਰ ਕੌਰ ਤੱਖੜ, ਦੀਦਾਰ ਕੌਰ, ਅਵਤਾਰ ਸਿੰਘ, ਕੇਵਲ ਸਿੰਘ ਮਾਨ, ਹਰਭਜਨ ਸਿੰਘ, ਸੁਖਦੇਵ ਸਿੰਘ ਸੰਘਾ, ਲਾਲ ਸਿੰਘ, ਅਜੈਬ ਸਿੰਘ, ਅਜਮੇਰ ਸਿੰਘ ਬਸਰਾ ਸਮੇਤ ਹੋਰਨਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਗੁਰਜੀਤ ਸਿੰਘ ਸਮਰਾ, ਲਖਵਿੰਦਰ ਸਿੰਘ ਜੌਹਲ, ਕਸ਼ਮੀਰ ਸਿੰਘ ਖਾਲਸਾ, ਓਡਬੀ ਵਿੰਗਸਟਨ ਕੌਂਸਲ ਦੀ ਮੇਅਰ ਜਸਵੀਰ ਕੌਰ ਚੌਹਾਨ, ਲੈਸਟਰ ਸਿਟੀ ਕੌਂਸਲ ਦੇ ਸਾਬਕਾ ਲੋਡ ਮੇਅਰ ਦੀਪਕ ਜਹਾਜ, ਹਰਭਜਨ ਸਿੰਘ ਢਾਡੀ, ਐਸ ਪੀ ਸਿੰਘ, ਸੁਖਦੇਵ ਸਿੰਘ ਬਾਸਲ, ਗੁਰਿੰਦਰ ਕੌਰ, ਸਮੇਤ ਵੱਡੀ ਗਿਣਤੀ ਚ ਲੈਸਟਰ ਅਤੇ ਆਸ ਪਾਸ ਦੇ ਲੋਕ ਹਾਜ਼ਿਰ ਸਨ। ਇਸ ਮੌਕੇ ਤੇ ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਇਕੱਤਰ ਹੋਏ ਵੱਡੀ ਗਿਣਤੀ ਚ ਲੈਸਟਰ ਅਤੇ ਹੋਰ ਆਸ ਪਾਸ ਦੇ ਪਤਵੰਤਿਆਂ ਨੂੰ ਰਾਤ ਦਾ ਭੋਜਨ ਵੀ ਦਿੱਤਾ ਗਿਆ।**




ਸਿੱਖ ਸਪੋਰਟਸ ਐਸੋਸੀਏਸ਼ਨ ਲੈਸਟਰ ਯੂ.ਕੇ ਵੱਲੋਂ ਵੱਖ ਵੱਖ ਖੇਤਰ ਚ ਸੇਵਾਵਾਂ ਨਿਭਾਉਣ ਵਾਲਿਆਂ ਦਾ ਸਨਮਾਨ ਕੀਤੇ ਜਾਣ ਦਾ ਦ੍ਰਿਸ਼।

# ਗੁਰੂ ਬੈਠਾ ਅਮਰੂ ਸਰੂਪ ਹੋਇ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




## ਕਿਸ਼ਤ–19




### ਡੱਲੇ ਵਾਸੀ ਸੰਗਤ ਭਾਰੀ

ਭਾਈ ਪਾਰੋ ਜੀ ਪਰਮ ਹੰਸ ਡੱਲੇ ਨਗਰ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਸੰਗਤ ਨਾਲ ਹੋਰ ਪ੍ਰੇਮੀਆਂ ਨੇ ਗੁਰੂ ਕੀ ਸਿੱਖੀ ਧਾਰਨ ਕਰ ਲਈ ਸੀ। ਇਕ ਸਮੇਂ ਭਾਈ ਜੀ ਨੇ ਹਜ਼ੂਰ ਕੋਲ ਡੱਲੇ ਚਰਨ ਪਾਉਣ ਲਈ ਬੇਨਤੀ ਕੀਤੀ ਜੋ ਸਾਹਿਬ ਜੀ ਨੇ ਪ੍ਰਵਾਨ ਕੀਤੀ ਅਰ ਇਕ ਦਿਨ ਆਪ ਜੀ ਭਾਈ ਪਾਰੋ ਦੇ ਪਿਆਰ ਵਿਚ ਇਨ੍ਹਾਂ ਦੇ ਘਰ ਆਣ ਉੱਤਰੇ। ਇਥੇ ਉਤਾਰੇ ਦੇ ਦੌਰਾਨ ਸਤ ਸੰਗ ਹੋਣਾ ਸੁਭਾਵਕ ਸੀ। ਭਾਈ ਜੀ ਦੀ ਪ੍ਰੇਰਨਾ ਸਦਕਾ ਡੱਲੇ ਨਿਵਾਸੀ ਹੋਰ ਪ੍ਰੇਮੀਆਂ ਨੂੰ ਵੀ ਸਤਸੰਗ ਵਿਚ ਗੁਰੂ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਹੋਇਆ। ਇਨ੍ਹਾਂ ਦਾ ਕੁਝ ਜ਼ਿਕਰ ਭਾਈ ਗੁਰਦਾਸ ਜੀ ਨੇ 11ਵੀ ਵਾਰ ਦੀ 16ਵੀਂ ਪਉੜੀ ਵਿਚ ਕੀਤਾ ਹੈ:

ਪ੍ਰਿਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ। ਰਾਮੂ ਦੀਪਾ ਉਗ੍ਰਸੈਣ ਨਾਗਉਰੀ ਗੁਰਸਬਦ ਵੀਚਾਰੀ। ਮੋਹਣੁ ਰਾਮੂ ਮਹਤਿਆ ਅਮਰੂ ਗੋਪੀ ਹਉਮੈ ਮਾਰੀ। ਸਾਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ। ਖਾਨ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ। ਉਗਰੂ ਨੰਦੂ ਸੂਦਨਾ ਪੂਰੋ ਝਟਾ ਪਾਰਿ ਉਤਾਰੀ। ਮਲੀਆ ਸਾਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ। ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ। ਡਲੇ ਵਾਸੀ ਸੰਗਤਿ ਭਾਰੀ।16॥

ਜਿਵੇਂ ਕਿ ਭਾਈ ਜੀ ਨੇ ਬਿਆਨ ਕੀਤਾ ਹੈ ਕਿ ਡੱਲੇ ਵਿਚ ਗੁਰੂ ਕੀ ਬਹੁਤ ਸੰਗਤ ਹੋਈ। ਸਾਡੇ ਸਾਖੀਕਾਰਾਂ ਦਾ ਕਥਨ ਹੈ ਕਿ ਉਸ ਸਮੇਂ ਇਸ ਨਗਰ ਵਿਚ 72 ਘਰ ਸਿੱਖਾਂ ਦੇ ਹੋਏ। ਸੋ, ਇਹ ਪ੍ਰੇਮੀ ਨਿਆਸਰਿਆਂ ਦੇ ਆਸਰੇ ਪਾਤਸ਼ਾਹ ਵੱਲੋਂ ਕਿਵੇਂ ਵਰੋਸਾਏ ਗਏ, ਪ੍ਰਾਪਤ ਇਤਿਹਾਸ ਅਨੁਸਾਰ ਅਸੀਂ ਕੁਝ ਕੁ ਦਾ ਜ਼ਿਕਰ ਆਪ ਨਾਲ ਸਾਂਝਾ ਕਰਦੇ ਹਾਂ।

### ਪ੍ਰਿਥੀ ਮਲ ਅਤੇ ਤੁਲਸਾ ਭਲਾ

ਡੱਲਾ ਨਿਵਾਸੀ ਇਕ ਭੱਲਾ ਪ੍ਰਵਾਰ ਵਿਚੋਂ ਪ੍ਰਿਥੀ ਮੱਲ ਅਰ ਤੁਲਸਾ ਨੇ ਗੁਰੂ ਹਜ਼ੂਰੀ ਆਣ ਸਿਰ ਨਿਵਾਇਆ ਅਰ ਨੇੜੇ ਬੈਠ ਗਏ। ਇਨ੍ਹਾਂ ਪਾਤਸ਼ਾਹ ਜੀ ਨਾਲ ਆਪਣਾ ਚਾਅ ਸਾਂਝਾ ਕਰਦਿਆਂ ਦੱਸਿਆ,

'ਗੁਰੂ ਜੀ! ਅਸੀਂ ਵੀ ਆਪ ਜੀ ਦੇ ਜਾਤੀ ਭਾਈ ਹਾਂ, ਸਾਡੇ ਲਈ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਅੱਜ ਆਪ ਦੇ ਦਰਸ਼ਨ ਕਰਨ ਦਾ ਸਾਨੂੰ ਸੁਭਾਗ ਮਿਲਿਆ'। ਪਾਤਸ਼ਾਹ ਜੀ ਨੇ ਕਿਹਾ,

'ਭਾਈ! ਗੁਰੂ ਦੀ ਕੋਈ ਜਾਤ ਨਹੀਂ ਹੁੰਦੀ। ਜਾਤਿ ਸਰੀਰ ਦੀ ਸਮਾਜ ਮੰਨਦਾ ਹੈ ਪਰ ਗੁਰੂ ਸਰੀਰ ਨਹੀਂ ਹੁੰਦਾ। ਸਾਡੇ ਜੀਵਨ ਦੀ ਸਫ਼ਲਤਾ ਗੁਰੂ-ਗਿਆਨ ਨਾਲ ਹੁੰਦੀ ਹੈ ਅਰ ਸਫ਼ਲ ਜੀਵਨ ਹੀ ਕਰਤਾਰ ਦੇ ਦਰ ਪ੍ਰਵਾਨ ਹੁੰਦਾ ਹੈ। ਪਰਮ-ਗੁਰੂ ਨਾਨਕ ਸਾਹਿਬ ਜੀ ਨੇ -ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ। ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ ਸਾਨੂੰ ਗੁਰਮਤ ਅਨੁਸਾਰ ਚੱਲਣ ਦੀ ਸੋਝੀ ਦਿੱਤੀ ਤਾਂ ਜੁ ਸਾਡਾ ਜੀਵਨ ਸਫ਼ਲ ਹੋ ਸਕੇ। ਇਸ ਤੋਂ ਬਿਨਾਂ ਜਨਮ-ਜਾਤਿ ਨੂੰ ਹਿਰਦੇ ਵਿਚ ਰੱਖ ਕੇ ਆਪਣੇ ਆਪ ਨੂੰ ਚੰਗਾ ਸਮਝ ਬਹਿਣਾ ਵੱਡੀ ਭੁੱਲ ਹੈ, ਅਰ ਇਸ ਭੁੱਲ ਦਾ ਹੰਕਾਰ ਕਰਨਾ ਤਾਂ ਬਹੁਤ ਹੀ ਹਾਨੀਕਾਰਕ ਹੈ ਜਿਸ ਨਾਲ ਜੀਵਨ ਵਿਕਾਰੀ ਹੋ ਜਾਂਦਾ ਹੈ, ਸਫ਼ਲ ਹੋਣਾ ਤਾਂ ਕਿਤੇ ਰਿਹਾ। ਇਸ ਲਈ ਆਪਾਂ ਨੂੰ ਇਸ ਭੁੱਲ ਤੋਂ ਸੁਚੇਤ ਰਹਿਣ ਦੀ ਬਹੁਤ ਜ਼ਰੂਰਤ ਹੈ, ਫਿਰ ਹੀ ਜੀਵਨ ਸਫ਼ਲਤਾ ਵਾਲੇ ਪਾਸੇ ਚੱਲ ਸਕਦਾ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਗੁ.ਗ੍ਰ.ਸਾ. ਪੰਨਾ 1127

ਕਰਤਾਰ ਨੇ ਆਪਾਂ ਸਾਰਿਆਂ ਜੀਵਾਂ ਨੂੰ ਘੁਮਿਆਰ ਵਾਂਗ ਇਕ ਮਿੱਟੀ ਤੋਂ ਹੀ ਬਣਾਇਆ ਹੈ, ਇਸ ਲਈ ਇਕ ਮਿੱਟੀ ਤੋਂ ਬਣੇ ਕਰ ਕੇ ਕੋਈ ਵੀ ਉੱਤਮ ਜਾਂ ਨੀਚ ਨਹੀਂ ਹੈ ਭਾਵ ਸਾਰੇ ਹੀ ਬ੍ਰਾਬਰ ਹਨ, ਬਿਹਤਰੀ ਤਾਂ ਕੇਵਲ ਸ਼ੁਭ ਗੁਣਾਂ ਦੇ ਧਾਰਨੀ ਹੋਣ ਵਿਚ ਹੈ ਜੋ ਸਾਨੂੰ ਨਾਮ-ਬਾਣੀ ਤੋਂ ਪ੍ਰਾਪਤ ਹੁੰਦੇ ਹਨ'।

ਹਜ਼ੂਰ ਪਾਸੋਂ ਇਹ ਸੋਝੀ ਪ੍ਰਾਪਤ ਕਰ ਕੇ ਪ੍ਰਿਥੀ ਮੱਲ ਅਰ ਤੁਲਸਾ ਅੰਦਰੋਂ ਜਾਤਿ-ਅਭਿਮਾਨ ਦੂਰ ਹੋ ਗਿਆ ਅਰ ਉਨ੍ਹਾਂ ਗੁਰਮਤ ਅਨੁਸਾਰ ਚੱਲ ਕੇ ਜੀਵਨ ਸਫ਼ਲ ਕੀਤਾ।

ਬਾਬੇ ਕਹਿਆ ਜੋ ਸਰੀਰ ਏਥੇ ਹੀ ਉਪਜੇ ਹੈਨ ਏਥੇ ਹੀ ਏਹਨਾ ਰਹਿਣਾ ਹੈ। ਤੇ ਅਗੇ ਜਾਤ ਕਿਸੇ ਨਾਲ ਨਹੀ ਜਾਂਦੀ। ਜਿਨਾ ਨਾਮ ਜਪਿਆ ਤੇ ਸੇਵਾ ਸਿਖਾਂ ਦੀ ਕੀਤੀ ਹੈ ਪਤ ਓਨਾਂ ਦੀ ਲੇਖੇ ਪਵੈਗੀ। ਸਿ.ਦੀ.ਭ.ਮਾ. ਪੰਨਾ 268

'ਸਿਮਰਯੋ ਜਿਨ ਸਤਿਨਾਮ ਸਦੀਵਾ।
(ਜਿਨ੍ਹਾਂ ਸਦਾ ਕਰਤਾਰ ਨੂੰ ਚੇਤੇ ਰਖਿਆ)
ਸਿਖਨ ਸੇਵ ਕਰੀ ਮਨ ਨੀਵਾ।
(ਨਿੰਮਰਤਾ ਨਾਲ ਸਿੱਖਾਂ ਦੀ ਸੇਵਾ ਕੀਤੀ)
ਤਿਨ ਕੀ ਪਤਿ ਲੇਖੇ ਪਰ ਜਾਇ।
(ਉਨ੍ਹਾਂ ਦੀ ਪਤ ਹੀ ਬਣਦੀ ਹੈ)
ਜਾਤਿ ਕੁਜਾਤਿ ਨ ਪਰਖਹਿਂ
ਕਾਇ'।13॥40॥ ਰਾਸ 1
(ਵੱਡੀ ਛੋਟੀ ਜਾਤ ਨਹੀਂ ਪਰਖੀ
ਜਾਂਦੀ)।13॥40॥ਰਾਸ 1

ਅਮਲ ਸੇ ਜ਼ਿੰਦਗੀ ਬਨਤੀ ਹੈ
ਜੰਨਤ ਭੀ ਜਹੱਨਮ ਭੀ,
ਯਿਹ ਖ਼ਾਕੀ ਅਪਨੀ ਫ਼ਿਤਰਤ ਸੇ ਨਾ ਨੂਰੀ
(ਫ਼ਰਿਸ਼ਤਾ) ਹੈ ਨ ਨਾਰੀ (ਸ਼ੈਤਾਨ)।
ਡਾ. ਇਕਬਾਲ

### ਮਲਣ ਗੁਰ ਸੇਵਾ ਹਿਤਕਾਰੀ

ਸਹੀ ਮਾਲੂਮ ਨਹੀਂ ਹੋਇਆ ਕਿ ਮਲ੍ਹਣ ਇਸ ਸੱਜਣ ਦਾ ਨਾਂ ਸੀ ਜਾਂ ਜਾਤਿ ਕਿਉਂਕਿ ਮਲ੍ਹਣ ਜਾਤਿ ਭੀ ਹੈ। ਕਈ ਵਾਰ ਜਾਤਿ ਹੀ ਬੋਲ-ਚਾਲ ਵਿਚ ਪ੍ਰਚਲਤ ਹੋ ਜਾਂਦੀ ਹੈ ਅਰ ਨਾਂ ਰਹਿ ਜਾਂਦਾ ਹੈ। ਇਸ ਸਮੇਂ ਇਹ ਵੀ ਗੁਰੂ ਹਜ਼ੂਰੀ ਵਿਚ ਆਏ ਅਰ ਹਜ਼ੂਰ ਪਾਸੋਂ ਸਿੱਖੀ ਦੀ ਦਾਤ ਮੰਗੀ। ਗੁਰਦੇਵ ਜੀ ਨੇ ਮਲ੍ਹਣ ਨੂੰ ਸੇਵਾ ਕਰਨ ਦੀ ਪ੍ਰੇਰਨਾ ਕਰਦਿਆਂ ਫ਼ੁਰਮਾਇਆ,

'ਮਲ੍ਹਣ! ਭਾਈ, ਪਰਮ-ਗੁਰੂ ਜੀ ਦੇ ਹੁਕਮ -ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਨੀ ਸਾਰੀ॥ ਅਨੁਸਾਰ ਸਾਨੂੰ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ ਜਿਸ ਦੀ ਜੁਗਤੀ ਸਾਨੂੰ ਗੁਰ-ਸੰਗਤ ਦੀ ਸੇਵਾ ਕਰ ਕੇ ਪ੍ਰਾਪਤ ਹੁੰਦੀ ਹੈ। ਇਸ ਲਈ ਗੁਰੂ-ਘਰ ਵਿਚੋਂ ਸਿੱਖ ਕੇ ਦੁਨੀਆਂ ਵਿਚ ਸੇਵਾ ਕਰ ਕੇ ਮਨੁੱਖਾ ਜੀਵਨ ਸਫ਼ਲ ਕਰੀਏ। ਸਤਿਗੁਰਾਂ ਦੀ ਦੱਸੀ ਹੋਈ ਸੇਵਾ ਨਾਲ ਸਾਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ, ਇਸ ਦੇ ਬਰਾਬਰ ਹੋਰ ਸਭ ਕਰਮ ਹੋਛੇ ਹਨ'।

ਸਲੋਕ ਮ: 3॥
ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ॥
ਨਾਮੁ ਪਦਾਰਥੁ ਪਾਈਐ
ਅਚਿੰਤੁ ਵਸੈ ਮਨਿ ਆਇ॥
ਜਨਮ ਮਰਨ ਦੁਖੁ ਕਟੀਐ
ਹਉਮੈ ਮਮਤਾ ਜਾਇ॥
ਉਤਮ ਪਦਵੀ ਪਾਈਐ
ਸਚੇ ਰਹੈ ਸਮਾਇ॥
ਨਾਨਕ ਪੂਰਬਿ ਜਿਨ ਕਉ ਲਿਖਿਆ
ਤਿਨਾ ਸਤਿਗੁਰੁ ਮਿਲਿਆ ਆਇ॥1॥
ਗੁ.ਗ੍ਰ.ਸਾ. ਪੰਨਾ 552

ਭਾਈ ਮਲ੍ਹਣ ਨੇ 'ਸਤਿ ਬਚਨ ਜੀ' ਕਹਿ ਕੇ ਸੀਸ ਨਿਵਾ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਸਤਿਗੁਰ ਕਹਯੋ, 'ਤਯਾਗ ਹੰਕਾਰਾ।(ਗੁਰ-ਦੇਵ ਜੀ ਕਿਹਾ ਕਿ ਨਿਰਹੰਕਾਰ ਹੋ ਕੇ)
'ਸੰਤਨ ਸੇਵਹੁ ਹੋਹਿਂ ਸੁਖਾਰਾ।(ਸੰਗਤਾਂ ਦੀ ਸੇਵਾ ਕਰੋ..)
ਸਰਧਾ ਧਰਿ ਆਹਾਰ ਕਰਿਵਾਵਹੁ।
(ਸ਼ਰਧਾ ਨਾਲ ਭੋਜਨ ਕਰਵਾਵਉ)
ਚਰਨ ਪਖਾਰਹੁ ਰੁਚਿ
ਤ੍ਰਿਪਤਾਵਹੁ'।15॥40॥ ਰਾਸ 1 (ਭਾਵਨਾ ਨਾਲ ਚਰਨ ਧੋਵੋ ਆਦਿ, ਸੁਖ ਪਾਵੋਗੇ)

### ਰਾਮੂ, ਦੀਪਾ, ਉਗ੍ਰਸੈਨ ਤੇ ਨਗਾਉਰੀ

ਡੱਲਾ ਨਿਵਾਸੀ ਇਹ ਚਾਰ ਸੱਜਣ ਰਾਮੂ,ਦੀਪਾ,ਉਗ੍ਰਸੈਨ ਤੇ ਨਗਾਉਰੀ ਹਜ਼ੂਰ ਕੋਲ ਆਏ ਅਰ ਜੀਵਨ ਮੁਕਤਿ ਹੋਣ ਦਾ ਗੁਰਮਤ ਮਾਰਗ ਜਾਨਣਾ ਚਾਹਿਆ। ਗੁਰੂ ਪਾਤਸ਼ਾਹ ਜੀ ਨੇ ਸਮਝਾਇਆ,

'ਅੰਮ੍ਰਿਤ ਵੇਲੇ ਜਾਗ ਕੇ ਚਾਰ ਘੜੀਆਂ ਨਾਮ-ਬਾਣੀ ਦਾ ਅਭਿਆਸ ਕਰੋ ਭਾਵ ਨਾਮ ਸਿਮਰਨ ਉਪਰੰਤ ਗੁਰਬਾਣੀ ਦਾ ਪਾਠ ਅਰ ਵਿਚਾਰ ਕਰੋ'।

'ਜੀ! ਬੱਸ ਚਾਰ ਘੜੀਆਂ'?

'ਹਾਂ ਭਾਈ! ਚਾਰ ਘੜੀਆਂ। ਇਹ ਚਾਰ ਘੜੀਆਂ ਦਾ ਉੱਦਮ ਤੁਹਾਡਾ ਜੀਵਨ ਇਉਂ ਪਾਰ ਲਗਾ ਦੇਵੇਗਾ ਜਿਸ ਤਰਹ ਚਾਰ ਉਂਗਲ ਉੱਪਰ ਰਹੀ ਬੇੜੀ ਸਾਰੇ ਸਾਮਾਨ ਨੂੰ ਪਾਣੀ ਤੋਂ ਪਾਰ ਲੰਘਾ ਦੇਂਦੀ ਹੈ। ਫਿਰ ਕਿਰਤ ਵਿਰਤ ਕਰੋ ਅਰ ਕਰਤਾਰ ਨੂੰ ਚੇਤੇ ਰਖਦਿਆਂ ਸੰਗਤਾਂ ਦੀ ਪ੍ਰਸ਼ਾਦ-ਪਾਣੀ ਆਦਿ ਨਾਲ ਸੇਵਾ ਕਰੋ। ਬੱਸ, ਇਸੇ ਨਾਲ ਹੀ ਤੁਹਾਡਾ ਜੀਵਨ ਸਫ਼ਲ ਹੋ ਜਾਵੇਗਾ'।

'ਬਲਿਹਾਰ ਜਾਈਏ ਪਾਤਸ਼ਾਹ ਜੀ ਆਪ ਜੀ ਦੇ ਇਸ ਸੁਖੈਨ ਧਰਮੀ ਰਾਹ ਦੇ, ਤੁਸਾਂ ਤਾਂ ਵੇਦਾਂ ਦਾ ਸਾਰਾ ਭਾਰ ਹੀ ਮਨੁੱਖਤਾ ਦੇ ਗਲੋਂ ਲਾਹ ਦਿੱਤਾ,' ਇਨ੍ਹਾਂ ਕਿਹਾ। ਹਜ਼ੂਰ ਕਹਿਣ ਲਗੇ,

'ਬਲਿਹਾਰ ਜਾਈਏ ਪਰਮ-ਗੁਰੂ ਗੁਰੂ ਨਾਨਕ ਸਾਹਿਬ ਜੀ ਤੋਂ ਜਿਨ੍ਹਾਂ ਅਪਾਰ ਦਇਆ ਕਰਦਿਆਂ -ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ ਸਮਝਾ ਕੇ ਸਾਨੂੰ ਅੰਮ੍ਰਿਤ ਵੇਲੇ ਉਠਾ ਕੇ, ਨਾਮ ਅੰਮ੍ਰਿਤ ਨਾਲ ਜੋੜ ਕੇ, ਵਿਕਾਰਾਂ ਦੇ ਬੰਧਨਾਂ ਤੋਂ ਅਮਰ ਕਰ ਦਿੱਤਾ'।

ਚਲਦਾ.....


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**
ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।
01332 372 851
07966 388 388

# ਪੰਜਾਬ ਦੀ ਧਰਤੀ ਦਾ ਯੋਧਾ-ਪੁੱਤਰ ਜਨਰਲ ਮੋਹਨ ਸਿੰਘ ਅਜ਼ਾਦ ਹਿੰਦ ਫੌਜ

**26 ਦਸੰਬਰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਅਜਿਹੇ ਵਿਰਲੇ ਯੋਧੇ ਹਨ, ਜਿਨ੍ਹਾਂ ਆਪਣੇ ਜੀਵਨ ਦਾ ਪਲ-ਪਲ ਦੇਸ਼ ਦੀ ਅਜ਼ਾਦੀ ਲਈ ਹੰਢਾਇਆ ਹੋਵੇ। ਪੰਜਾਬ ਦੀ ਧਰਤੀ ਦਾ ਅਜਿਹਾ ਸਪੁੱਤਰ ਹੈ, ਇੰਡੀਅਨ ਨੈਸ਼ਨਲ ਆਰਮੀ ਮੋਢੀ ਜਨਰਲ ਮੋਹਨ ਸਿੰਘ। ਇਸ ਮਹਾਨ ਜਰਨੈਲ ਦਾ ਜਨਮ 1909 ਈ: ਵਿੱਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਬਦਿਆਣਾ ਆਪਣੇ ਨਾਨਕੇ ਪਿੰਡ ਵਿੱਚ ਹੋਇਆ। ਪਿਤਾ ਜੀ ਸ. ਤਾਰਾ ਸਿੰਘ ਜਨਮ ਤੋਂ ਦੋ ਮਹੀਨੇ ਪਹਿਲਾਂ ਸੰਸਾਰ ਨੂੰ ਅਲਵਿਦਾ ਆਖ ਗਏ। ਇਨ੍ਹਾਂ ਦੀ ਮਾਤਾ ਹੁਕਮ ਕੌਰ ਆਪਣੇ ਸਹੁਰੇ ਪਿੰਡ ਉਗੋਕੇ ਤੋਂ ਪੇਕੇ ਚਲੀ ਗਈ। ਜਨਰਲ ਮੋਹਨ ਸਿੰਘ ਇਥੇ ਹੀ ਪ੍ਰਵਾਨ ਚੜ੍ਹਿਆ। ਦੱਸਵੀਂ ਦੀ ਪੜ੍ਹਾਈ ਤੋਂ ਪਿੱਛੋਂ 1927 ਈ: ਵਿੱਚ ਇਹ ਨੌਜਵਾਨ 18 ਸਾਲ ਦੀ ਉਮਰ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਿਆ। 1931 ਈ: ਵਿੱਚ ਪੋਟੈਸ਼ਨਲ ਅਫ਼ਸਰ ਚੁਣਿਆ ਗਿਆ। ਆਈ. ਐਮ. ਏ. ਦੇਹਰਾਦੂਨ ਤੋਂ ਟ੍ਰੇਨਿੰਗ ਕਰਕੇ 1934 ਈ: ਵਿੱਚ ਕਮਿਸ਼ਨ ਪ੍ਰਾਪਤ ਕੀਤਾ। 1939 ਈ: ਵਿੱਚ ਦੂਜਾ ਵਿਸ਼ਵ ਯੁੱਧ ਆਰੰਭ ਹੋ ਗਿਆ। ਉਸ ਸਮੇਂ ਮੋਹਨ ਸਿੰਘ ਕੈਪਟਨ ਬਣ ਚੁੱਕਾ ਸੀ। 1941 ਵਿੱਚ ਮੇਜਰ ਬਣਿਆ, ਨਾਲ ਹੀ ਇਨ੍ਹਾਂ ਦੀ ਬਟਾਲੀਅਨ ਮਲਾਇਆ ਭੇਜ ਦਿੱਤੀ ਗਈ। ਦੂਜੇ ਵਿਸ਼ਵ ਯੁੱਧ ਦੇ ਦੌਰਾਨ 7 ਦਸੰਬਰ, 1941 ਨੂੰ ਜਪਾਨ ਨੇ ਅਮਰੀਕਨ ਏਅਰਬੇਸ ਉੱਤੇ ਹਮਲਾ ਕਰ ਦਿੱਤਾ। ਕੁਝ ਕੁ ਦਿਨਾਂ ਵਿੱਚ ਹੀ ਦੱਖਣ ਪੂਰਬੀ ਏਸ਼ੀਆ ਨੂੰ ਕਾਬੂ ਕਰ ਲਿਆ, ਵੱਡੀ ਗਿਣਤੀ ਵਿੱਚ ਅੰਗ੍ਰੇਜ਼ੀ ਫੌਜ ਨੂੰ ਅਧੀਨ ਕਰ ਲਿਆ। ਇਨ੍ਹਾਂ ਫੌਜੀਆਂ ਵਿੱਚ ਵੱਡੀ ਗਿਣਤੀ ਸਿੱਖ ਸੈਨਿਕਾਂ ਦੀ ਹੀ ਸੀ। ਇਸੇ ਦੌਰਾਨ ਜਪਾਨੀ ਫੌਜ ਦੇ ਅਫਸਰ ਮੇਜਰ ਇਵਾਇਚੀ ਫੂਜੀਵਾਰਾ ਨੇ ਮੋਹਨ ਸਿੰਘ ਨੂੰ ਹਿੰਦੁਸਤਾਨੀ ਕੈਦੀਆਂ ਨਾਲ ਮਿਲਾਇਆ। ਇਸੇ ਦੌਰਾਨ ਹੀ ਏਸ਼ੀਆਈ ਲੋਕਾਂ ਉਪਰ ਗੈਰ-ਏਸ਼ੀਆਈ ਵੱਲੋਂ ਕੀਤੇ ਜਬਰ ਦੇ ਵਿਰੁੱਧ ਲਾਮਬੰਦ ਹੋ ਕੇ ਇੰਡੀਅਨ ਨੈਸ਼ਨਲ ਆਰਮੀ ਬਣੀ। ਇਹ ਯੋਜਨਾ 1 ਸਤੰਬਰ, 1942 ਵਿੱਚ ਬਣੀ। ਇਸ ਫੌਜ ਦਾ ਜਨਰਲ ਆਫੀਸਰ ਕਮਾਂਡਿੰਗ ਮੋਹਨ ਸਿੰਘ ਨੂੰ ਬਣਾਇਆ ਗਿਆ।

ਇਸ ਜ਼ਿੰਮੇਵਾਰੀ ਨੂੰ ਸੰਭਾਲਦਿਆਂ ਜਨਰਲ ਮੋਹਨ ਸਿੰਘ ਨੇ ਆਪਣੇ ਸੀਨੀਅਰ ਅਫ਼ਸਰਾਂ ਨਾਲ ਮਿਲ ਕੇ ਰਾਸ ਬਿਹਾਰੀ ਬੋਸ ਦੀ ਅਗਵਾਈ ਅਧੀਨ ਦੱਖਣ ਪੂਰਬੀ ਏਸ਼ੀਆ ਦੇ ਵੱਡੇ ਖਿੱਤੇ ਦੇ ਹਿੰਦੁਸਤਾਨੀਆਂ ਦੀ ਸੰਸਥਾ ਇੰਡੀਅਨ ਇੰਡੀਪੈਂਡੈਂਸ ਲੀਗ ਰਾਹੀਂ ਜਪਾਨ ਸਰਕਾਰ ਨਾਲ ਸੰਪਰਕ ਕੀਤਾ। ਆਪਣੇ ਅਧੀਨ ਹਿੰਦੁਸਤਾਨੀ ਫੌਜੀਆਂ ਨੂੰ ਪੂਰੀ ਤਰ੍ਹਾਂ ਲਾਮਬੰਦ ਕੀਤਾ। ਪਰ ਇਨ੍ਹਾਂ ਛੇਤੀ ਹੀ ਅਨੁਭਵ ਕਰ ਲਿਆ ਕਿ ਜਪਾਨ ਸਰਕਾਰ ਅਜ਼ਾਦ ਹਿੰਦ ਫੌਜ ਦੀ ਖ਼ੁਦਮੁਖਤਾਰੀ ਮੰਨਣ ਲਈ ਤਿਆਰ ਨਹੀਂ, ਕੇਵਲ ਕੱਠਪੁਤਲੀ ਵਜੋਂ ਵਰਤਣਾ ਚਾਹੁੰਦੀ ਹੈ। ਜਨਰਲ ਮੋਹਨ ਸਿੰਘ ਨੂੰ ਇਸ ਸਥਿਤੀ ਵਿੱਚ ਰਹਿਣਾ ਮਨਜ਼ੂਰ ਨਹੀਂ ਸੀ, ਹੁਣ 29 ਦਸੰਬਰ, 1942 ਈ: ਨੂੰ ਜਨਰਲ ਨੂੰ ਗ੍ਰਿਫਤਾਰ ਕਰਕੇ ਸਮਾਟਰਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ।

ਹੁਣ ਆਪਣੇ ਜਨਰਲ ਦੀ ਗ੍ਰਿਫਤਾਰੀ ਕਾਰਨ ਅਜ਼ਾਦ ਹਿੰਦ ਫੌਜ ਵਿੱਚ ਪੈਦਾ ਹੋਏ ਰੋਹ ਨੂੰ ਦਬਾਉਣ ਲਈ ਜਪਾਨ ਸਰਕਾਰ ਨੇ ਜਰਮਨੀ ਤੋਂ ਸੁਭਾਸ਼ ਚੰਦਰ ਬੋਸ ਨੂੰ ਮਲਾਇਆ ਬੁਲਾਇਆ ਗਿਆ, ਜੂਨ 1943 ਵਿੱਚ ਹਿੰਦੁਸਤਾਨੀਆਂ ਦੀ ਫੌਜ ਦੀ ਕਮਾਨ ਉਸ ਨੂੰ ਸੰਭਾਲ ਦਿੱਤੀ। ਜਨਰਲ ਮੋਹਨ ਸਿੰਘ ਨੂੰ ਆਪਣੇ ਅਹੁਦੇ 'ਤੇ ਬਹਾਲ ਕਰ ਦਿੱਤਾ ਗਿਆ। ਇਸ ਤਰ੍ਹਾਂ ਵਿਦੇਸ਼ ਦੀ ਧਰਤੀ 'ਤੇ ਅਜ਼ਾਦ ਹਿੰਦ ਦੀ ਆਰਜ਼ੀ ਸਰਕਾਰ ਕਾਇਮ ਕਰ ਦਿੱਤੀ। ਪਰ ਲੜਾਈ ਵਿੱਚ ਅੰਗ੍ਰੇਜ਼ ਫੌਜ ਦਾ ਪਲੜਾ ਭਾਰੀ ਹੁੰਦਾ ਗਿਆ। ਇਸੇ ਦੌਰਾਨ ਜਪਾਨ ਉਪਰ ਅਮਰੀਕਾ ਉਪਰ ਪ੍ਰਮਾਣੂ ਬੰਬ ਸੁੱਟੇ ਜਾਣ 'ਤੇ ਲੜਾਈ ਦਾ ਪਾਸਾ ਪਲਟ ਗਿਆ। 14 ਅਗਸਤ, 1945 ਨੂੰ ਜਪਾਨ ਨੇ ਆਤਮ-ਸਮਰਪਣ ਕਰ ਦਿੱਤਾ। ਇਧਰ ਮਲਾਇਆ ਅਤੇ ਬਰਮਾ ਪੂਰੀ ਤਰ੍ਹਾਂ ਅੰਗ੍ਰੇਜ਼ ਫੌਜਾਂ ਦੇ ਅਧੀਨ ਹੋ ਚੁੱਕੇ ਸਨ। ਜਨਰਲ ਮੋਹਨ ਸਿੰਘ ਨੂੰ ਆਪਣੇ ਹੋਰ ਸਾਥੀ ਅਫ਼ਸਰਾਂ ਅਤੇ ਵੀਹ ਹਜ਼ਾਰ ਸੈਨਿਕ ਸਮੇਤ ਫੜ ਕੇ ਹਿੰਦੁਸਤਾਨ ਭੇਜ ਦਿੱਤਾ। ਕੁਝ ਕੁ ਮੁੱਖ ਅਫ਼ਸਰਾਂ ਤੋਂ ਬਿਨਾਂ ਬਾਕੀਆਂ ਨੂੰ ਰਿਹਾਅ ਕਰ ਦਿੱਤਾ। 1946 ਵਿੱਚ ਜਨਰਲ ਮੋਹਨ ਸਿੰਘ ਦੀ ਵੀ ਰਿਹਾਈ ਹੋ ਗਈ। ਅਜ਼ਾਦ ਹਿੰਦ ਫੌਜ ਦੀ ਦੇਸ਼-ਭਗਤੀ ਨੂੰ ਸਾਰੇ ਪਾਸਿਆਂ ਤੋਂ ਪ੍ਰਸ਼ੰਸਾ ਮਿਲੀ। 1947 ਈ: ਵਿੱਚ ਦੇਸ਼ ਅਜ਼ਾਦ ਹੋ ਗਿਆ। ਜਨਰਲ ਮੋਹਨ ਸਿੰਘ ਲਹਿੰਦੇ ਪੰਜਾਬ ਨੂੰ ਛੱਡ ਕੇ ਚੜ੍ਹਦੇ ਪੰਜਾਬ ਵਿੱਚ ਆ ਗਿਆ। ਲੁਧਿਆਣੇ ਨੇੜੇ ਜੁਗਿਆਣੇ ਪਿੰਡ ਵਿੱਚ ਜ਼ਮੀਨ ਅਲਾਟ ਹੋਈ। ਸਥਾਈ



ਤੌਰ 'ਤੇ ਇਥੇ ਰਹਿਣਾ ਸ਼ੁਰੂ ਕੀਤਾ। ਪੁਰਾਣੇ ਸਾਥੀਆਂ ਨਾਲ ਮਿਲ ਕੇ 1947 ਈ: ਵਿੱਚ ਦੇਸ਼-ਸੇਵਕ ਸੈਨਾ ਬਣਾਈ। 1948 ਵਿੱਚ ਇਹੋ ਦੇਸ਼ ਸੇਵਕ ਪਾਰਟੀ ਵਿੱਚ ਬਦਲ ਗਈ। 1950 ਈ: ਵਿੱਚ ਆਲ ਇੰਡੀਆ ਫਾਰਵਰਡ ਬਲਾਕ ਵਿੱਚ ਮਿਲ ਕੇ ਜਨਰਲ ਮੋਹਨ ਸਿੰਘ ਇਸ ਦੇ ਚੇਅਰਮੈਨ ਬਣ ਗਏ। 1955 ਈ: ਵਿੱਚ ਆਪ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ। 1960 ਅਤੇ 1972 ਵਿੱਚ ਦੋ ਵਾਰ ਰਾਜ ਸਭਾ ਦੇ ਮੈਂਬਰ ਬਣੇ। 1976 ਈ: ਵਿੱਚ ਪੰਜਾਬ ਦੇ ਵਿਧਾਇਕ ਵੀ ਬਣੇ। ਰਾਜ ਸਭਾ ਵਿੱਚ ਅਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਅਜ਼ਾਦੀ ਘੁਲਾਟੀਏ ਐਲਾਨ ਕਰਵਾਇਆ। ਇਹ ਮਹਾਨ ਯੋਧਾ 80 ਸਾਲ ਦੀ ਉਮਰ ਵਿੱਚ 26 ਦਸੰਬਰ, 1989 ਈ: ਨੂੰ ਆਪਣੇ ਪਿੰਡ ਜੁਗਿਆਣਾ ਵਿੱਚ ਸੰਸਾਰ ਦਾ ਸਫ਼ਰ ਮੁਕਾ ਕੇ ਸਦਾ ਦੀ ਨੀਂਦ ਸੌਂ ਗਿਆ। ਇਸ ਯੋਧੇ ਨੂੰ ਸਾਡਾ ਪ੍ਰਣਾਮ।

# ਬਰਾਊਨ ਯੂਨੀਵਰਸਿਟੀ ਵਿੱਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 8 ਜ਼ਖਮੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰੋਡ ਆਈਲੈਂਡ ਦੀ ਰਾਜਧਾਨੀ ਪ੍ਰੋਵੀਡੈਂਸ ਵਿੱਚ ਸਥਿੱਤ ਬਰਾਊਨ ਯੂਨੀਵਰਸਿਟੀ ਦੇ ਕੈਂਪਸ ਵਿੱਚ ਹੋਈ ਗੋਲੀਬਾਰੀ ਵਿੱਚ ਘੱਟੋ ਘੱਟ 2 ਮੌਤਾਂ ਹੋਣ ਤੇ 8 ਹੋਰਨਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਪ੍ਰੋਵੀਡੈਂਸ ਪੁਲਿਸ ਨੇ ਐਕਸ ਉਪਰ ਪਾਈ ਇੱਕ ਪੋਸਟ ਵਿੱਚ ਕਿਹਾ ਹੈ ਕਿ ਕਈ ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ ਤੇ ਘਟਨਾ ਜਾਂਚ ਅਧੀਨ ਹੈ। ਪੁਲਿਸ ਨੇ ਲੋਕਾਂ ਤੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਜਿਥੇ ਹਨ ਉਥੇ ਹੀ ਰਹਿਣ ਤੇ ਅਗਲੇ ਨੋਟਿਸ ਤੱਕ ਘਟਨਾ ਵਾਲੇ ਸਥਾਨ 'ਤੇ ਨਾ ਜਾਣ। ਬਰਾਊਨ ਯੂਨੀਵਰਸਿਟੀ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਘਟਨਾ ਸਥਾਨਕ ਸਮੇ ਅਨੁਸਾਰ ਸ਼ਾਮ 4.22 ਵਜੇ ਵਾਪਰੀ ਜਦੋਂ ਬਾਰੂਸ ਐਂਡ ਹੋਲੀ ਇੰਜੀਨੀਅਰਿੰਗ ਨੇੜੇ ਇਕ ਸ਼ੂਟਰ ਨੇ ਅੰਧਾਧੁੰਦ ਗੋਲੀਬਾਰੀ ਕੀਤੀ। ਯੂਨੀਵਰਸਿਟੀ ਨੇ ਕਿਹਾ ਹੈ ਕਿ ਜਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਪਰੰਤੂ ਉਨਾਂ ਦੀ ਹਾਲਤ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਰਾਸ਼ਟਰਪਤੀ ਟਰੰਪ ਨੇ ਟਰੁੱਥ ਸੋਸ਼ਲ ਮੀਡੀਆ ਉਪਰ ਕਿਹਾ ਹੈ ਕਿ ਮੈਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ ਗਈ ਹੈ, ਐਫ ਬੀ ਆਈ ਮੌਕੇ ਉਪਰ ਪੁੱਜ ਗਈ ਹੈ। ਉਨਾਂ ਨੇ ਪੀੜਤਾਂ ਤੇ ਉਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ।

## ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ

ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ ਵਿਖੇ ਰੋਜ਼ਾਨਾ ਸੇਵਾਵਾਂ ਨਿਭਾਉਣ ਲਈ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ। ਮੁੱਖ ਕੰਮ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ, ਨਿੱਤਨੇਮ ਦੇ ਇਲਾਵਾ ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਧਾਰਮਿਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਮਦਦ ਕਰਨੀ। ਕੰਮ ਦਾ ਸਮਾਂ ਟਰਮ ਲਈ ਫਿਕਸ ਹੋਵੇਗਾ, ਯੋਗਤਾ ਅਤੇ ਯੂ ਕੇ ਦੇ ਰੁਜ਼ਗਾਰ ਕਾਨੂੰਨ ਮੁਤਾਬਿਕ ਚੰਗੀ ਤਨਖਾਹ ਅਤੇ ਵਧੀਆ ਰਿਹਾਇਸ਼ ਦਾ ਪ੍ਰਬੰਧ। ਚੰਗੀ ਤਨਖਾਹ, ਖਾਣਾ ਅਤੇ ਵਧੀਆ ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ।
ਸ਼ਰਤਾਂ: ਬਿਨੈਕਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਹੋਣੀ ਜਰੂਰੀ ਹੈ। ਪੰਜਾਬੀ ਲਿਖਣ, ਪੜ੍ਹਣ ਅਤੇ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਕੰਮ ਦਾ ਤਜ਼ਰਬਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਪਿਛਲੇ ਕੰਮ ਤੋਂ ਨੇਕ ਚਾਲ ਚੱਲਣ ਦਾ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਜਿਆਦਾ ਜਾਣਕਾਰੀ ਲਈ ਰਵਿੰਦਰ ਸਿੰਘ ਨਾਲ ਸੰਪਰਕ ਕਰੋ ਜੀ।
ਯੋਗ ਉਮੀਦਵਾਰ 19 ਜਨਵਰੀ 2026 ਤੋਂ ਪਹਿਲਾਂ ਅਰਜ਼ੀਆਂ ਗੁਰੂ ਘਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।

## VACANCY AT GURU NANAK GURDWARA IRVINE, AYRSHIRE (TIER-5 GRANTHI) REQUIRED

One religious worker (Granthi Singh) required to work in a busy and demanding Gurdwara Sahib, Guru Nanak Gurdwara in Irvine.

**Duties:** 1) Parkash of Sri Guru Granth Sahib, 2) Nitnem, 3) Sukhmani Sahib Ji Da Paath, 4) Sehaj Paath, 5) Recite Katha Vichar in the morning and evening, 6) Rehras Sahib, 7) Sukhasan Sahib, 8) Kirtan, 9) Explanation of various religious texts to the congregation.

**Requirements:** 1) Previous experience is essential, 2) Vast knowledge of Sri Guru Granth Sahib and Sikh history, 3) Must be Amritdhari and fluent in writing, reading and speaking Punjabi. 4) Must be of have clean character and appearance. 5) Must be able to provide references of previous experience.

**Must have right to work in U.K.**

**Duration:** Fixed term contract

**Benefits:** 1) Excellent salary, 2) Accommodation will be provided, 3) Access to Gurdwara Sahib's food pantry.

***For more information please contact:*** **Ravinder Singh on 07462 303 430**
**Please send applications before 19th January 2026 to Address below**

**GURU NANAK GURDWARA SAHIB IRVINE,**
***40-42 BANK STREET, IRVINE, AYRSHIRE, SCOTLAND KA12 0LP***

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**641. ਸੁੱਤਾ ਕੌਣ ਹੈ ਤੇ ਜਾਗਦਾ ਕੌਣ ਹੈ?**

ਮਨਮੁਖ ਮਾਇਆ ਦੇ ਮੋਹ ਪਿਆਰ ਵਿਚ ਸੁੱਤਾ ਪਿਆ ਹੈ; ਭਾਵ ਮਾਇਆ/ਵਿਕਾਰਾਂ ਦੇ ਹੱਲਿਆਂ ਤੋਂ ਅਵੇਸਲਾ ਰਹਿੰਦਾ ਹੈ । ਗੁਰੂ ਅਨੁਸਾਰੀ ਪ੍ਰਭੂ ਦੇ ਗੁਣਾਂ ਦੀ ਵੀਚਾਰ 'ਚ ਜਾਗਦੇ ਹਨ; ਭਾਵ ਮਾਇਆ/ਵਿਕਾਰਾਂ ਦੇ ਹੱਲਿਆਂ ਤੋਂ ਸੁਚੇਤ ਰਹਿੰਦੇ ਹਨ । ਪ੍ਰਭੂ ਦੇ ਉਹ ਸੇਵਕ ਜਾਗਦੇ ਹਨ ਜਿਹਨਾਂ ਨੂੰ ਨਾਮ ਨਾਲ਼ ਪਿਆਰ ਹੈ । "ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥1॥ ਅੰਗ 160"। ਸਤਿਗੁਰੂ ਜੀ ਸਾਨੂੰ ਦੱਸਦੇ ਹਨ ਕਿ ਉਹ ਪ੍ਰਭੂ ਦੇ ਪ੍ਰੇਮ ਵਿਚ ਜਾਗਦੇ ਹਨ । "ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥4। ਅੰਗ 182" । ਜਾਂ ਉਹ ਜਾਗਦਾ ਹੈ ਜਿਸਤੇ ਪ੍ਰਭੂ ਕਿਰਪਾ ਕਰਦਾ ਹੈ । "ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਅੰਗ 182" । ਹੇ ਪ੍ਰਭੂ! ਜੀਵ ਤੇਰੀ ਰਜ਼ਾ ਅਨੁਸਾਰ ਹੀ ਮਾਇਆ ਦੇ ਭਰਮ ਵਿਚ, ਮਾਇਆ ਦਾ ਮੋਹਿਆ ਜਾਗਦਾ ਨਹੀਂ, ਸੁੱਤਾ ਰਹਿੰਦਾ ਹੈ । "ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥2॥ ਅੰਗ 207" । ਬ੍ਰਹਮ ਗਿਆਨੀ ਸਦਾ ਹੀ ਜਾਗਦਾ ਰਹਿੰਦਾ ਹੈ । "ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਅੰਗ 273" । ਮਾਇਆ ਦੇ ਨਸ਼ੇ 'ਚ ਮਸਤ ਲੋਕ ਸੁੱਤੇ ਰਹਿੰਦੇ ਹਨ । ਪ੍ਰਭੂ ਦੇ ਸਿਮਰਨ 'ਚ ਰੱਤੇ ਹੋਏ ਪ੍ਰਭੂ ਦੇ ਭਗਤ ਜਾਗਦੇ ਰਹਿੰਦੇ ਹਨ । "ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥1॥ ਰਹਾਉ ॥ ਅੰਗ 388" । ਮਾਇਆ ਮੋਹ ਵਿਚ ਜਾਂ ਮਨਮੁਖਾਂ ਨੂੰ ਸੁਤਿਆਂ ਹੋਏ ਦਰਸਾਉਂਦੇ ਕੁਛ ਗੁਰਵਾਕ ਅੱਗੇ ਦਿੱਤੇ ਜਾਂਦੇ ਹਨ:

"ਮਾਇਆ ਮੋਹਿ ਸਭੋ ਜਗੁ ਸੋਇਆ
ਇਹੁ ਭਰਮੁ ਕਹਹੁ ਕਿਉ ਜਾਈ ॥1॥
ਅੰਗ 205" ।

"ਮਾਇਆ ਮੋਹਿ ਸੋਇ ਰਹੇ ਅਭਾਗੇ ॥
ਅੰਗ 375" ।

"ਸੋਇ ਰਹੇ ਮਾਇਆ ਮਦ ਮਾਤੇ ॥
ਅੰਗ 388" ।

"ਬਾਵਰ ਸੋਇ ਰਹੇ ॥1॥ ਰਹਾਉ ॥
ਮੋਹ ਕੁਟੰਬ ਬਿਖੈ ਰਸ ਮਾਤੇ
ਮਿਥਿਆ ਗਹਨ ਗਹੇ ॥1॥
ਅੰਗ 406" ।

"ਇਕ ਕਾਮਣਿ ਹਿਤਕਾਰੀ ਮਾਇਆ ਮੋਹਿ
ਪਿਆਰੀ ਮਨਮੁਖ ਸੋਇ ਰਹੇ ਅਭਾਗੇ ॥
ਅੰਗ 569" ।

"ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ
ਸਾਬਤੁ ਭਾਈ ਹੇ ॥4॥
ਅੰਗ 1024" ।

"ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ॥
ਅੰਗ 1047" ।

ਪ੍ਰਕਾਸ਼ (ਗਿਆਨ) ਸਰੂਪ ਸਤਿਗੁਰੂ ਜਾਗਦਾ ਰਹਿੰਦਾ ਹੈ । "ਸਤਿਗੁਰ ਜਾਗਤਾ ਹੈ ਦੇਉ ॥1॥ ਰਹਾਉ ॥ ਅੰਗ 479" । ਜਿਹੜਾ ਬ੍ਰਹਮ-ਰੂਪ ਕਮਲ (ਦੇ ਸ਼ਹਿਦ) ਦਾ ਰਸ ਚੱਖਦਾ ਹੈ ਉਹ ਮਾਇਆ ਦੇ ਹੱਲਿਆਂ ਵਲੋਂ ਸੁਚੇਤ ਰਹਿੰਦਾ ਹੈ, (ਮਾਇਆ-ਮੋਹ ਦੀ ਨੀਂਦ ਵਿਚ) ਸੌਂਦਾ ਨਹੀਂ । "ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥7॥ ਅੰਗ 503" । ਸਤਿਗੁਰੂ ਤੋਂ ਸੱਚੇ (ਸਦਾ ਥਿਰ) ਪ੍ਰਭੂ ਨੂੰ ਪਛਾਣ ਲਈਦਾ ਹੈ ਤੇ ਸੱਚੇ ਪ੍ਰਭੂ ਵਿਚ ਸਹਿਜੇ ਹੀ ਲੀਨ ਹੋ ਜਾਈਦਾ ਹੈ । ਜਿਸ ਕਰਕੇ ਬੰਦਾ ਰਾਤ ਦਿਨ ਜਾਗਦਾ ਰਹਿੰਦਾ ਹੈ, ਸੌਂਦਾ ਨਹੀਂ ਤੇ ਜਾਗਦਿਆਂ ਹੀ ਉਸਦੀ ਸਾਰੀ ਉਮਰ ਬੀਤਦੀ ਹੈ । "ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥ ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥ ਅੰਗ 515" ॥ ਇਕ ਸਤਿਗੁਰੂ ਹੀ ਜਾਗਦਾ (ਸੁਚੇਤ) ਹੈ, ਹੋਰ ਸਾਰਾ ਸੰਸਾਰ ਮਾਇਆ ਦੇ ਮੋਹ ਤੇ ਤ੍ਰਿਸ਼ਨਾ ਵਿਚ ਸੁੱਤਾ ਪਿਆ ਹੈ । ਸਤਿਗੁਰੂ ਅਮਰ ਦਾਸ ਜੀ ਸਾਨੂੰ ਦੱਸਦੇ ਹਨ ਕਿ (ੳ) ਜਾਗਦੇ ਉਹ ਹਨ ਜੋ ਸਤਿਗੁਰੂ ਦੀ ਸੇਵਾ ਕਰਦੇ ਹਨ ਤੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਸੱਚੇ ਨਾਮ ਵਿਚ ਰੱਤੇ ਰਹਿੰਦੇ ਹਨ । "ਮਃ 3 ॥ ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥ ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥ ਅੰਗ 592" । ਅਤੇ (ਅ) ਜੋ ਜਾਗਦੇ ਰਹਿੰਦੇ ਹਨ ਉਹਨਾਂ ਨੇ ਪ੍ਰਭੂ ਨੂੰ ਪਾ ਲਿਆ; ਗੁਰੂ ਦੇ ਸ਼ਬਦ ਰਾਹੀਂ ਉਹਨਾਂ ਨੇ ਹਉਮੈ ਨੂੰ ਮਾਰ ਲਿਆ । "ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥ ਅੰਗ 599" । ਹੇ ਪ੍ਰਭੂ! ਜਿਹਨਾਂ ਉੱਪਰ ਤੇਰੀ ਕਿਰਪਾ ਹੁੰਦੀ ਹੈ ਉਹਨਾਂ ਨੂੰ ਗੁਰੂ ਦੀ ਪ੍ਰਾਪਤੀ ਰਾਹੀਂ ਸਰਬ-ਵਿਆਪਕ ਪਰਮਾਤਮਾ ਮਿਲ ਪੈਂਦਾ ਹੈ । ਹੇ ਨਾਨਕ! ਉਹ ਮਨੁੱਖ ਆਤਮਿਕ ਅਡੋਲਤਾ ਦਾ ਬੇਅੰਤ ਸੁਖ ਮਾਣਦੇ ਹਨ ਅਤੇ ਉਹ ਰਾਤ ਦਿਨ ਪਰਮਾਤਮਾ ਪ੍ਰਤੀ ਸੁਚੇਤ ਰਹਿੰਦੇ ਹਨ । "ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥ ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥4॥7॥ ਅੰਗ 607" । ਜੋ ਮਨੁੱਖ ਜਾਗਦਾ ਹੀ (ਮਾਇਆ ਮੋਹ ਵਿਚ) ਸੁੱਤਾ ਰਹਿੰਦਾ ਹੈ, ਉਹ ਅਪਣਾ ਮਨੁੱਖਾ ਜੀਵਨ ਅਜਾਈਂ ਗਵਾ ਲੈਂਦਾ ਹੈ; (ਕਿਉਂਕਿ) ਉਸ ਦਾ ਸਾਰਾ ਮਾਲ ਧਨ ਇਕੱਠਾ ਕੀਤਾ ਹੋਇਆ (ਤਾਂ ਆਖ਼ਿਰ) ਬਿਗਾਨਾ ਹੋ ਜਾਂਦਾ ਹੈ । "ਜਾਗਤੁ ਸੋਇਆ ਜਨਮੁ ਗਵਾਇਆ ॥ ਮਾਲੁ ਧਨੁ ਜੋਰਿਆ ਭਇਆ ਪਰਾਇਆ ॥ ਅੰਗ 792" । ਆਪਣੇ ਪਿਆਰੇ ਪ੍ਰਭੂ ਨਾਲ ਪ੍ਰੀਤ-ਪਿਆਰ ਦੀ ਰਾਹੀਂ ਮਨੁੱਖ ਦਿਨ ਰਾਤ (ਮਾਇਆ/ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦਾ ਹੈ । "ਅਨਦਿਨੁ ਜਾਗਤ ਰਹੈ ਦਿਨੁ ਰਾਤੀ ਅਪਨੇ ਪ੍ਰਿਅ ਪ੍ਰੀਤਿ ਪਿਆਰੀ ॥26॥ ਅੰਗ 911" । ਜਗਤ ਤਿੰਨਾਂ ਗੁਣਾਂ ਵਿਚ ਭਰਮ ਕੇ ਸੁੱਤਾ (ਗ਼ਾਫ਼ਿਲ ਹੋਇਆ) ਪਿਆ ਹੈ, ਸੁੱਤਿਆਂ ਦੀ ਹੀ ਸਾਰੀ ਉਮਰ ਗੁਜ਼ਰ ਜਾਂਦੀ ਹੈ । ਗੁਰੂ ਦੀ ਕਿਰਪਾ ਨਾਲ਼ (ਸਿਰਫ਼) ਉਹੀ ਮਨੁੱਖ ਜਾਗਦੇ ਹਨ ਜਿਨ੍ਹਾਂ ਦੇ ਅੰਦਰ ਪਰਮਾਤਮਾ ਦਾ ਨਾਮ ਵਸ ਜਾਂਦਾ ਹੈ ਤੇ ਜੋ ਪਰਮਾਤਮਾ ਦੀ ਅੰਮ੍ਰਿਤ ਮਈ ਬਾਣੀ ਉਚਾਰਦੇ ਹਨ । "ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥ ਅੰਗ 920" । ਹੇ ਪ੍ਰਭੂ! ਜੇ ਮੈਂ ਤੈਨੂੰ ਚੰਗਾ ਲੱਗਾਂ ਤਾਂ ਮੈਂ ਸੁਚੇਤ ਰਹਾਂਗਾ । "ਜਾਗਤੁ ਜਾਗਿ ਰਹਾ ਤੁਧੁ ਭਾਵਾ॥ ਅੰਗ 933" । ਜੋ ਆਦਮੀ ਸੁਚੇਤ ਰਹਿੰਦਾ ਹੈ, ਉਹ ਕਦੇ ਵੀ ਮਾਇਆ ਮੋਹ ਦੀ ਨੀਂਦ ਨਹੀਂ ਸੌਂਦਾ ਤੇ ਨਾ ਹੀ ਕਦੇ ਝੂਠ ਬੋਲਦਾ ਹੈ । "ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਅੰਗ 974" । ਅਤੇ "ਜਾਗਤੁ ਰਹੈ ਨ ਅਲੀਆ ਭਾਖੈ ॥ ਅੰਗ 974" । ਮਾਇਆ ਦੇ ਭਰਮ 'ਚ ਲੁੱਟਿਆ ਪੁੱਟਿਆ ਬੰਦਾ ਜਾਗਦਾ ਹੀ ਸੁੱਤਾ ਰਹਿੰਦਾ ਹੈ ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................
ADDRESS....................................................................
.......................................POST CODE.........................
TEL..............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
www.panjabtimes.uk Email: Panjabtimes@aol.com

## ਕਾਨੂੰਨ ਦੀ ਅੱਖ ਤੋਂ ਦੂਰ: ਬ੍ਰਿਟੇਨ ਵਿੱਚ ਕਾਗਜ਼ਾਂ ਤੋਂ ਬਿਨਾਂ ਰਹਿੰਦੇ ਹਜ਼ਾਰਾਂ ਲੋਕਾਂ ਦੀ ਡਰਾਉਣੀ ਸੱਚਾਈ

ਬ੍ਰਿਟੇਨ ਵਿੱਚ ਵੀਜ਼ਾ ਮਿਆਦ ਖਤਮ ਹੋਣ ਤੋਂ ਬਾਅਦ ਵੀ ਰਹਿ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਚਿੰਤਾਜਨਕ ਪੱਧਰ 'ਤੇ ਵੱਧ ਰਹੀ ਹੈ, ਜਿਸ ਵਿੱਚੋਂ ਬਹੁਤ ਸਾਰੇ ਕਈ ਸਾਲਾਂ ਤੋਂ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਗੁਪਤ ਰੂਪ ਵਿੱਚ ਜੀਵਨ ਬਿਤਾ ਰਹੇ ਹਨ। ਇਨ੍ਹਾਂ ਲੋਕਾਂ ਦਾ ਮੰਨਣਾ ਹੈ ਕਿ ਬ੍ਰਿਟੇਨ ਦਾ ਇਮੀਗ੍ਰੇਸ਼ਨ ਸਿਸਟਮ 'ਨਰਮ' ਹੈ, ਜਿਸ ਕਾਰਨ ਇੱਥੇ ਰਹਿਣਾ ਅਤੇ ਕਾਨੂੰਨੀ ਕਾਰਵਾਈ ਤੋਂ ਬਚਣਾ ਮੁਕਾਬਲਤਨ ਆਸਾਨ ਹੈ। ਵੀਜ਼ਾ ਦੀ ਮਿਆਦ ਪੁੱਗਣ ਤੋਂ ਬਾਅਦ, ਉਹ 'ਜ਼ਮੀਨਦੋਜ਼' ਹੋ ਜਾਂਦੇ ਹਨ: ਆਪਣੀ ਪਛਾਣ ਛੁਪਾਉਂਦੇ ਹਨ, ਨਕਦ ਵਿੱਚ ਕੰਮ ਕਰਦੇ ਹਨ, ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਡਰੋਂ ਡਾਕਟਰ ਕੋਲ ਜਾਣ ਜਾਂ ਬੈਂਕ ਖਾਤਾ ਖੋਲ੍ਹਣ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਵੀ ਕਤਰਾਉਂਦੇ ਹਨ। ਕਈ ਤਾਂ ਸਾਲਾਂ ਤੱਕ ਸੂਰਜ ਦੀ ਰੌਸ਼ਨੀ ਵਿੱਚ ਵੀ ਨਹੀਂ ਜਾਂਦੇ ਅਤੇ ਅਕਸਰ ਬਹੁਤ ਭੀੜ ਵਾਲੇ ਰਿਹਾਇਸ਼ੀ ਹਾਲਾਤਾਂ ਵਿੱਚ ਰਹਿਣ ਲਈ ਮਜਬੂਰ ਹੁੰਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ ਅਤੇ ਮਨੋਬਲ ਪ੍ਰਭਾਵਿਤ ਹੁੰਦਾ ਹੈ।

ਇਹ ਲੁਕੇ ਹੋਏ ਪ੍ਰਵਾਸੀ ਆਮ ਤੌਰ 'ਤੇ ਅਸੁਰੱਖਿਅਤ ਅਤੇ ਘੱਟ ਮਜ਼ਦੂਰੀ ਵਾਲੀਆਂ ਨੌਕਰੀਆਂ, ਜਿਵੇਂ ਕਿ ਰੈਸਟੋਰੈਂਟਾਂ ਵਿੱਚ ਰਸੋਈ ਕੰਮ, ਜਾਂ ਕਾਰ ਵਾਸ਼ ਆਦਿ ਵਿੱਚ ਕੰਮ ਕਰਦੇ ਹਨ। ਉਨ੍ਹਾਂ ਦੀ ਕੋਈ ਕਾਨੂੰਨੀ ਹੈਸੀਅਤ ਨਾ ਹੋਣ ਕਰਕੇ, ਉਹ ਮਾਲਕਾਂ ਦੁਆਰਾ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਨੂੰ ਘੱਟ ਤਨਖਾਹ ਦਿੱਤੀ ਜਾਂਦੀ ਹੈ ਅਤੇ ਸ਼ਿਕਾਇਤ ਕਰਨ 'ਤੇ ਉਨ੍ਹਾਂ ਨੂੰ ਤੁਰੰਤ ਕੱਢਣ ਦੀ ਧਮਕੀ ਮਿਲਦੀ ਹੈ। ਇਸ ਦੇ ਬਾਵਜੂਦ, ਬਹੁਤ ਸਾਰੇ ਲੋਕ ਵਾਪਸ ਆਪਣੇ ਦੇਸ਼ ਨਹੀਂ ਜਾਂਦੇ ਕਿਉਂਕਿ ਉਨ੍ਹਾਂ ਨੂੰ ਉੱਥੇ ਰਾਜਨੀਤਿਕ ਖਤਰੇ, ਭਾਰੀ ਬੇਰੁਜ਼ਗਾਰੀ ਅਤੇ ਗਰੀਬੀ ਦਾ ਡਰ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬ੍ਰਿਟੇਨ ਵਿੱਚ ਘੱਟੋ-ਘੱਟ ਉਹ ਗੁਜ਼ਾਰਾ ਤਾਂ ਕਰ ਸਕਦੇ ਹਨ, ਜਦੋਂ ਕਿ ਵਾਪਸ ਜਾਣ 'ਤੇ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। ਮਾਹਿਰਾਂ ਦਾ ਕਹਿਣਾ ਹੈ ਕਿ ਬ੍ਰਿਟੇਨ ਦੇ ਇਮੀਗ੍ਰੇਸ਼ਨ ਸਿਸਟਮ ਦੀਆਂ ਕਮਜ਼ੋਰੀਆਂ ਇਸ ਸਮੱਸਿਆ ਨੂੰ ਹੋਰ ਵਧਾਉਂਦੀਆਂ ਹਨ। ਇੱਕ ਵਾਰ ਵੀਜ਼ਾ ਤੋਂ ਵੱਧ ਸਮਾਂ ਰੁਕਣ ਵਾਲੇ ਵਿਅਕਤੀਆਂ ਨੂੰ ਲੱਭਣਾ ਅਤੇ ਦੇਸ਼ ਤੋਂ ਬਾਹਰ ਭੇਜਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਆਲੋਚਕ ਦਲੀਲ ਦਿੰਦੇ ਹਨ ਕਿ ਇਹ ਕਾਨੂੰਨੀ ਲਾਗੂਕਰਨ ਦੀ ਘੱਟ ਸੰਭਾਵਨਾ ਹੀ ਪ੍ਰਵਾਸੀਆਂ ਨੂੰ ਵੀਜ਼ਾ ਦੀ ਉਲੰਘਣਾ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਸਥਿਤੀ ਨੇ ਨਾ ਸਿਰਫ਼ ਇਮੀਗ੍ਰੇਸ਼ਨ ਨੀਤੀਆਂ 'ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਇਹ ਵੀ ਦਰਸਾਇਆ ਹੈ ਕਿ ਬਿਨਾਂ ਕਾਗਜ਼ਾਂ ਦੇ ਜੀਵਨ ਬਿਤਾਉਣ ਵਾਲੇ ਲੋਕ ਕਿੰਨੀ ਮਨੁੱਖੀ ਮੁਸੀਬਤ ਅਤੇ ਸ਼ੋਸ਼ਣ ਦਾ ਸਾਹਮਣਾ ਕਰਦੇ ਹਨ।

ਲੜੀਵਾਰ ਨਾਵਲ




ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 53

# ਇੱਕ ਮੇਰੀ ਅੱਖ ਕਾਸ਼ਣੀ...

**ਪੂਰੇ ਇੱਕ ਸਾਲ ਬਾਅਦ ਬੱਲੀ ਨੂੰ ਜ਼ਮਾਨਤ ਮਿਲ ਗਈ। ਜੱਸੀ ਅਤੇ ਭੋਲੇ ਦੀ ਜ਼ਮਾਨਤ ਦਾ ਫ਼ੈਸਲਾ ਅਜੇ ਅਗਲੀ ਪੇਸ਼ੀ 'ਤੇ ਹੋਣਾ ਸੀ। ਜ਼ਮਾਨਤ ਮਿਲਣ ਤੋਂ ਬਾਅਦ ਬੱਲੀ ਪਿੰਡ ਨਾ ਆਇਆ। ਲੋਕਾਂ ਵਿੱਚ ਇੱਕ ਅਜੀਬ ਜਿਹੀ "ਦੰਦ ਕਥਾ" ਚੱਲ ਰਹੀ ਸੀ ਕਿ ਉਹ ਕਿਸੇ "ਗੈਂਗਸਟਰ ਗਰੁੱਪ" ਨਾਲ਼ ਜਾ ਮਿਲ਼ਿਆ ਸੀ। ਇਹ ਗੱਲਾਂ ਵੀ ਚੱਲ ਰਹੀਆਂ ਸਨ ਕਿ ਜੇਲ੍ਹ ਦੇ ਅੰਦਰ ਉਸ ਦੀ ਮੁਲਾਕਾਤ ਕਿਸੇ ਵੱਡੇ ਗੈਂਗਸਟਰ ਨਾਲ਼ ਹੋਈ ਅਤੇ ਬਾਹਰ ਆ ਕੇ ਉਹ ਉਹਨਾਂ ਦੇ ਗਰੁੱਪ ਵਿੱਚ ਹੀ ਸ਼ਾਮਲ ਹੋ ਗਿਆ। ਕਈ ਤਾਂ ਇਹ ਵੀ ਆਖਦੇ ਸਨ ਕਿ ਬੱਲੀ ਦੀ ਜ਼ਮਾਨਤ ਹੀ ਉਸ ਗੈਂਗਸਟਰ ਨੇ ਕਹਿ ਕੇ ਕਰਵਾਈ ਸੀ ਅਤੇ ਵਕੀਲਾਂ ਦਾ ਤਮਾਮ ਖਰਚਾ ਵੀ ਉਸ ਦੇ ਸਾਥੀਆਂ ਵੱਲੋਂ ਕੀਤਾ ਗਿਆ ਸੀ। ਪਰ 'ਅਸਲ' ਸੱਚ ਕੀ ਸੀ...? ਇਹ ਤਾਂ ਰੱਬ ਹੀ ਜਾਣਦਾ ਸੀ!**




## ਕਾਂਡ 24

ਅੱਜ ਉਹੀ ਘਰ "ਭਾਂਅ - ਭਾਂਅ" ਕਰਦਾ ਸੀ। ਕੱਲ੍ਹ ਤਿੰਨ ਪੁੱਤ ਗੁਰਮੇਲ ਕੌਰ ਕੋਲ਼ ਬੈਠ ਕੇ ਰੋਟੀ ਖਾਂਦੇ ਸਨ, ਅਤੇ ਅੱਜ ਉਹ ਊਠ ਦੀ ਪੂਛ ਵਾਂਗ ਇਕੱਲੀ ਹੀ ਬੈਠੀ ਸੀ। ਸਰਦਾਰਾ ਮੱਝਾਂ ਦੀਆਂ ਖੁਰਲੀਆਂ ਵਿੱਚ ਹੱਥ ਮਾਰਦਾ ਹੁਬਕੀਂ-ਹੁਬਕੀਂ ਰੋ ਰਿਹਾ ਸੀ। ਗੁਰਮੇਲ ਕੌਰ ਉਸ ਦੇ ਦਿਲ ਦੀ ਪੀੜ ਅਤੇ ਚਿਹਰੇ ਦੀ ਕਸੀਸ ਨੂੰ ਅੱਛੀ ਤਰ੍ਹਾਂ ਸਮਝਦੀ ਸੀ। ...ਮਸਾਂ ਵਿਚਾਰੇ ਨੂੰ ਸੁਖ ਦਾ ਸਾਹ ਆਉਣ ਲੱਗਿਆ ਸੀ, ਰੱਬ ਨੇ ਮਿੰਟ 'ਚ ਸਾਰਾ ਕੁਛ ਖੋਹ ਖਿੰਝ ਲਿਆ...।

-"ਹੇ ਡਾਢਿਆ ਰੱਬਾ...! ਦੱਸ ਕੀ ਖੁਨਾਮੀਂ ਹੋਗੀ ਸੀ ਸਾਡੇ ਕੋਲ਼ੋਂ...? ਜਿਹੜਾ ਤੂੰ ਐਡਾ ਵੱਡਾ ਲੋਹੜਾ ਮਾਰਿਆ...?" ਗੁਰਮੇਲ ਕੌਰ ਨੇ ਧੁਖ਼ਦੀ ਚਿਖ਼ਾ ਵਾਂਗ ਹਾਉਕਾ ਲਿਆ।

ਠਾਣੇਦਾਰ ਨੇ ਕੇਸ ਦਰਜ਼ ਕਰ ਕੇ ਦੋਸ਼ੀਆਂ ਨੂੰ ਇਲਾਕਾ ਮਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕਰ ਕੇ ਦੋਸ਼ੀਆਂ ਦਾ ਰਿਮਾਂਡ ਮੰਗਿਆ।

-"ਜਦ ਦੋਸ਼ੀ ਇਕਬਾਲ ਕਰ ਰਹੇ ਹਨ ਕਿ ਕਤਲ ਉਹਨਾਂ ਨੇ ਕੀਤਾ ਹੈ, ਤਾਂ ਰਿਮਾਂਡ ਕਿਸ ਵਾਸਤੇ...?" ਜੱਜ ਦੇ ਇੱਕੋ ਸਵਾਲ ਨੇ ਠਾਣੇਦਾਰ ਨੂੰ ਖੂੰਜੇ ਲਾ ਦਿੱਤਾ।

-"..................।" ਠਾਣੇਦਾਰ ਨੇ ਸਿਰ ਸੁੱਟ ਲਿਆ। ਸੁਆਲ ਹੁੱਝ ਵਾਂਗ ਵੱਖੀ 'ਚ ਵੱਜਿਆ ਸੀ।

ਦੋਸ਼ੀਆਂ ਨੂੰ "ਲੌਕ ਅੱਪ" ਵਿੱਚ ਭੇਜ ਦਿੱਤਾ ਗਿਆ।

ਤਰੀਕਾਂ ਪੈਂਦੀਆਂ ਰਹੀਆਂ।

## ਕਾਂਡ 25

ਸਰਪੰਚ ਅਤੇ ਨੰਬਰਦਾਰ ਨੂੰ ਛੱਡ ਕੇ ਸਾਰਾ ਪਿੰਡ ਹੀ ਸਰਦਾਰੇ ਦੇ ਮੁੰਡਿਆਂ ਦੀ ਮੱਦਦ ਕਰਦਾ ਸੀ।

ਸਰਦਾਰਾ ਤਾਂ ਹੁਣ ਨੀਮ ਪਾਗਲ ਜਿਹਾ ਹੋ ਕੇ ਤੁਰਿਆ ਫਿਰਦਾ। ਤਰੀਕ 'ਤੇ ਆਉਂਦਾ ਵੀ ਮਾਨਸਿਕ ਤੌਰ 'ਤੇ ਗੈਰਹਾਜ਼ਰ ਹੀ ਰਹਿੰਦਾ। ਕਦੇ ਬੈਠਾ-ਬੈਠਾ ਉਚੀ-ਉਚੀ ਹੱਸਦਾ ਅਤੇ ਕਦੇ ਧਾਹ ਜਿਹੀ ਮਾਰ ਕੇ ਭੁੱਬੀਂ ਰੋਣ ਲੱਗ ਪੈਂਦਾ। ਲੋਕਾਂ ਵਿੱਚ ਚਰਚਾ ਸੀ ਕਿ ਸਰਦਾਰਾ "ਕਮਲ਼ਾ" ਹੋ ਗਿਆ ਸੀ। ਉਸ ਦਾ ਦਿਮਾਗ ਹਿੱਲ ਗਿਆ ਸੀ।

ਪੂਰੇ ਇੱਕ ਸਾਲ ਬਾਅਦ ਬੱਲੀ ਨੂੰ ਜ਼ਮਾਨਤ ਮਿਲ਼ ਗਈ। ਜੱਸੀ ਅਤੇ ਭੋਲੇ ਦੀ ਜ਼ਮਾਨਤ ਦਾ ਫ਼ੈਸਲਾ ਅਜੇ ਅਗਲੀ ਪੇਸ਼ੀ 'ਤੇ ਹੋਣਾ ਸੀ। ਜ਼ਮਾਨਤ ਮਿਲਣ ਤੋਂ ਬਾਅਦ ਬੱਲੀ ਪਿੰਡ ਨਾ ਆਇਆ। ਲੋਕਾਂ ਵਿੱਚ ਇੱਕ ਅਜੀਬ ਜਿਹੀ "ਦੰਦ ਕਥਾ" ਚੱਲ ਰਹੀ ਸੀ ਕਿ ਉਹ ਕਿਸੇ "ਗੈਂਗਸਟਰ ਗਰੁੱਪ" ਨਾਲ਼ ਜਾ ਮਿਲ਼ਿਆ ਸੀ। ਇਹ ਗੱਲਾਂ ਵੀ ਚੱਲ ਰਹੀਆਂ ਸਨ ਕਿ ਜੇਲ੍ਹ ਦੇ ਅੰਦਰ ਉਸ ਦੀ ਮੁਲਾਕਾਤ ਕਿਸੇ ਵੱਡੇ ਗੈਂਗਸਟਰ ਨਾਲ਼ ਹੋਈ ਅਤੇ ਬਾਹਰ ਆ ਕੇ ਉਹ ਉਹਨਾਂ ਦੇ ਗਰੁੱਪ ਵਿੱਚ ਹੀ ਸ਼ਾਮਲ ਹੋ ਗਿਆ। ਕਈ ਤਾਂ ਇਹ ਵੀ ਆਖਦੇ ਸਨ ਕਿ ਬੱਲੀ ਦੀ ਜ਼ਮਾਨਤ ਹੀ ਉਸ ਗੈਂਗਸਟਰ ਨੇ ਕਹਿ ਕੇ ਕਰਵਾਈ ਸੀ ਅਤੇ ਵਕੀਲਾਂ ਦਾ ਤਮਾਮ ਖਰਚਾ ਵੀ ਉਸ ਦੇ ਸਾਥੀਆਂ ਵੱਲੋਂ ਕੀਤਾ ਗਿਆ ਸੀ। ਪਰ 'ਅਸਲ' ਸੱਚ ਕੀ ਸੀ...? ਇਹ ਤਾਂ ਰੱਬ ਹੀ ਜਾਣਦਾ ਸੀ!

-"ਯਾਰ ਉਹਨਾਂ ਨੂੰ ਵਿਚਾਰਿਆਂ ਨੂੰ ਦਸਾਂ ਨਹੁੰਆਂ ਦੀ ਕਿਰਤ ਵੀ ਸ਼ਰੀਕਾਂ ਨੇ ਕਰਨ ਨਾ ਦਿੱਤੀ...। ਜੇ ਮਰਦਾ ਅੱਕ ਨਾ ਚੱਬੂ, ਤਾਂ ਹੋਰ ਕੀ ਕਰੂ...?"

-"ਚੰਗਾ ਭਲਾ ਕੰਮ ਕਾਰ ਕਰਦੇ ਸੀ ਆਬਦਾ...। ਸ਼ਰੀਕਾਂ ਨੇ ਡੱਕਾ ਲਾਈ ਰੱਖਿਆ, ਸਾਰਾ ਘਰ ਹੀ ਤਬਾਹ ਕਰ ਮਾਰਿਆ...।"

ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ।

-"ਹੁਣ ਜੰਗਲੀ ਬੋਤੇ ਦੀ ਖੋਲ੍ਹਤੀ ਮੁਹਾਰ ਉਹਨਾਂ ਨੇ, ਹੁਣ ਬਚ ਕੇ ਰਹੀਂ ਡੋਗਰਾ...!" ਨੰਬਰਦਾਰ ਨੇ ਤੀਜਾ ਪੈੱਗ ਖਾਲੀ ਕਰਦੇ ਨੇ ਕਿਹਾ।

-"ਚਾਚਾ, ਮੈਂ ਸੁਣਿਐਂ ਉਹ ਕਿਸੇ ਗੈਂਗਸਟਰ ਗਰੁੱਪ ਨਾਲ਼ ਰਲ਼ ਗਿਆ...?" ਡੋਗਰ ਦੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ। ਤਿੰਨ ਪੈੱਗਾਂ ਨੇ ਵੀ ਉਸ ਨੂੰ ਕੋਈ ਤਰਾਰਾ ਨਹੀਂ ਦਿਖਾਇਆ ਸੀ।

-"ਕੋਈ ਚਰਜ ਨੀ...। ਹੋ ਸਕਦੈ ਰਲ਼ ਗਿਆ ਹੋਵੇ...? ਜੇਲ੍ਹ 'ਚੋਂ ਕੋਈ ਪੁਜਾਰੀ ਬਣ ਕੇ ਥੋੜ੍ਹੋ ਨਿਕਲਦੈ...? ਚੋਰ, ਲੁਟੇਰਾ ਜਾਂ ਡਾਕੂ ਈ ਬਣ ਕੇ ਨਿਕਲਦੇ ਐ...।"

-"ਚੰਗੇ ਭਲੇ ਵਸਦੇ ਸੀ ਚਾਚਾ, ਲਾਲਚ 'ਚ ਆ ਕੇ ਨਾਲ਼ੇ ਅਗਲਿਆਂ ਦਾ ਘਰ ਉਜਾੜਤਾ, ਤੇ ਨਾਲ਼ੇ ਆਬਦੀ ਜਾਨ ਨੂੰ ਸਿਆਪਾ ਖੜ੍ਹਾ ਕਰ ਲਿਆ, ਚੰਗੇ ਭਲੇ ਘੁੱਗ ਵਸਦੇ ਸੀ...।" ਡੋਗਰ ਨੂੰ ਜ਼ਿੰਦਗੀ ਵਿੱਚ ਸ਼ਾਇਦ ਪਹਿਲੀ ਵਾਰ ਪਛਤਾਵਾ ਹੋਇਆ ਸੀ।

-"ਨਾ ਲਾਲਚ 'ਚ ਆ ਕੇ ਮੈਂ ਦੁਕਾਨ ਦਾ ਮਸਲਾ ਚੱਕਦਾ, ਤੇ ਨਾ ਗੱਲ ਐਥੋਂ ਤੱਕ ਪਹੁੰਚਦੀ...।"

-"ਇੱਕ ਸਲਾਹ ਦੇਵਾਂ...?"

-"ਬੋਲ ਚਾਚਾ...?"

-"ਤੇਰੀ ਭੂਆ ਦਾ ਮੁੰਡਾ ਨੀ ਰਹਿੰਦਾ ਕੈਨੇਡੇ...? ਤੂੰ ਉਥੇ ਜਾ ਵੱਜ...!"

-"..................।" ਡੋਗਰ ਚੁੱਪ ਸੀ। ਪਰ ਗੱਲ ਉਸ ਨੂੰ ਠੀਕ ਲੱਗੀ। ਕਈ ਵਾਰ ਕੰਧਾਂ ਦੀ ਰਾਇ ਲੈਣੀ ਵੀ ਠੀਕ ਹੁੰਦੀ ਐ...। ਡੋਗਰ ਨੇ ਸੋਚਿਆ। ਨੰਬਰਦਾਰ ਚਾਚਾ ਗੱਲ ਸਹੀ ਹੀ ਤਾਂ ਆਖ ਰਿਹਾ ਸੀ...।

-"ਪੈਸੇ ਟੁੱਕਰ ਅੱਲੋਂ ਤੂੰ ਮਾਰ ਨੀ ਖਾਂਦਾ ਸ਼ੇਰਾ...। ਫ਼ਿਕਰ ਤਾਂ ਮ੍ਰਾਤੜ ਨੂੰ ਹੋਵੇ, ਜੀਹਦੇ ਕੋਲ਼ੇ ਨਾ ਪੈਲ਼ੀ ਦਾ ਓਰਾ ਤੇ ਨਾ ਜੇਬ 'ਚ ਦੁਆਨੀ, ਤੈਨੂੰ ਕਾਹਦਾ ਫ਼ਿਕਰ...? ਬਥੇਰੀ ਜਾਇਦਾਦ ਥੋਡਾ ਪਿਉ ਬਣਾ ਕੇ ਦੇ ਗਿਆ...। ਜੇ ਇਹਦਾ ਫ਼ਾਇਦਾ ਈ ਨਾ ਲਿਆ, ਫ਼ੇਰ ਇਹ ਚੱਟਣੀ ਐਂ...? ਜਾਇਦਾਤਾਂ ਤਾਂ ਪਈਆਂ ਈ ਰਹਿ ਜਾਂਦੀਐਂ ਡੋਗਰਾ...! ਇਹਨਾਂ ਜਾਇਦਾਤਾਂ ਨੂੰ ਕੋਈ ਹਿੱਕ 'ਤੇ ਧਰ ਕੇ ਥੋੜ੍ਹੋਂ ਲੈ ਗਿਐ...? ਸਿਕੰਦਰ ਅਰਗੇ ਖਾਲੀ ਹੱਥ ਗਏ ਆ...। ਤੂੰ ਕਨੇਡੇ ਅਰਗੇ ਦੇਸ਼ ਜਾਣ ਦਾ ਜੁਗਾੜ ਬਣਾ, ਬਾਕੀ ਰੱਬ ਭਲੀ ਕਰੂ...।"

-"ਚਾਚਾ, ਕੰਮ ਕਾਰ ਤਾਂ ਕਦੇ ਕੀਤਾ ਨੀ, ਓਥੇ ਜਾ ਕੇ ਮੈਂ ਕਰੂੰ ਕੀ...?"

-"ਕੰਮ ਕਰਦਾ ਨੀ ਕੋਈ ਮਰਿਆ ਅੱਜ ਤੱਕ...। ਜੇ ਤੈਨੂੰ ਕੰਮ ਕਰਦੇ ਨੂੰ ਕੁਛ ਹੋਜੇ, ਤਾਂ ਮੈਂ ਜ਼ਿੰਮੇਵਾਰ ਆਂ..। ਜਾ ਕੇ ਤੇਲ ਦੇਖ ਤੇ ਤੇਲ ਦੀ ਧਾਰ ਦੇਖ, ਜਦੋਂ ਕੰਮ ਠੰਢਾ ਜਿਆ ਹੋ ਗਿਆ, ਚਾਹੇ ਮੁੜ ਆਈਂ..। ਓਥੇ ਰਹਿਣਾ ਕਿਹੜਾ ਤੈਨੂੰ ਕਿਸੇ ਨੇ ਸੁੱਖ ਕੇ ਦਿੱਤੈ...? ਓਹ ਜਾਣੇ, ਓਸ ਗੱਲ ਦੇ ਆਖਣ ਮਾਂਗੂੰ, ਚਾਰ ਦਿਨ ਐਸ਼ ਈ ਸਹੀ...। ਨਾਲ਼ੇ ਕਿਸੇ ਗੋਰੀ ਦਾ ਤੱਤਾ ਠੰਢਾ ਪਰਖ ਲਈਂ...।" ਉਸ ਨੇ ਮੁੜ ਪੈੱਗ ਭੁੱਖਿਆਂ ਵਾਂਗ ਬੁੱਚ੍ਹਿਆ ਅਤੇ ਇੱਕ ਦਮ ਸੂਤ ਦਿੱਤਾ।

ਅਜੇ ਡੋਗਰ ਕੈਨੇਡਾ ਜਾਣ ਦੀ ਤਿਆਰੀ ਹੀ ਖਿੱਚ ਰਿਹਾ ਸੀ ਕਿ ਇੱਕ ਦਿਨ ਬੱਲੀ ਨੇ ਉਸ ਨੂੰ ਪਿੰਡ ਦੀ ਸੜਕ ਉਤੇ ਹੀ ਆ ਢਾਹਿਆ। ਉਸ ਦੇ ਹੱਥ ਵਿੱਚ ਕਸਾਈਆਂ ਵਾਲ਼ਾ ਛੁਰਾ ਸੀ। ਡੋਗਰ ਭਮੱਤਰਿਆ ਬੱਲੀ ਤੋਂ ਛੁੱਟ ਕੇ ਭੱਜ ਤੁਰਿਆ। ਬੱਲੀ ਨੇ ਵੀ ਪੱਟ 'ਤੇ ਛੁਰਾ ਮਾਰ ਕੇ ਉਸ ਨੂੰ ਸੜਕ 'ਤੇ ਸੁੱਟ ਲਿਆ। ਡੋਗਰ "ਓਏ ਬਚਾਓ ਓਏ ਮੈਨੂੰ...!" ਦਾ ਰੌਲ਼ਾ ਪਾ ਰਿਹਾ ਸੀ।

-"ਭੱਜ ਕਿੱਧਰ ਭੱਜਦੈਂ..! ਹੁਣ ਤੇਰੇ ਜਮਦੂਤ ਆ ਗਏ ਡੋਗਰਾ...! ਬਹੁਤ ਮਨ ਆਈਆਂ ਕੀਤੀਆਂ ਤੂੰ...! ਕੀ ਵਿਗਾੜਿਆ ਸੀ ਸਾਡੇ ਟੱਬਰ ਨੇ ਓਏ ਦੁਸ਼ਟਾ ਤੇਰਾ...? ਸਾਰਾ ਟੱਬਰ ਈ ਖੇਰੂੰ-ਖੇਰੂੰ ਕਰ ਕੇ ਸਾਹ ਲਿਆ...। ਲੈ, ਕਰ ਤਿਆਰੀ, ਕੱਟਤੀ ਤੇਰੀ ਧੁਰ ਦੀ ਟਿਕਟ....!"

ਪਤਾ ਨਹੀਂ ਕਿੰਨੇ ਕੁ ਵਾਰ ਬੱਲੀ ਨੇ ਛੁਰੇ ਦੇ ਉਸ 'ਤੇ ਕੀਤੇ। ਡੋਗਰ ਰੋਂਦਾ ਕੁਰਲਾਉਂਦਾ ਰਿਹਾ ਅਤੇ ਅਖੀਰ ਸ਼ਾਂਤ ਹੋ ਗਿਆ। ਪੂਰੇ ਪਿੰਡ ਵਿੱਚ ਕੁਹਰਾਮ ਮੱਚ ਗਿਆ ਸੀ। ਇਕੱਲਾ ਬੱਲੀ ਆ ਕੇ ਦਿਨ ਦਿਹਾੜੇ ਖੁੱਲ੍ਹੀ ਸੜਕ ਉਪਰ ਡੋਗਰ ਨੂੰ ਮਾਰ ਗਿਆ ਸੀ। ਪਿੰਡ ਦੇ ਜਿਵੇਂ ਘੁੰਡ ਮੁੜ ਗਏ ਸਨ। ਪਿੰਡ ਨੂੰ ਜਿਵੇਂ ਸਕਤਾ ਮਾਰ ਗਿਆ ਸੀ। ਪਿੰਡ ਵਿੱਚ ਜਿਵੇਂ ਕੋਈ ਪ੍ਰੇਤ ਪੈਣ ਲੱਗ ਪਿਆ ਸੀ, ਜੋ ਆਦਮੀ ਦੀ ਬਲੀ ਲੈਂਦਾ ਸੀ।

ਡੋਗਰ ਲਹੂ ਲੁਹਾਣ ਸੜਕ ਦੇ ਵਿਚਕਾਰ ਸਰਾਲ਼ ਵਾਂਗ ਸਪਾਲ਼ ਪਿਆ ਸੀ।

ਕਿਸੇ ਦਾ ਜਿਗਰਾ ਨਹੀਂ ਪੈਂਦਾ ਸੀ ਕਿ ਡੋਗਰ ਦੀ ਲਾਅਸ਼ ਨੂੰ ਪਾਸੇ ਕਰ ਦੇਵੇ।

ਸਰਪੰਚ ਦਾ ਭੇਜਿਆ ਸੀਰੀ ਠਾਣੇ ਇਤਲਾਹ ਦੇ ਆਇਆ।

ਘੰਟੇ ਕੁ ਵਿੱਚ ਪੁਲ਼ੀਸ ਪਹੁੰਚ ਗਈ। ਠਾਣੇਦਾਰ ਪੂਰਾ ਹਰਖ਼ਿਆ ਹੋਇਆ ਸੀ। ਉਹ ਗਾਲ਼ ਤੋਂ ਬਿਨਾ ਗੱਲ ਨਹੀਂ ਕਰਦਾ ਸੀ। ਉਸ ਦਾ ਹਮ ਪਿਆਲਾ, ਹਮ ਨਿਵਾਲਾ ਯਾਰ ਡੋਗਰ ਬੱਲੀ ਨੇ ਮਾਰ ਮੁਕਾਇਆ ਸੀ। ਠਾਣੇਦਾਰ ਦਾ ਗੁੱਸਾ ਬੇਕਾਬੂ ਸੀ। ਉਹ ਕੰਧਾਂ ਨਾਲ਼ ਟੱਕਰਾਂ ਮਾਰਦਾ ਫ਼ਿਰਦਾ ਸੀ। ਡੋਗਰ ਦੀ ਕੁਤਰਾ ਕੀਤੀ ਲਾਸ਼ ਪੋਸਟ ਮਾਰਟਮ ਲਈ ਸ਼ਹਿਰ ਤੋਰ ਦਿੱਤੀ ਗਈ। ਠਾਣੇਦਾਰ ਨੇ ਫ਼ਿਰ ਸਰਦਾਰੇ ਅਤੇ ਗੁਰਮੇਲ ਕੌਰ ਨੂੰ ਸੱਥ ਵਿੱਚ ਲਿਆ ਬਿਠਾਇਆ।

-"ਸਿੱਧੀ ਤਰ੍ਹਾਂ ਦੱਸੇਂਗੀ, ਜਾਂ...?" ਠਾਣੇਦਾਰ ਨੇ ਰੋਅਬ ਜਮਾਉਂਦਿਆਂ ਗੁਰਮੇਲ ਕੌਰ ਨੂੰ ਕਿਹਾ। ਉਸ ਦਾ ਡੰਡਾ ਗੁਰਮੇਲ ਕੌਰ ਦੇ ਸਿਰ ਉਪਰ ਘੁਕ ਰਿਹਾ ਸੀ।

-"ਸਰਦਾਰਾ, ਉਹਨੂੰ ਤਾਂ ਸਾਲ ਹੋ ਗਿਆ, ਕਦੇ ਘਰੇ ਪੈਰ ਨੀ ਪਾਇਆ, ਸਾਰਾ ਪਿੰਡ ਜਾਣਦੈ...।"

-"ਤੇਰੇ ਹੱਡਾਂ 'ਚੋਂ ਕੱਢਣੈ ਕੁੱਤੀਏ...!" ਉਸ ਨੇ ਡੰਡਾ ਪੂਰੇ ਜੋਰ ਨਾਲ਼ ਉਸ ਦੀ ਪਿੱਠ 'ਤੇ ਜੜ ਦਿੱਤਾ। ਪਰ ਗੁਰਮੇਲ ਕੌਰ ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਸੀ, ਉਸ ਨੇ "ਹਾਏ" ਤੱਕ ਨਾ ਕਿਹਾ। ਬਰਾਬਰ ਸਰਦਾਰਾ ਬੇਫ਼ਿਕਰਾਂ ਅਤੇ ਬੇਪ੍ਰਵਾਹਾਂ ਵਾਂਗ ਚੁੱਪ ਬੈਠਾ ਸੀ। ਠਾਣੇਦਾਰ ਸਮਝ ਗਿਆ ਸੀ ਕਿ ਸਰਦਾਰੇ ਦੀ ਦਿਮਾਗੀ ਹਾਲਤ ਠੀਕ ਨਹੀਂ ਸੀ। ਉਹ ਬੈਠਾ ਪਿੰਡ ਦੇ ਲੋਕਾਂ ਵੱਲ 'ਓਪਰਾ-ਓਪਰਾ' ਜਿਹਾ ਝਾਕ ਰਿਹਾ ਸੀ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਪਾਠਕਾਂ ਦੇ ਪੱਤਰ

TO, H. S. Mander
Editor, Panjab Times,
24 Colton Brook Road,
Derby DE23 8YJ. UK

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ । ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ । ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ । ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ । –ਡਾਇਰੈਕਟਰ, ਪੰਜਾਬ ਟਾਈਮਜ਼

## "TANKHAH" TO KARAMJIT SINGH VC, GURU NANAK DEV UNIVERSITY

Dear Editorial Team

Re:
https://youtu.be/Cluuc5XpMhw?si=Wh-DFISuWO9P1DK

Atinderpal Singh has posted a recent video on YouTube reporting on the "Tankhah" meted out to Karamjit Singh VC, Guru Nanak Dev University on 8 December 2025. This follows the VC's expressed research agenda of finding commonality of RIG VED and Guru Nanak's concept of "Sarbat da Bhalla". The Jathedar felt the need to be categorical in stating the independence and distinctiveness of Sikhi. Direct quotation from Sri Guru Granth Sahib Ji underlined the fundamental separation from the Hindu faith: -

Humra jhagra raha na koo, Pandit Mullah chade dou
Pandit Mullah jo likh dia, chaad chaleHum kafoo na lia (GGS page 1159)
Na hum Hindu na Musleman, Allah Ram ke Pind paran (GGS page 1136)

Furthermore, it was pointed out that: -

1. Guru Nanak started a new religion
2. Guru Nanak's refusal to partake in the 'Mundan' ceremony and not to wear a Jenue
3. Guru Nanak's rejection of Hindu traditions particularly, throwing water in the opposite direction to sun at Hardwar
4. The Arya Samaj incursions of 1877 claiming Sikhs to be part of Hinduism led to Kahn Singh Nabha repudiating these claims in his book, "Hum Hindu Nahi"

There are deep questions as to how Sikh academics and political leaders are being seduced and as a result, veer away from Sikhi? A lot of this activity is occurring "bit by bit" below the radar and inevitably, compliance results. We would have been none the wiser if this clandestine video recording hadn't been posted on social media? The Jathedar moved forward by directing the VC to avoid making further miscreants and to read the said book as well distributing a further 500 copies to those around him.

**Considered appeal to Akaal Takht Jathedar**

The Panth generally lauds and supports the Jathedar in his handling of this particular case and wish you to maintain the high moral authority. However, 'we' have a few concerns: -

1. In order to maintain the esteemed authority of the Akaal Takht the 'Tankhah' needs to be appropriate and sufficient in matching the offence. There must be follow up monitoring of these pronouncements. Otherwise the whole process can be seen as 'gamesmanship' as seen in recent times
2. Kahn Singh Nabha's book needs a wider circulation than the indicated 500 copies. The entire SGPC membership, administrators and Parcharaks should be included as a matter of course. All Gurdwaras should be encouraged to have a copies in their libraries ensuring much needed education
3. The Ithias Research Board of the SGPC should be instructed to increase their vigilance and surveillance of anti Sikh activities to be documented with clear action plans. There needs to be transparency in logging of such activity on the SGPC website so Sikhs around the world can track progress
4. The Akaal Takht needs to improve its responsiveness to issues and complaints raised by the Panth. This is important in addressing the alienation felt by younger generations and the diaspora communities through outreach initiatives

Jagroop Singh
Informal & independent Learner in Sikh Studies; Conflict of Interest - None

## ਕੀ ਮਹਾਂਰਾਸ਼ਟਰ ਦੀ ਸਰਕਾਰ ਸੰਤ ਭਿੰਡਰਾਂਵਾਲੇ ਨੂੰ ਆਪਣੇ ਸਿਲੇਬਸ ਵਿੱਚ ਅਤਿਵਾਦੀ ਲਿਖਣਾ ਬੰਦ ਕਰ ਦੇਵੇਗੀ ?


ਸਤਿਕਾਰ ਯੋਗ ਸੰਪਾਦਕ ਜੀਉ,

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ

4-12-2025 ਪੰਜਾਬ ਟਾਈਮਜ਼ ਅੰਕ 3108 ਦੇ ਸਫ਼ਾ 18 ਉੱਤੇ ਹੇਠ ਲਿਖੇ ਅਨੁਸਾਰ ਖ਼ਬਰ ਛਪੀ ਹੈ: ਮਹਾਂਰਾਸ਼ਟਰ ਸਰਕਾਰ ਵੱਲੋਂ ਸਿੱਖ ਸ਼ਹਾਦਤ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਦਾ ਜਾਰੀ ਕੀਤਾ ਆਰਡੀਨੈਂਸ।

ਇਸ ਖ਼ਬਰ ਦਾ ਸਾਰਅੰਸ਼ ਹੈ ਕਿ ਸਿੱਖ ਸ਼ਹਾਦਤ (1500-1765) ਨੂੰ ਸੂਬੇ ਦੇ ਪਾਠਕ੍ਰਮ ਵਿੱਚ ਸ਼ਾਮਿਲ ਕੀਤੇ ਜਾਣ ਦਾ ਆਰਡੀਨੈਂਸ ਜਾਰੀ ਹੋਣ 'ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਪ੍ਰਧਾਨ ਸੰਤ ਸਮਾਜ ਨੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਦਾ ਧੰਨਵਾਦ ਕਰਦੇ ਕਿਹਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸਿੱਖ ਭਾਈਚਾਰੇ ਲਈ ਜੋ ਐਲਾਨ ਕੀਤਾ ਸੀ ਉਸ ਨੂੰ ਪੂਰਾ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਹੋਰ ਸਿੱਖ ਸ਼ਹੀਦਾਂ ਦੀ ਵਿਲੱਖਣ ਵਿਰਾਸਤ ਨੂੰ ਸਿੱਖਿਆ ਰਾਹੀਂ ਨਵੀਂ ਪੀੜ੍ਹੀ ਤੱਕ ਪੁੱਜਦਾ ਕਰਨ ਲਈ ਸਿੱਖ ਸ਼ਹਾਦਤ (1500-1765) ਨੂੰ ਆਪਣੇ ਪਾਠਕ੍ਰਮ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਤੇ ਹੁਣ ਇਸ ਨੂੰ ਇਕ ਅਲੱਗ ਤੇ ਚੋਣਵੇਂ ਵਿਸ਼ੇ ਵਜੋਂ ਮਹਾਂਰਾਸ਼ਟਰ ਦੇ ਸਾਰੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾ ਸਕੇਗਾ। ਮਹਾਂਰਾਸ਼ਟਰ ਦੀ ਸਰਕਾਰ ਵੱਲੋਂ ਸਿੱਖ ਸ਼ਹਾਦਤ (1500-1765) ਦੇ ਇਤਿਹਾਸ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਬਾਰੇ ਕਈ ਸੁਆਲ ਉਤਪੰਨ ਹੁੰਦੇ ਹਨ।

ਪਹਿਲਾ ਸੁਆਲ ਇਹ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਹੋਣ ਦਾ ਦਾਅਵਾ ਕਰਨ ਵਾਲੇ ਬਾਬਾ ਹਰਨਾਮ ਸਿੰਘ ਧੁੰਮਾ ਜੀ ਨੂੰ ਚਾਹੀਦਾ ਸੀ ਕਿ ਸਿੱਖ ਸ਼ਹਾਦਤ (1500-1765) ਦੀ ਲਿਖਤ ਦਾ ਖਰੜਾ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਕੋਲੋਂ ਲੈ ਕੇ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਤੋਂ ਪਹਿਲਾਂ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ) ਨੂੰ ਭੇਜਦੇ, ਜੇ ਧਰਮ ਪ੍ਰਚਾਰ ਕਮੇਟੀ ਦੇ ਸਿੱਖ ਵਿਦਵਾਨਾਂ ਦਾ ਪੈਨਲ ਉਸ ਖਰੜੇ ਨੂੰ ਪਾਸ ਕਰਦਾ ਤਾਂ ਮਹਾਂਰਾਸ਼ਟਰ ਦੀ ਸਰਕਾਰ ਨੂੰ ਸਿੱਖ ਸ਼ਹਾਦਤ (1500-1765) ਦੇ ਇਤਿਹਾਸ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨਾ ਚਾਹੀਦਾ ਸੀ। ਦਾਸ ਨੇ ਸ: ਕਰਨੈਲ ਸਿੰਘ ਪੰਜੋਲੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਇਹ ਖ਼ਬਰ ਕਿ - ਮਹਾਂਰਾਸ਼ਟਰ ਸਰਕਾਰ ਵੱਲੋਂ ਸਿੱਖ ਸ਼ਹਾਦਤ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਦਾ ਜਾਰੀ ਕੀਤਾ ਆਰਡੀਨੈਂਸ, ਉਨ੍ਹਾਂ ਦੇ ਵੱਟਸਐਪ 'ਤੇ ਭੇਜਕੇ ਇਸ 'ਤੇ ਵਿਚਾਰ ਕਰਨ ਲਈ ਬੇਨਤੀ ਕੀਤੀ ਸੀ। ਪੰਜੋਲੀ ਸਾਹਬ ਨੇ ਮੈਨੂੰ ਮੇਰੇ ਵੱਟਸਐਪ 'ਤੇ ਇਹ ਮੈਸਿਜ ਭੇਜਿਆ ਹੈ ਕਿ ਮੈਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਲਿਖਿਆ ਹੈ ਕਿ ਮਹਾਂਰਾਸ਼ਟਰ ਦੀ ਸਰਕਾਰ ਨੂੰ ਪੱਤਰ ਲਿਖਕੇ ਕਹਿਣ ਕਿ ਜੋ ਇਤਿਹਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਿਖਕੇ ਭੇਜੇਗੀ, ਉਹੀ ਸਕੂਲਾਂ, ਕਾਲਜਾਂ ਵਿੱਚ ਪੜ੍ਹਾਇਆ ਜਾਵੇ। ਪੰਜੋਲੀ ਸਾਹਬ ਨੇ ਵਾਅਦਾ ਕੀਤਾ ਹੈ ਕਿ ਉਹ ਇਸ ਦੀ ਪੈਰਵੀ ਕਰਨਗੇ। ਆਸ ਕਰਦੇ ਹਾਂ ਕਿ ਇਹ ਗੱਲ ਅੱਗੇ ਤੁਰੇਗੀ। ਦਾਸ ਬਾਬਾ ਹਰਨਾਮ ਸਿੰਘ ਧੁੰਮਾ ਜੀ ਦਾ ਇਕ ਹੋਰ ਖ਼ਬਰ ਵੱਲ ਵੀ ਧਿਆਨ ਦਿਵਾਉਣਾ ਚਾਹੁੰਦਾ ਹੈ। 20-12-2018 ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ 2755 ਉੱਤੇ ਇਕ ਖ਼ਬਰ ਛਪੀ ਸੀ: ਮਹਾਂਰਾਸ਼ਟਰ ਸਰਕਾਰ ਵੱਲੋਂ ਸੰਤ ਭਿੰਡਰਾਂਵਾਲੇ ਨੂੰ ਅਤਿਵਾਦੀ ਗਰਦਾਨਣ ਵਾਲਾ ਸਲੇਬਸ ਬਦਲਣ ਤੋਂ ਇਨਕਾਰ। ਇਸ ਖ਼ਬਰ ਦਾ ਸਾਰਅੰਸ਼ ਇਸ ਪ੍ਰਕਾਰ ਹੈ ਕਿ: ਮਹਾਂਰਾਸ਼ਟਰ ਸਰਕਾਰ ਨੇ ਮੁੰਬਈ ਹਾਈ ਕੋਰਟ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਨੌਵੀਂ ਜਮਾਤ ਦੇ ਇਤਿਹਾਸ ਦੀ ਕਿਤਾਬ ਵਿੱਚ ਲਿਖਿਆ ਅਤਿਵਾਦੀ ਸ਼ਬਦ ਹਟਾਉਣ ਤੋਂ ਇਨਕਾਰ ਕਰ ਦਿੱਤਾ। ਇਕ ਸਿੱਖ ਵਕੀਲ (ਹੁਣ ਮੈਨੂੰ ਉਸ ਦਾ ਨਾਂਅ ਚੇਤੇ ਨਹੀਂ ਰਿਹਾ) ਨੇ ਮੁੰਬਈ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਸੀ ਕਿ ਨੌਵੀਂ ਜਮਾਤ ਦੇ ਇਤਿਹਾਸ ਦੀ ਕਿਤਾਬ ਜਿਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਅਤਿਵਾਦੀ ਕਿਹਾ ਗਿਆ ਹੈ, ਉਸ ਪਾਠ ਨੂੰ ਹਟਾਇਆ ਜਾਵੇ। ਸਰਕਾਰ ਨੇ ਕਿਹਾ ਜਿਸ ਚੈਪਟਰ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਤਿਵਾਦੀ ਕਿਹਾ ਗਿਆ ਹੈ, ਉਹ ਚੈਪਟਰ 20 ਦੇ ਕਰੀਬ ਮਾਹਿਰਾਂ ਵੱਲੋਂ ਤਿਆਰ ਕੀਤੇ ਸਿਲੇਬਸ ਵਿੱਚ ਸ਼ਾਮਿਲ ਹੈ, ਇਸ ਕਰਕੇ ਇਸ ਨੂੰ ਹਟਾਇਆ ਨਹੀਂ ਜਾ ਸਕਦਾ। ਬਾਬਾ ਹਰਨਾਮ ਸਿੰਘ ਧੁੰਮਾ ਜੀ ਦੀ ਮਹਾਂਰਾਸ਼ਟਰ ਦੇ ਮੌਜੂਦਾ ਮੁੱਖ ਮੰਤਰੀ ਨਾਲ ਕਾਫੀ ਨੇੜਤਾ ਹੈ, ਆਸ ਕਰਦੇ ਹਾਂ ਬਾਬਾ ਜੀ ਮੁੱਖ ਮੰਤਰੀ ਨੂੰ ਆਖ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਂਅ ਲਿਖਿਆ ਅਤਿਵਾਦੀ ਸ਼ਬਦ ਸਿਲੇਬਸ ਵਿੱਚੋਂ ਕਢਵਾ ਦੇਣਗੇ, ਕਿਉਂਕਿ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਨਾਲ ਲਿਖਿਆ ਅਤਿਵਾਦੀ ਸ਼ਬਦ ਬਾਬਾ ਹਰਨਾਮ ਸਿੰਘ ਧੁੰਮਾ ਜੀ ਕਿਵੇਂ ਬਰਦਾਸ਼ਤ ਕਰ ਲੈਣਗੇ। ਜਿਥੋਂ ਤੱਕ ਸਿੱਖ ਸ਼ਹਾਦਤ (1500-1765) ਦਾ ਇਤਿਹਾਸ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਦਾ ਸੁਆਲ ਹੈ ਇਹ ਇਕ ਸਿੱਖ ਕੌਮ ਦੇ ਵਿਰੁੱਧ ਸਾਜਿਸ਼ ਹੈ। ਕਿਉਂਕਿ 1765 ਤੋਂ ਬਾਅਦ ਅੱਜ ਤੱਕ ਅਣਗਿਣਤ ਸਿੱਖ ਸ਼ਹਾਦਤਾਂ ਹੋਈਆਂ ਹਨ। ਉਨ੍ਹਾਂ ਨੂੰ ਲਕੋਇਆ ਨਹੀਂ ਜਾ ਸਕਦਾ। 1765 ਤੋਂ ਬਾਅਦ ਸਿੱਖ ਰਾਜ ਬਣਨ ਤੱਕ ਤੇ ਫਿਰ ਬ੍ਰਾਹਮਣਾਂ ਤੇ ਡੋਗਰਿਆਂ ਦੀ ਗੱਦਾਰੀ ਨਾਲ ਸਿੱਖ ਰਾਜ ਜਾਣ ਤੱਕ ਤੋਂ ਲੈ ਕੇ 1984 ਦੇ ਤੀਜੇ ਘੱਲੂਘਾਰੇ ਤੱਕ ਸਿੱਖ ਸ਼ਹਾਦਤ ਦੇ ਇਤਿਹਾਸ ਬਾਰੇ ਕਈ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ, ਇਸ ਕਰਕੇ ਸਿੱਖ ਸ਼ਹਾਦਤ ਨੂੰ 1765 ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ।



ਭੁੱਲਾਂ ਚੁਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ’ਤੇ ਵਿਸ਼ੇਸ਼ : ਨਿੱਕੀਆਂ ਜਿੰਦਾਂ ਵੱਡੇ ਸਾਕੇ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**



‘ਸਾਕਾ ਸਰਹਿੰਦ’ ਕਿਉਂ ਵਾਪਰਿਆ? ਅਨੰਦਪੁਰ ਸਾਹਿਬ ਦੀ ਲੜਾਈ ਜੋ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ ਲਗਾਤਾਰ ਸੱਤ ਮਹੀਨੇ ਚੱਲਦੀ ਰਹੀ ਕਿਲੇ ਦੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜਿਆਂ ਦੀਆਂ ਅਤੇ ਮੁਸਲਮਾਨੀ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਮੁਸਲਮਾਨਾਂ ਨੇ ਕੁਰਾਨ ਦੀਆਂ ਅਤੇ ਪਹਾੜੀ ਰਾਜਿਆਂ ਨੇ ਗਊਆਂ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਜੀ ਕੋਲੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜਕੇ ਵਾਰ ਨਹੀਂ ਕਰਨਗੇ ਪਰ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਇਹ ਮੱਕਾਰ, ਚਾਲਬਾਜ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਪਰ ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ ’ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ। ਅਜੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਿੱਛੋਂ ਆ ਰਹੀ ਦੁਸ਼ਮਣ ਦੀ ਫੌਜ਼ ਨੇ ਮੁੜ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ ’ਤੇ ਲਹੂ ਡੋਲਵੀਂ ਟੱਕਰ ਸ਼ੁਰੂ ਹੋਈ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿੱਚ ਰੁੜ ਗਿਆ। ਇਸੇ ਹੀ ਸਥਾਨ ’ਤੇ ਗੁਰੂ ਜੀ ਦਾ ਪ੍ਰੀਵਾਰ ਖੇਰੂੰ-ਖੇਰੂੰ ਹੋ ਗਿਆ, ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਜੀ ਸਮੇਤ ਕੁੱਝ ਸਿੰਘਾਂ ਦੇ ਨਾਲ ਚਮਕੌਰ ਵੱਲ ਨੂੰ ਚਲੇ ਗਏ, ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਜੀ ਇਕੱਲੇ ਰਹਿ ਗਏ। ਪੋਹ ਦੀ ਰੁੱਤ, ਕਹਿਰਾਂ ਦੀ ਸਰਦੀ ਦੋ ਛੋਟੇ ਛੋਟੇ ਬਾਲ ਦਾਦੀ ਦੀ ਉਂਗਲੀ ਫੜ ਕੇ ਜੰਗਲਾਂ ਵਿੱਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤਹਿ ਕਰ ਰਹੇ ਸਨ। ਇੰਝ ਤੁਰਦੇ-ਤੁਰਦੇ ਗੰਗੂ ਬ੍ਰਾਹਮਣ, ਜੋ ਕਿ ਗੁਰੂ ਘਰ ਦਾ ਰਸੋਈਆ ਸੀ ਉਹਦੇ ਪਿੰਡ ਸਹੇੜੀ ਜਾ ਪਹੁੰਚੇ, ਉਹ ਬੱਚਿਆਂ ਨੂੰ ਅਤੇ ਦਾਦੀ ਜੀ ਨੂੰ ਆਪਣੇ ਘਰੇ ਲੈ ਗਿਆ, ਦਾਦੀ ਜੀ ਕੋਲ ਕੁੱਝ ਗਹਿਣੇ ਅਤੇ ਕੁੱਝ ਪੈਸੇ ਜੋ ਕਿ ਇੱਕ ਪੋਟਲੀ ਵਿੱਚ ਪਾਏ ਹੋਏ ਸਨ। ਬੱਸ ਇਹਨਾਂ ਗਹਿਣਿਆਂ ਅਤੇ ਹੀਰਿਆਂ ਦੀ ਚਮਕ ਨੇ ਉਹਨੂੰ ਅੰਨ੍ਹਾ ਕਰ ਦਿੱਤਾ ਅਤੇ ਉਹ ਇਹਨਾਂ ਕੀਮਤੀ ਵਸਤਾਂ ਨੂੰ ਹਾਸਿਲ ਕਰਨ ਲਈ ਹੀਰਿਆਂ ਤੋਂ ਵੀ ਸੋਹਣੇ ਛੋਟੇ ਬੱਚਿਆਂ ਦੀ ਮੌਤ ਦਾ ਕਾਰਨ ਬਣਿਆ, ਭਾਵੇਂ ਕਿ ਉਹ ਗੁਰੂ ਘਰ ਦਾ ਰਸੋਈਆ ਸੀ ਪਰ ਸ਼ਾਇਦ ਉਸ ਕੋਲੋਂ ਗੁਰੂ ਦੁਆਰਾ ਸਾਜਿਆ ਖਾਲਸਾ ਜੋ ਨੀਚਾਂ ਨੂੰ ਉਚ ਬਣਾਉਂਦਾ ਸੀ, ਜਿਸਨੇ ਚਿਰਾਂ ਤੋਂ ਚੱਲੀ ਆ ਰਹੀ ਬ੍ਰਾਹਮਣਵਾਦ ਦੀ ਰੀਤ ਨੂੰ ਭਸਮ ਕਰ ਦਿੱਤਾ ਸੀ, ਨਾ ਜਰਿਆ ਗਿਆ ਹੋਵੇ ਅਤੇ ਉਸ ਦੇ ਪਾਪੀ ਮਨ ਨੇ ਸਾਜਿਸ਼ ਰਚਣੀ ਸ਼ੁਰੂ ਕਰ ਦਿੱਤੀ ਹੋਵੇ ਅਤੇ ਅਜਿਹਾ ਮੌਕਾ ਗੁਆਉਣਾ ਉਸਨੇ ਨਾ-ਮੁਨਾਸਿਬ ਸਮਝਿਆ ਹੋਵੇ। ਉਹ ਜਾਤ ਦਾ ਬ੍ਰਾਹਮਣ ਸੀ ਜੋ ਕਿ ਅਜਿਹੀ ਮਾਨਸਿਕਤਾ ਵਿੱਚ ਪਲਿਆ ਸੀ ਜਿੱਥੇ ਮਜ਼ਲੂਮਾਂ ਅਤੇ ਬੇਕਸੂਰ ਲੋਕਾਂ ਦੀ ਮਜ਼ਬੂਰੀ ਦਾ ਨਜਾਇਜ਼ ਫਾਇਦਾ ਉਠਾਇਆ ਜਾਂਦਾ ਹੈ।

ਸਹੇੜੀ ਦੇ ਚੌਧਰੀ ਅਤੇ ਗੰਗੂ ਨੇ ਇਸ ਗੱਲ ਦੀ ਇਤਲਾਹ ਮੋਰਿੰਡੇ ਦੇ ਰੰਘੜ ਕੋਲ ਕੀਤੀ, ਕਿਉਂਕਿ ਉਹ ਚਾਹੁੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਅਤੇ ਮਾਤਾ ਨੂੰ ਵਜ਼ੀਰ ਖਾਨ ਕੋਲ ਫੜਾ ਕੇ ਉਹ ਬਹੁਤ ਵੱਡਾ ਇਨਾਮ ਜਿੱਤ ਲੈਣਗੇ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਨੇ ਮਿਲਕੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਦਾਦੀ ਜੀ ਨੂੰ ਇੱਕ ਰਾਤ ਠੰਡੇ ਬੁਰਜ ਵਿੱਚ ਰੱਖਿਆ ਗਿਆ, ਉਹ ਬੁਰਜ ਜਿਸ ਨੂੰ ਸਿੱਖ ਇਤਿਹਾਸ ਵਿੱਚ ‘ਚੰਡਾਲ ਬੁਰਜ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸਦੇ ਚਾਰ ਥੰਮ ਸਨ ਨਾ ਉਪਰ ਕੋਈ ਛੱਤ ਸੀ, ਲੋਹੇ ਦੇ ਸਰੀਏ ਵਾਲੇ ਵੱਡੇ ਵੱਡੇ ਦਰਵਾਜ਼ੇ ਸਨ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰਕੇ ਲੰਘ ਰਹੀ ਸੀ ਪਰ ਸਿਦਕ ਦੇ ਪੱਕੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਮਖ਼ਮਲਾਂ ’ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਅੱਜ ਭੁੱਖਣ-ਭਾਣੇ ਠੰਡੇ ਬੁਰਜ ਵਿੱਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ, ਇਹ ਬਾਤਾਂ ਕੋਈ ਕਲਪਨਾਵਾਂ ਨਹੀਂ ਸਨ, ਸਗੋਂ ਸੱਚ ਦੇ ਰਾਹ ਤੇ ਤੁਰੇ ਹੋਏ ਪਾਂਧੀਆਂ ਨੂੰ ਰਸਤੇ ਵਿੱਚ ਆਉਣ ਵਾਲੀਆਂ ਔਖਿਆਈਆਂ ਅਤੇ ਉਨ੍ਹਾਂ ਔਕੜਾਂ ਨੂੰ ਖਿੜੇ ਮੱਥੇ ਸਹਿਣ ਕਰਨ ਦਾ ਉਪਦੇਸ਼ ਦਿੰਦੀਆਂ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਲੱਗਣ ਤੋਂ ਬਚਾਇਓ ਭਾਵੇਂ ਤੁਹਾਡਾ ਸੀਸ ਕੱਟ ਜਾਵੇ। ਦਾਦੀ ਮਾਂ ਦੀਆਂ ਦਿੱਤੀਆਂ ਨਸੀਹਤਾਂ ਤੇ ਫੁੱਲ ਚੜ੍ਹਾਉਂਦਿਆਂ ਬੱਚਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ। 24 ਦਸੰਬਰ 1704 ਈ: ਦਾ ਦਿਨ ਚੜ੍ਹਿਆ, ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਇਸ ਸਥਿਤੀ ਦਾ ਵਰਨਣ ਅੱਲਾ ਯਾਰ ਖਾਂ ਜੋਗੀ ‘ਸ਼ਹੀਦਾਨਿ ਵਫ਼ਾ’ ਵਿੱਚ ਇਸ ਤਰ੍ਹਾਂ ਕਰਦਾ ਹੈ :-

ਜਾਨੇ ਸੇ ਪਹਿਲੇ  
ਆਓ ਗਲੇ ਸੇ ਲਗਾ ਤੋ ਲੂੰ,  
ਕੇਸੋਂ ਕੋ ਕੰਘੀ ਕਰੂੰ ਜਰਾ ਧੁਲਾ ਤੋ ਲੂੰ,  
ਪਿਆਰੇ ਸਰੋਂ ਪੇ ਨੰਨ੍ਹੀ ਸੀ  
ਕਲਗੀ ਸਜਾ ਤੋ ਲੂੰ,  
ਮਰਨ ਸੇ ਪਹਿਲੇ ਤੁਮ ਕੋ  
ਦੁਲਹਾ ਬਨਾ ਤੋ ਲੂੰ।

ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ, ਸੂਰਮਿਆਂ ਨੇ ਕਚਿਹਰੀ ਵਿੱਚ ਖਲੋ ਕੇ, ਗੱਜ ਕੇ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ’ ਬੁਲਾਈ। ਇਹ ਦੇਖਕੇ ਸੂਬਾ ਕੰਬ ਉੱਠਿਆ। ਕਹਿੰਦੇ ਹਨ ਜਿਸ ਦਰਵਾਜ਼ੇ ਰਾਹੀਂ ਸਾਹਿਬਜ਼ਾਦਿਆਂ ਨੂੰ ਕਚਿਹਰੀ ਵਿੱਚ ਲਿਆਂਦਾ ਗਿਆ ਉਹ ਬਹੁਤ ਨੀਵਾਂ ਸੀ, ਤਾਂ ਕਿ ਜਦੋਂ ਉਹ ਅੰਦਰ ਵੜਣ ਤਾਂ ਉਹਨਾਂ ਦੀ ਨੀਵੀਂ ਪੈ ਜਾਵੇ ਪਰ ਅਣਖ ਨਾਲ ਜਿਉਣ ਵਾਲੇ ਸੂਰਮਿਆਂ ਦੀ ਧੌਣ ਕਾਇਰਾਂ ਸਾਹਮਣੇ ਨਹੀਂ ਝੁਕ ਸਕਦੀ। ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਦੇ ਲੱਖਾਂ ਯਤਨ ਕੀਤੇ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡਕੇ ਇਸਲਾਮ ਕਬੂਲ ਕਰ ਲੈਣ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਹਾਡੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿੱਚ ਮਾਰੇ ਗਏ ਹਨ ਸੋ ਤੁਹਾਡਾ ਕੋਈ ਆਸਰਾ ਨਹੀਂ ਰਿਹਾ ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਵਜ਼ੀਰ ਖਾਨ ਤੁਹਾਡੀ ਰੱਖਿਆ ਕਰ ਸਕਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ :-

ਸਾਹਿਬਜ਼ਾਦਿਓ ਪਿਤਾ ਤੁਹਾਰਾ॥  
ਗਢ ਚਮਕੌਰ ਘੇਰ ਗਹਿ ਮਾਰਾ॥  
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ॥  
ਸੰਗੀ ਸਿੰਘ ਸਕਲ ਸੋ ਮਾਰੇ॥  
ਅੱਗੋਂ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ:  
ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ॥  
ਜਗ ਮਹਿੰ ਕੋਨ ਸਕੇ ਤਿੰਹ ਮਾਰਾ॥  
ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ॥  
ਕੌਨ ਅੰਧੇਰੀ ਕੋ ਨਿਰਵਾਰਹਿ॥

ਸੂਬੇ ਦੀ ਗੱਲ ਸੁਣਕੇ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਸਾਨੂੰ ਤਾਂ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ ਹੋਰ ਕੋਈ ਆਸਰੇ ਦੀ ਲੋੜ ਨਹੀਂ। ਸਾਹਿਬਜ਼ਾਦਿਆਂ ਨੇ ਨਿਡਰ ਹੋ ਕੇ ਕਿਹਾ ਕਿ ਵਜ਼ੀਰ ਖਾਨ ਸੂਰਜ ਪੂਰਬ ਨੂੰ ਛੱਡ ਕੇ ਪੱਛਮ ’ਚੋਂ ਨਿਕਲ ਸਕਦਾ, ਮੱਛੀਆਂ ਪਾਣੀ ਤੋਂ ਬਿਨਾਂ ਜਿੰਦਾ ਰਹਿ ਸਕਦੀਆਂ ਪਰ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਝੁਕ ਨਹੀਂ ਸਕਦੇ। ਸੂਬੇ ਨੂੰ ਜਦ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਹਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਡੇ ਬੁਰਜ ਵਿੱਚ ਰੱਖਣ ਦਾ ਹੁਕਮ ਕੀਤਾ। ਭੁੱਖੇ ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ ਦੀ ਤਸੀਹਿਆਂ ਭਰੀ ਰਾਤ ਪਲ-ਪਲ ਕਰਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਨ ਦੇ ਲੰਗਰ ਵਿੱਚ ਨੌਕਰੀ ਕਰਦਾ ਸੀ, ਦੁੱਧ ਦੀ ਗੜਬੀ ਲੈ ਕੇ ਬੁਰਜ ਵਿੱਚ ਪਹੁੰਚਿਆ, ਰਸਤੇ ਵਿੱਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਮੋਤੀ ਮਹਿਰੇ ਦਾ ਧੰਨਵਾਦ ਕੀਤਾ :-

ਪਿਖ ਕੇ ਪ੍ਰੇਮ ਸੁ ਮੋਤੀ ਕੇਰਾ,  
ਮਾਤਾ ਕਹਯੋ ਭਲਾ ਹੋਵੈ ਤੇਰਾ॥

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲ ਦੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿੱਚ ਜਾ ਕੇ ਗੱਜਕੇ ਫ਼ਤਿਹ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਆਪਣੇ ਪਿਤਾ ਜੀ ਵਾਂਗ ਇੱਕ ਸ਼ੇਰਾਂ ਦੀ ਫੌਜ਼ ਤਿਆਰ ਕਰਨਗੇ ਅਤੇ ਤੇਰੇ ਵਰਗੇ ਗਿੱਦੜਾਂ ਦੇ ਤਖ਼ਤ ਤਾਜ਼ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ, ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦੇਣਾ ਚਾਹੀਦਾ ਹੈ। ਇਹ ਉਹ ਕੁਲਿਹਣੀ ਘੜੀ ਸੀ ਜਿਸ ਨੂੰ ਸੁਣਕੇ ਧਰਤੀ ਕੰਬੀ, ਅਸਮਾਨ ਡੋਲਿਆ, ਪੱਥਰ ਮੋਮ ਵਾਂਗ ਪਿਘਲ ਗਏ ਅਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਰਸ਼ਾਂ ’ਚੋਂ ਖੂਨ ਦੇ ਅੱਥਰੂ ਵਹਾਏ ਜਿਸ ਸਮੇਂ ਇਹ ਫੈਸਲਾ ਸੁਣਾਇਆ ਗਿਆ ਉਸ ਵੇਲੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਵੀ ਉਥੇ ਮੌਜੂਦ ਸੀ। ਉਹ ਉਠ ਖਲੋਤਾ ਉਹਨੇ ‘ਹਾਅ ਦਾ ਨਾਅਰਾ’ ਮਾਰਿਆ, ਵਜ਼ੀਰ ਖਾਨ ਬੱਚਿਆਂ ਉਤੇ ਜ਼ੁਲਮ ਕਰਨਾ ਬਹੁਤ ਵੱਡਾ ਪਾਪ ਹੈ, ਇਸਲਾਮ ਇਸ ਪਾਪ ਦੀ ਮੰਨਜ਼ੂਰੀ ਨਹੀਂ ਦਿੰਦਾ। ਇਸ ਹਾਅ ਦੇ ਨਾਅਰੇ ਨੂੰ ਸੁਣਕੇ ਵਜ਼ੀਰ ਖਾਨ ਦਾ ਮਨ ਕੁੱਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ, “ਵਜ਼ੀਰ ਖਾਨ ਇੰਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ” ਕਿਉਂਕਿ ਦੁਸ਼ਮਣ ਨੂੰ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੈ। ਬੱਸ ਫਿਰ ਕੀ ਸੀ ਉਹ ਅੰਤਿਮ ਘੜੀ ਆ ਗਈ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ, ਅਜੇ ਕੰਧ ਛਾਤੀ ਤੱਕ ਪਹੁੰਚੀ ਸੀ ਕਿ ਇੱਟਾਂ ਦਾ ਇਹ ਢਾਂਚਾ ਧੜੰਮ ਡਿੱਗ ਪਿਆ। ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਹੀ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਮੁੜ ਹੋਸ਼ ਵਿੱਚ ਆ ਗਏ।

ਕੁੱਝ ਇਤਿਹਾਸਕਾਰਾਂ ਅਨੁਸਾਰ ਤੀਜੀ ਪੇਸ਼ੀ 26 ਦਸੰਬਰ ਨੂੰ ਅਤੇ ਕੁੱਝ ਮੁਤਾਬਿਕ 27 ਦਸੰਬਰ 1704 ਈ. ਨੂੰ ਹੋਈ। ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ ਅਤੇ ਸੂਬੇ ਨੇ ਆਪਣਾ ਆਖਰੀ ਫੈਸਲਾ ਕਿ, “ਇੰਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ” ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਉਹ ਕਿਹੜੀ ਅੱਖ ਸੀ ਜਿਹੜੀ ਇਸ ਗੱਲ ਨੂੰ ਸੁਣਕੇ ਨਾ ਰੋਈ ਹੋਵੇ। ਇਸ ਤੱਥ ਦੀ ਪੁਸ਼ਟੀ ‘ਪੰਥ ਪ੍ਰਕਾਸ਼’ ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ :-

ਸ਼ਾਸ਼ਲ ਬੇਗ ਅਰ ਬਾਸ਼ਲ ਬੇਗ।  
ਉਭੈ ਜਲਾਦਨ ਖਿਚ ਕੈ ਤੇਗ।  
ਤਿਸਹੀ ਠਉਰ ਖਰਿਓ ਕੈ ਸੀਸ।  
ਤੁਰਤ ਉਤਾਰੇ ਦੁਸ਼ਟੈਂ ਰੀਸ।  
ਤੇਰਾਂ ਪੋਹ ਥਾ ਮੰਗਲਵਾਰ।  
ਮਚਿਓ ਸ਼ਹਿਰ ਮੇਂ ਹਾਹਾਕਾਰ॥

ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ।

* * * * * * * *

# ਬੰਦੇ ਮਾਤਰਮ ਬਨਾਮ ਜਨ ਗਣ ਮਨ

**ਗੁਰਮੀਤ ਸਿੰਘ ਪਲਾਹੀ**
-9815802070



ਇਸ ਸਮੇਂ ਚੱਲ ਰਹੀ ਭਾਰਤ ਦੀ ਸੰਸਦ ਵਿੱਚ ਗ਼ਰੀਬੀ, ਸਿੱਖਿਆ, ਸਿਹਤ ਸੇਵਾਵਾਂ, ਬੁਨਿਆਦੀ ਢਾਂਚਾ, ਚੀਜ਼ਾਂ ਅਤੇ ਸੇਵਾਵਾਂ ਦੇਸ਼ 'ਚ ਕਿੰਨੀਆਂ ਉਪਲਬਧ ਹਨ ਅਤੇ ਕਿੰਨਿਆਂ ਨੂੰ ਮਿਲ ਰਹੀਆਂ ਹਨ, ਦੇਸ਼ ਦੀ ਵਿੱਤੀ ਹਾਲਤ ਕਿਹੋ-ਜਿਹੀ ਹੈ, ਦੇਸ਼ ਨੂੰ ਕਿੰਨਾ ਵਪਾਰਕ ਘਾਟਾ ਪੈ ਰਿਹਾ ਹੈ, ਜਲਵਾਯੂ ਬਦਲੀ ਦਾ ਕਿੰਨਾ ਕੁ ਅਸਰ ਪੈ ਰਿਹਾ ਹੈ-ਇਨ੍ਹਾਂ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਦੀ ਥਾਂ "ਬੰਦੇ ਮਾਤਰਮ ਬਨਾਮ ਜਨ ਗਣ ਮਨ" ਬਾਰੇ ਚਰਚਾ ਹੋ ਰਹੀ ਹੈ।

ਚਰਚਾ ਇਸ ਗੱਲ ਦੀ ਨਹੀਂ ਹੋ ਰਹੀ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਈਆ ਕਮਜ਼ੋਰ ਕਿਉਂ ਹੋ ਰਿਹਾ ਹੈ ਅਤੇ ਇਸ ਦੀ ਕੀਮਤ ਲਗਾਤਾਰ ਕਿਉਂ ਘੱਟ ਰਹੀ ਹੈ। ਇਹ ਵੀ ਨਹੀਂ ਦੱਸਿਆ ਜਾ ਰਿਹਾ ਕਿ 2014 ਵਿੱਚ ਡਾਲਰ ਦੀ ਕੀਮਤ 58.5 ਰੁਪਏ ਸੀ ਤੇ ਹੁਣ 90 ਰੁਪਏ ਪਾਰ ਕਰ ਗਈ ਹੈ। ਮਨਮੋਹਣ ਸਿੰਘ ਦੇ ਕਾਰਜਕਾਲ ਵਿੱਚ ਇਹ 29 ਫ਼ੀਸਦੀ ਸੀ। ਸਤੰਬਰ 2023 ਵਿੱਚ ਡਾਲਰ 83.51 ਰੁਪਏ ਸੀ, ਜਦਕਿ ਸਤੰਬਰ 2024 'ਚ 88.74 ਰੁਪਏ ਹੋ ਗਿਆ।

ਨਹਿਰੂ ਕਾਲ ਵਿੱਚ, ਅਜ਼ਾਦੀ ਦੇ ਸਮੇਂ, ਡਾਲਰ ਦੀ ਕੀਮਤ 3.5 ਰੁਪਏ ਸੀ ਅਤੇ 1949 ਵਿੱਚ 4.76 ਰੁਪਏ ਤੱਕ ਡਿੱਗੀ ਸੀ। ਇਹ ਕੀਮਤ ਕਈ ਦੇਸ਼ਾਂ ਦੇ ਮੁਕਾਬਲੇ ਬਿਹਤਰ ਮੰਨੀ ਜਾਂਦੀ ਸੀ। ਨਹਿਰੂ ਕਾਲ ਦੇ ਸਮੇਂ ਦੀਆਂ ਚੰਗੀਆਂ ਗੱਲਾਂ ਨੂੰ ਦਰਕਿਨਾਰ ਕਰਕੇ ਮੋਦੀ ਸਰਕਾਰ ਉਹਨਾਂ ਦੀਆਂ ਊਣਤਾਈਆਂ ਦੇ ਪਿੱਛੇ ਪੈ ਕੇ ਘੁਣਤਰਾਂ ਕਰ ਰਹੀ ਹੈ। ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਕੀ ਇਹ ਚੰਗੀ ਗੱਲ ਹੈ?

ਸੰਸਦ ਵਿੱਚ ਵਧਦੀ ਨਾ-ਬਰਾਬਰੀ ਦੀ ਗੱਲ ਕਿਉਂ ਨਹੀਂ ਹੁੰਦੀ? ਜਨਸੰਖਿਆ ਦੇ ਵਾਧੇ ਬਾਰੇ ਚਰਚਾ ਕਿਉਂ ਨਹੀਂ ਹੈ? ਦੇਸ਼ ਦੇ ਮਹਾਂਸਾਗਰਾਂ ਦੀਆਂ ਚੁਣੌਤੀਆਂ ਚਰਚਾ ਦਾ ਵਿਸ਼ਾ ਕਿਉਂ ਨਹੀਂ ਹਨ? ਬਣਾਵਟੀ ਬੁੱਧੀਮਤਾ, ਮਸ਼ੀਨੀ ਲਰਨਿੰਗ ਬਾਰੇ ਚੁੱਪੀ ਕਿਉਂ ਹੈ ਮਹਾਨ ਸੰਸਦ ਵਿੱਚ? ਧਰਮ-ਨਿਰਪੱਖ ਕਦਰਾਂ-ਕੀਮਤਾਂ 'ਚ ਵਾਧੇ ਦੀ ਥਾਂ ਧਾਰਮਿਕ ਪਾੜ ਪਾਉਣ ਦਾ ਬੀੜਾ ਆਖ਼ਰ ਦੇਸ਼ ਦੀ ਸੰਸਦ 'ਚ ਮੌਜੂਦ ਸਰਕਾਰ ਚੁੱਕ ਕੇ ਦੇਸ਼ ਨੂੰ ਕਿਸ ਪਾਸੇ ਲਿਜਾ ਰਹੀ ਹੈ?ਕਿਉਂ ਉਹ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ ਅਤੇ ਦੇਸ਼ ਦਾ ਮੁਖੀ-ਚੌਧਰੀ ਮਾਣ ਮਹਿਸੂਸ ਕਰ ਰਿਹਾ ਹੈ।

ਭਾਜਪਾ ਅਤੇ ਸਰਕਾਰ ਨੇ ਕਾਂਗਰਸ ਉੱਤੇ ਰਾਸ਼ਟਰੀ ਗੀਤ "ਬੰਦੇ ਮਾਤਰਮ" ਨੂੰ ਪਿੱਛੇ ਸੁੱਟਣ ਦਾ ਦੋਸ਼ ਲਾਇਆ ਅਤੇ ਸੰਸਦ ਦੇ ਦੋਹਾਂ ਘਰਾਂ-ਲੋਕ ਸਭਾ ਤੇ ਰਾਜ ਸਭਾ-ਵਿੱਚ ਬਹਿਸ ਦੀ ਚੁਣੌਤੀ ਦਿੱਤੀ।

ਦੋਹਾਂ ਧਿਰਾਂ ਨੇ ਇਤਿਹਾਸ ਵਰਣਨ ਕੀਤਾ। ਪ੍ਰਧਾਨ ਮੰਤਰੀ ਦੇ ਸ਼ਬਦ ਵੇਖੋ— "ਬੰਦੇ ਮਾਤਰਮ" ਦੀ ਰਚਨਾ ਉਸ ਸਮੇਂ ਹੋਈ ਜਦੋਂ 1857 ਦੇ ਅਜ਼ਾਦੀ ਸੰਗਰਾਮ ਦੇ ਬਾਅਦ ਅੰਗਰੇਜ਼ ਸਾਮਰਾਜ ਡਾਵਾਂਡੋਲ ਸੀ। ਉਸ ਨੇ ਭਾਰਤ ਉੱਤੇ ਵੱਖ-ਵੱਖ ਦਬਾਅ ਪਾਏ, ਬੇਇਨਸਾਫ਼ੀਆਂ ਕੀਤੀਆਂ। ਤਦ "ਬੰਦੇ ਮਾਤਰਮ" ਨੇ ਚੁਣੌਤੀ ਦਿੱਤੀ ਅਤੇ ਪੂਰੀ ਤਾਕਤ ਨਾਲ ਜਵਾਬ ਦਿੱਤਾ। ਇਸੇ ਲਲਕਾਰ ਨੇ "ਬੰਦੇ ਮਾਤਰਮ" ਨੂੰ ਜਨਮ ਦਿੱਤਾ।

ਇੱਕ ਹੋਰ ਬਿਆਨ ਧਿਆਨਯੋਗ ਹੈ ...... ਮੁਹੰਮਦ ਅਲੀ ਜਿਨਾਹ ਨੇ 15 ਅਕਤੂਬਰ 1937 ਨੂੰ ਲਖਨਊ ਤੋਂ "ਬੰਦੇ ਮਾਤਰਮ" ਦੇ ਵਿਰੁੱਧ ਨਾਅਰਾ ਲਾਇਆ। ਮੁਸਲਿਮ ਲੀਗ ਦੇ ਨਿਰ-ਅਧਾਰ ਬਿਆਨਾਂ ਦਾ ਖੰਡਨ ਕਰਨ ਅਤੇ ਉਸ ਦੀ ਨਿੰਦਾ ਕਰਨ ਦੀ ਥਾਂ, ਉਸ ਸਮੇਂ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਨੇ "ਬੰਦੇ ਮਾਤਰਮ" ਪ੍ਰਤੀ ਆਪਣੀ ਕਾਂਗਰਸ ਪਾਰਟੀ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਨਹੀਂ ਕੀਤੀ ਅਤੇ ਆਪ "ਬੰਦੇ ਮਾਤਰਮ" 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ। ਜਿਨਾਹ ਦੇ ਵਿਰੋਧ ਦੇ ਠੀਕ ਪੰਜ ਦਿਨ ਬਾਅਦ, 20 ਅਕਤੂਬਰ 1937 ਨੂੰ, ਨਹਿਰੂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਇੱਕ ਖ਼ਤ ਲਿਖ ਕੇ ਜਿਨਾਹ ਦੀ ਭਾਵਨਾ ਨਾਲ ਸਹਿਮਤੀ ਦਿੱਤੀ। ਨਹਿਰੂ ਨੇ ਕਿਹਾ, "ਮੈਂ 'ਬੰਦੇ ਮਾਤਰਮ' ਦੀ ਪਿੱਠਭੂਮੀ ਪੜ੍ਹੀ ਹੈ। ਮੈਨੂੰ ਲੱਗਦਾ ਹੈ ਕਿ ਇਹ ਪਿੱਠਭੂਮੀ ਮੁਸਲਮਾਨਾਂ ਨੂੰ ਭੜਕਾ ਸਕਦੀ ਹੈ।"

"ਬਦਕਿਸਮਤੀ ਨਾਲ, 26 ਅਕਤੂਬਰ 1937 ਨੂੰ ਕਾਂਗਰਸ ਨੇ "ਬੰਦੇ ਮਾਤਰਮ" ਉੱਤੇ ਸਮਝੌਤਾ ਕਰ ਲਿਆ ਅਤੇ ਇਸ ਨੂੰ ਟੁਕੜਿਆਂ 'ਚ ਵੰਡ ਦਿੱਤਾ। ਇਤਿਹਾਸ ਗਵਾਹ ਹੈ ਕਿ ਭਾਰਤੀ ਰਾਸ਼ਟਰੀ ਕਾਂਗਰਸ ਨੇ ਮੁਸਲਿਮ ਲੀਗ ਦੇ ਅੱਗੇ ਗੋਡੇ ਟੇਕ ਦਿੱਤੇ ਅਤੇ ਉਸ ਦੇ ਦਬਾਅ ਹੇਠ ਤੁਸ਼ਟੀਕਰਨ ਦੀ ਰਾਜਨੀਤੀ ਅਪਣਾ ਲਈ। ਕਾਂਗਰਸ ਹੁਣ ਮੁਸਲਿਮ ਲੀਗ ਮਾਓਵਾਦੀ ਕਾਂਗਰਸ ਬਣ ਚੁੱਕੀ ਹੈ।"

ਨਰੇਂਦਰ ਮੋਦੀ ਦੇ ਜੋੜੀਦਾਰ ਅਮਿਤ ਸ਼ਾਹ ਦਾ ਬਿਆਨ ਧਿਆਨ ਮੰਗਦਾ ਹੈ, ਜਿਸ ਨੇ ਕਿਹਾ ਕਿ ਰਾਸ਼ਟਰੀ ਗੀਤ ਨੂੰ ਵੰਡਣ ਨਾਲ ਤੁਸ਼ਟੀਕਰਨ ਦੀ ਨੀਤੀ ਨੂੰ ਬੜਾਵਾ ਮਿਲਿਆ, ਜਿਸ ਦੇ ਕਾਰਨ ਦੇਸ਼ ਦੀ ਵੰਡ ਹੋਈ। ਅਸਲ ਵਿੱਚ ਮੋਦੀ-ਸ਼ਾਹ ਜੋੜੀ ਭਾਜਪਾ ਤੇ ਸਰਕਾਰ ਵੱਲੋਂ ਇਤਿਹਾਸ ਦੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਹੈ, ਜਿਸ ਨੂੰ ਇਹ ਤੱਥ ਪੇਸ਼ ਕਰਨ ਵਾਲੀਆਂ ਧਿਰਾਂ ਵੀ ਅਸਹਿਜ ਮਹਿਸੂਸ ਕਰਨਗੀਆਂ।

ਕੀ ਪ੍ਰਧਾਨ ਮੰਤਰੀ ਮੋਦੀ ਇਹ ਤੱਥ ਨਹੀਂ ਜਾਣਦੇ ਕਿ ਆਰ.ਐੱਸ.ਐੱਸ. ਅਤੇ ਭਾਜਪਾ ਦੇ ਪਹਿਲੇ ਸੰਗਠਨ-ਜਨ ਸੰਘ ਆਦਿ ਦੀ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਜਾਂ "ਬੰਦੇ ਮਾਤਰਮ" ਗੀਤ ਅਤੇ ਉਸ ਨੂੰ ਲੋਕ ਮਨ ਵਿੱਚ ਵਸਾਉਣ ਵਿੱਚ ਕੋਈ ਭੂਮਿਕਾ ਨਹੀਂ ਸੀ। ਚਿੱਟੇ ਦਿਨ ਵਰਗਾ ਸੱਚ ਇਹ ਵੀ ਹੈ ਕਿ ਆਰ.ਐੱਸ .ਐੱਸ.ਨੇ ਆਪਣੇ ਹੈੱਡਕੁਆਰਟਰ ਵਿੱਚ 52 ਸਾਲਾਂ ਤੱਕ ਰਾਸ਼ਟਰੀ ਝੰਡਾ ਹੀ ਨਹੀਂ ਲਹਿਰਾਇਆ।

1937 ਤੋਂ ਹੁਣ ਤੱਕ ਦੋ ਛੰਦਾਂ ਵਾਲੇ ਰਾਸ਼ਟਰੀ ਗੀਤ ਉੱਤੇ ਕਿਸੇ ਨੇ ਕੋਈ ਸਵਾਲ ਨਹੀਂ ਚੁੱਕਿਆ, ਕੋਈ ਵਿਵਾਦ ਨਹੀਂ ਉਠਾਇਆ। ਹੁਣ ਇਹ ਵਾਧੂ ਦਾ ਝਗੜਾ ਝੇੜਾ ਕਿਉਂ? ਰਾਸ਼ਟਰੀ ਗੀਤ ਲਈ ਕੁਝ ਛੰਦਾਂ ਦੀ ਚੋਣ ਕੋਈ ਅਸਧਾਰਣ ਗੱਲ ਨਹੀਂ ਹੈ। "ਜਨ ਗਣ ਮਨ", ਜੋ ਕਿ ਰਾਸ਼ਟਰੀ ਮਾਣ ਹੈ,ਰਵਿੰਦਰ ਨਾਥ ਟੈਗੋਰ ਦੀ ਇੱਕ ਪੂਰੀ ਕਵਿਤਾ ਦਾ ਸੰਖੇਪ ਰੂਪ ਹੈ, ਕਈ ਦੇਸ਼ਾਂ ਦੇ ਰਾਸ਼ਟਰੀ ਗੀਤ ਵੀ ਲੰਬੀਆਂ ਰਚਨਾਵਾਂ ਦੇ ਸੰਖੇਪ ਰੂਪ ਹਨ।

ਆਓ ਵੇਖੀਏ ਰਾਸ਼ਟਰੀ ਗੀਤ ਦਾ ਘਟਨਾਕ੍ਰਮ-ਇਹ ਹੋਂਦ ਵਿੱਚ ਕਿਵੇਂ ਆਇਆ। 1870 ਦੇ ਦਹਾਕੇ ਵਿੱਚ ਬੰਕਿਮ ਚੰਦਰ ਚੈਟਰਜੀ ਨੇ ਇਸ ਗੀਤ ਦੀਆਂ ਕੁਝ ਸਤਰਾਂ ਲਿਖੀਆਂ, ਜੋ ਪ੍ਰਕਾਸ਼ਿਤ ਨਹੀਂ ਹੋਈਆਂ। 1881 ਵਿੱਚ ਇਸ ਕਵਿਤਾ ਦਾ ਵਿਸਤਾਰਿਤ ਰੂਪ ਨਾਵਲ "ਆਨੰਦ ਮਠ" ਵਿੱਚ ਸ਼ਾਮਲ ਕੀਤਾ ਗਿਆ। 1905 ਵਿੱਚ ਰਵਿੰਦਰ ਨਾਥ ਟੈਗੋਰ ਨੇ ਰਾਸ਼ਟਰਵਾਦੀ ਪ੍ਰਦਰਸ਼ਨਾਂ ਦੀ ਅਗਵਾਈ ਕਰਦਿਆਂ "ਬੰਦੇ ਮਾਤਰਮ" ਗਾਇਆ। ਇਹ ਇੱਕ ਸਿਆਸੀ ਨਾਆਰਾ ਬਣਿਆ। 1908 ਵਿੱਚ ਤਾਮਿਲ ਕਵੀ ਸੁਬ੍ਰਮਣਿਆ ਭਾਰਤੀ ਨੇ ਆਪਣੀ ਕਵਿਤਾ "ਇੰਥੈਯੁਮ ਤਾਯੁਮ ਮਰੰਦੁ" ਵਿੱਚ ਬੰਦੇ ਮਾਤਰਮ ਨੂੰ ਅਨੁਵਾਦ ਕੀਤਾ।1930 ਦੇ ਦਹਾਕੇ ਵਿੱਚ ਸੰਪਰਦਾਇਕ ਸਿਆਸਤ ਚਰਮ ਸੀਮਾ 'ਤੇ ਸੀ, ਇਸ ਕਰਕੇ ਇਹ ਗੀਤ ਵਿਵਾਦਿਤ ਹੋਇਆ।

28 ਸਤੰਬਰ 1937 ਨੂੰ ਰਾਜਿੰਦਰ ਪ੍ਰਸਾਦ ਨੇ ਸਰਦਾਰ ਪਟੇਲ ਨੂੰ ਖ਼ਤ ਲਿਖ ਕੇ ਗੀਤ ਦੇ ਵਿਆਪਕ ਵਿਰੋਧ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਸੁਝਾਅ ਦਿੱਤਾ ਕਿ ਇਸ 'ਤੇ ਕਾਂਗਰਸ ਨੂੰ ਆਪਣੀ ਨੀਤੀ ਸਪੱਸ਼ਟ ਕਰਨੀ ਚਾਹੀਦੀ ਹੈ।

ਕਾਂਗਰਸ ਕਾਰਜਕਾਰਨੀ ਦੀ ਬੈਠਕ ਤੋਂ ਇੱਕ ਸ਼ਾਮ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਰਵਿੰਦਰ ਨਾਥ ਟੈਗੋਰ ਤੋਂ ਸਲਾਹ ਲਈ। ਮਿਤੀ 17 ਅਕਤੂਬਰ 1937 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਜਵਾਹਰ ਲਾਲ ਨਹਿਰੂ ਨੂੰ ਖ਼ਤ ਲਿਖ ਕੇ ਕਾਂਗਰਸ ਕਾਰਜਕਾਰਨੀ ਵਿੱਚ ਚਰਚਾ ਕਰਨ ਦੀ ਮੰਗ ਕੀਤੀ। 20 ਅਕਤੂਬਰ 1937 ਨੂੰ ਨਹਿਰੂ ਨੇ ਬੋਸ ਨੂੰ ਖ਼ਤ ਲਿਖ ਕੇ ਕਿਹਾ ਕਿ ਇਹ ਵਿਵਾਦ ਸੰਪਰਦਾਇਕ ਤੱਤਾਂ ਵੱਲੋਂ ਵਧਾਇਆ ਗਿਆ ਹੈ ਅਤੇ ਉਹ ਇਸ ਮਾਮਲੇ 'ਤੇ ਟੈਗੋਰ ਅਤੇ ਹੋਰ ਲੋਕਾਂ ਨਾਲ ਵਿਚਾਰ ਕਰਨਗੇ।

26 ਅਕਤੂਬਰ 1937 ਨੂੰ ਟੈਗੋਰ ਨੇ ਨਹਿਰੂ ਨੂੰ ਖ਼ਤ ਲਿਖ ਕੇ ਕਿਹਾ ਕਿ ਗੀਤ ਦਾ ਪਹਿਲਾ ਹਿੱਸਾ ਆਪਣੇ ਆਪ ਵਿੱਚ ਪੂਰਾ ਹੈ ਅਤੇ ਇਸ ਵਿੱਚ ਪ੍ਰੇਰਣਾਦਾਇਕ ਸੁਨੇਹਾ ਹੈ, ਜੋ ਕਿਸੇ ਵੀ ਧਾਰਮਿਕ ਸਮੁਦਾਇ ਲਈ ਇਤਰਾਜ਼ਯੋਗ ਨਹੀਂ ਹੈ। 28 ਅਕਤੂਬਰ 1937 ਨੂੰ ਕਾਂਗਰਸ ਕਾਰਜਕਾਰਨੀ ਨੇ ਕਵਿਤਾ ਦੇ ਦੋ ਛੰਦਾਂ ਨੂੰ ਰਾਸ਼ਟਰੀ ਗੀਤ ਦੇ ਰੂਪ ਵਿੱਚ ਅਪਣਾਇਆ। ਜਨਵਰੀ 1939 ਵਿੱਚ ਕਾਂਗਰਸ ਨੇ ਮਹਾਤਮਾ ਗਾਂਧੀ ਦੀ ਹਾਜ਼ਰੀ ਵਿੱਚ ਵਾਰਧਾ ਵਿਖੇ ਹੋਈ ਇੱਕ ਬੈਠਕ ਵਿੱਚ ਇਸ ਪ੍ਰਸਤਾਵ ਨੂੰ ਦੁਹਰਾਇਆ।

ਹੁਣ ਸਪੱਸ਼ਟ ਹੈ ਕਿ ਦੇਸ਼ ਨੂੰ ਦਰਪੇਸ਼ ਮੁਸ਼ਕਲਾਂ ਤੋਂ ਪਾਸਾ ਵੱਟਣ ਲਈ ਦੇਸ਼ ਦੇ ਅਸਲ ਮੁੱਦਿਆਂ-ਮਸਲਿਆਂ ਨੂੰ ਅੱਖੋਂ ਪਰੋਖੇ ਕਰਕੇ ਅਜਿਹੇ ਮਸਲਿਆਂ ਵਿੱਚ ਲੋਕਾਂ ਨੂੰ ਉਲਝਾਇਆ ਜਾ ਰਿਹਾ ਹੈ, ਜਿਨ੍ਹਾਂ ਦਾ ਆਮ ਲੋਕਾਂ ਨਾਲ ਮੌਜੂਦਾ ਦੌਰ ਵਿੱਚ ਕੋਈ ਲੈਣਾ-ਦੇਣਾ ਨਹੀਂ ਹੈ।

ਕੀ "ਬੰਦੇ ਮਾਤਰਮ" ਦੀ ਥਾਂ ਇਹ ਚਰਚਾ ਦਰਕਾਰ ਨਹੀਂ ਹੈ ਕਿ 15 ਭਗੌੜੇ ਆਰਥਿਕ ਅਪਰਾਧੀ ਸਰਕਾਰੀ ਬੈਂਕਾਂ ਦੇ 58 ਹਜ਼ਾਰ ਕਰੋੜ ਰੁਪਏ ਡਕਾਰ ਚੁੱਕੇ ਹਨ? ਕੀ ਇਹ ਵਿਚਾਰਿਆ ਨਹੀਂ ਜਾਣਾ ਚਾਹੀਦਾ ਕਿ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਦੁਰਦਸ਼ਾ ਕਿਉਂ ਹੈ?

ਇਸ ਸਮੇਂ ਦੇਸ਼ ਦੀ ਸਮੱਸਿਆ ਇਹ ਹੈ ਕਿ ਇੱਕ ਤਾਕਤਵਰ ਵਿਰੋਧੀ ਧਿਰ ਨਹੀਂ ਹੈ। ਵਿਰੋਧੀ ਧਿਰ ਦੇ ਬਿਨਾਂ, ਨਾ ਸੰਸਦ ਦੇ ਅੰਦਰ ਅਤੇ ਨਾ ਹੀ ਸੰਸਦ ਦੇ ਬਾਹਰ, ਉਹ ਸੁਧਾਰ ਆ ਸਕਦੇ ਹਨ ਜਿਨ੍ਹਾਂ ਦੀ ਲੋਕਾਂ ਨੂੰ ਲੋੜ ਹੈ। ਦੇਸ਼ ਗੰਦਗੀ ਦਾ ਢੇਰ ਬਣ ਚੁੱਕਾ ਹੈ। ਗੰਦਗੀ ਕਾਰਨ 1000 ਵਿੱਚੋਂ 28 ਭਾਰਤੀ ਬੱਚੇ ਮਰ ਜਾਂਦੇ ਹਨ। ਪੰਜ ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਹ ਅਜਿਹੀਆਂ ਬਿਮਾਰੀਆਂ ਨਾਲ ਗ੍ਰਸਤ ਹੋ ਜਾਂਦੇ ਹਨ, ਜੋ ਲਾਇਲਾਜ ਨਹੀਂ।

ਪਰ ਦੇਸ਼ ਦੇ ਸ਼ਾਸਕ ਪੁੱਛਦੇ ਹੀ ਨਹੀਂ। ਉਹਨਾਂ ਨੂੰ ਸੜਕਾਂ, ਰੇਲਵੇ ਲਾਈਨਾਂ ਅਤੇ ਸਰਵਜਨਕ ਥਾਵਾਂ 'ਤੇ ਕੂੜਾ ਦਿਸਦਾ ਹੀ ਨਹੀਂ। ਦੇਸ਼ ਵਿੱਚ ਬਹੁਤ ਕੁਝ ਕਰਨ ਵਾਲਾ ਹੈ, ਪਰ ਨਾ ਮੋਦੀ ਜੀ ਨੂੰ ਅਤੇ ਨਾ ਹੀ ਮੋਦੀ ਭਗਤਾਂ ਨੂੰ ਕੁਝ ਦਿਖਾਈ ਦਿੰਦਾ ਹੈ। ਉਹ ਆਪਣੇ ਆਪ ਨੂੰ ਉੱਚ ਵਿਚਾਰਾਂ ਵਾਲਾ ਸਮਝਦੇ ਹਨ, ਇਤਿਹਾਸ ਵਿੱਚੋਂ ਘਟਨਾਵਾਂ ਚੁਣਦੇ ਹਨ, ਆਪਣੀ ਸਵਾਰਥ ਸਿੱਧੀ ਲਈ ਵਰਤਦੇ ਹਨ, ਵੋਟਾਂ ਇਕੱਠੀਆਂ ਕਰਦੇ ਹਨ ਅਤੇ ਫਿਰ ਚੈਨ ਨਾਲ ਬੈਠ ਜਾਂਦੇ ਹਨ, ਆਪਣੀ ਅਗਲੀ ਪਾਰੀ ਖੇਡਣ ਲਈ।

ਬਦਕਿਸਮਤੀ ਦੀ ਗੱਲ ਇਹ ਹੈ ਕਿ "ਬੰਦੇ ਮਾਤਰਮ", ਜੋ ਬੰਗਾਲੀ ਬਾਬੂ ਵੱਲੋਂ ਲਿਖਿਆ ਤੇ ਗਾਇਆ ਗਿਆ, ਚੋਣਾਵੀ ਸਿਆਸਤ ਦੀ ਲਪੇਟ ਵਿੱਚ ਆ ਗਿਆ ਹੈ। ਇਸ ਗੀਤ ਨੂੰ ਅਗਲੇ ਸਾਲ ਹੋਣ ਵਾਲੀਆਂ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ ਉਥੋਂ ਦੇ ਵੋਟਰਾਂ ਨੂੰ ਭਰਮਾਉਣ ਲਈ ਵਰਤੇ ਜਾਣ ਦਾ ਖ਼ਦਸ਼ਾ ਹੈ। ਇਸ ਗੀਤ ਨੂੰ ਹਿੰਦੂ-ਮੁਸਲਮਾਨਾਂ ਵਿੱਚ ਵੰਡਣ ਦੀ ਸਾਜ਼ਿਸ਼ ਹੋ ਰਹੀ ਹੈ।

"ਬੰਦੇ ਮਾਤਰਮ" ਕਦੇ ਅਜ਼ਾਦੀ ਸੰਗਰਾਮ ਸਮੇਂ ਦੇਸ਼ ਨੂੰ ਇੱਕਜੁੱਟ ਕਰਨ ਵਾਲਾ ਸੀ, ਅੰਗਰੇਜ਼ਾਂ ਨੂੰ ਡਰਾਉਣ ਵਾਲਾ ਸੀ। ਇਸ ਗੀਤ ਨੇ ਦੇਸ਼ ਦੇ ਅਜ਼ਾਦੀ ਅੰਦੋਲਨ ਨੂੰ ਊਰਜਾ ਦਿੱਤੀ, ਪ੍ਰੇਰਣਾ ਦਿੱਤੀ। ਅੱਜ, ਜਦੋਂ ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਮਨੁੱਖੀ ਅਧਿਕਾਰਾਂ ਦਾ ਹਨਨ ਹੋ ਰਿਹਾ ਹੈ, ਦੇਸ਼ ਨੂੰ ਸੰਪਰਦਾਇਕ ਤੌਰ 'ਤੇ ਵੰਡਣ ਦੇ ਜਤਨ ਹੋ ਰਹੇ ਹਨ, ਦੇਸ਼ ਵਿੱਚ ਗ਼ਰੀਬੀ ਅਤੇ ਭੁੱਖਮਰੀ ਵਧ ਰਹੀ ਹੈ, ਤਦ ਇੱਕ ਵਾਰ ਫਿਰ ਅਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ "ਬੰਦੇ ਮਾਤਰਮ" ਦੀ ਮੁੜ-ਸੁਰਜੀਤੀ ਦੀ ਲੋੜ ਮਹਿਸੂਸ ਹੋ ਰਹੀ ਹੈ।

-ਗੁਰਮੀਤ ਸਿੰਘ ਪਲਾਹੀ

# Hindu–Sikh Unity: The Foundation of Punjab's Strength and India's Stability

**Iqbal Singh Lalpura**



Punjab's modern political history cannot be understood without acknowledging a simple and enduring truth: Hindu–Sikh unity has been the backbone of Punjab's strength for centuries. Every period of progress in Punjab has emerged from cooperation between the two communities, and every era of instability has been the product of deliberate attempts—domestic and foreign—to divide them. From British colonial strategy to the conspiracies of the Muslim League, from political miscalculations of the 20th century to foreign interference in recent decades, the history of Punjab is, in essence, the history of unity versus division.

The earliest record of this strategy appears in 1845, on the eve of the Anglo-Sikh Wars. Colonel Steinbach, reporting to the British authorities, wrote that the Khalsa Raj could not be defeated by military action alone. To break the Sikh Empire, Hindus and Sikhs—who stood shoulder to shoulder—would have to be divided politically and socially. He further noted that the Muslims of the region would be inclined to support British rule. The report, preserved in colonial archives, confirms that communal division in Punjab was not an accidental development but a deliberate instrument of British imperial policy. Punjab could not be conquered so long as its two major communities remained united.

A century later, on the eve of Independence, the same strategy resurfaced through the propaganda of the Muslim League. As Punjab descended into murderous violence in 1947, rumours were spread that Sikhs would be safe in Pakistan and that their real enemies were Hindus. These lies were designed to weaken the historical bond between the two communities. But the trains of refugees arriving in East Punjab revealed the truth: Hindus and Sikhs were being massacred together, without distinction.

At this critical moment, on 18 September 1947, Master Tara Singh made one of the most significant pronouncements in Punjab's history. Speaking to the press in New Delhi, he said, "I have always said—and I repeat again—that Hindus and Sikhs will rise and fall together. Their fates are inextricably linked. If Hindus die, Sikhs will not survive; and if Sikhs die, Hindus will also vanish." His words, emerging from the heart of Partition's tragedy, reaffirmed a civilisational truth that had guided Punjab for centuries: the destiny of both communities is one and the same. He also warned against the false propaganda of the Muslim League, which was responsible for disarming Hindus and Sikhs in West Punjab and enabling their massacre.

India's national thinkers also recognised this truth. Pandit Madan Mohan Malaviya described Sikhs as the "shield of India" and suggested that every Hindu family should encourage one son to join the Sikh Panth to strengthen the nation's defence. Swami Vivekananda declared that the spiritual strength and martial discipline of the Sikhs would protect India in the future. Neither Malaviya nor Vivekananda saw Hindus and Sikhs as separate communities; they saw them as a single civilisational family.

After Independence, despite the wounds of Partition, Punjab attempted to rebuild harmony. In 1967, when Justice Gurnam Singh led a non-Congress government, political partners drafted an 11-Point Common Programme emphasising communal peace, fair governance, and development rooted in Hindu–Sikh cooperation. Though short-lived, it was an honest effort to restore Punjab's historical unity.

On 27 March 1970, a young Parkash Singh Badal, then Chief Minister, reaffirmed the same truth. Publicly declaring that Hindu–Sikh amity was his central agenda .He warned people not to fall victim to the any propoganda again. His words aligned completely with Master Tara Singh's warning of 1947 and echoed Steinbach's 1845 analysis: Punjab can rise only when its people remain united.

But even as some leaders sought unity, others undermined it for political gain. By the late 1970s, Punjab became the ground for a dangerous political experiment. Former intelligence officers—especially GBS Sidhu, IPS (R&AW)—along with journalists and researchers have documented how certain Congress leaders encouraged the early rise of Jarnail Singh Bhindranwale to weaken the Akali Dal electorally. What began as political manoeuvring soon turned into radicalisation. Pakistan's ISI and foreign networks quickly exploited the situation. As Sidhu and others noted, the early Khalistan conspiracy was not rooted among ordinary Punjabis but emerged from domestic political manipulation and foreign interference.

The cost was devastating. Punjab was pushed into a decade of violence that scarred generations. Militant groups targeted not only the Indian state but also the shared cultural fabric of Hindus and Sikhs—the very bond that had protected Punjab for centuries. Their goal was exactly what Steinbach had described in 1845: break Punjab by breaking its unity.

Yet the deepest layers of Punjab's society never accepted this division. Hindu and Sikh families continued to protect one another. Social life, rooted in a shared language, culture and history, remained interwoven. The bond of Roti-Beti di Sanjh—sharing food and matrimonial ties—survived the darkest nights. Punjab endured because its people refused to abandon their unity.

As militancy receded in the 1990s, India entered a new political era. Atal Bihari Vajpayee became the first national leader to openly restore Hindu–Sikh unity as an essential civilisational principle. He supported Parkash Singh Badal, who had advocated this unity since 1970, and worked sincerely to apply balm to the wounds of the 1984 tragedy. Vajpayee Ji strengthened the global Sikh community, promoted preservation of Sikh heritage, and sanctioned funds for the celebration of the 300th Khalsa Sirjna in 1999.

This legacy has continued with even greater determination under Prime Minister Narendra Modi since 2014. The last decade has seen unprecedented efforts to honour Sikh identity, correct historical injustices, and celebrate the Sikh contribution to India. The Kartarpur Corridor became a reality; the 550th Prakash Purab of Guru Nanak Dev Ji and the sacrifices of the Sahibzade were commemorated at the highest level; forgotten Sikh heroes received long-overdue recognition; and the 350th martyrdom anniversary of Guru Tegh Bahadur Ji was honoured globally. The Modi government has consistently rejected the politics of division and emphasised unity rooted in mutual respect.

As far as Sikh identity as an independent Religion/Panth is concerned, it was clearly defined by Guru Arjan Dev Ji and Bhai Gurdas Ji, and the Constitution of India also recognises Sikhs as a distinct community. Unnecessary controversies created by foreign or separatist elements are aimed at creating differences between Hindus and Sikhs to weaken Punjab and India.

Today, Punjab again stands at a crossroads. Economic stress, rising debt, social tensions and political instability are creating a fragile environment. Foreign agencies are attempting to exploit grievances. Divisive voices abroad are trying to revive separatist narratives. The lesson of history, however, is unmistakable. From 1845 to 1947, from 1967 to 1970, and through the tragic events of the 1980s, one message remains unchanged: Punjab rises when its people are united and falls when they are divided.

The way forward is therefore not new. It is the same path that protected Punjab for centuries. Hindu–Sikh unity is not a political slogan—it is a civilisational truth, a historical necessity, and the only foundation on which Punjab's prosperity, security and dignity can be rebuilt. National leadership today has once again reaffirmed this unity. It is now the responsibility of Punjab's political class, intellectuals and civil society to rise above temporary politics and strengthen the principles of Ekta, Saanjh te Bharosa—unity, shared heritage and mutual trust.

Only then can Punjab regain the peace, progress and pride that its history has always promised.

Punjabi je kar ik hon,
Sadi tarakki roku kaun!

Let us begin this journey again.

**Former Chairman**
**National Minorities Commission, Government of India**

# ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਕੀ ਸੰਭਵ ਹੈ : ਕੀ ਹੋਵੇਗਾ ਪੰਜਾਬ ਦੀ ਸਿਆਸਤ ਦਾ ਭਵਿੱਖ ?

## ✪ ਕੀ ਭਵਿਖ ਵਿਚ ਬਾਦਲ ਦਲ ਸਮੇਤ ਪੰਥਕ ਗੱਠਜੋੜ ਸੰਭਵ ਹੈ ?

ਕਵਰ ਸਟੋਰੀ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਪੰਜਾਬ ਦੀ ਸਿਆਸੀ ਜ਼ਮੀਨ ਸਿੱਖ ਰਾਜਨੀਤੀ ਨੂੰ ਲੈਕੇ ਇੱਕ ਵਾਰ ਫਿਰ ਗਰਮ ਹੋ ਰਹੀ ਹੈ। ਆਉਣ ਵਾਲੇ ਵਿਧਾਨ ਸਭਾ ਚੋਣਾਂ 2027 ਵਿੱਚ ਅਜੇ ਇੱਕ ਸਾਲ ਤੋਂ ਵੱਧ ਸਮਾਂ ਬਾਕੀ ਹੈ, ਪਰ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚਾਲੇ ਗਠਜੋੜ ਦੀਆਂ ਅਟਕਲਾਂ ਨੇ ਜ਼ੋਰ ਫੜ੍ਹ ਲਿਆ ਹੈ। ਕੁਝ ਨੇਤਾ ਇਸ ਨੂੰ ਪੰਜਾਬ ਦੀ ਸਿਆਸਤ ਲਈ ਜ਼ਰੂਰੀ ਮੰਨ ਰਹੇ ਹਨ, ਜਦਕਿ ਕੁਝ ਇਸ ਨੂੰ ਅਸੰਭਵ ਦੱਸ ਰਹੇ ਹਨ। ਇਸ ਨਾਲ ਜੁੜੇ ਸਵਾਲ ਵੀ ਬਹੁਤ ਹਨ: ਕੀ ਅਕਾਲੀ ਦਲ ਇੱਕਮੁੱਠ ਹੋਵੇਗਾ? ਕੀ ਬਾਦਲ ਅਕਾਲੀ ਦਲ ਅਤੇ ਹੋਰ ਪੰਥਕ ਜਥੇਬੰਦੀਆਂ ਇਕੱਠੀਆਂ ਹੋਣਗੀਆਂ? ਕੀ ਭਾਜਪਾ ਨਾਲ ਸਮਝੌਤਾ ਸੰਭਵ ਹੈ? ਜੇਕਰ ਇਹ ਦੋਵੇਂ ਪਾਰਟੀਆਂ ਹੱਥ ਮਿਲਾ ਲੈਣ ਤਾਂ ਕੀ ਉਹ ਮੁੜ ਸੱਤਾ ਵਿੱਚ ਆ ਸਕਦੀਆਂ ਹਨ?

ਪਹਿਲਾਂ ਗੱਲ ਕਰੀਏ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਦੇ ਇਤਿਹਾਸ ਬਾਰੇ। ਇਹ ਗਠਜੋੜ ਕੋਈ ਨਵਾਂ ਨਹੀਂ ਹੈ। ਇਹ ਲਗਭਗ 30 ਸਾਲ ਪੁਰਾਣਾ ਰਿਸ਼ਤਾ ਹੈ, ਜਿਸ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨਹੁੰ-ਮਾਸ ਵਰਗਾ ਦੱਸਦੇ ਸਨ। ਇਹ ਸਾਂਝ ਪਹਿਲੀ ਵਾਰ 1967 ਵਿੱਚ ਹੋਂਦ ਵਿੱਚ ਆਈ, ਜਦੋਂ ਜਨ ਸੰਘ (ਜੋ ਹੁਣ ਭਾਜਪਾ ਹੈ) ਨੇ ਅਕਾਲੀ ਦਲ ਨੂੰ ਸਮਰਥਨ ਦਿੱਤਾ ਸੀ ਅਤੇ ਪੰਜਾਬ ਵਿੱਚ ਪਹਿਲੀ ਗੈਰ-ਕਾਂਗਰਸੀ ਸਰਕਾਰ ਬਣੀ। ਫਿਰ 1969 ਵਿੱਚ ਮੱਧਕਾਲੀ ਚੋਣਾਂ ਵਿੱਚ ਉਹਨਾਂ ਨੇ ਚੋਣ ਸਮਝੌਤਾ ਕੀਤਾ। ਇਸ ਗਠਜੋੜ ਨਾਲ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਬਣੇ। ਬਾਦਲ ਅਕਾਲੀ ਦਲ ਗਠਜੋੜ ਐੱਨਡੀਏ ਦੇ ਸਭ ਤੋਂ ਪੁਰਾਣੇ ਸਾਥੀਆਂ ਵਿੱਚੋਂ ਇੱਕ ਸੀ। ਪਰ 2020 ਵਿੱਚ ਤਿੰਨ ਖੇਤੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਕਾਰਨ ਇਹ ਟੁੱਟ ਗਿਆ। ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਅਕਾਲੀ ਦਲ ਨੇ ਐੱਨਡੀਏ ਛੱਡ ਦਿੱਤਾ ਸੀ। ਇਸ ਨਾਲ ਦੋਵਾਂ ਪਾਰਟੀਆਂ ਨੂੰ ਵੱਡਾ ਨੁਕਸਾਨ ਹੋਇਆ ਸੀ।

ਹੁਣ ਗੱਲ ਕਰੀਏ ਪਿਛਲੇ ਚੋਣਾਂ ਦੇ ਨਤੀਜਿਆਂ ਬਾਰੇ। 2022 ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਸਿਰਫ 3 ਸੀਟਾਂ ਮਿਲੀਆਂ ਅਤੇ ਭਾਜਪਾ ਨੂੰ 2। ਅਕਾਲੀ ਨੂੰ ਲਗਭਗ 20% ਵੋਟ ਮਿਲੇ ਸਨ ਅਤੇ ਭਾਜਪਾ ਨੂੰ 8%। ਉਦੋਂ ਆਮ ਆਦਮੀ ਪਾਰਟੀ (ਆਪ) ਨੇ ਵੱਡੀ ਜਿੱਤ ਹਾਸਲ ਕੀਤੀ ਸੀ। ਫਿਰ 2024 ਲੋਕ ਸਭਾ ਚੋਣਾਂ ਵਿੱਚ ਅਕਾਲੀ ਨੂੰ ਸਿਰਫ਼ ਇੱਕ ਸੀਟ (ਬਠਿੰਡਾ) ਮਿਲੀ ਅਤੇ ਭਾਜਪਾ ਨੂੰ ਜ਼ੀਰੋ। ਪਰ ਭਾਜਪਾ ਦਾ ਵੋਟ ਸ਼ੇਅਰ ਵਧਿਆ: ਭਾਜਪਾ ਨੂੰ 18.5% ਅਤੇ ਅਕਾਲੀ ਨੂੰ 13.5%। ਜੇਕਰ ਇਹ ਵੋਟ ਮਿਲਾ ਲਈਏ ਤਾਂ ਇਹ 32% ਬਣਦਾ ਹੈ, ਜੋ ਆਪ ਅਤੇ ਕਾਂਗਰਸ ਦੇ 26-26% ਨਾਲੋਂ ਵੱਧ ਹੈ। ਇਸ ਨਾਲ ਦੋਵਾਂ ਨੂੰ ਲੱਗ ਰਿਹਾ ਹੈ ਕਿ ਗਠਜੋੜ ਨਾਲ ਤਿਕੋਣਾ ਮੁਕਾਬਲਾ ਮਜ਼ਬੂਤ ਹੋ ਸਕਦਾ ਹੈ। ਪਰ ਤਾਜ਼ਾ ਖ਼ਬਰਾਂ ਅਨੁਸਾਰ ਭਾਜਪਾ ਨੇ ਗਠਜੋੜ ਨੂੰ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਇਕੱਲੇ ਚੋਣ ਲੜੇਗੀ। ਭਾਜਪਾ ਨੇਤਾ ਮਨੋਰੰਜਨ ਕਾਲੀਆ ਨੇ ਕਿਹਾ ਕਿ ਪਾਰਟੀ ਆਪਣਾ ਮੁੱਖ ਮੰਤਰੀ ਚਾਹੁੰਦੀ ਹੈ ਅਤੇ ਜੂਨੀਅਰ ਪਾਰਟਨਰ ਨਹੀਂ ਬਣੇਗੀ। ਇਸ ਨਾਲ ਅਟਕਲਾਂ ਵਧ ਗਈਆਂ ਹਨ।

ਹੁਣ ਸਵਾਲ ਹੈ ਕਿ ਕੀ ਅਕਾਲੀ ਦਲ ਇੱਕਮੁੱਠ ਹੋਵੇਗਾ?-ਅਕਾਲੀ ਦਲ ਵਿੱਚ ਅੰਦਰੂਨੀ ਵਿਵਾਦ ਬਹੁਤ ਹਨ। ਬਾਦਲ ਪਰਿਵਾਰ ਵਾਲੇ ਅਕਾਲੀ ਦਲ ਤੋਂ ਇਲਾਵਾ ਕਈ ਸਿੱਖ ਰਾਜਨੀਤਕ ਧੜੇ ਹਨ ਜਿਵੇਂ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਹੋਰ ਪੰਥਕ ਜਥੇਬੰਦੀਆਂ। ਹਾਲ ਹੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅਕਾਲੀ ਦਲ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ। ਅਕਾਲੀ ਨੇਤਾ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹੁਕਮਨਾਮੇ ਅਨੁਸਾਰ ਅਕਾਲੀ ਦਲ ਇੱਕ ਹੋ ਸਕਦਾ ਹੈ ਅਤੇ ਉਹਨਾਂ ਨੂੰ ਕਿਸੇ ਨਾਲ ਵਿਅਕਤੀਗਤ ਰੰਜਿਸ਼ ਨਹੀਂ ਹੈ। ਉਹਨਾਂ ਨੇ ਆਪ ਸਰਕਾਰ 'ਤੇ ਵੀ ਨਿਸ਼ਾਨਾ ਸਾਧਿਆ ਕਿ ਉਹ ਲੋਕਤੰਤਰ ਨੂੰ ਖ਼ਤਮ ਕਰ ਰਹੀ ਹੈ ਅਤੇ ਚੋਣਾਂ ਦੌਰਾਨ ਧੱਕੇਸ਼ਾਹੀ ਕਰ ਰਹੀ ਹੈ। ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਮਸਲੇ ਪਹਿਲਾਂ ਹਨ, ਗਠਜੋੜ ਨਾਲ ਹਲ ਹੋਣਗੇ ਜਦੋਂ ਅਸੀਂ ਇਕ ਸ਼ਕਤੀ ਹੋਵਾਂਗੇ। ਪਰ ਬਾਦਲ ਪਰਿਵਾਰ ਅਤੇ ਹੋਰ ਧੜਿਆਂ ਵਿਚਾਲੇ ਏਕਤਾ ਬਣਨੀ ਅਸਾਨ ਨਹੀਂ ਲੱਗ ਰਹੀ। ਪੰਥਕ ਜਥੇਬੰਦੀਆਂ ਜਿਵੇਂ ਸਿੱਖ ਗੁਰੂ ਘਰਾਂ ਨਾਲ ਜੁੜੀਆਂ ਸ੍ਰੋਮਣੀ ਕਮੇਟੀ ਅਤੇ ਹੋਰ ਗਰੁੱਪ ਵੀ ਅਲੱਗ-ਅਲੱਗ ਰਾਹਾਂ 'ਤੇ ਹਨ। ਜੇਕਰ ਇਹ ਸਭ ਇਕੱਠੇ ਹੋ ਜਾਣ ਤਾਂ ਅਕਾਲੀ ਦਲ ਦੀ ਤਾਕਤ ਵਧ ਸਕਦੀ ਹੈ, ਪਰ ਇਸ ਲਈ ਵੱਡੇ ਨੇਤਾਵਾਂ ਨੂੰ ਹੰਕਾਰ ਛੱਡਣਾ ਪਵੇਗਾ।

### ਕੀ ਭਾਜਪਾ ਨਾਲ ਸਮਝੌਤਾ ਸੰਭਵ ਹੈ ?

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋ ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਸਨ, ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਭਾਜਪਾ ਨੂੰ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਅਕਾਲੀ ਨਾਲ ਗਠਜੋੜ ਕਰਨਾ ਪਵੇਗਾ। ਉਹਨਾਂ ਨੇ ਕਿਹਾ ਸੀ ਕਿ ਭਾਜਪਾ ਕੋਲ ਪੰਜਾਬ ਵਿੱਚ ਕੈਡਰ ਨਹੀਂ ਹੈ ਅਤੇ ਇਕੱਲੇ ਚੋਣ ਲੜਨ ਨਾਲ ਨੁਕਸਾਨ ਹੋਵੇਗਾ। ਕੈਪਟਨ ਨੇ ਕਿਹਾ, "ਜੇਕਰ ਭਾਜਪਾ ਨੂੰ ਸਰਕਾਰ ਬਣਾਉਣੀ ਹੈ ਤਾਂ ਅਕਾਲੀ ਨਾਲ ਗਠਜੋੜ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ। ਕੈਡਰ ਬਣਾਉਣ ਲਈ ਘੱਟੋ-ਘੱਟ ਦੋ-ਤਿੰਨ ਚੋਣਾਂ ਇਕੱਲੇ ਲੜਨੀਆਂ ਪੈਣਗੀਆਂ।" ਪਰ ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਕੁਮਾਰ ਨੇ ਇਸ ਨਾਲ ਅਸਹਿਮਤੀ ਜਤਾਈ ਅਤੇ ਕਿਹਾ ਕਿ ਭਾਜਪਾ ਆਪਣੇ ਨਿਸ਼ਾਨੇ ਨੂੰ ਲੈ ਕੇ ਸਪੱਸ਼ਟ ਹੈ ਅਤੇ 117 ਸੀਟਾਂ 'ਤੇ ਚੋਣ ਲੜੇਗੀ। ਉਹਨਾਂ ਨੇ ਗਠਜੋੜ ਨੂੰ ਰੱਦ ਕਰ ਦਿੱਤਾ। ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅਕਾਲੀ ਉਸ ਪਾਰਟੀ ਨਾਲ ਜਾਵੇਗਾ ਜੋ ਪੰਜਾਬ ਦੇ ਮਸਲੇ ਹੱਲ ਕਰੇਗਾ। ਉਹਨਾਂ ਨੇ ਕਿਹਾ ਕਿ ਗਠਜੋੜ ਤੋਂ ਵੱਧ ਮਹੱਤਵ ਪੰਜਾਬ ਦੇ ਹੱਕਾਂ ਨੂੰ ਹੈ। ਤਾਜ਼ਾ ਸੂਤਰਾਂ ਅਨੁਸਾਰ ਭਾਜਪਾ ਨੇ ਗਠਜੋੜ ਨੂੰ ਨਕਾਰ ਦਿੱਤਾ ਹੈ ਅਤੇ ਇਕੱਲੇ ਲੜਨ ਦਾ ਫੈਸਲਾ ਕੀਤਾ ਹੈ। ਇਸ ਨਾਲ ਸਮਝੌਤੇ ਦੀ



ਸੰਭਾਵਨਾ ਘੱਟ ਲੱਗ ਰਹੀ ਹੈ।

ਜੇਕਰ ਅਕਾਲੀ ਅਤੇ ਭਾਜਪਾ ਹੱਥ ਮਿਲਾ ਲੈਣ ਤਾਂ ਕੀ ਉਹ ਮੁੜ ਸੱਤਾ ਵਿੱਚ ਆ ਸਕਦੀਆਂ ਹਨ? ਇਸ ਬਾਰੇ ਸਿਆਸੀ ਮਾਹਿਰਾਂ ਦੀ ਰਾਏ ਵੱਖਰੀ ਹੈ। ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾਕਟਰ ਮੁਹੰਮਦ ਖ਼ਾਲਿਦ ਨੇ ਕਿਹਾ ਕਿ ਪੰਜਾਬ ਵਿੱਚ ਵੋਟਾਂ ਕਈ ਖੇਮਿਆਂ ਵਿੱਚ ਵੰਡੀਆਂ ਹਨ। ਪੇਂਡੂ ਖੇਤਰ ਵਿੱਚ ਅਕਾਲੀ ਦਾ ਅਧਾਰ ਮਜ਼ਬੂਤ ਹੈ ਅਤੇ ਸ਼ਹਿਰੀ ਵੋਟਾਂ ਵਿੱਚ ਭਾਜਪਾ ਅਤੇ ਕਾਂਗਰਸ ਵਿਚਾਲੇ ਮੁਕਾਬਲਾ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਦੀ ਰਵਾਇਤ ਹੈ ਕਿ ਇੱਕ ਪਾਰਟੀ ਨੂੰ ਲੰਬਾ ਸਮਾਂ ਨਹੀਂ ਦਿੱਤਾ ਜਾਂਦਾ ਅਤੇ ਬਦਲਾਅ ਜਲਦੀ ਹੁੰਦਾ ਹੈ। ਖ਼ਾਲਿਦ ਨੇ ਕਿਹਾ ਕਿ ਗਠਜੋੜ ਨਾਲ ਤਿਕੋਣੀ ਮੁਕਾਬਲਾ ਹੋ ਸਕਦਾ ਹੈ, ਪਰ ਇੱਕ ਪਾਰਟੀ ਦਾ ਅਲੱਗ ਸੱਤਾ ਵਿੱਚ ਆਉਣਾ ਮੁਸ਼ਕਲ ਹੈ। ਇਸ ਵਾਰ ਚੌ-ਤਰਫ਼ਾ ਮੁਕਾਬਲਾ ਹੋਵੇਗਾ ਅਤੇ ਭਾਜਪਾ ਚਾਹੇਗੀ ਕਿ ਉਹ ਗੇਮ-ਮੇਕਰ ਬਣੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਭਾਜਪਾ ਕੋਲ ਲੀਡਰਸ਼ਿਪ ਹੈ ਪਰ ਕੈਡਰ ਨਹੀਂ, ਜਦਕਿ ਅਕਾਲੀ ਕੋਲ ਕੈਡਰ ਹੈ ਪਰ ਲੀਡਰਸ਼ਿਪ ਕਮਜ਼ੋਰ ਹੈ। ਸੁਖਬੀਰ ਸਿੰਘ ਬਾਦਲ ਨੂੰ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਪੂਰੀ ਤਰ੍ਹਾਂ ਕਬੂਲ ਨਹੀਂ ਕੀਤਾ। ਸੇਖੋਂ ਨੇ ਕਿਹਾ ਕਿ ਗਠਜੋੜ ਲਈ ਨਵੇਂ ਢਾਂਚੇ ਦੀ ਲੋੜ ਹੈ ਅਤੇ ਸੀਟਾਂ ਦੀ ਵੰਡ ਵੱਡਾ ਮਸਲਾ ਰਹੇਗਾ। ਪਹਿਲਾਂ ਭਾਜਪਾ ਨੂੰ 23 ਵਿਧਾਨ ਸਭਾ ਸੀਟਾਂ ਅਤੇ 3 ਲੋਕ ਸਭਾ ਸੀਟਾਂ ਮਿਲਦੀਆਂ ਸਨ, ਪਰ ਹੁਣ ਨਵੇਂ ਸਮੀਕਰਨ ਬਣਨੇ ਪੈਣਗੇ। ਉਹਨਾਂ ਨੇ ਕਿਹਾ ਕਿ ਲੋਕਾਂ ਵਿੱਚ ਨਿਰਾਸ਼ਾ ਹੈ ਅਤੇ ਨਸ਼ੇ, ਲਾਅ ਐਂਡ ਆਰਡਰ ਵਰਗੇ ਮਸਲੇ ਹੱਲ ਨਹੀਂ ਹੋ ਰਹੇ। ਇਸ ਲਈ ਨਵਾਂ ਬਦਲ ਜ਼ਰੂਰੀ ਹੈ।

ਸਿੱਖ ਰਾਜਨੀਤੀ ਦੇ ਭਵਿੱਖ ਬਾਰੇ ਗੱਲ ਕਰੀਏ ਤਾਂ ਇਹ ਵੀ ਉਲਝਿਆ ਹੋਇਆ ਹੈ। ਸਿੱਖ ਰਾਜਨੀਤੀ ਅਕਾਲੀ ਦਲ ਅਤੇ ਪੰਥਕ ਜਥੇਬੰਦੀਆਂ ਨਾਲ ਜੁੜੀ ਹੈ, ਪਰ ਹੁਣ ਨਵੀਂ ਪੀੜ੍ਹੀ ਅਤੇ ਨਵੇਂ ਮਸਲੇ ਸਾਹਮਣੇ ਆ ਰਹੇ ਹਨ। ਬੇਅਦਬੀ ਅਤੇ ਨਸ਼ਿਆਂ ਵਰਗੇ ਮਾਮਲੇ ਅਜੇ ਵੀ ਗਰਮ ਹਨ। ਸੇਖੋਂ ਨੇ ਕਿਹਾ ਕਿ ਅਕਾਲੀ ਨੇਤਾ ਅਕਾਲ ਤਖ਼ਤ ਤੋਂ ਮਾਫ਼ੀ ਮੰਗ ਚੁੱਕੇ ਹਨ, ਪਰ ਆਮ ਲੋਕਾਂ ਨੇ ਮਾਫ ਨਹੀਂ ਕੀਤਾ ਜਾਪਦਾ। ਅਕਾਲੀ ਲੀਡਰਸ਼ਿਪ ਨੂੰ ਕਿਰਦਾਰ ਵਿਚ ਤਬਦੀਲੀ ਲਿਆਉਣੀ ਪਵੇਗੀ।

ਖ਼ਾਲਿਦ ਨੇ ਕਿਹਾ ਕਿ ਪੰਜਾਬ ਵਿੱਚ ਗੈਰ-ਕਿਸਾਨ ਭਾਈਚਾਰਾ ਆਪਣੇ ਆਪ ਨੂੰ ਸਿਰਫ਼ ਹਿੰਦੂ ਵੋਟਰ ਵਜੋਂ ਨਹੀਂ ਵੇਖਦਾ, ਇਸ ਨੂੰ ਭਾਜਪਾ ਨੂੰ ਸਮਝਣਾ ਪਵੇਗਾ। ਸਿੱਖ ਰਾਜਨੀਤੀ ਨੂੰ ਨਵੇਂ ਆਗੂਆਂ ਦੀ ਲੋੜ ਹੈ ਜੋ ਲੋਕਾਂ ਨੂੰ ਭਰੋਸਾ ਦੇ ਸਕਣ। ਅਕਾਲੀ ਦਲ ਨੂੰ ਆਪਣੇ ਕੈਡਰ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਨਵੇਂ ਮਸਲੇ ਜਿਵੇਂ ਨੌਜਵਾਨਾਂ ਦੀ ਬੇਰੁਜ਼ਗਾਰੀ, ਪਰਵਾਸ, ਪਾਣੀ ਦੇ ਮਸਲੇ ਅਤੇ ਵਾਤਾਵਰਨ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਜੇਕਰ ਗਠਜੋੜ ਨਹੀਂ ਹੋਇਆ ਤਾਂ ਸਿੱਖ ਰਾਜਨੀਤੀ ਵਿੱਚ ਵੱਧ ਵੰਡ ਹੋ ਸਕਦੀ ਹੈ ਅਤੇ ਨਵੀਆਂ ਪਾਰਟੀਆਂ ਜਾਂ ਆਗੂ ਉੱਭਰ ਸਕਦੇ ਹਨ। ਪਰ ਜੇਕਰ ਏਕਤਾ ਹੋਈ ਤਾਂ ਇਹ ਪੰਜਾਬ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ।

ਆਪ ਸਰਕਾਰ 'ਤੇ ਵੀ ਨੇਤਾਵਾਂ ਨੇ ਨਿਸ਼ਾਨੇ ਸਾਧੇ ਹਨ। ਚੰਦੂਮਾਜਰਾ ਨੇ ਕਿਹਾ ਕਿ ਆਪ ਨੇ ਪੰਜਾਬ ਦੇ ਖ਼ਜ਼ਾਨੇ ਨੂੰ ਅਰਵਿੰਦ ਕੇਜਰੀਵਾਲ ਦੀ ਪਬਲਿਸਿਟੀ 'ਤੇ ਖਰਚ ਕੀਤਾ ਅਤੇ ਗਰੀਬਾਂ ਨੂੰ ਕੁਝ ਨਹੀਂ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੂੰ ਕੇਜਰੀਵਾਲ ਨੂੰ ਖੁਸ਼ ਕਰਨ ਲਈ ਬਿਜਲੀ ਬੋਰਡ ਅਤੇ ਪੰਚਾਇਤ ਜ਼ਮੀਨਾਂ ਵੇਚਣ ਦੀ ਤਿਆਰੀ ਕਰ ਰਹੇ ਹਨ। ਕਾਂਗਰਸ ਨੂੰ ਵੀ ਭ੍ਰਿਸ਼ਟਾਚਾਰ ਦੀ ਜਨਮਦਾਤਾ ਕਿਹਾ ਗਿਆ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੁੱਛਿਆ ਕਿ ਅਕਾਲੀ-ਭਾਜਪਾ ਜਿਨ੍ਹਾਂ ਮਸਲਿਆਂ 'ਤੇ ਅਲੱਗ ਹੋਏ ਸਨ, ਕੀ ਉਹ ਹੱਲ ਹੋ ਗਏ ਹਨ? ਇਸ ਨਾਲ ਸਪੱਸ਼ਟ ਹੈ ਕਿ ਗਠਜੋੜ ਨੂੰ ਲੈ ਕੇ ਵਿਰੋਧ ਵੀ ਹੈ।

ਆਮ ਲੋਕਾਂ ਵਿੱਚ ਅਕਾਲੀ ਅਤੇ ਭਾਜਪਾ ਪ੍ਰਤੀ ਨਿਰਾਸ਼ਾ ਹੈ। ਅਕਾਲੀ 8 ਸਾਲਾਂ ਤੋਂ ਸੱਤਾ ਤੋਂ ਬਾਹਰ ਹੈ ਅਤੇ ਭਾਜਪਾ ਨੇ ਵੋਟ ਵਧਾਏ ਹਨ ਪਰ ਪਿੰਡਾਂ ਵਿੱਚ ਉਹਨਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਂਦਾ। ਸੇਖੋਂ ਨੇ ਕਿਹਾ ਕਿ ਪੰਜਾਬ ਦਾ ਸਿਆਸੀ ਢਾਂਚਾ ਵੱਖਰਾ ਹੈ ਅਤੇ ਇੱਥੇ ਅਕਸਰ ਬਦਲਾਅ ਹੁੰਦਾ ਹੈ। ਜੇਕਰ ਗਠਜੋੜ ਹੋਇਆ ਤਾਂ ਸੀਟਾਂ ਦੀ ਵੰਡ ਅਤੇ ਲੀਡਰਸ਼ਿਪ ਦਾ ਮਸਲਾ ਵੱਡਾ ਹੋਵੇਗਾ। ਪਰ ਭਾਜਪਾ ਦੇ ਤਾਜ਼ਾ ਫੈਸਲੇ ਨਾਲ ਲੱਗਦਾ ਹੈ ਕਿ ਉਹ ਆਪਣਾ ਅਧਾਰ ਬਣਾਉਣਾ ਚਾਹੁੰਦੀ ਹੈ।

ਸਿੱਖ ਚਿੰਤਕ ਪ੍ਰੋਫੈਸਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਭਾਜਪਾ ਚਾਹੇਗੀ ਕਿ ਕੋਈ ਪਾਰਟੀ ਉਸਦੀ ਹਮਾਇਤ ਬਿਨ੍ਹਾਂ ਸਰਕਾਰ ਨਾ ਬਣਾ ਸਕੇ। ਸੋ ਅਕਾਲੀ ਧੜਿਆਂ ਨੂੰ ਸਿਆਸਤ ਵਿਚ ਪੈਰ ਬੋਚਕੇ ਤੁਰਨ ਦੀ ਲੋੜ ਹੈ। ਇਹ ਆਪਸ ਵਿਚ ਏਕਤਾ ਕਰ ਲੈਣ ਤਾਂ ਕਿਸੇ ਪਾਰਟੀ ਦੇ ਸਹਿਯੋਗ ਦੀ ਲੋੜ ਨਹੀਂ ਭਾਜਪਾ ਦੀ ਈਗੋ ਨੂੰ ਠਿਬੀ ਦੇਣ ਲਈ ਪੰਥਕ ਗਠਜੋੜ ਹੋਣਾ ਜਰੂਰੀ ਹੈ।

ਅੰਤ ਵਿੱਚ, ਪੰਜਾਬ ਦੀ ਸਿਆਸਤ ਵਿੱਚ ਅਜੇ ਬਹੁਤ ਕੁਝ ਬਦਲ ਸਕਦਾ ਹੈ। ਅਕਾਲੀ ਦਲ ਨੂੰ ਏਕਤਾ ਦੀ ਲੋੜ ਹੈ, ਭਾਜਪਾ ਨੂੰ ਪੰਜਾਬੀ ਮਨ ਨੂੰ ਸਮਝਣ ਦੀ। ਜੇਕਰ ਗਠਜੋੜ ਨਹੀਂ ਹੋਇਆ ਤਾਂ ਚੌ-ਤਰਫ਼ਾ ਮੁਕਾਬਲਾ ਹੋਵੇਗਾ ਅਤੇ ਆਪ ਜਾਂ ਕਾਂਗਰਸ ਨੂੰ ਫਾਇਦਾ ਹੋ ਸਕਦਾ ਹੈ। ਸਿੱਖ ਰਾਜਨੀਤੀ ਨੂੰ ਨਵੇਂ ਆਗੂ ਅਤੇ ਨਵੇਂ ਵਿਚਾਰਾਂ ਦੀ ਲੋੜ ਹੈ ਤਾਂ ਜੋ ਲੋਕਾਂ ਦੇ ਮਸਲੇ ਹੱਲ ਹੋ ਸਕਣ।

ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ ਅਤੇ ਉਹ ਵੋਟ ਨਾਲ ਫੈਸਲਾ ਕਰਨਗੇ। ਇਹ ਗੱਲਾਂ ਪੰਜਾਬ ਦੀ ਸਿਆਸੀ ਤਸਵੀਰ ਨੂੰ ਸਾਫ਼ ਕਰਦੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੱਡੇ ਬਦਲਾਅ ਦੀ ਸੰਭਾਵਨਾ ਹੈ।

* * * * * * * *

# ਗੌਰਵਮਈ ਵਿਰਸਾ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ

## ਦਲਬੀਰ ਸਿੰਘ ਧਾਲੀਵਾਲ

ਦੁਨੀਆ ਦੇ ਇਤਿਹਾਸਾਂ ਵਿਚ ਜਿੰਨੇ ਵੀ ਯੁੱਧ ਲੜੇ ਗਏ ਉਹ ਸਭ ਜ਼ਰ, ਜ਼ੋਰੂ ਜਾਂ ਜ਼ਮੀਨ ਖ਼ਾਤਰ ਜਾਂ ਆਪਣੇ ਨਿੱਜੀ ਫ਼ਾਇਦੇ ਖ਼ਾਤਰ ਹੀ ਲੜੇ ਗਏ ਪ੍ਰੰਤੂ ਸਿੱਖ ਇਤਿਹਾਸ ਹੀ ਇਕ ਅਜਿਹਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਇਤਿਹਾਸ ਹੈ। ਜਿੱਥੇ ਸਾਰੇ ਹੀ ਯੁੱਧ ਅਤੇ ਸ਼ਹਾਦਤਾਂ ਸਮੁੱਚੀ ਮਨੁੱਖਤਾ ਦੇ ਭਲੇ ਲਈ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਅਤੇ ਗ਼ਰੀਬ ਮਜ਼ਲੂਮਾਂ ਉੱਤੇ ਹੁੰਦੇ ਜ਼ੁਲਮਾਂ ਵਿਰੁੱਧ ਲੜੇ ਗਏ ਪ੍ਰੰਤੂ ਵਿਸ਼ੇਸ਼ਕਰ ਦਸੰਬਰ ਮਹੀਨੇ ਵਿਚ ਹੋਈਆਂ ਮਾਸੂਮ ਅਤੇ ਗੌਰਵਮਈ ਸ਼ਹਾਦਤਾਂ ਦੀ ਗਾਥਾ ਇੰਨੀ ਵੈਰਾਗਮਈ ਹੈ ਕਿ ਦੁਨੀਆ ਦਾ ਹਰ ਜਾਗਦੀ ਜਮੀਰ ਵਾਲਾ ਇਨਸਾਨ ਇਹ ਗਾਥਾ ਸੁਣ ਕੇ ਅੱਜ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ। ਦਸੰਬਰ ਮਹੀਨੇ ਦੀਆਂ ਇਨ੍ਹਾਂ ਸ਼ਹਾਦਤਾਂ ਦੀ ਗੌਰਵਮਈ ਗਾਥਾ ਜੋ 19-20 ਦਸੰਬਰ 1704 ਤੋਂ ਸ਼ੁਰੂ ਹੁੰਦੀ ਹੈ ਦਾ ਜ਼ਿਕਰ ਬਹੁਤ ਹੀ ਦੁਖਦਾਈ ਹੈ।

ਇਤਿਹਾਸਕਾਰ ਲਿਖਦੇ ਹਨ ਕਿ 15 ਮਈ ਤੋਂ ਲੈ ਕੇ 18 ਦਸੰਬਰ 1704 ਈ. ਤਕ 10 ਲੱਖ ਮੁਗ਼ਲ ਫ਼ੌਜਾਂ ਦਾ ਘੇਰਾ ਅਨੰਦਗੜ੍ਹ ਕਿਲ੍ਹੇ ਨੂੰ ਪਿਆ ਰਿਹਾ। ਅੰਦਰ ਬੈਠੇ ਸੂਰਮੇ ਸਿੰਘ ਭੁੱਖ ਭਾਣੇ ਜਾਨਾਂ ਤੋੜ ਕੇ ਲੜੇ ਪਰ ਦੁਸ਼ਮਣ ਨੂੰ ਕਿਲ੍ਹੇ ਵਿਚ ਦਾਖ਼ਲ ਨਹੀਂ ਹੋਣ ਦਿੱਤਾ। ਆਖ਼ਰ ਦੁਸ਼ਮਣ ਹਾਕਮਾਂ ਵੱਲੋਂ ਕਸਮਾਂ ਖਾਣ ਤੇ ਗੁਰੂ ਜੀ ਨੇ ਆਪਣੇ ਪਰਿਵਾਰ ਅਤੇ ਬਾਕੀ ਸਿੱਖਾਂ ਸਮੇਤ 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਛੱਡਣ ਉਪਰੰਤ ਰੋਪੜ ਵੱਲ ਚਾਲੇ ਪਾ ਦਿੱਤੇ ਪਰ ਦੁਸ਼ਮਣ ਕਸਮਾਂ ਤੋੜ ਕੇ ਪਿੱਛੋਂ ਹਮਲਾਵਰ ਹੋ ਗਏ। ਰਸਤੇ ਵਿਚ ਪੈਂਦੀ ਹੜ੍ਹ ਨਾਲ ਨੱਕੋ ਨੱਕ ਭਰੀ ਸਰਸਾ ਨਦੀ ਦੇ ਕੰਢੇ ਉੱਤੇ 20 ਦਸੰਬਰ 1704 ਦੀ ਰਾਤ ਨੂੰ ਘਮਸਾਨ ਦੇ ਹੋਏ ਯੁੱਧ ਵਿਚ ਕਈ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ। ਬਹੁਤ ਸਾਰੇ ਔਰਤਾਂ ਬੱਚੇ ਤੇ ਗੁਰੂ ਜੀ ਵੱਲੋਂ ਰਚਿਤ ਕਈ ਗ੍ਰੰਥ ਵੀ ਹੜ੍ਹ ਵਿਚ ਰੁੜ੍ਹ ਗਏ ਅਤੇ ਇੱਥੇ ਹੀ ਗੁਰੂ ਜੀ ਦਾ ਪਰਿਵਾਰ ਵਿਛੜ ਕੇ ਖੇਰੂੰ ਖੇਰੂੰ ਹੋ ਗਿਆ ਸੀ।

ਗੁਰੂ ਜੀ 40 ਸਿੰਘਾਂ ਸਮੇਤ 21 ਦਸੰਬਰ ਦੀ ਸ਼ਾਮ ਨੂੰ ਚਮਕੌਰ ਸਾਹਿਬ ਪੁੱਜ ਗਏ ਅਤੇ ਇੱਥੇ ਇਕ ਕੱਚੀ ਹਵੇਲੀ ਜੋ ਇਤਿਹਾਸ ਵਿਚ ਚਮਕੌਰ ਦੀ ਗੜ੍ਹੀ ਵਜੋਂ ਜਾਣੀ ਜਾਂਦੀ ਹੈ ਇੱਥੇ ਮੋਰਚੇ ਸੰਭਾਲ ਲਏ। ਜਿੱਥੇ 22 ਦਸੰਬਰ ਦੀ ਸਵੇਰ ਨੂੰ 40 ਸਿੰਘਾਂ ਅਤੇ 10 ਲੱਖ ਮੁਗ਼ਲ ਫ਼ੌਜਾਂ ਵਿਚ ਸੰਸਾਰ ਦਾ ਅਨੋਖਾ ਯੁੱਧ ਹੋਇਆ ਜਿਸ ਵਿਚ ਹੋਰ ਸਿੰਘਾਂ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ 18 ਸਾਲ ਅਤੇ ਜੁਝਾਰ ਸਿੰਘ 14 ਸਾਲ ਜੰਗ ਵਿਚ ਜੂਝਦੇ ਸ਼ਹੀਦ ਹੋ ਗਏ। ਚਮਕੌਰ ਗੜ੍ਹੀ ਦੀ ਨਾਜ਼ੁਕ ਸਥਿਤੀ ਨੂੰ ਵੇਖ ਕੇ ਪੰਜ ਸਿੰਘਾਂ ਵੱਲੋਂ ਸਿੱਖੀ ਦੇ ਭਵਿੱਖ ਲਈ ਦਿੱਤੇ ਆਦੇਸ਼ ਅਨੁਸਾਰ ਗੁਰੂ ਜੀ 22 ਦਸੰਬਰ ਦੀ ਰਾਤ ਨੂੰ 3 ਸਿੰਘਾਂ ਸਮੇਤ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ ਸਨ।

ਸਿੱਖਾਂ ਦੀ 'ਕਰਬਲਾ' ਸਾਕਾ ਸਰਹਿੰਦ-ਸਾਕਾ ਚਮਕੌਰ ਸਾਹਿਬ ਤੋਂ ਕੁਝ ਦਿਨ ਬਾਅਦ ਸਾਕਾ ਸਰਹੰਦ ਦੀ ਅਤਿ ਦਰਦਨਾਕ ਅਤੇ ਦਿਲ ਕੰਬਾਊ ਘਟਨਾ ਵਾਪਰੀ ਗਈ। ਇਹ ਗਾਥਾ ਸੁਣ ਕੇ ਹਰ ਇਨਸਾਨ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਕਿਵੇਂ ਸਰਸਾ ਨਦੀ 'ਤੇ ਰਾਤ ਨੂੰ ਵਿਛੜੇ ਦਾਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ ਨਦੀ ਦੇ ਨਾਲ ਨਾਲ ਜਾ ਰਹੇ ਸਨ। ਦਸੰਬਰ (ਪੋਹ) ਮਹੀਨੇ ਦੀ ਅਤਿ ਠੰਢੀ, ਕਿਣਮਿਣ ਕਰਦੀ ਕਾਲੀ ਬੋਲ਼ੀ ਰਾਤ ਸੀ, ਉਨ੍ਹਾਂ ਦੇ ਬਸਤਰ ਵੀ ਭਿੱਜ ਚੁੱਕੇ ਸਨ। ਦਾਦੀ ਮਾਂ ਛੋਟੇ ਲਾਲਾਂ ਜ਼ੋਰਾਵਰ ਸਿੰਘ 9 ਸਾਲ, ਫ਼ਤਹਿ ਸਿੰਘ 7 ਸਾਲ, ਮਾਸੂਮ ਉਮਰ ਪਰ ਉੱਚੇ ਹੌਸਲੇ ਵਾਲੀਆਂ ਇਹ ਜਿੰਦਾਂ ਨੂੰ ਦੋਵੇਂ ਪਾਸੇ ਆਪਣੇ ਨਾਲ ਲਾ ਕੇ ਉਂਗਲਾਂ ਫੜ ਕੇ ਲਈ ਜਾ ਰਹੀ ਸੀ। ਕਿਤੇ ਜੇ ਪਾਣੀ ਆ ਜਾਂਦਾ ਤਾਂ ਦਾਦੀ ਚੁੱਕ ਵੀ ਲੈਂਦੀ ਸੀ, ਇਹ ਸੀਨ ਬੜਾ ਦਰਦਨਾਕ ਸੀ। ਜ਼ਰਾ ਕਲਪਨਾ ਕਰੀਏ ਉਸ ਅਵਸਥਾ ਦੀ ਜੋ ਦਾਦੀ ਮਾਂ ਨੂੰ ਆਪਣੇ ਇਨ੍ਹਾਂ ਪਿਆਰੇ ਪੋਤਿਆਂ ਨਾਲ ਬਿਤਾਉਣੀ ਪਈ ਤੇ ਵਾਹਿਗੁਰ ਦਾ ਭਾਣਾ ਮਿਠਾ ਕਰ ਕੇ ਮੰਨਿਆ ਪਰ ਹਾਰ ਨਹੀਂ ਕਬੂਲੀ। ਛੋਟੇ ਸਾਹਿਬਜ਼ਾਦੇ ਤੇ ਦਾਦੀ ਮਾਂ ਦੀਆਂ ਸ਼ਹਾਦਤਾਂ ਦੇ ਇਸ ਦੁਖਦਾਈ ਪੰਨੇ ਨੂੰ ਜਦੋਂ ਹੋਰ ਅੱਗੇ ਫਰੋਲਿਆਂ ਪਤਾ ਲੱਗਦਾ ਹੈ ਕਿ ਅਸਲ ਵਿਚ ਇਸ ਸਭ ਦੇ ਮੁੱਖ ਗੁਨਾਹਗਾਰ ਗੰਗੂ ਤੇ ਸੁੱਚਾ ਨੰਦ ਹੀ ਸਨ। ਅਚੰਭਾ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਤਿਲਕ ਜੰਜੂ ਦੀ ਖ਼ਾਤਰ ਇਨ੍ਹਾਂ ਲਾਲਾਂ ਦੇ ਦਾਦਾ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ ਉਨ੍ਹਾਂ ਵਿੱਚੋਂ ਹੀ ਇਕ ਗੰਗੂ ਰਸੋਈਏ ਨੇ ਇਨ੍ਹਾਂ ਨੂੰ ਘਰ ਰਾਤ ਰੱਖ ਕੇ ਧੋਖੇ ਨਾਲ ਗ੍ਰਿਫ਼ਤਾਰ ਕਰਵਾਇਆ ਅਤੇ ਉਨ੍ਹਾਂ ਲੋਕਾਂ 'ਚੋ ਹੀ ਇਕ ਸੁੱਚਾ ਨੰਦ ਨੇ ਗੁਰੂ ਜੀ ਦੇ ਲਾਲਾਂ ਨੂੰ ਸੱਪ ਦੇ ਬੱਚੇ ਕਹਿ ਕੇ ਖ਼ਤਮ ਕਰ ਦੇਣ ਦੀ ਚੁੱਕਣਾ ਸੂਬਾ ਸਰਹਿੰਦ ਨੂੰ ਦਿੱਤੀ ਸੀ। ਵੇਖੋ, ਧੰਨ ਹੈ ਦਾਦੀ ਮਾਤਾ ਜਿਸ ਨੇ ਬੱਚਿਆਂ ਨੂੰ ਅਜਿਹੀ ਪ੍ਰੇਰਣਾ ਤੇ ਅਡੋਲ ਦ੍ਰਿੜਤਾ ਦਾ ਪਾਠ ਪੜ੍ਹਾਇਆ ਕਿ ਉਹ ਠੰਢੇ ਬੁਰਜ ਦੀ ਕੈਦ ਵੇਲੇ ਕਸ਼ਟ ਵਿਚ ਰਹਿ ਕੇ ਵੀ ";25-26-27 ਦਸੰਬਰ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿਚ ਅਨੇਕਾਂ ਡਰਾਂ, ਲਾਲਚਾਂ ਤੋਂ ਬਿਲਕੁਲ ਨਾ ਡੋਲੇ ਅਤੇ ਆਖ਼ਰ 27 ਦਸੰਬਰ ਨੂੰ ਹਕੂਮਤ ਵੱਲੋਂ ਕੰਧਾਂ ਵਿਚ ਚਿਣਵਾ ਕੇ ਦਿੱਤੀ ਗਈ ਸ਼ਹੀਦੀ ਨੂੰ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਪਰਵਾਨ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਮਾਤਾ ਗੁਜਰੀ ਜੀ ਵੀ ਸਵਾਸ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਇਕ ਲਿਖਾਰੀ ਭਾਈ ਦੂਨਾ ਸਿੰਘ ਹਡੂਰੀਆ ਨੇ ਆਪਣੀ ਪੁਸਤਕ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਲਿਖਿਆ ਹੈ 'ਰਜ ਕੋ ਪਾਇ ਪੀਪਲਹ ਬਾਂਧੇ, ਦੁਸ਼ਟ ਗੁਲੇਲੇ ਤੀਰ ਸੁ ਸਾਂਧੇ' ਭਾਵ ਕਿ ਜ਼ਾਲਮਾਂ ਨੇ ਸ਼ਹਾਦਤ ਤੋਂ ਪਹਿਲਾਂ ਇਨ੍ਹਾਂ ਮਾਸੂਮ ਬੱਚਿਆਂ ਨੂੰ ਪਿੱਪਲ ਨਾਲ ਬੰਨ੍ਹ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਗੁਲੇਲੇ ਮਾਰੇ ਸਨ ਅਤੇ ਉਨ੍ਹਾਂ ਨੂੰ ਚਾਬਕ ਅਤੇ ਕੋਰੜੇ ਵੀ ਮਾਰੇ ਸਨ। ਇਕ ਇਤਿਹਾਸਕਾਰ ਨੇ ਆਪਣੀ ਲਿਖਤ 'ਗੁਰਪ੍ਰਣਾਲੀ ਗੁਲਾਬ ਸਿੰਘ' ਵਿਚ ਲਿਖਿਆ ਹੈ ਕਿ 'ਸਵਾ ਪਹਰ ਦਿਨ ਚੜ੍ਹੇ ਕਾਮ ਭਯੋ ਹੈ' ਭਾਵ ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਇਸ ਸ਼ਹੀਦੀ ਸਥਾਨ ਉਪਰ ਅੱਜ ਗੁਰਦੁਆਰਾ ਸਾਹਿਬ ਜੋਤੀ ਸਰੂਪ ਸੁਸ਼ੋਭਤ ਹੈ ਜਿੱਥੇ ਲੱਖਾਂ ਹੀ ਸੰਗਤਾਂ ਸ਼ਹੀਦੀ ਦਿਨਾਂ ਵਿਚ ਸੀਸ ਝੁਕਾ ਦੇ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ ਪਰ ਦੂਜੇ ਪਾਸੇ ਗੰਗੂ ਅਤੇ ਸੁੱਚਾ ਨੰਦ ਜਿਹੇ ਵਿਸ਼ਵਾਸਘਾਤੀਆਂ ਦੇ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਲੱਭਦੇ। ਇੱਥੇ ਹੀ ਧੰਨ ਹਨ ਉਹ ਸੱਚੇ ਤੇ ਗੁਰੂ ਹਮਦਰਦੀ ਵਿਚ ਰੰਗੇ ਇਨਸਾਨ ਬਾਬਾ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮਲ ਜਿਨ੍ਹਾਂ ਨੇ ਮੁਗ਼ਲ ਸਲਤਨਤ ਦੇ ਨੌਕਰ ਹੁੰਦੇ ਹੋਏ ਵੀ ਆਪਣੀਆਂ ਜਾਨਾਂ ਖ਼ਤਰੇ ਵਿਚ ਪਾ ਕੇ ਮਾਤਾ ਗੁਜਰੀ ਅਤੇ ਇਨ੍ਹਾਂ ਲਾਲਾਂ ਦੀ ਸੇਵਾ ਕੀਤੀ। ਬਾਬਾ ਮੋਤੀ ਰਾਮ ਮਹਿਰਾ ਮਾਤਾ ਅਤੇ ਬੱਚਿਆਂ ਨੂੰ ਠੰਢੇ ਬੁਰਜ ਵਿਚ ਚੋਰੀ ਦੁੱਧ ਪਿਲਾਉਂਦੇ ਰਹੇ ਜਿਸਦੀ ਸਜ਼ਾ ਵਜੋਂ ਹਕੂਮਤ ਨੇ ਉਨ੍ਹਾਂ ਨੂੰ ਪਰਿਵਾਰ ਸਮੇਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ, ਉਨ੍ਹਾਂ ਦੀ ਯਾਦਗਾਰ ਵਜੋਂ ਇੱਥੇ ਗੁਰਦੁਆਰਾ ਬਣਿਆ ਹੋਇਆ ਹੈ ਜਿੱਥੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਵੇਂ ਹੀ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਕੋਈ ਵੀ ਪਰਿਵਾਰ ਉਨ੍ਹਾਂ ਦੀ ਅੰਤਿਮ ਸਸਕਾਰ ਕਰਨ ਦੀ ਹਿੰਮਤ ਹਕੂਮਤ ਦੇ ਡਰੋਂ ਨਹੀਂ ਕਰ ਰਿਹਾ ਸੀ ਪਰ ਦੀਵਾਨ ਟੋਡਰ ਮਲ ਨੇ ਸੰਸਕਾਰ ਲਈ ਜ਼ਮੀਨ ਸੋਨੇ ਦੀਆਂ ਮੋਹਰਾਂ ਵਿਛਾ ਕੇ ਸਭ ਤੋਂ ਮਹਿੰਗੇ ਮੁੱਲ ਖ਼ਰੀਦੀ ਸੀ ਅਤੇ ਪਰਿਵਾਰ ਨੂੰ ਨਾਲ ਲੈ ਕੇ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਕੀਤਾ ਸੀ। ਉਸਦੀ ਯਾਦ ਵਿਚ ਵੀ ਅੱਜ 'ਦੀਵਾਨ ਟੋਡਰ ਮਲ ਹਾਲ' ਬਣਿਆ ਹੋਇਆ ਹੈ ਜੋ ਉਸਦੀ ਸੇਵਾ ਸ਼ਰਧਾ ਦੀ ਯਾਦ ਤਾਜ਼ਾ ਕਰਦਾ ਹੈ ਅਤੇ ਹਰ ਇਨਸਾਨ ਨੂੰ ਇਕ ਸਿੱਖਿਆ ਵੀ ਦਿੰਦਾ ਹੈ। ਇਸੇ ਤਰ੍ਹਾਂ ਇਕ ਹੋਰ ਸੱਚੇ ਮੁਸਲਮਾਨ ਨਵਾਬ ਮਲੇਰਕੋਟਲਾ ਸ਼ੇਰ ਖਾਂ ਦਾ ਜ਼ਿਕਰ ਕਰਨਾ ਵੀ ਅਤਿ ਫ਼ਖਰਯੋਗ ਹੈ ਜਿਸ ਨੇ ਇਨ੍ਹਾਂ ਛੋਟੇ ਲਾਲਾਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਵਿਰੋਧ ਕਰਦੇ ਹੋਏ ਵਜ਼ੀਰ ਖਾਂ ਨਾਲ ਇਸ ਗੱਲੋਂ ਬਹਿਸ ਵੀ ਕੀਤੀ ਸੀ ਕਿ ਸਾਡਾ ਕੁਰਾਨ ਸ਼ਰੀਫ ਗ੍ਰੰਥ ਨਿਹੱਥੇ ਔਰਤਾਂ ਅਤੇ ਬੱਚਿਆਂ ਉੱਪਰ ਅਜਿਹਾ ਜ਼ੁਲਮ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਰੋਸ ਵਜੋਂ ਉਹ ਉਠ ਕੇ ਚਲੇ ਗਏ ਸਨ। ਵੇਖਿਆ ਜਾਵੇ ਤਾਂ ਅੱਜ ਇਨ੍ਹਾਂ ਲਹੂ ਭਿੱਜੀਆਂ ਵੈਰਾਗਮਈ ਸ਼ਹਾਦਤਾਂ ਨੂੰ ਪੜ੍ਹ ਸੁਣ ਕੇ ਕੋਈ ਵੀ ਇਨਸਾਨ ਭਾਵੇਂ ਉਹ ਗ਼ੈਰ ਸਿੱਖ, ਗ਼ੈਰ ਪੰਜਾਬੀ, ਭਾਰਤੀ ਜਾਂ ਵਿਦੇਸ਼ੀ ਕਿਉਂ ਨਾ ਹੋਵੇ ਆਪਣੀਆਂ ਅੱਖਾਂ ਦੇ ਹੰਝੂ ਰੋਕ ਨਹੀਂ ਸਕਦਾ ਜਿਸ ਤੱਥ ਦੀ ਗਵਾਹੀ ਇਹ ਹੈ ਕਿ ਕੁੱਝ ਸਾਲ ਪਹਿਲਾਂ ਪੰਜਾਬ ਦੇ ਇਕ ਵਿਦਵਾਨ ਨੇ ਦੱਸਿਆ ਕਿ ਉਸ ਨੂੰ ਆਪਣੀ ਅਮਰੀਕਾ ਯਾਤਰਾ ਦੌਰਾਨ ਉਥੋਂ ਦੇ ਇਕ ਸੈਮੀਨਾਰ ਹਾਲ ਵਿਚ ਪ੍ਰਭੂ ਯਿਸੂ-ਮਸੀਹ ਦੇ ਸ਼ਹੀਦੀ ਦਿਹਾੜੇ ਉੱਪਰ ਬੋਲਣ ਦਾ ਜਦੋਂ ਮੌਕਾ ਮਿਲਿਆ ਸੀ ਤਾਂ ਉਨ੍ਹਾਂ ਨੇ ਇਸ ਪ੍ਰਤੀ ਬੋਲਦੇ ਹੋਏ ਆਪਣੇ ਭਾਸ਼ਣ ਨੂੰ ਸਰਹਿੰਦ ਦੀ ਸ਼ਹੀਦੀ ਦਾਸਤਾਨ ਦੱਸਣੀ ਸ਼ੁਰੂ ਕੀਤੀ ਤਾਂ ਸਾਹਮਣੇ ਬੈਠੇ ਸਰੋਤੇ ਬਹੁਤ ਭਾਵੁਕ ਤੇ ਹੰਝੂਗ੍ਰਸਤ ਹੋ ਗਏ ਸਨ ਅਤੇ ਔਰਤਾਂ ਆਪਣੇ ਬੱਚਿਆਂ ਨੂੰ ਵਾਰ-ਵਾਰ ਆਪਣੀ ਛਾਤੀ ਨਾਲ ਘੁੱਟਦੇ ਹੋਏ ਅੱਖਾਂ ਵਿੱਚ ਹੰਝੂ ਭਰੀ ਬੈਠੀਆਂ ਸਨ ਅਤੇ ਉਥੇ ਸੰਨਾਟਾ ਛਾਇਆ ਹੋਇਆ ਸੀ। ਜਾਪਦਾ ਸੀ ਕਿ ਉਹ ਲੋਕ ਪ੍ਰਭੂ ਯਿਸ-ਮਸੀਹ ਦੀ ਸ਼ਹਾਦਤ ਨਾਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਗਾਥਾ ਪ੍ਰਤੀ ਜ਼ਿਆਦਾ ਪੀੜਾ ਮਹਿਸੂਸ ਕਰ ਰਹੇ ਸਨ। ਭਾਸ਼ਣ ਖ਼ਤਮ ਹੋਣ ਉਪਰੰਤ ਉਹ ਸਾਰੇ ਬੜੇ ਭਾਵੁਕ ਹੋ ਕੇ ਇਹ ਪੁੱਛਣ ਲਗੇ ਕਿ ਕ੍ਰਿਪਾ ਕਰਕੇ ਦੱਸੋ ਕਿ ਗੁਰੂ ਜੀ ਦੇ ਇਹ ਸਾਹਿਬਜ਼ਾਦੇ ਇਸ ਤੋਂ ਪਹਿਲਾਂ ਅਜਿਹੀ ਕਿਹੜੀ ਸੰਗਤ ਵਿਚ ਰਹੇ ਜਿੱਥੋਂ ਇਨ੍ਹਾਂ ਨੂੰ ਇੰਨੇ ਤਿਆਗ ਅਤੇ ਅਟੱਲ ਇਰਾਦੇ ਵਾਲੀ ਸਿੱਖਿਆ ਮਿਲੀ। ਦੂਜਾ ਸਵਾਲ ਉਨ੍ਹਾਂ ਦਾ ਇਹ ਸੀ ਕਿ ਤੁਸੀਂ ਸਿੱਖ ਕੌਮ ਇਸ ਸ਼ਹਾਦਤ ਦੇ ਦਿਹਾੜੇ ਵੇਲੇ ਇਨ੍ਹਾਂ ਪਲਾਂ ਨੂੰ ਕਿਸ ਤਰ੍ਹਾਂ ਬਿਤਾਉਂਦੇ ਹੋ। ਉਸ ਵਿਦਵਾਨ ਨੇ ਕਿਹਾ ਕਿ ਪਹਿਲਾ ਜੁਆਬ ਤਾਂ ਮੈਂ ਬੜੇ ਅਰਾਮ ਨਾਲ ਦੇ ਦਿੱਤਾ ਕਿ ਦਾਦੀ ਮਾਤਾ ਗੁਜਰੀ ਜੀ ਇਨ੍ਹਾਂ ਨੂੰ ਆਪਣੇ ਦਾਦੇ ਦੇ ਦਾਦੇ ਗੁਰੂ ਅਰਜਨ ਦੇਵ ਜੀ ਅਤੇ ਦਾਦਾ ਗੁਰੂ ਤੇਗ ਬਹਾਦਰ ਜੀ ਹੋਰਾਂ ਦੇ ਬਲੀਦਾਨਾਂ ਬਾਰੇ ਅਤੇ ਹੋਰ ਸਿੱਖੀ ਸਿੱਦਕ ਵਾਲੇ ਸ਼ਹੀਦਾਂ ਬਾਰੇ ਸਿੱਖਿਆ ਦਿੰਦੇ ਰਹੇ ਸਨ ਪ੍ਰੰਤੂ ਦੂਜੇ ਸਵਾਲ ਦਾ ਜਵਾਬ ਮੈਂ ਕਿਵੇਂ ਦਿੰਦਾ ਕਿ ਸਾਡੀ ਸਿੱਖ ਕੌਮ ਇਨ੍ਹਾਂ ਪਲਾਂ ਨੂੰ ਕਿਵੇਂ ਮਨਾਉਂਦੀ ਹੈ ਕਿਉਂਕਿ ਅੱਜ ਸਾਡੇ ਸ਼ਹੀਦੀ ਅਸਥਾਨ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੁੰਦੀਆਂ ਸੰਗਤਾਂ ਦਰਮਿਆਨ ਸਾਡੇ ਸਿੱਖ ਅਖਵਾਉਣ ਵਾਲੇ ਪਰਿਵਾਰਾਂ ਦੇ ਬਹੁ-ਗਿਣਤੀ ਨੌਜਵਾਨ ਓਨੀ ਸ਼ਰਧਾ ਨਾਲ ਨਹੀਂ ਸਗੋਂ ਇਕ ਸਮਾਗਮ ਵਾਂਗ ਮਨਾਉਂਦੇ ਹਨ ਤੇ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਸੱਚ ਹੈ ਕਿ ਪਿੰਡ ਖੇੜੀ ਗੰਗੂ ਰਸੋਈਏ ਦਾ ਪਿੰਡ ਸੀ ਜਿੱਥੋਂ ਉਸ ਨੇ ਆਪਣੇ ਘਰੋਂ ਮਾਤਾ ਜੀ ਤੇ ਛੋਟੇ ਸ਼ਾਹਿਬਜਾਦਿਆਂ ਨੂੰ ਗ੍ਰਿਫ਼ਤਾਰ ਕਰਵਾਇਆ ਸੀ, ਕੋਤਵਾਲੀ ਮੋਰਿੰਡਾ ਜਿੱਥੇ ਉਨ੍ਹਾਂ ਨੂੰ ਰਾਤ ਰੱਖਿਆ ਗਿਆ ਸੀ ਅਤੇ ਸਰਹਿੰਦ ਜਿੱਥੇ ਇਹ ਸ਼ਹੀਦ ਹੋਏ ਸਨ, ਇਨ੍ਹਾਂ ਦੇ ਆਸ ਪਾਸ ਵਾਲੇ ਪਿੰਡਾਂ ਦੇ ਲੋਕ ਇਨ੍ਹਾਂ ਸ਼ਹੀਦੀ ਦਿਨਾਂ ਵਿਚ ਸੋਗ ਵਜੋਂ ਕੋਈ ਵਿਆਹ ਜਾਂ ਖ਼ੁਸ਼ੀ ਸਮਾਰੋਹ ਨਹੀਂ ਸੀ ਕਰਦੇ ਪਰ ਅੱਜ ਤਾਂ ਸਭ ਕੁਝ ਹੋ ਰਿਹਾ ਹੈ। ਅੱਜ ਤਾਂ ਸਾਡੇ ਕਈ ਧਾਰਮਿਕ ਆਗੂ ਵੀ ਸਿਆਸਤ ਦੇ ਪ੍ਰਭਾਵ ਵਿੱਚ ਇੱਥੇ ਹੁੰਦੀਆਂ ਕਾਨਫੰਰਸਾਂ ਵੇਲੇ ਇਕ ਦੂਜੇ ਉਪਰ ਦੂਸ਼ਣਬਾਜ਼ੀ ਦਾ ਚਿੱਕੜ ਜ਼ਿਆਦਾ ਸੁਟੱਦੇ ਹਨ ਪਰ ਸ਼ਹੀਦੀ ਇਤਿਹਾਸ ਦਾ ਜ਼ਿਕਰ ਘੱਟ ਕਰਦੇ ਹਨ ਜਦੋਂ ਕਿ ਇਸਾਈ ਧਰਮ ਦੇ ਲੋਕ ਅੱਜ ਕਰੀਬ ਦੋ ਹਜ਼ਾਰ ਸਾਲਾਂ ਬਾਅਦ ਵੀ ਆਪਣੇ ਪ੍ਰਭੂ ਯਿਸੂ-ਮਸੀਹ ਨੂੰ ਸਲੀਬ ਉਪਰ ਟੰਗੇ ਹੋਏ ਮਹਿਸੂਸ ਕਰਦੇ ਹਨ । ਇਵੇਂ ਹੀ ਮੁਸਲਿਮ ਲੋਕ ਅੱਜ 1322 ਸਾਲ ਬਾਅਦ ਵੀ ਮੁਹਰਮ ਵਾਲੇ ਦਿਨ ਆਪਣੇ ਆਪ ਨੂੰ 'ਕਰਬਲਾ' ਦੀ ਦਰਦਨਾਕ ਸ਼ਹੀਦੀ ਘਟਨਾ ਦੇ ਦਰਦ ਦਾ ਦਿਲੋਂ ਅਹਿਸਾਸ ਕਰਦੇ ਹਨ ਕਿਉਂਕਿ ਇਸ ਦਿਨ ਉਨ੍ਹਾਂ ਦੇ ਪੈਗੰਬਰ ਮੁਹੰਮਦ ਸਾਹਿਬ ਦੇ ਦੋ ਛੋਟੇ ਮਾਸੂਮ ਬੱਚਿਆਂ ਨੂੰ ਕਈ ਦਿਨ ਭੁੱਖੇ ਰੱਖ ਕੇ ਤੇ ਬੜੇ ਤਸੀਹੇ ਦੇ ਕੇ ਇਥੇ ਸ਼ਹੀਦ ਕੀਤਾ ਗਿਆ ਸੀ। ਸੋ ਅੱਜ ਅਸੀਂ ਦੇਖਣਾ ਹੈ ਕਿ ਜੋ ਗੁਰੂ ਜੀ ਨੇ ਸਾਨੂੰ ਆਪਣੇ ਪੁੱਤਰ ਬਣਾਇਆ ਸੀ ਤਾਂ ਅਸੀਂ ਉਨ੍ਹਾਂ ਦੀ ਪ੍ਰਤੀ ਆਪਣਾ ਕੀ ਫ਼ਰਜ਼ ਨਿਭਾ ਰਹੇ ਹਾਂ।

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–24

**ਰਾਮਾਨੰਦ ਦਾ ਸਮਾਂ ਪਹਿਲਾਂ ਮੰਨਣ ਵਾਲਿਆਂ ਦੀ ਰਾਏ ਵਿੱਚ ਰਵਿਦਾਸ, ਸੈਣ, ਧੰਨਾ, ਪੀਪਾ ਆਦਿ ਭਗਤ ਰਾਮਾਨੰਦ ਜੀ ਦੇ ਸੰਪਰਕ ਵਿੱਚ ਨਹੀਂ ਆ ਸਕਦੇ, ਜਦ ਕਿ ਰਾਮਾਨੰਦ ਜੀ ਪਹਿਲਾਂ ਹੋ ਚੁੱਕੇ ਸਨ, ਭਗਤ ਪਿੱਛੋਂ ਹੋਏ। ਇਸ ਸੰਬੰਧੀ ਵੱਡਾ ਮੰਤਕ ਇਹ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਭਗਤਾਂ ਵਿੱਚੋਂ ਕਿਸੇ ਨੇ ਵੀ ਰਾਮਾਨੰਦ ਦਾ ਆਪਣੀ ਰਚਨਾ ਵਿੱਚ ਜ਼ਿਕਰ ਨਹੀਂ ਕੀਤਾ। ਡਾ। ਬਲਦੇਵ ਉਪਾਧਯਾਯ ਨੇ ਜਵਾਬ ਵਿੱਚ ਜ਼ੋਰਦਾਰ ਮੰਤਕ ਪੇਸ਼ ਕੀਤਾ ਹੈ ਕਿ ਇਨ੍ਹਾਂ ਭਗਤਾਂ ਨੇ ਤਾਂ ਆਪਣੇ ਮਾਤਾ ਪਿਤਾ ਦੇ ਨਾਵਾਂ ਦਾ ਭੀ ਜ਼ਿਕਰ ਨਹੀਂ ਕੀਤਾ। ਕੀ ਇਸ ਲਈ ਇਨ੍ਹਾਂ ਨੂੰ ਮਾਤਾ ਪਿਤਾ ਤੋਂ ਬਿਨਾਂ ਹੀ ਪੈਦਾ ਹੋਏ ਮੰਨ ਲਿਆ ਜਾਵੇਗਾ ?**




ਭਗਤ ਮਾਲਾ ਦੀ ਇਕੋ ਗੱਲ– ਜੋ ਉਸਨੇ ਗਲਤ ਕੀਤੀ ਹੈ–ਮੰਨਕੇ ਰਾਮਾਨੰਦ ਦੇ ਕਬੀਰ, ਰਵਿਦਾਸ, ਸੈਣ, ਆਦਿ ਚੇਲਿਆਂ ਵਾਲੇ ਪ੍ਰਤੱਖ ਸੱਚ ਤੋਂ ਭੀ ਸਿਰ ਫੇਰਿਆ ਹੈ। ਇਉਂ ਰਾਮਾਨੰਦ ਜੀ ਨੂੰ ਇਕ ਸਦੀ ਪਹਿਲਾਂ ਹੋਇਆ ਮੰਨਣ ਵਾਲੇ ਲੇਖਕ ਔਝੜ ਪੈ ਜਾਂਦੇ ਹਨ। ਕਦੇ ਉਹ ਰਾਮਾਨੰਦ ਜੀ ਦੀ ਉਮਰ ਕਬੀਰ ਅਤੇ ਸਿਕੰਦਰ ਲੋਧੀ ਦੇ ਸਮੇਂ ਤੱਕ ਵਧਾਉਂਦੇ ਹੋਏ ਦੋ ਸੌ ਸਾਲ ਤੱਕ ਲੈ ਜਾਂਦੇ ਹਨ, ਕਦੇ ਕਬੀਰ ਆਦਿਕ ਭਗਤਾਂ ਦੇ ਹੋਰ ਸੰਮਤਾਂ ਦੀ ਕਲਪਨਾ ਕਰਕੇ ਤਿਫਲ ਤੱਸਲੀਆਂ ਦਾ ਰਾਹ ਲੱਭਦੇ ਹਨ। ਇਹ ਸੱਚਾਈ ਆਮ ਤੌਰ 'ਤੇ ਮੰਨੀ ਜਾਂਦੀ ਹੈ ਕਿ ਰਾਮਾਨੰਦ ਜੀ ਨੇ ਤਕੜੀ ਵੱਡੀ ਉਮਰ ਦਾ ਹੋਕੇ (ਭਾਰਤ ਕੇ ਸੰਤ ਮਹਾਤਮਾ ਗ੍ਰੰਥ ਅਨੁਸਾਰ, ਸਫ਼ਾ 148) ਏਕ ਸੌ ਅਠਤਾਲੀ ਵਰਸ਼ ਪ੍ਰਿਥਵੀ ਪਰ ਰਹੇ ਹੈਂ। ਨਾਭਾ ਜੀ ਦੀ ਭਗਤ ਮਾਲਾ ਦਾ ਵੀ ਇਹ ਕਥਨ ਹੈ ਕਿ ਉਹ ਵੱਡ–ਉਮਰੇ ਸਨ:

ਰਾਮਾਨੰਦ ਜੀ ਦੀ ਪੌਣੇ ਦੋ ਸੌ ਸਾਲਾਂ ਤੱਕ ਦੀ ਲੰਮੀ ਉਮਰ ਲੈ ਜਾਣੀ ਇਕ ਅਲੌਕਿਕ

* ਪਟਨੇ ਦੀ ਬਿਹਾਰ ਰਾਸ਼ਟਰ ਭਾਸ਼ਾ ਪਰਿਸ਼ਦ ਸੰਸਥਾ ਦੀ ਇਕ ਪੁਸਤਕ ਹੈ ਰਾਮ ਭਗਤ ਸ਼ਾਖਾ ਮੇਂ ਮਧਰ ਉਪਾਸਨਾ, ਲੇਖਕ ਭਵਨੇਸ਼ਰ ਦਾਸ ਮਿਸ੍ਰ ਮਾਧਵ ਐਮ. ਏ. ਹਨ। ਆਪਣੇ ਵਿਦਵਤਾ ਭਰੇ ਗ੍ਰੰਥ ਵਿੱਚ ਰਾਮਾਨੰਦ ਜੀ ਦੀ ਪਹਿਲੀ ਅਚਾਰਯ ਪੱਧਤੀਆਂ ਉੱਤੇ ਖੁੱਲ੍ਹੀ ਚਰਚਾ ਕੀਤੀ ਹੈ। ਇਕ ਪ੍ਰਣਾਲੀ ਅਨੁਸਾਰ ਰਾਮਾਨੁਜ ਤੋਂ ਰਾਮਾਨੰਦ ਜੀ ਅਠਾਰ੍ਹਵੀਂ ਥਾਂ ਆਉਂਦੇ ਹਨ, ਦੂਜੀ ਅਨੁਸਾਰ 22 ਪੀੜ੍ਹੀਆਂ ਪਿੱਛੋਂ। ਸਭਨਾਂ ਪ੍ਰਣਾਲੀਆਂ ਵਿੱਚ ਰਾਘਵਾ ਨੰਦ ਜੀ ਪਿੱਛੋਂ ਰਾਮਾਨੰਦ ਜੀ ਦਾ ਨਾਮ ਆਉਂਦਾ ਹੈ (ਸਫ਼ਾ 122–23) ਰਾਮ ਮੰਤ੍ਰ ਦੇ ਪ੍ਰਚਾਰਕ ਰਾਮਾਨੰਦ ਜੀ ਦੱਸੇ ਹਨ। ਇਸ ਵਿਦਵਾਨ ਨੇ ਰਾਮਾਨੰਦ ਜੀ ਦੇ ਸਮੇਂ ਸੰਬੰਧੀ, ਰਾਮਾਨੰਦ ਸਮਕਾਲੀਨ ਮੌਲਾਨਾ ਰਸ਼ੀਦ ਦੀ ਲਿਖਤ ਨੂੰ ਇਤਿਹਾਸਕ ਗਵਾਹੀ ਮੰਨਿਆ ਹੈ। ਇਸ ਪੁਸਤਕ ਦੇ ਲੇਖਕ ਨੇ, ਮੌਲਾਨਾ ਰਸ਼ੀਦ ਦੀ ਲਿਖਤ ਅਯੁਧਿਆ ਦੀ ਪੁਰਾਤਤਵ ਸੰਘਾਇਨੀ ਸੰਮਤ 1977 ਦੀ ਰਿਪੋਰਟ ਤੋਂ ਲਈ ਦੱਸਿਆ ਹੈ। (ਸਫ਼ਾ–122)

ਕਲਪਨਾ ਹੈ। ਰਾਮਾਨੰਦੀ ਸੰਪਰਦਾਇ ਵਾਲੇ ਤਾਂ ਕਈ ਢੰਗਾਂ ਨਾਲ ਅਜਿਹਾ ਕੁਝ ਪ੍ਰਚਾਰ ਹੀ ਰਹੇ ਸਨ, ਕੁਝ ਹੋਰ ਵਿਦਵਾਨ ਵੀ ਇਹ ਕਲਪਨਾ ਮੰਨਦੇ ਰਹੇ ਹਨ। ਏਥੋਂ ਤੱਕ ਅੱਗੇ ਜਾਂਦੇ ਸਨ ਕਿ ਰਾਮਾਨੰਦ ਜੀ ਅਤੇ ਕਬੀਰ ਜੀ ਮਿਲੇ ਹੀ ਨਹੀਂ ਸਨ। ਇਸ ਤਰ੍ਹਾਂ ਕਬੀਰ ਬਾਰੇ ਉਨ੍ਹਾਂ ਦੇ ਪਹਿਲੇ ਚੇਲੇ ਧਰਮ ਦਾਸ ਤੋਂ ਹੋਰ ਕਬੀਰ ਪੰਥੀਆਂ ਦਾ ਦੱਸਿਆ ਸੰਮਤ ਅਤੇ ਸਿਕੰਦਰ ਲੋਧੀ ਦਾ ਮੇਲ ਵੀ ਗਲਤ ਹੋ ਜਾਂਦਾ ਹੈ। ਸਾਰੀ ਵਿਥਿਆ ਰੋਲੇ ਵਿੱਚ ਰੁੱਲ ਜਾਂਦੀ ਹੈ। ਜਿਸ ਸ਼ਾਖਾ ਦੇ ਉੱਤਰਾਧਿਕਾਰੀ ਸਿਕੰਦਰ ਲੋਧੀ ਦਾ ਸਮਾਂ ਕਬੀਰ ਜੀ ਦਾ ਦੱਸਦੇ ਹਨ, ਕਿਉਂਕਿ ਇਤਿਹਾਸਕ ਘਟਨਾਵਾਂ ਤੋਂ ਇਹੋ ਪ੍ਰਮਾਣਤ ਹੈ, ਉਸ ਨੂੰ ਦੂਜੇ ਲੋਕ ਪਤਾ ਨਹੀਂ ਕਿਉਂ ਤੇ ਕਿਵੇਂ ਗਲਤ ਦੱਸਦੇ ਰਹੇ? ਇਹ ਕੇਵਲ ਦਿਮਾਗੀ ਖੁਰਚ ਖੁਰਚਾਈ ਹੀ ਰਹੀ ਹੈ।

ਰਾਮਾਨੰਦ ਦਾ ਸਮਾਂ ਪਹਿਲਾਂ ਮੰਨਣ ਵਾਲਿਆਂ ਦੀ ਰਾਏ ਵਿੱਚ ਰਵਿਦਾਸ, ਸੈਣ, ਧੰਨਾ, ਪੀਪਾ ਆਦਿ ਭਗਤ ਰਾਮਾਨੰਦ ਜੀ ਦੇ ਸੰਪਰਕ ਵਿੱਚ ਨਹੀਂ ਆ ਸਕਦੇ, ਜਦ ਕਿ ਰਾਮਾਨੰਦ ਜੀ ਪਹਿਲਾਂ ਹੋ ਚੁੱਕੇ ਸਨ, ਭਗਤ ਪਿੱਛੋਂ ਹੋਏ। ਇਸ ਸੰਬੰਧੀ ਵੱਡਾ ਮੰਤਕ ਇਹ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਭਗਤਾਂ ਵਿੱਚੋਂ ਕਿਸੇ ਨੇ ਵੀ ਰਾਮਾਨੰਦ ਦਾ ਆਪਣੀ ਰਚਨਾ ਵਿੱਚ ਜ਼ਿਕਰ ਨਹੀਂ ਕੀਤਾ। ਡਾ. ਬਲਦੇਵ ਉਪਾਧਯਾਯ ਨੇ ਜਵਾਬ ਵਿੱਚ ਜ਼ੋਰਦਾਰ ਮੰਤਕ ਪੇਸ਼ ਕੀਤਾ ਹੈ ਕਿ ਇਨ੍ਹਾਂ ਭਗਤਾਂ ਨੇ ਤਾਂ ਆਪਣੇ ਮਾਤਾ ਪਿਤਾ ਦੇ ਨਾਵਾਂ ਦਾ ਭੀ ਜ਼ਿਕਰ ਨਹੀਂ ਕੀਤਾ। ਕੀ ਇਸ ਲਈ ਇਨ੍ਹਾਂ ਨੂੰ ਮਾਤਾ ਪਿਤਾ ਤੋਂ ਬਿਨਾਂ ਹੀ ਪੈਦਾ ਹੋਏ ਮੰਨ ਲਿਆ ਜਾਵੇਗਾ? ਫਿਰ ਭੀ ਉਨ੍ਹਾਂ ਕੁਝ ਪ੍ਰਮਾਣ ਪੇਸ਼ ਕੀਤੇ ਹਨ। ਜਿਵੇਂ ਭਗਤ ਸੈਣ ਜੀ ਦਾ ਕਥਨ ਹੈ:–

ਰਾਮ ਭਗਤਿ ਰਾਮਾਨੰਦੁ ਜਾਨੈ।
ਪੂਰਨ ਪਰਮਾਨੰਦੁ ਬਖਾਨੈ॥

ਅਤੇ ਕਬੀਰ ਜੀ ਦੇ ਪ੍ਰਸਿੱਧ ਵਾਕ ਦਿਖਾਏ ਹਨ:

(1) ਭਗਤ ਦ੍ਰਾਵੜ ਉਪਜੀ ਲਾਏ ਰਾਮਾਨੰਦ॥
ਪ੍ਰਗਟ ਕਰੀ ਕਬੀਰ ਨੇ ਸਾਤ ਦੀਪ ਨਵ ਖੰਡ॥ (ਸਾਖੀ ਗੁ. ਪੁ 107)

(2) ਰਾਮਾਨੰਦ ਰਾਮ ਰਸ ਮਾਤੇ।
ਕਹਿ ਕਬੀਰ ਹਮ ਕਹਿ ਕਹਿ ਥਾਕੇ॥
(ਕਬੀਰ ਬੀਜਕ 277)

ਪੰਡਿਤ ਅਯੁਧਿਆ ਸਿੰਘ ਹਰਿਯੋਧ ਨੇ ਆਪਣੀ ਪੁਸਤਕ ਕਬੀਰ ਵਿੱਚ ਇਸ ਵਿਸ਼ੇ ਉੱਤੇ ਬਹਿਸ ਕਰਦਿਆਂ ਇਕ ਅੰਗ੍ਰੇਜ਼ ਵਿਦਵਾਨ ਸ੍ਰੀਯੁਤ ਬੇਸੁਕਟ ਦਾ ਇਹ ਮੱਤ, ਕਿ ਕਬੀਰ ਸੂਫੀ ਫਕੀਰ ਤਕੀ (ਝੂਸੀ ਵਾਲੇ) ਦੇ ਚੇਲੇ ਸਨ, ਕਬੀਰ ਜੀ ਦੀ ਰਚਨਾ ਦੇ ਕੁਝ ਪ੍ਰਮਾਣ ਦੇ ਕੇ ਦੱਸਿਆ ਹੈ, ਕਬੀਰ ਜੀ ਨੇ ਖੁਦ ਜਿਸ ਰਾਮਾਨੰਦ ਨੂੰ ਗੁਰੂ ਮੰਨਿਆ ਸੀ, ਉਸ ਦੇ ਪ੍ਰਮਾਣ ਉਨ੍ਹਾਂ ਦੀ ਰਚਨਾ ਵਿੱਚੋਂ ਮਿਲਦੇ ਹਨ:

ਕਾਸੀ ਮੇਂ ਹਮ ਪ੍ਰਗਟ ਭਏ
ਹੈ ਰਾਮਾਨੰਦ ਚੇਤਾਏ॥
(ਕਸ਼ਮੀਰ ਸ਼ਬਦਾਵਲੀ,
ਦ੍ਰਿਤੀਯ ਭਾਗ–61)
ਗੁਰੂ ਰਾਮਾਨੰਦ ਚਰਨ ਕਮਲ ਪਰ,
ਦੀਨੀ ਵਾਰ॥
(ਕਬੀਰ ਕਸਉਟੀ ਸਫਾ 5)

ਅਜੇਹੇ ਇਤਿਹਾਸਕ ਮਹੱਤਵ ਵਾਲੇ ਲੇਖ ਵਧੇਰੇ ਪ੍ਰਬਲ ਸਨ।

ਭਗਵਤ ਸੰਪਰਦਾਇ ਗ੍ਰੰਥ ਲੇਖਕ ਪ੍ਰੋ. ਬਲਦੇਵ ਉਪਾਧਯ ਨੇ ਕਬੀਰ ਜੀ ਅਤੇ ਮੁਸਲਮਾਨ ਫ਼ਕੀਰ ਤਕੀ* ਨਾਲ ਹੋਈ ਗੋਸ਼ਟ ਦੇ ਬੇਝਿਜਕ ਪ੍ਰਮਾਣ ਪੇਸ਼ ਕੀਤੇ ਹਨ, ਪ੍ਰਸਿੱਧ ਹੈ ਕਬੀਰ ਜੀ ਪਹਿਲਾਂ ਫਕੀਰ ਤਕੀ ਦੇ ਸ਼ਿਸ਼ ਰਹੇ ਸਨ, ਜਿਸ ਕਾਰਨ ਪਿੱਛੋਂ ਗੁੱਸੇ ਵਿੱਚ ਆ ਕੇ ਤਕੀ ਨੇ ਸਿਕੰਦਰ ਕੋਲ ਸ਼ਿਕਾਇਤਾਂ ਕਰਕੇ ਕਬੀਰ ਜੀ ਨੂੰ ਕਸ਼ਟ ਦਿਵਾਏ ਸੀ। ਤਕੀ ਦਾ ਚਲਾਣਾ ਸੰਮਤ 1603 ਵਿੱਚ ਹੋਇਆ। ਕੁਝ ਥਾਂ 1632 ਵਿੱਚ ਹੋਇਆ ਭੀ ਲਿਖਿਆ ਹੈ।

ਸਭ ਤੋਂ ਮੁੱਖ ਪ੍ਰਮਾਣ ਇਕ ਰਾਮਾਨੰਦ ਜੀ ਦੇ ਸਮਕਾਲੀ ਮੁਸਲਮਾਨ ਮੌਲਾਨਾ ਰਸ਼ੀਦੂ ਦੀਨ ਫਕੀਰ ਲਿਖਤ ਪੁਸਤਕ ਵਿੱਚੋਂ ਮਿਲਦਾ ਹੈ। ਮੌਲਾਨਾ ਰਸ਼ੀਦੀ ਨੇ ਆਪਣੇ ਜ਼ਮਾਨੇ ਦੇ ਮੁਸਲਮਾਨ ਫਕੀਰਾਂ ਬਾਰੇ ਗ੍ਰੰਥ ਤਜ਼ਕਰਾ ਤੁਲ ਫੁਕਰਾ ਵਿੱਚ ਲਿਖਿਆ ਹੈ, ਮੂਲ ਪੁਸਤਕ ਫਾਰਸੀ ਭਾਸ਼ਾ ਵਿੱਚ ਹੈ, ਇਸ ਵਿੱਚ ਕੁਝ ਹਿੰਦੂ ਸੰਤਾਂ–ਭਗਤਾਂ ਦੀ ਮਹਿਮਾ ਵੀ ਆਈ ਹੈ,

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*


## ਡੰਗ ਮਨਚੰਦੇ ਦੇ



ਤੇਜਿੰਦਰ
ਮਨਚੰਦਾ
ਪ੍ਰਦੇਸੀ
rajinder.pardesi7@gmail.com



## ਸਿਹਤ ਤੇ ਸੁੰਦਰਤਾ



# ਕੀ ਬੋਤਲਬੰਦ ਪਾਣੀ ਸੁਰਖਿਅਤ ਹੈ ? ਨਵੀਂ ਖੋਜ ਵਿਚ ਕੀ ਸੱਚਾਈ ਆਈ ਸਾਹਮਣੇ ?

ਪਾਣੀ ਦੀ ਸ਼ੁੱਧਤਾ ਪ੍ਰਤੀ ਵਧਦੇ ਅਵਿਸ਼ਵਾਸ ਦੇ ਕਾਰਨ ਬੋਤਲਬੰਦ ਪਾਣੀ ਦਾ ਸੇਵਨ ਦੁਨੀਆ ਭਰ 'ਚ ਇਕ ਆਮ ਆਦਤ ਬਣ ਗਈ ਹੈ, ਇੱਥੋਂ ਤੱਕ ਕਿ ਉਨ੍ਹਾਂ ਦੇਸ਼ਾਂ 'ਚ ਵੀ ਜਿੱਥੇ ਜਨਤਕ ਜਲ ਸਪਲਾਈ ਦੀ ਬਹੁਤ ਡੂੰਘਾਈ ਨਾਲ ਜਾਂਚ ਕੀਤੀ ਜਾਂਦੀ ਹੈ। ਭਾਵੇਂ ਬਜ਼ਾਰ ਬੋਤਲਬੰਦ ਪਾਣੀ ਨੂੰ ਸ਼ੁੱਧ, ਸਿਹਤਮੰਦ ਅਤੇ ਵਧੇਰੇ ਸੁਵਿਧਾਜਨਕ ਉਤਪਾਦ ਵਜੋਂ ਪੇਸ਼ ਕਰਦਾ ਹੈ, ਪਰ ਵਿਗਿਆਨਕ ਸਬੂਤ ਇਕ ਵੱਖਰੀ ਕਹਾਣੀ ਦੱਸਦੇ ਹਨ। ਇਸ ਸਾਲ ਹੋਈ ਇਕ ਖੋਜ ਵਿੱਚ ਇਹ ਸਾਹਮਣੇ ਆਇਆ ਹੈ ਕਿ ਬੋਤਲਬੰਦ ਪਾਣੀ ਓਨਾ ਸੁਰੱਖਿਅਤ ਨਹੀਂ ਹੋ ਸਕਦਾ ਜਿੰਨਾ ਕਈ ਲੋਕ ਮੰਨਦੇ ਹਨ। ਪਲਾਸਟਿਕ ਦੀਆਂ ਬੋਤਲਾਂ 'ਚ ਵੇਚੇ ਜਾਣ ਵਾਲੇ ਪਾਣੀ 'ਤੇ ਕੀਤੇ ਗਏ ਟੈਸਟਾਂ ਦੌਰਾਨ ਬੈਕਟੀਰੀਆ ਦੀ ਮਾਤਰਾ ਜ਼ਿਆਦਾ ਪਾਈ ਗਈ। ਇਸ ਤੋਂ ਇਲਾਵਾ, ਬੋਤਲਬੰਦ ਪਾਣੀ 'ਚ ਮਾਈਕਰੋਪਲਾਸਟਿਕਸ, ਰਸਾਇਣਕ ਰਹਿੰਦ-ਖੂੰਹਦ ਅਤੇ ਬੈਕਟੀਰੀਆ ਸਮੇਤ ਹੋਰ ਦੂਸ਼ਿਤ ਤੱਤ ਵੀ ਪਾਏ ਗਏ ਹਨ। 2024 ਦੇ ਇੱਕ ਅਧਿਐਨ ਵਿੱਚ ਇਹ ਪਤਾ ਲੱਗਾ ਕਿ ਕੁਝ ਉਤਪਾਦਾਂ ਵਿੱਚ ਪ੍ਰਤੀ ਲੀਟਰ ਲੱਖਾਂ ਪਲਾਸਟਿਕ ਕਣ ਮੌਜੂਦ ਸਨ। ਖੋਜ ਤੋਂ ਇਹ ਸੰਕੇਤ ਮਿਲਦੇ ਹਨ ਕਿ ਬੋਤਲਬੰਦ ਪਾਣੀ ਵਿੱਚ ਅਕਸਰ ਨਲ ਦੇ ਪਾਣੀ ਨਾਲੋਂ ਮਾਈਕਰੋਪਲਾਸਟਿਕਸ ਦੀ ਜ਼ਿਆਦਾ ਮਾਤਰਾ ਹੁੰਦੀ ਹੈ, ਜਿਸ ਨਾਲ ਸੋਜ, ਹਾਰਮੋਨਲ ਵਿਗਾੜਾਂ ਅਤੇ ਮਨੁੱਖੀ ਅੰਗਾਂ ਵਿੱਚ ਕਣਾਂ ਦੇ



ਜਮ੍ਹਾਂ ਹੋਣ ਵਰਗੇ ਸੰਭਾਵੀ ਖਤਰੇ ਪੈਦਾ ਹੋ ਸਕਦੇ ਹਨ।

### ਰਸਾਇਣਕ ਖਤਰੇ 'ਐਂਡੋਕ੍ਰਾਈਨ ਡਿਸਟਰਬਰਸ'

ਬੋਤਲਾਂ ਦੇ ਪਲਾਸਟਿਕ ਵਿੱਚ ਮੌਜੂਦ ਕਈ ਰਸਾਇਣਕ ਪਦਾਰਥ ਪਾਣੀ ਵਿੱਚ ਘੁਲ ਸਕਦੇ ਹਨ, ਜਿਵੇਂ ਕਿ 'ਐਂਟੀਮਨੀ', 'ਫਥੈਲੇਟਸ' ਤੇ 'ਬਿਸਫੇਨੋਲ ਐਨਾਲਾਗਜ਼'। ਐਂਟੀਮਨੀ ਇੱਕ ਉਤਪ੍ਰੇਰਕ ਹੈ ਜੋ ਪੀਈਟੀ ਬੋਤਲਾਂ ਬਣਾਉਣ ਵਿੱਚ ਵਰਤਿਆ ਜਾਂਦਾ ਹੈ, ਜੋ ਕਿ ਸਿੰਗਲ-ਵਰਤੋਂ ਵਾਲੇ ਪੀਣ ਵਾਲੇ ਪਦਾਰਥਾਂ ਦੀਆਂ ਬੋਤਲਾਂ ਲਈ ਸਭ ਤੋਂ ਆਮ ਪਲਾਸਟਿਕ ਹੈ। ਇਹ ਪਦਾਰਥ, ਖਾਸ ਕਰਕੇ ਗਰਮ ਵਾਤਾਵਰਣ ਜਿਵੇਂ ਕਿ ਗੱਡੀਆਂ ਜਾਂ ਸਿੱਧੀ ਧੁੱਪ ਵਿੱਚ ਬੋਤਲਾਂ ਰੱਖਣ 'ਤੇ, ਪਾਣੀ ਵਿੱਚ ਘੁਲ ਸਕਦੇ ਹਨ।

ਵਿਗਿਆਨੀਆਂ ਨੂੰ ਚਿੰਤਾ ਹੈ ਕਿ ਕੁਝ ਯੌਗਿਕ 'ਐਂਡੋਕ੍ਰਾਈਨ ਡਿਸਟਰਬਰਸ' ਵਜੋਂ ਕੰਮ ਕਰ ਸਕਦੇ ਹਨ, ਭਾਵ ਇਹ ਸਰੀਰ ਦੇ ਹਾਰਮੋਨਲ ਸਿਸਟਮ ਨੂੰ ਪ੍ਰਭਾਵਿਤ ਕਰ ਸਕਦੇ ਹਨ। ਫਥੈਲੇਟਸ ਅਤੇ ਬਿਸਫੇਨੋਲਜ਼ ਦੇ ਉੱਚ ਪੱਧਰਾਂ ਕਾਰਨ ਪ੍ਰਜਨਨ ਸਿਹਤ, ਮੈਟਾਬੋਲਿਜ਼ਮ ਅਤੇ ਵਿਕਾਸ 'ਤੇ ਪ੍ਰਭਾਵ ਪੈ ਸਕਦਾ ਹੈ।

### ਟੂਟੀ ਦੇ ਪਾਣੀ ਦੇ ਮਾਪਦੰਡ ਜ਼ਿਆਦਾ ਸਖ਼ਤ

ਜ਼ਿਆਦਾਤਰ ਵਿਕਸਿਤ ਦੇਸ਼ਾਂ ਵਿੱਚ, ਟੂਟੀ ਦੇ ਪਾਣੀ ਨੂੰ ਬੋਤਲਬੰਦ ਪਾਣੀ ਦੀ ਤੁਲਨਾ ਵਿੱਚ ਸਖ਼ਤ ਕਾਨੂੰਨੀ ਅਤੇ ਜਾਂਚ ਮਾਪਦੰਡਾਂ ਅਧੀਨ ਪਰਖਿਆ ਜਾਂਦਾ ਹੈ। ਰੋਜ਼ਾਨਾ ਜਨਤਕ ਜਲ ਸਪਲਾਈ 'ਚ ਬੈਕਟੀਰੀਆ, ਭਾਰੀ ਧਾਤਾਂ ਅਤੇ ਕੀਟਨਾਸ਼ਕਾਂ ਦੀ ਜਾਂਚ ਕੀਤੀ ਜਾਂਦੀ ਹੈ। ਉਦਾਹਰਨ ਲਈ, ਅਮਰੀਕਾ ਵਿੱਚ ਜਲ ਸਪਲਾਈ ਨੂੰ ਵਾਤਾਵਰਣ ਸੁਰੱਖਿਆ ਏਜੰਸੀ (ਈਪੀਏ) ਦੀ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ, ਅਤੇ ਯੂਰਪ ਵਿੱਚ ਈਯੂ ਡਰਿੰਕਿੰਗ ਵਾਟਰ ਡਾਇਰੈਕਟੋਰੇਟ ਜਲ ਗੁਣਵੱਤਾ ਦੀ ਜਾਂਚ ਕਰਦਾ ਹੈ। ਇੱਥੋਂ ਤੱਕ ਕਿ ਬ੍ਰਿਟੇਨ ਵਿੱਚ, ਪੀਣ ਵਾਲੇ ਪਾਣੀ ਦੇ ਟੈਸਟਾਂ ਦੇ ਨਤੀਜਿਆਂ ਨੂੰ ਖੁੱਲ੍ਹੇ ਤੌਰ 'ਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਇਸ ਦੇ ਉਲਟ, ਬੋਤਲਬੰਦ ਪਾਣੀ ਨੂੰ ਇੱਕ ਪੈਕ ਕੀਤੇ ਖੁਰਾਕ ਉਤਪਾਦ ਵਜੋਂ ਨਿਯੰਤਰਿਤ ਕੀਤਾ ਜਾਂਦਾ ਹੈ। ਇਸਦਾ ਟੈਸਟ ਘੱਟ ਕੀਤਾ ਜਾਂਦਾ ਹੈ, ਅਤੇ ਨਿਰਮਾਤਾਵਾਂ ਨੂੰ ਗੁਣਵੱਤਾ ਦੀ ਵਿਸਤ੍ਰਿਤ ਜਾਣਕਾਰੀ ਪ੍ਰਕਾਸ਼ਿਤ ਕਰਨ ਦੀ ਲੋੜ ਨਹੀਂ ਹੁੰਦੀ। ਵਿਗਿਆਨੀਆਂ ਦਾ ਮੰਨਣਾ ਹੈ ਕਿ ਬੋਤਲਬੰਦ ਪਾਣੀ ਸਿਰਫ਼ ਐਮਰਜੈਂਸੀ ਹਾਲਾਤਾਂ ਵਿੱਚ ਜਾਂ ਜਿੱਥੇ ਨਲ ਦਾ ਪਾਣੀ ਅਸਲ ਵਿੱਚ ਅਸੁਰੱਖਿਅਤ ਹੋਵੇ, ਉੱਥੇ ਹੀ ਜ਼ਰੂਰੀ ਹੈ। ਪਰ ਜ਼ਿਆਦਾਤਰ ਵਿਕਸਤ ਦੇਸ਼ਾਂ ਵਿੱਚ, ਇਹ ਨਾ ਤਾਂ ਨਲ ਦੇ ਪਾਣੀ ਨਾਲੋਂ ਵਧੇਰੇ ਸੁਰੱਖਿਅਤ ਹੈ ਅਤੇ ਨਾ ਹੀ ਸਾਫ਼ ਹੈ। ਜਲਵਾਯੂ ਪਰਿਵਰਤਨ ਅਤੇ ਪ੍ਰਦੂਸ਼ਣ ਪਾਣੀ ਦੀ ਉਪਲਬਧਤਾ ਨੂੰ ਪ੍ਰਭਾਵਿਤ ਕਰ ਰਹੇ ਹਨ, ਇਸ ਲਈ ਬੋਤਲਬੰਦ ਅਤੇ ਟੂਟੀ ਦੇ ਪਾਣੀ ਵਿਚਕਾਰ ਅਸਲ ਫਰਕ ਨੂੰ ਸਮਝਣਾ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ਰੂਰੀ ਹੋ ਗਿਆ ਹੈ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*2014 ਤੋਂ ਪਹਿਲਾਂ ਭਾਰਤੀਆਂ ਨੂੰ ਵਿਦੇਸ਼ਾਂ 'ਚ ਏਨਾ ਮਾਣ ਸਨਮਾਨ ਨਹੀਂ ਸੀ ਮਿਲਦਾ- ਪਿਯੂਸ਼ ਗੋਇਲ

-ਬਿਲਕੁਲ ਠੀਕ 2014 ਤੋਂ ਪਹਿਲਾਂ ਬੇੜੀਆਂ, ਹੱਥਕੜੀਆਂ 'ਚ ਭਾਰਤੀ ਡੀਪੋਰਟ ਨਹੀਂ ਸਨ ਹੋਏ ਕਦੀ।



*ਆਪਣੀ ਕਮਾਈ ਬਾਰੇ ਝੂਠ ਬੋਲਣ ਵਾਲੀ ਪਤਨੀ ਦਾ ਗੁਜ਼ਾਰਾ ਭੱਤਾ ਹਾਈ ਕੋਰਟ ਨੇ ਕੀਤਾ ਰੱਦ- ਇਕ ਖ਼ਬਰ

-ਨਾਲੇ ਚੋਪੜੀਆਂ ਨਾਲੇ ਦੋ ਦੋ। ਨਹੀਂ, ਬੀਬੀ ਏਦਾਂ ਨਹੀਂ ਕੰਮ ਚੱਲਣਾ।



*ਬਾਦਲਾਂ ਨੇ ਮੁੜ ਚੋਣਾਂ 'ਚ ਪੰਥ ਵਿਰੋਧੀਆਂ ਨੂੰ ਟਿਕਟਾਂ ਦੇ ਕੇ ਪੰਥ ਦਰਦੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ-ਨਿਆਮੀਵਾਲਾ

-ਨਿਆਮੀਵਾਲਾ ਜੀ, ਇਕੋ ਜ਼ਾਤੀ ਦੇ ਪੰਛੀ ਹਮੇਸ਼ਾ ਇਕੱਠੇ ਉਡਦੇ ਐ।



*ਲੋਕ ਸਭਾ 'ਚ ਰਾਹੁਲ ਅਤੇ ਸ਼ਾਹ ਵਿਚਕਾਰ ਹੋਈ ਤਿੱਖੀ ਬਹਿਸ- ਇਕ ਖ਼ਬਰ

-ਜਿੱਥੇ ਲੂਣ ਘੋਟਣਾ ਖੜਕੇ, ਉਹ ਘਰ ਛੜਿਆਂ ਦਾ।

*ਪਿਉ ਵਲੋਂ ਨਹਿਰ 'ਚ ਸੁੱਟੀ ਕੁੜੀ ਤਿੰਨ ਮਹੀਨਿਆਂ ਬਾਅਦ ਜ਼ਿੰਦਾ ਵਾਪਸ ਪਰਤੀ- ਇਕ ਖ਼ਬਰ

-ਜਾ ਕੋ ਰਾਖੇ ਸਾਂਈਆਂ, ਮਾਰ ਸਕੇ ਨਾ ਕੋਇ।



*ਅਨਿਲ ਅੰਬਾਨੀ ਦੇ ਬੇਟੇ ਵਿਰੁੱਧ 228 ਕਰੋੜ ਰੁਪਏ ਦੀ ਬੈਂਕ ਧੋਖਾਧੜੀ ਦਾ ਕੇਸ ਦਰਜ- ਇਕ ਖ਼ਬਰ

-ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।



*195 ਸੀਟਾਂ 'ਤੇ ਜ਼ੀਰੋ ਮੁਕਾਬਲਾ: ਪੰਜਾਬ ਦੇ ਲੋਕਤੰਤਰ ਨੂੰ ਹਾਈਜੈਕ ਕੀਤਾ ਗਿਆ- ਬਾਜਵਾ

-ਅਗਲਿਆਂ ਨੇ ਪਹਿਲਾਂ ਹੀ ਦੱਸ ਦਿਤਾ ਸੀ ਕਿ ਉਹ ਸਾਮ, ਦਾਮ, ਦੰਡ, ਭੇਦ ਸਭ ਕੁਝ ਵਰਤਣਗੇ।

*ਆਰ. ਟੀ. ਆਈ. ਕਮਿਸ਼ਨ ਨੇ ਪੀ. ਸੀ. ਐੱਸ. ਅਧਿਕਾਰੀ ਦੇ ਭੈੜੇ ਵਤੀਰੇ 'ਤੇ ਨਾਰਾਜ਼ਗੀ ਪ੍ਰਗਟਾਈ- ਇਕ ਖ਼ਬਰ

-ਚੁੱਕੀ ਹੋਈ ਲੰਬੜਾਂ ਦੀ, ਗਾਲ਼ ਬਿਨਾਂ ਨਾ ਬੋਲੇ।

*ਤ੍ਰਿਣਮੂਲ ਕਾਂਗਰਸ ਸੰਸਦ ਮੈਂਬਰਾਂ ਨੇ ਚੁੱਪ ਰਹਿ ਕੇ ਸੰਸਦ ਵਿਚ ਰੋਸ ਪ੍ਰਦਰਸ਼ਨ ਕੀਤਾ- ਇਕ ਖ਼ਬਰ

-ਤੇਰੇ ਸਾਹਮਣੇ ਬਹਿ ਕੇ ਰੋਣਾ, ਦੁੱਖ ਤੈਨੂੰ ਨਹੀਉਂ ਦੱਸਣਾ।



*ਸਭ ਪਾਰਟੀਆਂ ਦੇ ਭ੍ਰਿਸ਼ਟਾਚਾਰ ਦੀ ਜਾਂਚ ਹਾਈਕੋਰਟ ਦੀ ਨਿਗਰਾਨੀ 'ਚ ਹੋਵੇ- ਜਾਖੜ

-ਨਾ ਨੌਂ ਮਣ ਤੇਲ ਹੋਵੇ, ਨਾ ਰਾਧਾ ਨੱਚੇ।



*ਪੰਜਾਬ ਸਰਕਾਰ ਵਲੋਂ ਸਿੱਖ ਸੰਸਥਾਵਾਂ ਵਿਚ ਦਖ਼ਲ ਬਰਦਾਸ਼ਤ ਨਹੀਂ- ਧਾਮੀ

-ਇਹ ਅਧਿਕਾਰ ਸਿਰਫ਼ ਤੇ ਸਿਰਫ਼ ਇਕੋ ਵਿਅਕਤੀ ਨੂੰ ਹੈ।

*ਕ੍ਰਿਪਾਨ ਪਹਿਨੀ ਹੋਣ ਕਾਰਨ ਸਿੱਖ ਵਕੀਲ ਨੂੰ ਤਿਹਾੜ ਜੇਲ੍ਹ 'ਚ ਕੈਦੀ ਨਾਲ ਮੁਲਾਕਾਤ ਕਰਨ ਤੋਂ ਰੋਕਿਆ- ਇਕ ਖ਼ਬਰ

-ਸਿੱਖੋ! ਰੋਵੋ ਨਹਿਰੂ ਦੀ ਜਾਨ ਨੂੰ ਜਿਹੜਾ ਕਹਿੰਦਾ ਸੀ ਕਿ ਭਾਰਤ 'ਚ ਸਿੱਖ ਆਜ਼ਾਦੀ ਦਾ ਨਿੱਘ ਮਾਨਣਗੇ।

*ਲੁਧਿਆਣਾ 'ਚ ਚੋਰਾਂ ਨੇ ਲਾਸ਼ਾਂ ਦੇ ਗਹਿਣੇ ਅਤੇ ਹੋਰ ਸਾਮਾਨ ਚੋਰੀ ਕੀਤਾ- ਇਕ ਖ਼ਬਰ

-ਭੁੱਖ ਨੰਗ ਦੇ ਏਥੇ ਪ੍ਰਵਾਹ ਕੋਈ ਨਹੀਂ, ਹੁਕਮ ਹੋਵੇ ਤਾਂ ਦੇਗ਼ਾਂ ਨੂੰ ਚੱਟੀਏ ਜੀ।



*ਰਾਹੁਲ ਹੁਣ ਖੁਦ ਸੁਲਝਾਉਣਗੇ ਪੰਜਾਬ ਕਾਂਗਰਸ ਦਾ ਕਾਟੋ-ਕਲੇਸ਼- ਇਕ ਖ਼ਬਰ

-ਖਾਲੀ ਪਏ ਮੱਝੀਆਂ ਦੇ ਵਾੜੇ, ਰਾਂਝੇ ਚਾਕ ਬਿਨਾਂ।




*'ਆਪ' ਸਰਕਾਰ ਨੇ ਪੰਜਾਬ ਦੇ ਪਿੰਡਾਂ ਲਈ ਕੀਤੇ ਕੰਮਾਂ ਦਾ ਹਿਸਾਬ ਨਹੀਂ ਦਿਤਾ- ਮਨੋਰੰਜਨ ਕਾਲੀਆ

-ਮੈਂ ਦੁਖ ਮਿੱਤਰਾਂ ਕੋਲ ਰੋਵਾਂ, ਕੰਤ ਨਿਆਣੇ ਦਾ।

# ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਅਤੇ ਹੋਰ ਨਿਸ਼ਾਨੀਆਂ

ਦਿਲਜੀਤ ਸਿੰਘ ਬੇਦੀ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਦਸਵੇਂ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਤਿਹਾਸਕ ਸ਼ਸਤਰ ਤੇ ਹੋਰ ਨਿਸ਼ਾਨੀਆਂ ਸਿੱਖ ਇਤਿਹਾਸ ਤੇ ਵਿਰਾਸਤ ਦਾ ਅਨਮੋਲ ਖ਼ਜ਼ਾਨਾ ਹਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਖੰਡਾ: ਇਹ ਉਹ ਦੋਧਾਰੀ ਖੰਡਾ ਹੈ ਜਿਸ ਨਾਲ 1699 ਈ. ਦੀ ਵਿਸਾਖੀ ਸਮੇਂ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਾਜਨਾ ਵੇਲੇ 'ਖੰਡੇ ਦੀ ਪਾਹੁਲ' ਤਿਆਰ ਕੀਤੀ ਸੀ ਅਤੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਸੀ। 1942 ਵਿਚ ਇੱਕ ਵਾਰ ਇਸ ਖੰਡੇ ਨੂੰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਲਿਜਾਇਆ ਗਿਆ ਸੀ ਅਤੇ ਇਸ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਅੰਮ੍ਰਿਤ ਛਕਾਇਆ ਗਿਆ ਸੀ। 1942 ਤੋਂ ਬਾਅਦ ਇਸ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਇਸ ਨੂੰ ਮੁੜ ਕਦੇ ਨਹੀਂ ਵਰਤਿਆ ਗਿਆ। ਇਸ ਨੂੰ ਮੁੜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਗਿਆ ਹੈ।

ਕਟਾਰ: ਇਹ ਗੁਰੂ ਸਾਹਿਬ ਦੇ ਕਮਰਕੱਸੇ ਦਾ ਸ਼ਸਤਰ ਹੈ ਜਿਸ ਨੂੰ ਗੁਰੂ ਜੀ ਹੱਥੋ-ਹੱਥ ਲੜਾਈ ਵੇਲੇ ਵਰਤਿਆ ਕਰਦੇ ਸਨ। ਇਹ ਕਟਾਰ ਸੰਜੋਆਂ ਤੋੜਨ ਵਿਚ ਸਹਾਈ ਹੁੰਦਾ ਸੀ। ਜਦੋਂ ਹੱਥੋ-ਹੱਥ ਲੜਾਈ ਵਿਚ ਇਸ ਨਾਲ ਵਾਰ ਹੋ ਜਾਂਦਾ ਤਾਂ ਦੁਸ਼ਮਣ ਬਚ ਨਹੀਂ ਸਕਦਾ ਸੀ।

ਸੈਫ਼: ਇਹ ਦੋ ਧਾਰੀ ਸ਼ਸਤਰ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਸੈਫ਼ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਹਜ਼ਰਤ ਅਲੀ ਦੀ ਸੀ। ਇਸ ਨੂੰ ਹਜ਼ਰਤ ਅਲੀ ਦੇ ਬੱਚਿਆਂ ਹਸਨ ਤੇ ਹੁਸੈਨ ਨੇ ਵੀ ਵਰਤਿਆ ਸੀ। ਇਹ ਸੈਫ਼ ਇਸਲਾਮੀ ਖਲੀਫਿਆਂ ਨੇ ਔਰੰਗਜ਼ੇਬ ਦੀ ਇਸਲਾਮ ਸੇਵਾ ਨੂੰ ਮੁੱਖ ਰੱਖਦਿਆਂ ਉਸ ਨੂੰ ਭੇਟ ਕੀਤੀ ਜੋ ਬਾਅਦ ਵਿਚ ਬਹਾਦਰ ਸ਼ਾਹ ਤੱਕ ਪਹੁੰਚੀ। ਕੁਝ ਸੋਮਿਆਂ ਅਨੁਸਾਰ ਇਹ ਸੈਫ਼ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਆਗਰਾ ਵਿੱਚ ਭੇਟ ਕੀਤੀ ਸੀ।

ਬੰਦੂਕ: ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਪਿੱਛੋਂ ਸਿੱਖਾਂ ਨੂੰ ਚੰਗੇ ਘੋੜੇ, ਸ਼ਸਤਰ ਆਦਿ ਲੈ ਕੇ ਆਉਣ ਲਈ ਹੁਕਮਨਾਮੇ ਭੇਜੇ ਸਨ। ਇਸੇ ਤਹਿਤ ਇਹ ਬੰਦੂਕ ਲਾਹੌਰ ਦੇ ਇੱਕ ਸਿੱਖ ਨੇ ਗੁਰੂ ਸਾਹਿਬ ਨੂੰ ਭੇਟ ਕੀਤੀ ਸੀ। ਇਹ ਲਾਹੌਰ ਦੇ ਸ਼ਸਤਰਖਾਨੇ ਦੀ ਬਣੀ ਹੋਈ ਹੈ। ਇਸ 'ਤੇ ਉਰਦੂ ਵਿਚ ਕੁੱਝ ਲਿਖਿਆ ਹੋਇਆ ਹੈ।

ਨਾਗਨੀ ਬਰਛਾ: ਇਹ ਬਰਛਾ ਗੁਰੂ ਸਾਹਿਬ ਦਾ ਨਿੱਜੀ ਬਰਛਾ ਸੀ ਜਿਸ ਦਾ ਅਗਲਾ ਹਿੱਸਾ ਸੱਪਣੀ ਵਾਂਗ ਵਲ਼ ਖਾਂਦਾ ਬਣਿਆ ਹੋਇਆ ਹੈ। ਇਸੇ ਕਰਕੇ ਇਸ ਨੂੰ ਨਾਗਨੀ ਬਰਛਾ ਕਿਹਾ ਜਾਂਦਾ ਹੈ। ਸਤੰਬਰ 1700 ਵਿਚ ਜਦੋਂ ਅਜਮੇਰ ਚੰਦ ਨੇ ਹੋਰ ਪਹਾੜੀ ਰਾਜਿਆਂ ਨਾਲ ਆਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤਾਂ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਮਦਮਸਤ ਹਾਥੀ, ਜਿਸ ਦੇ ਮੱਥੇ 'ਤੇ ਫੌਲਾਦੀ



ਤਵੀਆਂ ਬੰਨ੍ਹੀਆਂ ਹੋਈਆਂ ਸਨ, ਨੂੰ ਅੱਗੇ ਕੀਤਾ। ਗੁਰੂ ਸਾਹਿਬ ਦਾ ਆਸ਼ੀਰਵਾਦ ਲੈ ਕੇ ਭਾਈ ਬਚਿੱਤਰ ਸਿੰਘ ਨੇ ਇਸ ਨਾਗਨੀ ਬਰਛੇ ਨਾਲ ਹਾਥੀ 'ਤੇ ਅਜਿਹਾ ਵਾਰ ਕੀਤਾ ਕਿ ਉਹ ਚੰਘਿਆੜਦਾ ਹੋਇਆ ਪਹਾੜੀ ਫੌਜਾਂ ਨੂੰ ਕੁਚਲਦਾ ਪਿਛਾਂਹ ਨੂੰ ਭੱਜ ਉਠਿਆ।

ਕਰਪਾ ਬਰਛਾ: ਇਹ ਕਰਪਾ ਬਰਛਾ ਦਸਮ ਗੁਰੂ ਦਾ ਹੈ। ਜਦੋਂ ਗੁਰੂ ਜੀ ਦੇ ਵਿਆਹ ਦੀ ਗੱਲ ਮਾਤਾ ਜੀਤੋ ਜੀ ਨਾਲ ਤੁਰੀ ਤਾਂ ਗੁਰੂ ਸਾਹਿਬ ਨੇ ਬਰਾਤ ਲਾਹੌਰ ਲਿਜਾਣ ਦੀ ਖਾਹਸ਼ ਪੂਰੀ ਕਰਦਿਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਕੁਝ ਦੂਰ ਗੁਰੂ ਕਾ ਲਾਹੌਰ ਨਾਂ ਦਾ ਨਗਰ ਵਸਾਇਆ। ਇਥੇ ਪਾਣੀ ਦੀ ਕਿੱਲਤ ਸੀ ਅਤੇ ਗੁਰੂ ਸਾਹਿਬ ਨੇ ਇਸ ਬਰਛੇ ਨਾਲ ਜ਼ਮੀਨ 'ਚੋਂ ਪਾਣੀ ਦਾ ਝਰਨਾ ਵਗਾਇਆ। ਇਸ ਬਰਛੇ ਨਾਲ ਸਬੰਧਤ ਇੱਕ ਹੋਰ ਘਟਨਾ ਦਾ ਵੀ ਜ਼ਿਕਰ ਆਉਂਦਾ ਹੈ। ਸਤੰਬਰ 1700 'ਚ ਲੋਹਗੜ੍ਹ 'ਤੇ ਪਹਾੜੀ ਫ਼ੌਜ ਵੱਲੋਂ ਹਮਲੇ ਸਮੇਂ ਕੇਸਰੀ ਚੰਦ ਨੇ ਇਹ ਕਹਿ ਕੇ ਚੜ੍ਹਾਈ ਕੀਤੀ ਸੀ ਕਿ ਜੇ ਉਹ ਹਾਰ ਗਿਆ ਤਾਂ ਵਾਪਸ ਮੂੰਹ ਨਹੀਂ ਦਿਖਾਏਗਾ। ਦਸਮ ਗੁਰੂ ਨੇ ਉਸ ਦਾ ਮੁਕਾਬਲਾ ਕਰਨ ਲਈ ਭਾਈ ਉਦੈ ਸਿੰਘ ਨੂੰ ਇਹ ਕਰਪਾ ਬਰਛਾ ਦੇ ਕੇ ਤੋਰਿਆ ਸੀ। ਇਸ ਜੰਗ ਵਿਚ ਜਿੱਥੇ ਭਾਈ ਬਚਿੱਤਰ ਸਿੰਘ ਨੇ ਮਦਮਸਤ ਹਾਥੀ ਨੂੰ ਰੋਕਿਆ ਉਥੇ ਹੀ ਭਾਈ ਉਦੈ ਸਿੰਘ ਰਾਜਾ ਕੇਸਰੀ ਚੰਦ ਦਾ ਸਿਰ ਵੱਢ ਕੇ ਇਸ ਬਰਛੇ 'ਤੇ ਰੱਖ ਕੇ ਗੁਰੂ ਸਾਹਿਬ ਕੋਲ ਪਹੁੰਚੇ ਸਨ।

ਇੰਗਲੈਂਡ ਤੋਂ ਵਾਪਸ ਲਿਆਂਦੇ ਸ਼ਸਤਰ: ਇਹ ਛੇ ਸ਼ਸਤਰ ਗੁਰੂ ਗੋਬਿੰਦ ਸਿੰਘ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਹਨ ਜੋ ਮਹਾਰਾਜਾ ਰਣਜੀਤ ਸਿੰਘ ਜੀ ਕੋਲ ਸਨ। ਸਿੱਖ ਰਾਜ ਤੋਂ ਮਗਰੋਂ ਲਾਰਡ ਡਲਹੌਜੀ ਅੰਗਰੇਜ਼ ਇਹ ਸ਼ਸਤਰ ਇੰਗਲੈਂਡ ਲੈ ਗਿਆ ਸੀ। ਉਸ ਦੀ ਪੜਪੋਤੀ ਕੋਲੋਂ ਸੰਨ 1966 ਵਿਚ ਇਹ ਸ਼ਸਤਰ ਵਾਪਸ ਲਿਆਂਦੇ ਗਏ ਸਨ। ਇਹ ਛੇ ਸ਼ਸਤਰ ਹਨ:

ਵੱਡਾ ਬਰਛਾ: ਗੁਰੂ ਜੀ ਇਸ ਨਾਲ ਜੰਗਲੀ ਜਾਨਵਰ ਸ਼ੇਰ, ਚੀਤੇ ਆਦਿ ਦਾ ਸ਼ਿਕਰ ਖੇਡਦੇ ਸਨ ਅਤੇ ਜੰਗ ਵਿਚ ਵੀ ਇਸ ਦੀ ਵਰਤੋਂ ਕਰਦੇ ਸਨ।

ਛੋਟਾ ਬਰਛਾ: ਗੁਰੂ ਗੋਬਿੰਦ ਸਿੰਘ ਜੀ ਜੰਗ ਲੜਨ ਸਮੇਂ ਦੁਸ਼ਮਣ 'ਤੇ ਇਸ ਨੂੰ ਹੱਥੋਂ ਛੱਡ ਕੇ ਵਾਰ ਕਰਦੇ ਸਨ।

ਸ਼ਮਸ਼ੀਰ-ਏ-ਤੇਗ: ਇਹ ਗੁਰੂ ਗੋਬਿੰਦ ਸਿੰਘ ਦੇ ਕਮਰਕੱਸੇ ਦਾ ਸ਼ਸਤਰ ਹੈ। ਇਸ ਨਾਲ ਜੰਗ ਦੇ ਸਮੇਂ ਲੋਹੇ ਦੀ ਬਣੀ ਸੰਜੋਅ ਨੂੰ ਕੱਟ ਕੇ ਗੁਰੂ ਜੀ ਦੁਸ਼ਮਣ ਨੂੰ ਸਦਾ ਦੀ ਨੀਂਦ ਸੁਆ ਦਿੰਦੇ ਸਨ।

ਦਾਹੇ-ਆਹਨੀ: ਇਹ ਵੀ ਦਸਮ ਗੁਰੂ ਦੇ ਕਮਰਕੱਸੇ ਦਾ ਸ਼ਸਤਰ ਹੈ। ਮੁਗ਼ਲ ਫੌਜਾਂ ਦੇ ਸਿਰ ਉਪਰ ਲੋਹੇ ਦੇ ਟੋਪ ਪਹਿਨੇ ਹੁੰਦੇ ਸਨ। ਗੁਰੂ ਜੀ ਇਸ ਦੇ ਪਹਿਲੇ ਵਾਰ ਨਾਲ ਹੀ ਲੋਹੇ ਦਾ ਟੋਪ ਚੀਰ ਕੇ ਦੁਸ਼ਮਣ ਦਾ ਸਿਰ ਪਾੜ ਕੇ ਉਸ ਦਾ ਅੰਤ ਕਰ ਦਿੰਦੇ ਸਨ।

ਸੁਨਹਿਰੀ ਚੱਕਰ: ਇਹ ਇੱਕ ਪ੍ਰੇਮੀ ਸਿੱਖ ਨੇ ਗੁਰੂ ਜੀ ਨੂੰ ਭੇਟਾ ਕੀਤਾ। ਉਸ ਨੇ ਬੇਨਤੀ ਕੀਤੀ ਸੀ ਕਿ ਇਸ ਉਪਰ ਜਪੁਜੀ ਸਾਹਿਬ ਦੀਆਂ 22 ਪਾਉੜੀਆਂ ਲਿਖੀਆਂ ਹੋਈਆਂ ਹਨ ਤਾਂ ਗੁਰੂ ਜੀ ਨੇ ਇਸ ਨੂੰ ਆਪਣੇ ਸੀਸ ਉਪਰ ਸਜੇ ਦੁਮਾਲੇ 'ਤੇ ਸਜਾ ਲਿਆ।

ਢਾਲਾ: ਇਹ ਵੀ ਇਕ ਪ੍ਰੇਮੀ ਸਿੱਖ ਨੇ ਗੁਰੂ ਜੀ ਨੂੰ ਭੇਟ ਕੀਤਾ ਸੀ। ਗੈਂਡੇ ਦੀ ਖੱਲ ਦਾ ਬਣਿਆ ਇਹ ਢਾਲਾ ਗੁਰੂ ਜੀ ਹਮੇਸ਼ਾ ਜੰਗ ਕਰਨ ਸਮੇਂ ਆਪਣੇ ਕੋਲ ਰੱਖਦੇ ਸਨ। ਦੁਸ਼ਮਣ ਵੱਲੋਂ ਕੀਤੇ ਵਾਰ ਇਸ ਢਾਲੇ ਨਾਲ ਅਸਫ਼ਲ ਚਲੇ ਜਾਂਦੇ ਸਨ।

ਗੁਰੂ ਸਾਹਿਬਾਨ ਦੀਆਂ ਇਤਿਹਾਸਿਕ ਨਿਸ਼ਾਨੀਆਂ: ਗੁਰੂ ਸਾਹਿਬਾਨ ਦੀਆਂ ਕੁਝ ਇਤਿਹਾਸਿਕ ਨਿਸ਼ਾਨੀਆਂ, ਜੋ ਨਾਭਾਵੰਸ਼ੀ ਹਨੂਵੰਤ ਸਿੰਘ ਦਿੱਲੀ ਲੈ ਗਏ ਸਨ, ਅਦਾਲਤ ਰਾਹੀਂ ਪੰਜਾਬ ਸਰਕਾਰ ਨੇ ਪ੍ਰਾਪਤ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕਰਨ ਲਈ ਸੌਂਪੀਆਂ ਹਨ। ਇਨ੍ਹਾਂ ਇਤਿਹਾਸਕ ਨਿਸ਼ਾਨੀਆਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚੋਲਾ, ਜੋ ਗੁਰੂ ਸਾਹਿਬ ਨੇ ਹੁਕਮਨਾਮੇ ਨਾਲ ਬਾਬਾ ਤਿਲੋਕ ਸਿੰਘ ਅਤੇ ਰਾਮ ਸਿੰਘ ਨੂੰ ਭੇਜਿਆ ਸੀ।
2. ਗੁਰੂ ਗੋਬਿੰਦ ਸਿੰਘ ਦੀ ਦਸਤਾਰ।
3. ਦਸਮ ਗੁਰੂ ਦਾ ਦਸਤਾਰੀ ਕੰਘਾ, ਜਿਸ ਵਿੱਚ ਵਾਹੇ ਹੋਏ ਕੇਸ ਹਨ।
4. ਦਸਵੇਂ ਗੁਰੂ ਦੀ ਸ੍ਰੀ ਸਾਹਿਬ, ਜੋ ਕਰੀਬ ਸਾਢੇ ਤਿੰਨ ਇੰਚ ਲੰਮੀ ਹੈ।
5. ਗੁਰੂ ਹਰਿਗੋਬਿੰਦ ਸਾਹਿਬ ਦਾ ਤੇਗਾ, ਜੋ 46 ਇੰਚ ਲੰਮਾ ਹੈ।
6. ਗੁਰੂ ਗੋਬਿੰਦ ਸਿੰਘ ਦੀ ਸ੍ਰੀ ਸਾਹਿਬ ਜੋ ਗੁਰੂ ਸਾਹਿਬ ਨੇ ਤਿਲੋਕ ਸਿੰਘ ਨੂੰ ਅੰਮ੍ਰਿਤ ਛਕਾਉਣ ਸਮੇਂ ਸੰਨ 1706 ਵਿੱਚ ਦਮਦਮਾ ਸਾਹਿਬ ਬਖਸ਼ੀ ਸੀ।
7. ਗੁਰੂ ਗੋਬਿੰਦ ਸਿੰਘ ਦੀ ਕਿਰਪਾਨ, ਜੋ ਰਾਇ ਕੱਲ੍ਹਾ ਨੂੰ ਬਖਸ਼ੀ ਸੀ। ਇਹ ਕੋਟਲੇ ਵਾਲੇ ਨਵਾਬ ਸਾਹਿਬ ਦੇ ਜ਼ਰੀਏ ਮਹਾਰਾਜਾ ਜਸਵੰਤ ਸਿੰਘ ਨੂੰ ਮਿਲੀ।
8. ਦਸਮ ਪਾਤਸ਼ਾਹ ਦੇ ਪੰਜ ਤੀਰ, ਜਿਨ੍ਹਾਂ 'ਚ ਦੋ ਬਰਛਾ ਤੀਰ ਹਨ। ਇਨ੍ਹਾਂ ਸਾਰਿਆਂ 'ਤੇ ਸੋਨਾ ਲੱਗਾ ਹੋਇਆ ਹੈ।
9. ਦਸਵੇਂ ਗੁਰੂ ਦਾ ਲੋਹੇ ਦਾ ਤੀਰ।
10. ਗੁਰੂ ਤੇਗ ਬਹਾਦਰ ਸਾਹਿਬ ਦਾ ਤੇਗਾ, ਜੋ 36 ਇੰਚ ਹੈ। ਇਸ 'ਤੇ 'ਸਤਿ ਸ੍ਰੀ ਅਕਾਲ ਤੇਗ ਬਹਾਦਰ ਸੰਮਤ 1713' ਉਕਰਿਆ ਹੋਇਆ ਹੈ।
11. ਦਸਵੇਂ ਗੁਰੂ ਸਾਹਿਬ ਦਾ ਬਰਛਾ।
12. ਛੇਵੇਂ ਗੁਰੂ ਦਾ ਚਾਬਕ, ਜਿਸ ਦੀ ਮੁੱਠੀ ਬੈਂਤ ਦੀ ਹੈ।
13. ਇੱਕ ਹੱਥ ਲਿਖਤ ਗ੍ਰੰਥ। ਇਸ ਦੇ ਪੱਤਰੇ 300 ਹਨ। ਭਾਈ ਤਾਰਾ ਸਿੰਘ ਕਵੀ ਦੇ ਹਵਾਲੇ ਨਾਲ ਜ਼ਿਕਰ ਮਿਲਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦਾ ਲਿਖਿਆ ਹੋਇਆ ਹੈ। ਰਾਜਾ ਭਰਪੂਰ ਸਿੰਘ ਨੇ ਕਵੀ ਨੂੰ ਦੋ ਹਜ਼ਾਰ ਨਕਦ ਅਤੇ ਦੋ ਸੌ ਰੁਪਏ ਸਾਲਾਨਾ ਜਾਗੀਰ ਦੇ ਕੇ ਇਹ ਗ੍ਰੰਥ ਲੈ ਲਿਆ ਸੀ।

* * * * * * * *

# ਕਾਵਿ-ਕਿਆਰੀ

## ਮਾਪਿਆਂ ਦਾ ਸਤਿਕਾਰ



*ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K.)*

ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ।

ਮਾਪਿਆਂ ਦੀ ਸੇਵਾ ਵਿੱਚੋਂ ਰੱਬ ਦਾ ਦੀਦਾਰ ਹੁੰਦਾ,
ਸੇਵਾ ਵਾਲ਼ੀ ਸੋਚ ਨਾਲ ਜੀਵਨ ਸੁਧਾਰ ਹੁੰਦਾ,
ਸੁੱਖਾਂ ਦਾ ਖਜ਼ਾਨਾ ਤੇ ਭੰਡਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਮਾਂ ਦੀਆਂ ਲੋਰੀਆਂ ਤੋਂ ਕੋਈ ਮਿੱਠਾ ਰਾਗ ਨਹੀਂ,
ਗੋਦ ਵਾਲ਼ੇ ਨਿੱਘ ਨਾਲੋਂ ਹੋਰ ਚੰਗੇ ਭਾਗ ਨਹੀਂ,
ਮਾਪਿਆਂ 'ਚੋਂ ਦਿਸੇ ਕਰਤਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਸੁੱਖਾਂ ਰਹਿਣ ਸੁੱਖਦੇ ਤੇ ਕਰਨ ਦੁਆਵਾਂ ਜੀ,
ਦੂਰ ਰਹਿਣ ਬੱਚਿਆਂ ਤੋਂ ਬੁਰੀਆਂ ਬਲਾਵਾਂ ਜੀ,
ਸਦਾ ਰਹਿਣ ਕਰਦੇ ਪੁਕਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਕੌੜੇ ਬੋਲ ਮਾਪਿਆਂ ਨੂੰ ਭੁੱਲਕੇ ਨਾ ਬੋਲਿਉ,
ਕੀਮਤੀ ਸੁਗਾਤ ਭਾਅ ਕੌਡਾਂ ਦੇ ਨਾ ਤੋਲਿਉ,
ਔਲਾਦ ਨਾਲ਼ ਵਸਦਾ ਸੰਸਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਜਿਊਂਦੇ ਮਾਪੇ ਜੱਗ ਉੱਤੇ ਠੰਢੀਆਂ ਨੇ ਛਾਵਾਂ ਜੀ,
ਤੀਰਥਾਂ ਤੋਂ ਵੱਧ ਇਹੋ ਪੂਜਨੀਕ ਥਾਂਵਾਂ ਜੀ,
ਮਾਣ ਲਉ ਅਸੀਸਾਂ ਦੀ ਬਹਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਬਜ਼ੁਰਗਾਂ ਨੂੰ ਘਰੇ ਛੱਡ ਯਾਤਰਾ ਤੇ ਜਾਣ ਦਾ,
ਕੀ ਫ਼ਾਇਦਾ ਤੀਰਥਾਂ ਤੇ ਜਾ ਕੇ ਧੱਕੇ ਖਾਣ ਦਾ,
ਸੇਵਾ-ਫਲ਼ ਕਰੇ ਬੇੜੇ ਪਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਟਹਿਲ ਕਮਾਉ, ਲਾਓ ਘੁੱਟ ਸੀਨੇ ਨਾਲ ਬਈ,
'ਕੱਠੇ ਖਾਣਾ ਖਾਣ ਦਾ ਹੈ ਵੱਖਰਾ ਕਮਾਲ ਬਈ,
ਰੱਬ ਵੀ ਆ ਖੜ੍ਹੇਗਾ ਦੁਆਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਅਸੀਸਾਂ ਤੇ ਦੁਆਵਾਂ ਦੀ ਨੇ ਮਾਪੇ ਖਾਨ ਦੋਸਤੋ,
ਭਰਿਆ ਖ਼ਜ਼ਾਨਾ ਨਾ ਦਉ ਹੱਥੋਂ ਜਾਣ ਦੋਸਤੋ,
ਜ਼ਿੰਦਗੀ ਨੂੰ ਕਰੋ, ਸਰਸ਼ਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਦੁਨੀਆਂ ਦੇ ਰਾਜ-ਭਾਗ ਮਾਪਿਆਂ ਦੇ ਪੈਰਾਂ ਵਿੱਚ,
ਰੱਬ ਕੋਲੋਂ ਮੰਗੀਆਂ ਦੁਆਵਾਂ ਅਤੇ ਖ਼ੈਰਾਂ ਵਿੱਚ,
ਖੁਸ਼ੀਆਂ ਦੀ ਰਹਿਣੀ ਭਰਮਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਪਿਆਰ ਭਰੇ ਹੱਥ ਮਾਪੇ ਸਿਰ ਉੱਤੇ ਧਰ ਦੇਣ,
ਰਹਿਮਤਾਂ ਦੀ ਵਰਖਾ ਨਾ ਝੋਲ਼ੀਆਂ ਵੀ ਭਰ ਦੇਣ,
'ਭੋਗਲ' ਉੱਤੇ ਕਰੋ ਇਤਬਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

## ਕ੍ਰਿਸਮਿਸ ਆਈ ਆ



–ਤਰਲੋਚਨ ਸਿੰਘ
ਚੰਨ ਜੰਡਿਆਲਵੀ

ਮੈਂ ਤਾਂ ਕਦੋਂ ਦੀ ਤਿਆਰੀ ਖਿੱਚੀ ਬੈਠੀ ਆਂ,
ਤੇਰੀ ਸ਼ੁਸ਼ਾਬਾਸ਼ੀ ਨੇ ਹੀ ਦੇਰ ਲਾਈ ਆ।
ਨਵਾਂ ਨਵਾਂ ਹੋਇਆ ਏ ਵਿਆਹ ਸਾਡਾ ਡਾਰਲਿੰਗ,
ਪਹਿਲੀ ਪਹਿਲੀ ਆਪਾਂ ਨੂੰ ਕ੍ਰਿਸਮਿਸ ਆਈ ਆ!!

ਸੋਚਿਆ ਸੀ ਦੋਵੇਂ ਅੱਜ ਸ਼ਾਪਿੰਗ ਨੂੰ ਜਾਵਾਂਗੇ।
ਵੱਲਾ-ਰੱਤੇ ਖੜ੍ਹ ਕਿਤੇ ਸੈਲਫ਼ੀ ਬਣਾਵਾਂਗੇ।
ਏਸੇ ਕਰਕੇ ਤਾਂ ਕੀਤਾ ਹਾਰ ਸ਼ਿੰਗਾਰ,
ਸ਼ੀਸ਼ੇ ਅੱਗੇ ਖੜ ਪਾਈ ਸੁਰਮ-ਸਲਾਈ ਆ।
ਨਵਾਂ ਨਵਾਂ ਹੋਇਆ ਏ ਵਿਆਹ ਸਾਡਾ ਡਾਰਲਿੰਗ,
ਪਹਿਲੀ ਪਹਿਲੀ ਆਪਾਂ ਨੂੰ ਕ੍ਰਿਸਮਿਸ..... !!

ਵਿਆਹ ਬਾਅਦ ਜੇਹੜੀ ਮੈਰੀ ਕ੍ਰਿਸਮਿਸ ਆਉਂਦੀ ਏ।
ਜੋੜਿਆਂ ਨੂੰ ਪੁੱਛੋ ਕਿੰਨੀ ਹੈਪੀਨੈੱਸ ਲਿਆਉਂਦੀ ਏ।
ਕ੍ਰਿਸਮਿਸ ਟ੍ਰੀ-ਡੈਕੋਰੇਸ਼ਨ ਤੇ ਲਾਈਟਾਂ,
ਸਾਹਮਣੇ ਚੁਬਾਰੇ ਵੇਖ ਕਿੰਝ ਰੁਸ਼ਨਾਈ ਆ।
ਨਵਾਂ ਨਵਾਂ ਹੋਇਆ ਏ ਵਿਆਹ ਸਾਡਾ ਡਾਰਲਿੰਗ,
ਪਹਿਲੀ ਪਹਿਲੀ ਆਪਾਂ ਨੂੰ ਕ੍ਰਿਸਮਿਸ..... !!

ਜਿਥੇ ਗੱਲ ਕਰੋ ਗੱਲ ਹੁੰਦੀ ਹਾਈਟਿੱਕ ਦੀ।
ਅਸਾਂ ਤਾਂ ਪੁਰਾਣੀ ਰੀਝ ਦਿਲ ਵਾਲੀ ਸਿੱਕ ਦੀ।
ਸਭ ਦੀਆਂ ਸਧਰਾਂ ਨੂੰ ਬੂਰ ਰੱਬਾ ਪਾ ਦੇ,
ਰਾਤ ਦਿਨੇ ਰੱਬ ਕੋਲੋਂ ਮੰਗਦੀ ਲੁਕਾਈ ਆ!
ਨਵਾਂ ਨਵਾਂ ਹੋਇਆ ਏ ਵਿਆਹ ਸਾਡਾ ਡਾਰਲਿੰਗ,
ਪਹਿਲੀ ਪਹਿਲੀ ਆਪਾਂ ਨੂੰ ਕ੍ਰਿਸਮਿਸ ਆਈ ਆ !!

ਚੰਨ ਜੰਡਿਆਲਵੀ ਜਏ੍ਹ ਭਾਵੇਂ ਬੁੱਢੇ ਹੋ ਗਏ।
ਪਿਆਰਾਂ ਚਾਹ ਮਲ੍ਹਾਰਾਂ ਵੇਲੇ ਡਟਕੇ ਖਲੋ ਗਏ।
ਇਕ ਦੂਸਰੇ ਲਈ ਸ਼ੁਭਕਾਮਨਾਂ, ਸੁਗਾਤਾਂ,
ਜਾਗਦੀ ਜ਼ਮੀਰ ਦੀ ਤਾਂ ਏ ਹੋਈ ਵਡਿਆਈ ਆ।
ਨਵਾਂ ਹੋਇਆ ਏ ਵਿਆਹ ਸਾਡਾ ਡਾਰਲਿੰਗ,
ਪਹਿਲੀ ਪਹਿਲੀ ਆਪਾਂ ਨੂੰ ਕ੍ਰਿਸਮਿਸ ਆਈ ਆ!!
ਮੈਂ ਤਾਂ ਕਦੋਂ ਦੀ ਤਿਆਰੀ ਖਿੱਚੀ ਬੈਠੀ ਆਂ,
ਤੇਰੀ ਸ਼ੁਸ਼ਾਬਾਸ਼ੀ ਨੇ ਹੀ ਦੇਰ ਲਾਈ ਆ....!!

## ਗ਼ਜ਼ਲ

ਡਾ. ਮੁਹਿੰਦਰ ਸਿੰਘ ਰਾਏ



ਰੂਹ ਦੀਆਂ ਤਾਰਾਂ ਨੂੰ ਕੋਈ ਛੇੜ ਗਿਆ।
ਨਲਕਾ ਹਿਜਰਾਂ ਦਾ ਕੋਈ ਗੇੜ ਗਿਆ।
ਕੋਈ ਖੁਸ਼ਬੂ ਵਾਂਗੂੰ ਨੇੜੇ ਆਇਆ ਸੀ,
ਝੂਠੇ ਵਾਅਦਿਆਂ ਨਾਲ ਉਖੇੜ ਗਿਆ।
ਪਿਆਰ ਤਾਂ ਸੀ ਅਜੇ ਬਾਲ ਅਵਸਥਾ 'ਚ,
ਦੁੱਖ ਤੜਾਗੀ ਬੰਨ ਕੋਈ ਤੇੜ ਗਿਆ।
ਵਿੱਚ ਤੋਲ ਤੁਲਾਈ ਤਾਂ ਪੂਰੇ ਤੁੱਲੇ ਸੀ,
ਪੂਰੇ ਤੋਂ ਵੀ ਅੱਧਾ ਹੋ ਕੋਈ ਡੇਢ੍ਹ ਗਿਆ।
ਕੀ ਅੰਦਾਜ਼ ਸੀ ਅਲਵਿਦਾ ਕਹਿਣੇ ਦਾ,
ਬੂਹਾ ਵਸਲਾਂ ਦਾ ਕੋਈ ਭੇੜ ਗਿਆ।
ਕਵਾਰੀਆਂ ਰੀਝਾਂ ਨੇ ਤਾਂ ਡੋਲੀ ਚੜ੍ਹਨਾ ਸੀ,
ਗੱਡੀ ਵਿੱਚ ਖਤਾਨਾਂ ਦੇ ਕੋਈ ਰੇੜ੍ਹ ਗਿਆ।
ਸਰੋਂ ਪਿਆਰ, ਆਸਾਂ ਦੀਆਂ ਫਲੀਆਂ ਸੀ,
ਵਿੱਚ ਕਣੀਆਂ ਦੇ ਪਾ ਕੋਈ ਮੇੜ੍ਹ ਗਿਆ।
ਬੰਨ੍ਹਣ ਲਈ ਦੁੱਖਾਂ ਦੀਆਂ ਭਰੀਆਂ ਨੂੰ,
ਵੱਟ ਅਰਮਾਨਾਂ ਦੀ ਕੋਈ ਬੇੜ ਗਿਆ।
ਰਸ ਚੂਸਿਆ 'ਰਾਏ' ਚੜ੍ਹੀ ਸੁਕਾਸ ਵੇਲ ਨੇ,
ਹਰਿਆ ਭਰਿਆ, ਸੁੱਕ ਕੋਈ ਪੇੜ ਗਿਆ।

## ਪ੍ਰਣਾਮ ਸ਼ਹੀਦਾਂ ਨੂੰ

ਲੋਭ ਲਾਲਚ ਬੰਦੇ ਨੂੰ ਕਿੱਥੇ ਪਹੁੰਚ ਦਿੰਦਾ,
ਹਰ ਕੋਈ ਚੰਦੂ ਨੂੰ ਅੱਜ ਭੰਡ ਆਇਆ।

ਪਹਿਲਾਂ ਸ਼ਾਮ ਆਇਆ, ਫੇਰ ਦਾਮ ਆਇਆ,
ਨਾ ਕੋਈ ਚੱਲਿਆ ਚਾਰਾ, ਅਖੀਰ ਦੰਡ ਆਇਆ

ਮੈਂ ਤੁਹਾਡਾ ਹਾ, ਮੇਰੇ ਤੇ ਯਕੀਨ ਕਰੋ,
ਸੁੱਚਾ ਨੰਦ ਕਰਨ ਲਈ ਪਾਖੰਡ ਆਇਆ।

ਦਿਵਾਉ ਇਹਨਾਂ ਨੂੰ ਸਖ਼ਤ 'ਤੋਂ ਸਖ਼ਤ ਸਜ਼ਾ,
ਹਰ ਅਹਿਲਕਾਰ ਲੈ ਕੇ ਆਪਣਾ ਮਾਪ -ਦੰਡ ਆਇਆਂ।

ਆਪਣੇ ਹੱਥ ਮਜ਼ਲੂਮਾ ਦੇ ਖੂਨ ਨਾਲ ਨਹੀਂ ਰੰਗਣੇ,
ਸ਼ੇਰ ਮਹੁੰਮਦ ਖਾਨ ਨੂੰ ਰੋਹ ਪ੍ਰਚੰਡ ਆਇਆ।



ਬੇ- ਕੀਮਤ ਜਮੀਨ ਦਾ ਟੁਕੜਾ ਖ਼ਰੀਦ ਲਿਆ,
ਟੋਡਰ ਮੱਲ ਜੋ ਘਰ ਸੀ, ਉਹ ਵੰਡ ਆਇਆ।

ਹਾਕਮ ਦਾ ਹੁਕਮ ਮੰਨ ਜੱਲਾਦ ਜ਼ੁਲਮ ਕਰਨ ਲੱਗਾ,
ਦਿਲ ਨਾ ਮੰਨੇ, ਸਰੀਰ ਆਪਣੀ ਛੰਡ ਆਇਆ।

ਮੋਤੀ ਰਾਮ ਮਹਿਰਾ ਕਰਕੇ ਅਣਥੱਕ ਵੱਡੀ ਸੇਵਾ,
ਪ੍ਰੀਤ ਆਪਣੀ ਜ਼ੁਲਮ ਖ਼ਿਲਾਫ਼ ਗੰਢ ਆਇਆਂ।

ਚੰਗੇ ਕੰਮ ਕਰਕੇ ਜੱਗ ਉੱਤੇ ਜਾਣਾ ਸੀ,
ਵਜੀਦਾ ਖ਼ਾਨ ਕਰ ਭਾਰੀ ਆਪਣੀ ਪਾਪਾ ਦੀ ਪੰਡ ਆਇਆ।

ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰ ਗਈਆਂ,
ਜੈ ਜੈ ਕਰਨ ਲਈ ਸਾਰਾ ਬ੍ਰਹਿਮੰਡ ਆਇਆ।

ਤੁਰਿਆ ਬੰਦਾ ਬਹਾਦਰ ਭਾਜੀ ਮੋੜਨ ਨੂੰ,
ਸਰਹਿੰਦ 'ਤੇ ਵਿੱਚੇ ਸਾਰੇ ਅਹਿਲਕਾਰ ਝੰਭ ਆਇਆ।

"ਰਾਣਾ" ਚੁੰਮਦਾ ਏਸ ਪਾਕ ਪਵਿੱਤਰ ਧਰਤੀ ਨੂੰ,
ਸ਼ਰਧਾ ਦੇ ਫੁੱਲ ਸ਼ਹੀਦਾਂ ਚਰਨੀ ਟੰਗ ਆਇਆ।

ਰਣਵੀਰ ਸਿੰਘ ਰਾਣਾ

## ਜ਼ਿੰਦਗੀ ਅਜਬ ਤਮਾਸ਼ਾ


ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।

ਕਦੀ ਰੰਗਾਂ ਵਿੱਚ ਇਹ ਵਸਦੀ ਹੈ,
ਕਦੀ ਘੋਰ ਗ਼ਮਾਂ ਵਿੱਚ ਧਸਦੀ ਹੈ।
ਕਦੀ ਉੱਚੀਆਂ ਰੋਜ਼ ਉਡਾਰੀਆਂ ਨੇ,
ਕਦੀ ਧੁਰ ਪਤਾਲ ਦੁਸ਼ਵਾਰੀਆਂ ਨੇ।
ਕਦੀ ਬਚਪਨ ਕਦੀ ਬੁਢਾਪਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।
ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।

ਬਿਨ ਮੰਗੇ ਮੋਤੀ ਮਿਲਦੇ ਨੇ,
ਕਦੀ ਮੰਗਿਆਂ ਮੌਤ ਵੀ ਨਹੀਂ ਮਿਲਦੀ।
ਕਦੀ ਪੱਤਝੜ ਵਿੱਚ ਫੁੱਲ ਖਿੜਦੇ ਨੇ,
ਕਦੀ ਬਹਾਰੀਂ ਕਲੀ ਵੀ ਨਹੀਂ ਖਿੜਦੀ।
ਕਦੀ ਸਾਉਣ 'ਚ ਫੁੱਲ ਪਿਆਸਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।
ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।

ਕਦੀ ਮੇਲ 'ਤੇ ਕਦੀ ਵਿਛੋੜਾ ਹੈ,
ਕਦੀ ਕੱਲੀ 'ਤੇ ਕਦੀ ਜੋੜਾ ਹੈ।
ਕਦੀ ਜੁੜ ਕੇ ਫੇਰ ਵੀ ਕੱਲੀ ਹੈ,
ਕਦੀ ਕੱਲੀ ਝੱਲ ਵਲੱਲੀ ਹੈ।
ਕਦੀ ਲੱਭਦਾ ਨਹੀਂ ਕੋਈ ਪਾਸਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।
ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।

ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ 'ਤੇ ਕਦੀ ਹਾਸਾ ਹੈ।



ਰਵਿੰਦਰ ਸਿੰਘ
ਕੁੰਦਰਾ ਕਵੈਂਟਰੀ,
ਯੂ ਕੇ

# ਅਕਾਲ ਤਖ਼ਤ ਸਾਹਿਬ ਦਾ ਡੇਰਾ ਮੁਖੀ ਮਾਮਲੇ 'ਤੇ ਫ਼ੈਸਲਾ ਵਿਵਾਦਾਂ ਵਿੱਚ

## ✪ ਦਸਤਖ਼ਤ ਪੰਜਾਂ ਨੇ ਕੀਤੇ, ਪਰ ਸਜ਼ਾ ਸਿਰਫ਼ ਦੋ ਨੂੰ ਕਿਉਂ ?

ਬਘੇਲ ਸਿੰਘ ਧਾਲੀਵਾਲ
99142-58142









ਸਮੇਂ ਨੇ ਅਜਿਹੀ ਕਰਵਟ ਬਦਲੀ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਅਜਿਹੇ ਫ਼ੈਸਲੇ ਕਰਵਾਉਣ ਅਤੇ ਕੁਝ ਫ਼ੈਸਲਿਆਂ ਦਾ ਸੇਕ ਵੀ ਅਕਾਲੀ ਲੀਡਰਸ਼ਿਪ ਨੂੰ ਝੱਲਣ ਲਈ ਮਜ਼ਬੂਰ ਹੋਣਾ ਪਿਆ। ਭਾਵੇਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ਼੍ਰੋਮਣੀ ਕਮੇਟੀ ਉਪਰ ਕਾਬਜ਼ ਉਹ ਧਿਰ ਨੇ ਹੀ ਨਿਯੁਕਤ ਕੀਤਾ ਹੈ, ਜੋ ਖੁਦ ਸਵਾਲਾਂ ਦੇ ਘੇਰੇ ਵਿੱਚ ਹੈ, ਪਰ ਇਹ ਰੁਤਬਾ ਕਿਸੇ ਦਾ ਨਿੱਜੀ ਨਹੀਂ, ਬਲਕਿ ਇਹ ਮੀਰੀ-ਪੀਰੀ ਅਤੇ ਅਜ਼ਾਦ ਪ੍ਰਭੁਤਾ ਦੇ ਸਿਧਾਂਤਕਾਰ ਗੁਰੂ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ, ਇਸ ਲਈ ਮੌਜੂਦਾ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਵੀ ਅਤੀਤ ਵਿੱਚ ਹੋਏ ਉਕਤ ਜਥੇਦਾਰ ਅਤੇ ਸਿੱਖ ਲੀਡਰਸ਼ਿਪ ਦੇ ਹਸ਼ਰ ਨੂੰ ਭੁੱਲਣਾ ਨਹੀਂ ਚਾਹੀਦਾ, ਬਲਕਿ ਅਜਿਹੀਆਂ ਬਜ਼ਰ ਗਲਤੀਆਂ ਤੋਂ ਸਬਕ ਸਿੱਖਦੇ ਹੋਏ ਕੌਮੀ ਹਿਤਾਂ ਨੂੰ ਪਹਿਲ ਦੇਣ ਲਈ ਕੰਮ ਕਰਨਾ ਚਾਹੀਦਾ ਹੈ।

ਬੀਤੇ ਦਿਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ੈਸਲੇ ਤੋਂ ਕੁਝ ਹੋਰ ਮਾਮਲਿਆਂ ਦੇ ਨਾਲ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਦਾ ਮਾਮਲਾ ਵੀ ਵਿਚਾਰਿਆ ਗਿਆ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨਾਂ ਵੱਲੋਂ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕਰਕੇ ਤਨਖ਼ਾਹ ਲਾਈ ਗਈ ਸੀ, ਜੋ ਵਿਵਾਦਾਂ ਵਿੱਚ ਆ ਗਈ ਹੈ। ਸਿੱਖਾਂ ਦੇ ਕੁਝ ਧੜਿਆਂ ਦਾ ਇਹ ਵੀ ਮੰਨਣਾ ਹੈ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਿਰਫ਼ ਤੇ ਸਿਰਫ਼ ਅਕਾਲੀ ਦਲ ਨੂੰ ਫ਼ਾਇਦਾ ਪਹੁੰਚਾਉਣ ਲਈ ਕੰਮ ਕਰ ਰਹੇ ਹਨ। ਜਿਸ ਦੇ ਤਹਿਤ ਉਹਨਾਂ ਵੱਲੋਂ ਵਿਰਸਾ ਸਿੰਘ ਵਲਟੋਹਾ ਸਮੇਤ ਕੁਝ ਮਾਮਲਿਆਂ ਨੂੰ ਨਿਪਟਾਇਆ ਗਿਆ ਹੈ। ਡੇਰਾ ਸਿਰਸਾ ਮੁਖੀ ਦੇ ਮਾਮਲੇ ਵਿੱਚ ਗਿਆਨੀ ਗੁਰਮੁਖ ਸਿੰਘ ਨੂੰ ਪਹਿਲਾਂ ਹੀ ਤਨਖ਼ਾਹ ਲਾ ਕੇ ਫ਼ਾਰਗ ਕੀਤਾ ਜਾ ਚੁੱਕਾ ਹੈ ਅਤੇ ਹੁਣ ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕਰਕੇ ਉਹਨਾਂ ਨੂੰ ਵੀ ਤਨਖ਼ਾਹ ਲਾਈ ਗਈ ਹੈ, ਪਰ ਇੱਥੇ ਸਵਾਲ ਇਹ ਉੱਠਦਾ ਹੈ ਕਿ ਜਦੋਂ ਉਸ ਮੌਕੇ ਜਾਰੀ ਹੋਏ ਹੁਕਮਨਾਮੇ ਉੱਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਆਪਣੇ ਪੂਰੇ ਹੋਸ਼ੋ-ਹਵਾਸ ਨਾਲ ਦਸਤਖ਼ਤ ਕੀਤੇ ਗਏ ਸਨ, ਫਿਰ ਬਾਕੀ ਬਚਦੇ ਦੋ ਗੁਨਾਹਗਾਰਾਂ ਨੂੰ ਤਲਬ ਕਰਕੇ ਤਨਖ਼ਾਹ ਕਿਉਂ ਨਹੀਂ ਲਾਈ ਗਈ? ਇਸ ਫ਼ੈਸਲੇ ਨੂੰ ਲੈ ਕੇ ਜਿੱਥੇ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਦੀਆਂ ਮੁਖੀਆਂ, ਸਿੱਖ ਸ਼ਖ਼ਸ਼ੀਅਤਾਂ ਸਵਾਲ ਚੁੱਕ ਰਹੀਆਂ ਹਨ, ਓਥੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਹਜ਼ੂਰੀ ਸਿੱਖਾਂ ਨੇ ਵੀ ਇਸ ਮਾਮਲੇ ਤੇ ਸਵਾਲ ਉਠਾਇਆ ਹੈ। ਏਸੇ ਕਰਕੇ 2015 ਵਿੱਚ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਵਾਲਾ ਮਾਮਲਾ ਇੱਕ ਵਾਰ ਫਿਰ ਸਿੱਖ ਕੌਮ ਵਿੱਚ ਗੰਭੀਰ ਰੋਸ ਦਾ ਕਾਰਨ ਬਣਦਾ ਜਾ ਰਿਹਾ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਬੀਤੇ ਦਿਨੀਂ ਸਿਰਫ਼ ਦੋ ਸਿੰਘ ਸਾਹਿਬਾਨਾਂ ਨੂੰ ਹੀ ਸਜ਼ਾ ਦੇਣ ਦਾ ਫ਼ੈਸਲਾ ਸਿੱਖ ਸੰਗਤ ਵੱਲੋਂ ਅਧੂਰਾ ਅਤੇ ਸਵਾਲੀਆ ਦੱਸਿਆ ਜਾ ਰਿਹਾ ਹੈ। ਸੰਗਤ ਵੱਲੋਂ ਇਹ ਮੰਗ ਉੱਠ ਰਹੀ ਹੈ ਕਿ 24 ਸਤੰਬਰ 2015 ਨੂੰ ਜਾਰੀ ਕੀਤੇ ਗਏ ਵਿਵਾਦੀ ਹੁਕਮਨਾਮੇ ਉੱਤੇ ਸਿਰਫ਼ ਇੱਕ ਵਿਅਕਤੀ ਦੇ ਨਹੀਂ, ਸਗੋਂ ਕਈ ਸਿੰਘ ਸਾਹਿਬਾਨਾਂ ਦੇ ਦਸਤਖ਼ਤ ਸਨ, ਇਸ ਕਰਕੇ ਤਲਬ ਅਤੇ ਕਾਰਵਾਈ ਵੀ ਸਾਰੇ ਜ਼ਿੰਮੇਵਾਰਾਂ ਵਿਰੁੱਧ ਹੋਣੀ ਚਾਹੀਦੀ ਸੀ। ਇਹ ਵੀ ਦਰਜ ਹੈ ਕਿ ਹੁਕਮਨਾਮੇ ਉੱਤੇ ਤਤਕਾਲੀ ਜਥੇਦਾਰਾਂ ਦੇ ਨਾਲ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨੁਮਾਇੰਦਿਆਂ ਦੇ ਵੀ ਦਸਤਖ਼ਤ ਸਨ। ਇਸਦੇ ਬਾਵਜੂਦ ਨਾ ਤਾਂ ਉਹਨਾਂ ਨੂੰ ਤਲਬ ਕੀਤਾ ਗਿਆ ਅਤੇ ਨਾ ਹੀ ਕੋਈ ਵਜਾ ਦੱਸੀ ਗਈ।



ਸਿੱਖ ਸੰਗਤ ਇਹ ਮੰਨ ਰਹੀ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਇਹ ਫ਼ੈਸਲਾ ਅਧੂਰਾ ਹੈ ਅਤੇ ਇਸ ਵਿੱਚ ਪੂਰੀ ਕਾਰਵਾਈ ਦੀ ਲੋੜ ਹੈ, ਤਾਂ ਜੋ ਕੌਮੀ ਨਿਆਂ ਦੇਣ ਦੀ ਮਰਯਾਦਾ ਕਾਇਮ ਰਹਿ ਸਕੇ। ਇਸ ਅਧੂਰੇ ਫ਼ੈਸਲੇ ਕਾਰਨ ਸਿੱਖ ਕੌਮ ਵਿੱਚ ਵੱਡਾ ਰੋਸ ਅਤੇ ਨਿਆਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਤਕਾਲੀ ਉੱਪ-ਮੁੱਖ ਮੰਤਰੀ ਪੰਜਾਬ ਦੇ ਕਹਿਣ ਤੇ ਉਹਨਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਤੇ ਪੰਜ ਸਿੰਘ ਸਾਹਿਬਾਨਾਂ ਨੂੰ ਤਲਬ ਕਰਕੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਲਈ ਹੁਕਮਨਾਮਾ ਜਾਰੀ ਕਰਨ ਲਈ ਸਬਬ ਪਾਇਆ ਗਿਆ ਸੀ, ਜਿਸ ਨੂੰ ਜਥੇਦਾਰਾਂ ਵੱਲੋਂ ਆਪਣੇ ਰੁਤਬਿਆਂ ਨੂੰ ਸਲਾਮਤ ਰੱਖਣ ਦੀਆਂ ਲਾਲਸਾਵਾਂ ਵਸ ਸਮੂਹਿਕ ਰੂਪ ਵਿੱਚ ਸਵੀਕਾਰ ਕਰ ਲਿਆ ਗਿਆ ਸੀ, ਜਿਸ ਦੇ ਫ਼ਲਸਵਰੂਪ 24 ਸਤੰਬਰ 2015 ਦਾ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਮੁਆਫ਼ੀ ਦੇਣ ਵਾਲਾ ਹੁਕਮਨਾਮਾ ਸਾਹਮਣੇ ਆਇਆ। ਭਾਵੇਂ ਉਸ ਮੌਕੇ ਸਿੱਖ ਕੌਮ ਦੇ ਅੰਦਰ ਉਸ ਹੁਕਮਨਾਮੇ ਦੇ ਵਿਰੋਧ ਵਿੱਚ ਗੁੱਸੇ ਦਾ ਅਜਿਹਾ ਜਵਾਰਭਾਟਾ ਆ ਗਿਆ ਸੀ, ਜਿਸ ਨੇ ਉਕਤ ਦਾਗ਼ੀ ਗੁਨਾਹਗਾਰਾਂ ਨੂੰ ਉਹ ਫ਼ੈਸਲਾ ਵਾਪਸ ਲੈਣ ਲਈ ਮਜ਼ਬੂਰ ਕਰ ਦਿੱਤਾ ਸੀ, ਪਰ ਉਸ ਬੱਜਰ ਗੁਨਾਹ ਦੀ ਸਜ਼ਾ ਉਕਤ ਪੰਜ ਜਥੇਦਾਰਾਂ ਨੂੰ ਕਿਸੇ ਨੇ ਨਹੀਂ ਸੀ ਦਿੱਤੀ, ਬਲਕਿ ਉਹਨਾਂ ਨੂੰ ਅਜਿਹੇ ਕੌਮ ਵਿਰੋਧੀ ਫ਼ੈਸਲਿਆਂ ਕਰਕੇ ਹੋਰ ਬੇ-ਅਥਾਹ ਸਹੂਲਤਾਂ ਵੀ ਦਿੱਤੀਆਂ ਗਈਆਂ ਸਨ। ਪਰੰਤੂ ਕੌਮ ਅੰਦਰ ਫੁੱਟੇ ਗੁੱਸੇ ਦੇ ਜਵਾਰਭਾਟੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਧਿਰ ਨੂੰ ਕੁਝ ਸਮੇਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬਦਲਣ ਲਈ ਮਜ਼ਬੂਰ ਕਰ ਦਿੱਤਾ ਸੀ, ਪਰ ਸਿੱਖ ਕੌਮ ਦੀ ਜੋਰਦਾਰ ਮੰਗ ਦੇ ਬਾਵਜੂਦ ਵੀ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨ ਤੋਂ ਟਾਲ੍ਹਾ ਵੱਟਿਆ ਜਾਂਦਾ ਰਿਹਾ। ਸਮੇਂ ਨੇ ਅਜਿਹੀ ਕਰਵਟ ਬਦਲੀ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਅਜਿਹੇ ਫ਼ੈਸਲੇ ਕਰਵਾਉਣ ਅਤੇ ਕੁਝ ਫ਼ੈਸਲਿਆਂ ਦਾ ਸੇਕ ਵੀ ਅਕਾਲੀ ਲੀਡਰਸ਼ਿਪ ਨੂੰ ਝੱਲਣ ਲਈ ਮਜ਼ਬੂਰ ਹੋਣਾ ਪਿਆ।

ਭਾਵੇਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ਼੍ਰੋਮਣੀ ਕਮੇਟੀ ਉਪਰ ਕਾਬਜ਼ ਉਹ ਧਿਰ ਨੇ ਹੀ ਨਿਯੁਕਤ ਕੀਤਾ ਹੈ, ਜੋ ਖੁਦ ਸਵਾਲਾਂ ਦੇ ਘੇਰੇ ਵਿੱਚ ਹੈ, ਪਰ ਇਹ ਰੁਤਬਾ ਕਿਸੇ ਦਾ ਨਿੱਜੀ ਨਹੀਂ, ਬਲਕਿ ਇਹ ਮੀਰੀ-ਪੀਰੀ ਅਤੇ ਅਜ਼ਾਦ ਪ੍ਰਭੁਤਾ ਦੇ ਸਿਧਾਂਤਕਾਰ ਗੁਰੂ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ, ਇਸ ਲਈ ਮੌਜੂਦਾ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਵੀ ਅਤੀਤ ਵਿੱਚ ਹੋਏ ਉਕਤ ਜਥੇਦਾਰ ਅਤੇ ਸਿੱਖ ਲੀਡਰਸ਼ਿਪ ਦੇ ਹਸ਼ਰ ਨੂੰ ਭੁੱਲਣਾ ਨਹੀਂ ਚਾਹੀਦਾ, ਬਲਕਿ ਅਜਿਹੀਆਂ ਬਜ਼ਰ ਗਲਤੀਆਂ ਤੋਂ ਸਬਕ ਸਿੱਖਦੇ ਹੋਏ ਕੌਮੀ ਹਿਤਾਂ ਨੂੰ ਪਹਿਲ ਦੇਣ ਲਈ ਕੰਮ ਕਰਨਾ ਚਾਹੀਦਾ ਹੈ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸਾਹਿਬ ਚੰਦ

ਸਾਹਿਬ ਚੰਦ ਪਿੰਡ, ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਵਿੱਚ ਆਉਂਦਾ ਹੈ ਜੋ ਗਿੱਦੜਬਾਹਾ ਦੇ ਉੱਤਰ ਪੂਰਬ ਵੱਲ 11 ਕਿਲੋਮੀਟਰ ਹੈ। ਗਿੱਦੜਬਾਹੇ ਦਾ ਅਕਸ਼ਾਂਸ਼ 300-12 ਅਤੇ ਰੇਖਾਂਸ਼ ਦੇਸ਼ਾਂਤਰ 740-39 ਹੈ। ਇਸ ਪਿੰਡ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਦੱਸਵੀਂ ਹੈ।

ਗੁਰੂ ਸਾਹਿਬ 1706 ਵਿੱਚ ਆਪਣੇ ਇਕ ਪ੍ਰਾਚੀਨ ਦੌਰੇ ਸਮੇਂ ਆਏ ਸਨ ਅਤੇ ਪਿੰਡ ਦੇ ਉੱਤਰ-ਪੱਛਮੀ ਨੁੱਕਰ 'ਤੇ ਇਕ ਤਲਾਬ ਦੇ ਕੰਢੇ ਬੈਠੇ ਸਨ। ਅਜੋਕੀ ਗੁਰ-ਦੁਆਰਾ ਇਮਾਰਤ 1960 ਵਿੱਚ ਬਣੀ ਹੈ ਜੋ 4X4 ਮੀਟਰ ਪ੍ਰਕਾਸ਼ ਅਸਥਾਨ ਅਤੇ ਤਿੰਨ ਪਾਸਿਉਂ ਵਰਾਂਡਾ ਨਾਲ ਬਣਿਆ ਹੈ। ਸਾਹਮਣੇ ਇਕ ਵੱਡਾ ਹਾਲ ਹੈ। ਗੁਰਦੁਆਰੇ ਨਾਲ ਕਈ ਕਨਾਲ ਖੇਤੀ ਬਾੜੀ ਜ਼ਮੀਨ ਲੱਗੀ ਹੋਈ ਹੈ। ਇਹ ਅਸਥਾਨ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਮੁਕਾਮੀ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਕਰਦੀ ਹੈ।

**ਪੁਸਤਕ ਸੂਚੀ:-**

1. ਗਿਆਨ ਸਿੰਘ, ਗਿ- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

## ਸਾਹਿਬ ਗੰਜ

ਬਿਹਾਰ ਰਿਆਸਤ ਦੇ ਸਾਂਬਲ ਪਰਗਾਣੇ ਵਿੱਚ, ਇਕ ਪਿੰਡ ਸਾਹਿਬ ਗੰਜ ਆਉਂਦਾ ਹੈ। ਸਾਹਿਬ ਗੰਜ ਦਾ ਅਕਸ਼ਾਂਸ਼ 250-13 ਅਤੇ ਰੇਖਾਂਸ਼ ਦੇਸ਼ਾਂਤਰ 870-38 ਹੈ। ਇਸ ਸ਼ਹਿਰ ਵਿੱਚ ਗੁਰੂ ਤੇਗ ਬਹਾਦਰ ਸਾਹਿਬ 1666 ਵਿੱਚ ਆਏ ਸਨ। ਗੁਰੂ ਸਾਹਿਬ ਇਥੇ ਪੁਰਾਣੀ ਨਾਨਕਸ਼ਾਹੀ ਸੰਗਤ ਕੋਲ ਠਹਿਰੇ ਸਨ, ਜਿਥੇ ਗੁਰੂ ਨਾਨਕ ਸਾਹਿਬ 16ਵੀਂ ਸਦੀ ਦੇ ਸ਼ੁਰੂ ਵਿੱਚ ਆ ਕੇ ਠਹਿਰੇ ਸਨ। ਇਹ ਸੰਗਤ ਅੱਜ ਵੀ ਉਵੇਂ ਹੀ ਕਾਇਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਝੋਂਪੜੀ ਵਿੱਚ 1938 ਤੱਕ ਹੁੰਦਾ ਸੀ ਪਰ ਬਾਅਦ ਵਿੱਚ ਇਸੇ ਥਾਂ ਮਰਵਾੜੀ ਸ਼ਾਹੂਕਾਰ ਲੱਤੂ ਮਲ ਨੇ ਕਮਰਾ ਤਾਮੀਰ ਕੀਤਾ। ਇਕ ਪੁਰਾਤਨ ਹੱਥ-ਲਿਖਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਹੋਰ ਪਵਿੱਤਰ ਸ਼ਬਦ ਆਦਿ ਸੁਰੱਖਿਅਤ ਰੱਖੇ ਗਏ ਹਨ। ਗੁਰਦੁਆਰੇ ਦਾ ਪ੍ਰਬੰਧ ਪਿਤਾ-ਪੁਰਖੀ ਪੁਜਾਰੀ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਅਲਮਾਰੀ ਵਿੱਚ ਰੱਖਿਆ ਗਿਆ ਹੈ ਅਤੇ ਸਿੱਖ ਰਹਿਤ ਮਰਿਯਾਦਾ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ। ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਪਾਸੇ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

**ਪੁਸਤਕ ਸੂਚੀ:-**

1. ਫ਼ੌਜਾ ਸਿੰਘ- ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ 1976
2. ਗਿਆਨ ਸਿੰਘ, ਗਿ- ਤਵਾਰੀਖ ਗੁਰੂ ਖਾਲਸਾ, ਪਟਿਆਲਾ, 1970
3. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ ਚੌਥੀ, ਪਟਿਆਲਾ, 1998




## ਸ਼ੀਹਾਂ

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਸ਼ਾਈਨ (ਸ਼ੀਹਾਂ) ਆਉਂਦਾ ਹੈ। ਇਹ ਪਿੰਡ ਲਹਿਰਾਗਾਗਾ ਤੋਂ 10 ਕਿਲੋਮੀਟਰ ਦੂਰ ਹੈ। ਲਹਿਰਾਗਾਗਾ ਦਾ ਅਕਸ਼ਾਂਸ਼ 290-56 ਅਤੇ ਰੇਖਾਂਸ਼ ਦੇਸ਼ਾਂਤਰ 750-48 ਹੈ। ਇਸ ਪਿੰਡ ਵਿੱਚ ਹੁਣ ਕੇਵਲ ਤਬਾਹ ਹੋਈ ਟਿੱਬੀ ਨਜ਼ਰੀ ਪੈਂਦੀ ਹੈ ਜੋ ਇਕ ਵੱਡੀ ਡੂੰਘੀ ਨਦੀ ਵਾਂਗ ਦਿੱਸਦੀ ਹੈ। ਇਹ ਟਿੱਬੀ ਅੱਜ ਕੱਲ੍ਹ ਮਾਲ ਦੇ ਕਾਗਜ਼ਾਂ ਅਨੁਸਾਰ ਦੇਹਲਾ ਪਿੰਡ ਵਿੱਚ ਆਉਂਦੀ ਹੈ। ਇਸ ਪਿੰਡ ਦੇਹਲਾਂ ਦੀ ਸੰਗਤ ਨੇ ਢਿੱਬੀ ਕੋਲ ਗੁਰ-ਦੁਆਰਾ ਸਾਹਿਬ ਬਣਾਇਆ ਹੈ ਜੋ ਬਾਬਾ ਫੂਲਾ ਸਿੰਘ ਅਕਾਲੀ ਦੀ ਯਾਦ ਵਿੱਚ ਹੈ। ਇਸ ਨੂੰ ਗੁਰਦੁਆਰਾ ਬਾਬਾ ਫੂਲਾ ਸਿੰਘ ਅਕਾਲੀ ਆਖਦੇ ਹਨ। ਪਿੰਡ ਦੀ ਸੰਗਤ ਦੀ ਬੇਨਤੀ 'ਤੇ ਇਕ ਨਿਹੰਗ ਸਿੰਘ ਗੁਰ-ਦੁਆਰੇ ਦੀ ਦੇਖ-ਭਾਲ ਅਤੇ ਸੇਵਾ ਕਰਦਾ ਹੈ।

**ਪੁਸਤਕ ਸੂਚੀ:-**

1. ਹੋਤੀ, ਪ੍ਰੇਮ ਸਿੰਘ- ਜੀਵਨ ਬ੍ਰਿਤਾਂਤ ਬਾਬਾ ਫੂਲਾ ਸਿੰਘ ਅਕਾਲੀ, ਅੰਮ੍ਰਿਤਸਰ, 1914
2. ਗਿਆਨ ਸਿੰਘ, ਗਿ- ਤਵਾਰੀਖ ਗੁਰੂ ਖਾਲਸਾ, ਪਟਿਆਲਾ, 1970

## ਸਾਹਵਾ

ਰਾਜਸਥਾਨ ਦੇ ਜ਼ਿਲ੍ਹਾ ਚੂੜੋ ਵਿੱਚ ਪਿੰਡ ਸਾਹਵਾ ਆਉਂਦਾ ਹੈ। ਇਹ ਭਾਦਰਾ ਤੋਂ 40 ਕਿਲੋਮੀਟਰ ਦੂਰ ਦੱਖਣ-ਪੱਛਮ ਦਿਸ਼ਾ ਵੱਲ ਹੈ। ਭਾਦਰਾ ਦਾ ਅਕਸ਼ਾਂਸ਼ 290-10 ਅਤੇ ਰੇਖਾਂਸ਼ ਦੇਸ਼ਾਂਤਰ 750-10 ਹੈ। ਤਵਾਰੀਖ ਵਿੱਚ ਇਸ ਨੂੰ ਸ਼ੁਹਵਾ ਵੀ ਲਿਖਿਆ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਪੰਜਾਬ ਤੋਂ ਦੱਖਣ ਦੇ ਸਫ਼ਰ ਦੌਰਾਨ ਅਕਤੂਬਰ-ਨਵੰਬਰ 1706 ਵਿੱਚ ਨੋਹਾਰ ਬਰਾਸਤਾ ਸੁਰਪੁਰ ਹੁੰਦੇ ਪੁਰਾਣੇ ਗੱਡੇ ਦੇ ਰਾਹ ਰਾਹੀਂ ਇਸ ਥਾਂ ਆਏ ਸਨ। ਇਹ ਰਾਹ ਅੱਜ ਵੀ ਉਂਝ ਹੈ। ਗੁਰੂ ਸਾਹਿਬ ਨੇ ਆਪਣਾ ਕੈਂਪ ਤਾਲਾਬ ਦੇ ਪੂਰਵੀ ਦਿਸ਼ਾ ਵੱਲ ਲਾਇਆ।

ਭਾਈ ਰੂਪ ਚੰਦ ਦੇ ਬੇਟਿਆਂ ਪਰਮ ਸਿੰਘ ਤੇ ਧਰਮ ਸਿੰਘ ਨੇ ਗੁਰੂ ਸਾਹਿਬ ਦੇ ਸਫਰ ਦੌਰਾਨ ਰਹਿਣ ਦਾ ਸਾਰਾ ਕੰਮ ਸਿਦਕ-ਦਿਲੀ ਨਾਲ ਸੰਭਾਲਿਆ। ਜਦੋਂ ਇਥੇ ਕੋਈ ਮੰਜੀ ਗੁਰੂ ਸਾਹਿਬ ਵਾਸਤੇ ਨਾ ਮਿਲੀ ਤਾਂ ਉਨ੍ਹਾਂ ਦਰੱਖ਼ਤਾਂ ਦੀਆਂ ਟਾਹਣੀਆਂ ਅਤੇ ਜੰਗਲੀ ਘਾਹ ਦੀ ਮੰਜੀ ਬਣਾਈ। ਗੁਰੂ ਸਾਹਿਬ ਨੇ ਉਨ੍ਹਾਂ ਦੀ ਸ਼ਰਧਾ ਤੇ ਸੇਵਾ ਦੇਖ ਕੇ ਅਸ਼ੀਰਵਾਦ ਦਿੱਤੀ। ਗੁਰੂ ਸਾਹਿਬ ਦੇ ਕੈਂਪ ਕੋਲ ਹੀ ਪੁਰਾਣਾ ਜੰਡ ਦਾ ਦਰੱਖ਼ਤ ਸੀ, ਜਿਸ ਵਿੱਚੋਂ ਪਿੱਪਲ ਦੀਆਂ ਸ਼ਾਖਾਂ ਫੁੱਟੀਆਂ ਸਨ। ਗੁਰੂ ਸਾਹਿਬ ਨੇ ਬਚਨ ਕੀਤਾ ਜਿਵੇਂ ਪਿੱਪਲ ਬ੍ਰਿਛ ਕੰਡੇਦਾਰ ਜੰਡ ਨੂੰ ਹੇਠਾਂ ਕਰਕੇ ਉੱਭਰ ਰਿਹਾ ਹੈ ਇਸੇ ਤਰ੍ਹਾਂ ਮੇਰਾ ਖ਼ਾਲਸਾ ਉੱਭਰੇਗਾ, ਖ਼ੁਸ਼ਹਾਲ ਬਣੇਗਾ। ਇਸ ਸਮੇਂ ਦੌਰਾਨ ਹੀ ਗੁਰੂ ਸਾਹਿਬ ਨੇ ਭਾਦਰਾ ਵਿੱਚ ਆਪਣੇ ਚਰਨ ਪਾਏ। ਗੁਰੂ ਸਾਹਿਬ ਦੀ ਯਾਦ ਵਿੱਚ ਬੜ੍ਹਾ, ਦੌਲਤਰਾਮ ਮੁਕਾਮੀ ਸੇਵਕ ਅਤੇ ਉਸ ਦੇ ਵੰਸ਼ ਦੇ ਸੇਵਕਾਂ ਨੇ 1873 ਵਿੱਚ ਬਣਾਇਆ। ਪੰਜਾਬੀ ਸਿੱਖ ਭਾਈ ਰਾਮ ਸਿੰਘ ਇਥੇ ਪੱਕੇ ਤੌਰ 'ਤੇ ਗ੍ਰੰਥੀ ਸਿੰਘ ਨਿਯੁਕਤ ਹੋ ਗਿਆ। ਮਹਾਰਾਜਾ ਪਟਿਆਲਾ ਨੇ 1882 ਵਿੱਚ ਗੁਰਦੁਆਰੇ ਨਾਲ ਜਗੀਰ ਲਾਈ ਜੋ ਬਾਦਸਤੂਰ 1951 ਤੱਕ ਚੱਲਦੀ ਰਹੀ। ਅਜੋਕੀ ਇਮਾਰਤ ਦੀ ਸੰਗੇ-ਬੁਨਿਆਦ 11 ਅਪ੍ਰੈਲ, 1885 ਨੂੰ ਰੱਖੀ ਗਈ। 1966 ਵਿੱਚ ਬਾਬਾ ਬਘੇਲ ਸਿੰਘ ਕਾਰ ਸੇਵਾ ਵਾਲਿਆਂ ਸੇਵਾ ਕੀਤੀ। ਆਸ-ਪਾਸ ਦੇ ਇਲਾਕੇ ਤੋਂ ਭਾਰੀ ਸੰਗਤ ਦਾ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ 'ਤੇ ਭਾਰੀ ਜੋੜ-ਮੇਲਾ ਹੁੰਦਾ।

**ਪੁਸਤਕ ਸੂਚੀ:-**

1. ਗਿਆਨ ਸਿੰਘ, ਗਿਆਨੀ- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
2. ਠਾਕਰ ਸਿੰਘ ਗਿ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
3. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸ਼ਾਹੀ ਟਿੱਬੀ

ਪੰਜਾਬ ਦੇ ਜ਼ਿਲ੍ਹਾ ਰੋਪੜ ਵਿੱਚ ਇਕ ਛੋਟੀ ਜਿਹੀ ਟਿੱਬੀ ਹੈ, ਜੋ ਕੀਰਤਪੁਰ ਸਾਹਿਬ ਤੋਂ 6 ਕਿਲੋਮੀਟਰ ਦੱਖਣ ਵੱਲ ਹੈ। ਕੀਰਤਪੁਰ ਸਾਹਿਬ ਦਾ ਅਕਸ਼ਾਂਸ਼ 310-11 ਅਤੇ ਰੇਖਾਂਸ਼ ਦੇਸ਼ਾਂਤਰ 760-35 ਹੈ। ਇਹ ਉਹ ਥਾਂ ਹੈ ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਗਹਿਗੱਚ ਲੜਾਈ ਹੋਈ ਸੀ। ਜਦੋਂ ਗੁਰੂ ਸਾਹਿਬ 5-6 ਦਸੰਬਰ 1705 ਦੀ ਰਾਤ ਨੂੰ ਅਨੰਦਪੁਰ ਸਾਹਿਬ ਖਾਲੀ ਕੀਤਾ ਤਾਂ ਦੁਸ਼ਮਣ ਨੇ ਜੰਗਬੰਦੀ ਕਰਨ ਦਾ ਐਲਾਨ ਕੀਤਾ। ਗੁਰੂ ਸਾਹਿਬ ਦਾ ਪਰਿਵਾਰ ਅਤੇ ਪੰਜ ਸੌ ਸਿੰਘ ਮੁੱਖ ਸੜਕ ਰਾਹੀਂ ਰੋਪੜ ਆ ਰਹੇ ਸਨ। ਜਦੋਂ ਗੁਰੂ ਸਾਹਿਬ ਅਤੇ ਸਿੰਘ ਸ਼ਾਹੀ ਟਿੱਬੀ ਪਹੁੰਚੇ ਜੋ ਅਨੰਦਪੁਰ ਸਾਹਿਬ ਤੋਂ 14 ਕਿਲੋਮੀਟਰ ਦੂਰ ਹੈ ਤਾਂ ਦੁਸ਼ਮਣ ਮੁਕਾਬਲੇ 'ਤੇ ਆ ਗਿਆ। ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਨੂੰ ਆਪਣਾ ਜੋੜਾ-ਜਾਮਾ ਪਹਿਨਾ ਦਿੱਤਾ ਤੇ ਆਪ ਪਰਿਵਾਰ ਸਣੇ ਪੰਜਾਹ ਸਿੰਘਾਂ ਦਾ ਜਥਾ ਲੈ ਕੇ ਸਰਸਾ ਨਦੀ ਪਾਰ ਕਰ ਗਏ। ਜਾਣ ਤੋਂ ਪਹਿਲਾਂ ਭਾਈ ਉਦੈ ਸਿੰਘ ਨੂੰ ਸ਼ਾਹੀ ਟਿੱਬੀ 'ਤੇ ਤਾਇਨਾਤ ਕਰ ਦਿੱਤਾ। ਭਾਈ ਜੀਵਨ ਸਿੰਘ ਨੂੰ ਨੰਗਲ ਗੁਜਰਾਂ (ਹੁਣ ਨੰਗਲ ਸਿਰਸਾ) ਕੋਲ, ਝੱਖੀਆਂ ਦੀ ਜੂਹੇ ਵਿੱਚ, ਪਿੱਛੇ ਆ ਰਹੀ ਫ਼ੌਜ ਨੂੰ ਡੱਕਣ ਦੀ ਡਿਊਟੀ ਲਾਈ ਤੇ ਭਾਈ ਬੱਚਿਤਰ ਸਿੰਘ ਨੂੰ ਰੋਪੜ ਵੱਲ ਰਵਾਨਾ ਕਰ ਦਿੱਤਾ। ਪਿੱਛੇ ਆ ਰਹੀ ਫ਼ੌਜ ਦਾ ਮੁਕਾਬਲਾ ਭਾਈ ਉਦੈ ਸਿੰਘ ਅਤੇ ਉਨ੍ਹਾਂ ਦੇ ਪੰਜਾਹ ਸਾਥੀ ਬੜੀ ਬਹਾਦਰੀ ਨਾਲ ਲੜੇ। ਸੈਂਕੜੇ ਦੁਸ਼ਮਣਾਂ ਨੂੰ ਮਾਰ ਕੇ ਸਾਰੇ ਇਕਵੰਜਾ ਸਿੰਘ ਸ਼ਹੀਦ ਹੋ ਗਏ। ਅਜਮੇਰ ਚੰਦ ਨੇ ਜੋੜੇ-ਜਾਮੇ ਤੋਂ ਭਾਈ ਉਦੈ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਮਝ ਲਿਆ ਤੇ ਉਸ ਦਾ ਸਿਰ ਕੱਟ ਕੇ ਰੋਪੜ ਭੇਜ ਦਿੱਤਾ। ਉਹ ਗੁਰੂ ਸਾਹਿਬ ਨੂੰ ਮਾਰ ਲੈਣ ਦਾ ਭਰਮ ਬੁਣਦੇ ਰਹੇ ਅਤੇ ਭਾਈ ਉਦੈ ਸਿੰਘ ਦਾ ਸਿਰ ਕੱਟ ਕੇ ਰੋਪੜ ਭੇਜ ਦਿੱਤਾ। ਖ਼ੁਸ਼ੀ ਨਾਲ ਸਾਰੇ ਬਿਲਾਸਪੁਰ ਚਲੇ ਗਏ ਤੇ ਮੁਗ਼ਲ ਫ਼ੌਜ ਰੋਪੜ ਵੱਲ ਰਵਾਨਾ ਹੋ ਗਈ।

ਸ਼ਾਹੀ ਟਿੱਬੀ ਨੂੰ ਸਿਆਹੀ ਟਿੱਬੀ ਵੀ ਆਖਿਆ ਜਾਂਦਾ ਹੈ। ਸ਼ਾਹੀ ਟਿੱਬੀ ਗੁਰ-ਦੁਆਰਾ, ਸਿੰਘਾਂ ਦੀ ਬਹਾਦਰੀ ਦੀ ਯਾਦ ਵਿੱਚ ਬਣਿਆ ਹੈ। ਸਾਧਾਰਨ ਜਿਹਾ ਇਕ ਕਮਰੇ ਵਾਲਾ ਗੁਰਦੁਆਰਾ ਹੈ ਜਿਸ ਦੀ ਦੇਖ-ਰੇਖ ਇਕੱਲਾ ਨਿਹੰਗ ਸਿੰਘ ਕਰਦਾ ਹੈ।

**ਪੁਸਤਕ ਸੂਚੀ:-**

1. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997
2. ਗਿਆਨ ਸਿੰਘ, ਗਿ- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
3. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ ਚੌਥੀ, ਪਟਿਆਲਾ, 1998
4. ਸੰਤੋਖ ਸਿੰਘ, ਭਾਈ- ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927-35

ਬਾਕੀ ਅਗਲੇ ਹਫ਼ਤੇ ਪੜ੍ਹੋ

# ਪੰਜਵੀਂ ਪੀੜ੍ਹੀ ਦਾ ਸਿੱਖ ਅਫਸਰ ਲੈਫਟੀਨੈਂਟ ਸਰਤਾਜ ਸਿੰਘ

## ✪ ਪਰਿਵਾਰ ਦੀ ਫੌਜੀ ਵਿਰਾਸਤ ਨੂੰ ਅੱਗੇ ਵਧਾਇਆ

**ਖਾਸ ਖਬਰ**





ਦੇਹਰਾਦੂਨ ਦੀ ਇੰਡੀਅਨ ਮਿਲਟਰੀ ਅਕੈਡਮੀ (ਆਈ.ਐੱਮ.ਏ.) ਵਿੱਚ 13 ਦਸੰਬਰ 2025 ਨੂੰ ਹੋਈ ਪਾਸਿੰਗ ਆਊਟ ਪਰੇਡ ਇੱਕ ਬਹੁਤ ਵੱਡਾ ਅਤੇ ਮਾਣ ਕਰਨ ਵਾਲਾ ਮੌਕਾ ਸੀ। ਇਸ ਪਰੇਡ ਵਿੱਚ 525 ਨਵੇਂ ਅਫਸਰ ਫੌਜ ਵਿੱਚ ਸ਼ਾਮਲ ਹੋਏ। ਇਨ੍ਹਾਂ ਵਿੱਚੋਂ ਇੱਕ ਸਨ ਲੈਫਟੀਨੈਂਟ ਸਰਤਾਜ ਸਿੰਘ, ਜੋ ਪੰਜਵੀਂ ਪੀੜ੍ਹੀ ਦੇ ਸਿੱਖ ਅਫਸਰ ਹਨ ਅਤੇ ਆਪਣੇ ਪਰਿਵਾਰ ਦੀ ਲੰਮੀ ਫੌਜੀ ਵਿਰਾਸਤ ਨੂੰ ਅੱਗੇ ਵਧਾ ਰਹੇ ਹਨ। ਇਸ ਤੋਂ ਇਲਾਵਾ ਦੋ ਹੋਰ ਅਫਸਰ ਲੈਫਟੀਨੈਂਟ ਹਰਮਨਮੀਤ ਸਿੰਘ ਅਤੇ ਲੈਫਟੀਨੈਂਟ ਯੁਵਰਾਜ ਸਿੰਘ ਵੀ ਚਾਰ ਪੀੜ੍ਹੀਆਂ ਦੀ ਵਿਰਾਸਤ ਨੂੰ ਜਾਰੀ ਰੱਖ ਰਹੇ ਹਨ।

ਪੰਜਵੀਂ ਪੀੜ੍ਹੀ ਦੇ ਅਫਸਰ ਲੈਫਟੀਨੈਂਟ ਸਰਤਾਜ ਸਿੰਘ ਦੀ ਕਹਾਣੀ ਬਹੁਤ ਪ੍ਰੇਰਨਾ ਦੇਣ ਵਾਲੀ ਹੈ। ਉਹ 20 ਜਾਟ ਰੈਜੀਮੈਂਟ ਵਿੱਚ ਭਰਤੀ ਹੋਏ ਹਨ, ਜੋ ਉਨ੍ਹਾਂ ਦੇ ਪਿਤਾ ਬ੍ਰਿਗੇਡੀਅਰ ਉਪਿੰਦਰ ਪਾਲ ਸਿੰਘ ਦੀ ਵੀ ਉਹੀ ਯੂਨਿਟ ਸੀ। ਸਰਤਾਜ ਸਿੰਘ ਦੀ ਵਿਰਾਸਤ 1897 ਤੋਂ ਸ਼ੁਰੂ ਹੁੰਦੀ ਹੈ, ਜਦੋਂ ਉਨ੍ਹਾਂ ਦੇ ਪਰਪੋਤ੍ਰਾ ਦਾਦਾ ਅਰਥਾਤ ਵਡੇ ਪੜਦਾਦਾ ਸਿਪਾਹੀ ਕਿਰਪਾਲ ਸਿੰਘ ਨੇ 36 ਸਿੱਖ ਰੈਜੀਮੈਂਟ ਵਿੱਚ ਅਫਗਾਨ ਮੁਹਿੰਮ ਵਿੱਚ ਹਿੱਸਾ ਲਿਆ ਸੀ।

ਇਸ ਤੋਂ ਬਾਅਦ ਉਨ੍ਹਾਂ ਦੇ ਪੜਦਾਦਾ ਸੂਬੇਦਾਰ ਅਜਮੇਰ ਸਿੰਘ ਨੇ ਦੂਜੀ ਵਿਸ਼ਵ ਜੰਗ ਵਿੱਚ ਬੀਰ ਹਕੀਮ ਦੀ ਲੜਾਈ ਵਿੱਚ ਬਹਾਦਰੀ ਵਿਖਾਈ ਅਤੇ ਬ੍ਰਿਟਿਸ਼ ਇੰਡੀਆ ਦਾ ਦੁਰਲੱਭ ਆਰਡਰ ਆਫ਼ ਬ੍ਰਿਟਿਸ਼ ਇੰਡੀਆ ਮੈਡਲ ਜਿੱਤਿਆ। ਉਨ੍ਹਾਂ ਦੇ ਦਾਦਾ ਬ੍ਰਿਗੇਡੀਅਰ ਹਰਵੰਤ ਸਿੰਘ ਨੇ 1965 ਅਤੇ 1971 ਦੀਆਂ ਭਾਰਤ-ਪਾਕਿ ਜੰਗਾਂ ਵਿੱਚ ਨਵੇਂ ਅਧਿਆਏ ਸਿਰਜੇ। ਉਨ੍ਹਾਂ ਦੇ ਚਾਚਾ ਕਰਨਲ ਹਰਵਿੰਦਰ ਪਾਲ ਸਿੰਘ ਨੇ 1999 ਦੀ ਕਾਰਗਿਲ ਜੰਗ ਵਿੱਚ ਸਿਆਚਿਨ ਵਿੱਚ ਪਰਿਵਾਰ ਦੀ ਪਰੰਪਰਾ ਨੂੰ ਕਾਇਮ ਰੱਖਿਆ।

ਸਰਤਾਜ ਸਿੰਘ ਦੇ ਮਾਤਾ ਪੱਖ ਤੋਂ ਵੀ ਫੌਜੀ ਵਿਰਾਸਤ ਬਹੁਤ ਮਜ਼ਬੂਤ ਹੈ। ਕੈਪਟਨ ਹਰਭਗਤ ਸਿੰਘ, ਕੈਪਟਨ ਗੁਰਮੇਲ ਸਿੰਘ (ਰਿਟਾਇਰਡ), ਕਰਨਲ ਗੁਰਸੇਵਕ ਸਿੰਘ (ਰਿਟਾਇਰਡ) ਅਤੇ ਕਰਨਲ ਇੰਦਰਜੀਤ ਸਿੰਘ ਵਰਗੇ ਅਫਸਰਾਂ ਨੇ ਪਹਿਲੀ ਵਿਸ਼ਵ ਜੰਗ, ਦੂਜੀ ਵਿਸ਼ਵ ਜੰਗ ਅਤੇ 1971 ਦੀ ਜੰਗ ਵਿੱਚ ਸੇਵਾ ਕੀਤੀ। ਇਸ ਤਰ੍ਹਾਂ ਦੇ ਮਾਹੌਲ ਵਿੱਚ ਵੱਡਾ ਹੋਣ ਕਾਰਨ ਸਰਤਾਜ ਨੇ ਸੇਵਾ, ਅਨੁਸ਼ਾਸਨ ਅਤੇ ਦੇਸ਼ ਭਗਤੀ ਨੂੰ ਜੀਵਨ ਦਾ ਹਿੱਸਾ ਬਣਾ ਲਿਆ। ਆਈ.ਐੱਮ.ਏ. ਨੇ ਕਿਹਾ ਹੈ ਕਿ ਸਰਤਾਜ ਲਈ ਭਰਤੀ ਸਿਰਫ਼ ਨਿੱਜੀ ਮੀਲ ਪੱਥਰ ਨਹੀਂ, ਬਲਕਿ ਵਿਰਾਸਤ ਨੂੰ ਅਗੇ ਵਧਾਉਣ ਦਾ ਇਤਿਹਾਸ ਹੈ। ਇਹ ਨੌਜਵਾਨਾਂ ਨੂੰ ਸਿਖਾਉਂਦਾ ਹੈ ਕਿ ਅਸਲ ਇੱਜ਼ਤ ਨਾਂ ਨਾਲ ਨਹੀਂ ਮਿਲਦੀ, ਬਲਕਿ ਪੁਰਖਿਆਂ ਦੀਆਂ ਕਦਰਾਂ ਕੀਮਤਾਂ ਨੂੰ ਅੱਗੇ ਵਧਾ ਕੇ ਮਿਲਦੀ ਹੈ।

ਮਾਣ ਕਰਨ ਵਾਲੀ ਪਾਸਿੰਗ ਆਊਟ ਪਰੇਡ ਵਿੱਚ ਨਵੇਂ ਅਫਸਰਾਂ ਨੇ ਸ਼ਾਨਦਾਰ ਮਾਰਚ ਪਾਸਟ ਕੀਤਾ। ਇਸੇ ਪਰੇਡ ਵਿੱਚ ਲੈਫਟੀਨੈਂਟ ਹਰਮਨਮੀਤ ਸਿੰਘ ਰੀਨ ਨੇ ਵੀ ਚਾਰ ਪੀੜ੍ਹੀਆਂ ਦੀ ਵਿਰਾਸਤ ਨੂੰ ਅੱਗੇ ਵਧਾਇਆ। ਉਹ ਮਰਾਠਾ ਲਾਈਟ ਇਨਫੈਂਟਰੀ ਵਿੱਚ ਭਰਤੀ ਹੋਏ ਹਨ, ਜੋ ਉਨ੍ਹਾਂ ਦੇ ਪਿਤਾ ਕਰਨਲ ਹਰਮੀਤ ਸਿੰਘ ਦੀ ਵੀ ਯੂਨਿਟ ਹੈ। ਹਰਮਨਮੀਤ ਦੇ ਪੜਦਾਦਾ ਸਿੱਖ ਰੈਜੀਮੈਂਟ ਵਿੱਚ ਸਨ। ਉਨ੍ਹਾਂ ਦੇ ਦਾਦਾ ਸਿਗਨਲਜ਼ ਵਿੱਚ ਅਤੇ ਦੋ ਚਾਚਾ 1965 ਦੀ ਜੰਗ ਵਿੱਚ ਆਰਟਿਲਰੀ ਰੈਜੀਮੈਂਟ ਵਿੱਚ ਲੜੇ। ਇੱਕ ਚਾਚਾ ਕੈਪਟਨ ਉਜਾਗਰ ਸਿੰਘ ਨੂੰ ਗੱਲੈਂਟਰੀ ਲਈ ਸੈਨਾ ਮੈਡਲ ਮਿਲਿਆ ਸੀ।

ਹਰਮਨਮੀਤ ਨੇ ਮਿਲਟਰੀ ਕਾਲਜ ਆਫ਼ ਟੈਲੀਕਮਿਊਨੀਕੇਸ਼ਨ ਇੰਜੀਨੀਅਰਿੰਗ ਵਿੱਚ ਸਿਲਵਰ ਮੈਡਲ ਜਿੱਤਿਆ। ਉਹ ਅਕਾਦਮਿਕ ਵਿੱਚ ਵਧੀਆ ਰਿਹਾ ਅਤੇ ਬੇਅਨੈੱਟ ਪਿੰਨ ਅਤੇ ਸਿਕਸ ਸਟਾਰ ਟਾਰਚ ਵਰਗੇ ਅਵਾਰਡ ਜਿੱਤੇ। ਸਪੋਰਟਸ ਵਿੱਚ ਵੀ ਉਸ ਨੇ ਸਕੁਐਸ਼ ਵਿੱਚ ਹਾਫ ਬਲੂ ਅਤੇ ਟੈਨਿਸ ਵਿੱਚ ਮੈਰਿਟ ਕਾਰਡ ਹਾਸਲ ਕੀਤਾ। ਉਸ ਦੀ ਮਾਤਾ ਹਰਵੀਨ ਕੌਰ ਰੀਨ 26 ਸਾਲਾਂ ਤੋਂ ਅਧਿਆਪਕਾ ਹਨ ਅਤੇ ਪਰਿਵਾਰ ਦਾ ਮਜ਼ਬੂਤ ਸਹਾਰਾ ਰਹੀਆਂ ਹਨ।

ਤੀਜੇ ਅਫਸਰ ਲੈਫਟੀਨੈਂਟ ਯੁਵਰਾਜ ਸਿੰਘ ਨੁਘਾਲ ਚੌਥੀ ਪੀੜ੍ਹੀ ਦੇ ਵਾਰਿਸ ਹਨ। ਉਨ੍ਹਾਂ ਦੇ ਪਿਤਾ 7 ਮੈਕੇਨਾਈਜ਼ਡ ਇਨਫੈਂਟਰੀ ਵਿੱਚ ਭਰਤੀ ਹੋਏ ਸਨ। ਦਾਦਾ 16 ਗ੍ਰੇਨੇਡੀਅਰਜ਼ ਵਿੱਚ ਅਤੇ ਪੜਦਾਦਾ ਆਜ਼ਾਦੀ ਤੋਂ ਪਹਿਲਾਂ 7 ਜਾਟ ਵਿੱਚ ਸੇਵਾ ਕਰ ਚੁੱਕੇ ਸਨ। ਯੁਵਰਾਜ ਲਈ ਫੌਜ ਵਿਚ ਭਰਤੀ ਵਿਰਾਸਤ ਦਾ ਨਵਾਂ ਅਧਿਆਏ ਹੈ,।

ਇਹ ਤਿੰਨੇ ਅਫਸਰ ਨੌਜਵਾਨਾਂ ਲਈ ਮਿਸਾਲ ਹਨ ਕਿ ਪਰਿਵਾਰ ਦੀ ਵਿਰਾਸਤ ਨੂੰ ਕਿਵੇਂ ਜਾਰੀ ਰੱਖਿਆ ਜਾਂਦਾ ਹੈ।

# ਐਮ ਪੀ ਗਾਂਧੀ ਨੇ ਸੰਸਦ ਵਿੱਚ ਮੋਦੀ ਸਰਕਾਰ ਤੋਂ ਪੰਜਾਬ ਲਈ ਵਿਸ਼ੇਸ਼ ਪੈਕੇਜ ਮੰਗਿਆ



ਪਟਿਆਲਾ-ਕਾਂਗਰਸ ਦੇ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਸੰਸਦ ਵਿੱਚ ਪੰਜਾਬ ਲਈ 70 ਹਜ਼ਾਰ ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ, ''ਆਜ਼ਾਦੀ ਤੋਂ ਬਾਅਦ ਦੇਸ਼ ਦਾ ਸਭ ਤੋਂ ਅਮੀਰ ਅਤੇ ਅਨਾਜ ਉਤਪਾਦਨ ਵਿੱਚ ਅਗਾਂਹਵਧੂ ਰਾਜ ਰਿਹਾ ਪੰਜਾਬ ਅੱਜ ਆਰਥਿਕ ਤੇ ਸਮਾਜਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਦੇਸ਼ ਦੀ ਕੁੱਲ ਆਬਾਦੀ ਦਾ ਸਿਰਫ਼ 2 ਫ਼ੀਸਦੀ ਹਿੱਸਾ ਹੋਣ ਦੇ ਬਾਵਜੂਦ, ਪੰਜਾਬ ਨੇ ਭਾਰਤ ਦੀ ਆਜ਼ਾਦੀ, ਰੱਖਿਆ ਅਤੇ ਖ਼ੁਰਾਕ ਸੁਰੱਖਿਆ ਲਈ ਆਪਣੇ ਹਿੱਸੇ ਤੋਂ ਕਿਤੇ ਵੱਧ ਯੋਗਦਾਨ ਪਾਇਆ ਹੈ।''

ਡਾ. ਗਾਂਧੀ ਨੇ ਅੱਗੇ ਕਿਹਾ ਕਿ ਲਗਾਤਾਰ ਸਰਕਾਰਾਂ ਦੀਆਂ ਗ਼ਲਤ ਨੀਤੀਆਂ, ਪੰਜਾਬ ਪ੍ਰਤੀ ਭੇਦਭਾਵ ਵਾਲੇ ਰਵੱਈਏ ਕਾਰਨ ਇਹ ਮਹੱਤਵਪੂਰਨ ਰਾਜ ਗੰਭੀਰ ਖੇਤੀਬਾੜੀ, ਉਦਯੋਗਿਕ ਅਤੇ ਰੁਜ਼ਗਾਰ ਸੰਕਟ ਵਿੱਚ ਡੁੱਬ ਗਿਆ ਹੈ। ਨਸ਼ਾ ਤਸਕਰੀ, ਵਾਤਾਵਰਣ ਪ੍ਰਦੂਸ਼ਣ ਅਤੇ ਵੱਡੇ ਪੈਮਾਨੇ 'ਤੇ ਵਿਦੇਸ਼ ਪਰਵਾਸ ਦੇ ਮੁੱਦੇ ਪੰਜਾਬ ਅਤੇ ਇਸ ਦੇ ਲੋਕਾਂ ਦੇ ਭਵਿੱਖ ਲਈ ਗੰਭੀਰ ਖ਼ਤਰਾ ਬਣ ਗਏ ਹਨ। ਉਨ੍ਹਾਂ ਸੰਸਦ ਵਿੱਚ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਪੈਦਾ ਹੋਏ ਇਸ ਚਿੰਤਾਜਨਕ ਹਾਲਾਤ ਨੂੰ ਵੇਖਦੇ ਹੋਏ ਭਾਰਤ ਸਰਕਾਰ ਨੂੰ ਤੁਰੰਤ 70,000 ਕਰੋੜ ਰੁਪਏ ਦਾ ਵਿਸ਼ੇਸ਼ ਰਾਹਤ ਪੈਕੇਜ ਦੇਣਾ ਚਾਹੀਦਾ ਹੈ ਤਾਂ ਜੋ ਦੇਸ਼ ਦੇ 'ਅਨਾਜ ਦੇ ਭੰਡਾਰ' ਅਤੇ 'ਖ਼ੁਰਾਕ ਦੇ ਭੰਡਾਰ' ਵਜੋਂ ਜਾਣੇ ਜਾਂਦੇ ਇਸ ਰਾਜ ਨੂੰ ਦੁਬਾਰਾ ਖੜ੍ਹਾ ਕੀਤਾ ਜਾ ਸਕੇ।

**ਮਾਮਲਾ ਵਿਦੇਸ਼ ਵਿਚ ਸੈਟਲ ਕਰਵਾਉਣ ਦੇ ਨਾਮ ਉਪਰ ਠੱਗੀ ਦਾ**

# ਆਪਣੇ ਪਿੰਡ ਦੀ ਔਰਤ ਨੂੰ ਕੈਨੇਡਾ ਦੀ ਪੀਆਰ ਦਿਵਾਉਣ ਬਦਲੇ ਵਿਆਹ ਕਰ ਕੇ ਲਏ 34,000 ਕੈਨੇਡੀਅਨ ਡਾਲਰ ਤੇ ਫਲੈਟ

ਲੁਧਿਆਣਾ-ਜੋਧਾਂ ਦੇ ਪਿੰਡ ਸਾਹਿਬਾਜ ਦੇ ਰਹਿਣ ਵਾਲੇ ਇਕ ਵਿਅਕਤੀ ਨੇ ਆਪਣੀ ਹੀ ਜਾਣ-ਪਛਾਣ ਦੀ ਔਰਤ ਨੂੰ ਕੈਨੇਡਾ ਦੀ ਪੀ. ਆਰ. ਦਿਵਾਉਣ ਬਦਲੇ ਉਸ ਨਾਲ ਵਿਆਹ ਕਰ ਲਿਆ ਅਤੇ ਉਸ ਤੋਂ ਇਕ ਫਲੈਟ ਅਤੇ ਭਾਰਤੀ ਕਰੰਸੀ ਦੇ ਹਿਸਾਬ ਨਾਲ ਲੱਖਾਂ ਰੁਪਏ ਲੈ ਲਏ। ਜਦੋਂ ਉਕਤ ਵਿਅਕਤੀ ਨੇ ਕਾਫੀ ਟਾਲ ਮਟੋਲ ਕਰਨ ਤੋਂ ਬਾਅਦ ਉਸ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਤਾਂ ਔਰਤ ਨੇ ਪੁਲਸ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ। ਪੁਲਸ ਨੇ ਜਾਂਚ ਕਰ ਕੇ ਮੁਲਜ਼ਮ ਖਿਲਾਫ ਅਮਾਨਤ ਵਿਚ ਖਿਆਨਤ ਕਰਨ ਦੇ ਦੋਸ਼ ਵਿਚ ਕੇਸ ਦਰਜ ਕੀਤਾ ਹੈ।

ਪੁਲਸ ਨੇ ਧਾਂਦਰਾਂ ਦੀ ਰਹਿਣ ਵਾਲੀ ਰੁਪਿੰਦਰਪਾਲ ਕੌਰ ਤੂਰ ਦੇ ਬਿਆਨ 'ਤੇ ਜੋਧਾਂ ਦੇ ਪਿੰਡ ਸਾਹਿਬਾਜ ਦੇ ਰਹਿਣ ਵਾਲੇ ਹਰਜੀਤ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਰੁਪਿੰਦਰਪਾਲ ਕੌਰ ਤੂਰ ਨੇ ਦੱਸਿਆ ਕਿ ਉਕਤ ਮੁਲਜ਼ਮ ਨਾਲ ਉਸ ਦੀ ਜਾਣ-ਪਛਾਣ ਸੀ। ਮੁਲਜ਼ਮ ਨੇ ਉਸ ਨੂੰ ਕੈਨੇਡਾ ਦੀ ਪੀ. ਆਰ. ਦਿਵਾਉਣ ਲਈ ਉਸ ਤੋਂ 20,000 ਕੈਨੇਡੀਅਨ ਡਾਲਰ ਕੈਸ਼ ਅਤੇ 17,000 ਡਾਲਰ ਚੈੱਕ ਦੇ ਜ਼ਰੀਏ ਲੈ ਲਏ।

ਇਥੋਂ ਤੱਕ ਕਿ ਮੁਲਜ਼ਮ ਨੇ ਉਸ ਦਾ ਇਕ ਅਪਾਰਟਮੈਂਟ ਆਪਣੇ ਨਾਂ ਕਰਵਾ ਲਿਆ ਪਰ ਮੁਲਜ਼ਮ ਨੇ ਉਸ ਨੂੰ ਪੀ. ਆਰ. ਨਹੀਂ ਦਿਵਾਈ। ਜਦੋਂ ਮੁਲਜ਼ਮ ਤੋਂ ਪੈਸੇ ਮੰਗੇ ਤਾਂ ਮੁਲਜ਼ਮ ਨੇ ਧਮਕਾਉਂਦੇ ਹੋਏ ਇਨਕਾਰ ਕਰ ਦਿੱਤਾ। ਸਬ-ਇੰਸਪੈਕਟਰ ਧਰਮਿੰਦਰ ਸਿੰਘ ਨੇ ਦੱਸਿਆ ਕਿ ਆਹਲਾ ਅਧਿਕਾਰੀਆਂ ਵਲੋਂ ਜਾਂਚ ਤੋਂ ਬਾਅਦ ਕੇਸ ਦਰਜ ਕਰ ਕੇ ਮਾਮਲੇ ਸਬੰਧੀ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਪ੍ਰਵਾਸ ਦੇ ਆਇਨੇ ਰਾਹੀਂ ਪੰਜਾਬ ਦੀ ਤਸਵੀਰ



**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ

ਪ੍ਰਵਾਸ ਇੱਕ ਸਮਾਜਿਕ ਅਤੇ ਸੱਭਿਆਚਾਰਕ ਵਰਤਾਰਾ ਹੈ ਇਸ ਦੇ ਪਿਛੋਕੜ ਵਿੱਚ ਆਰਥਿਕ ਲੋੜਾਂ, ਰੁਜ਼ਗਾਰ, ਆਜ਼ਾਦੀ ਅਤੇ ਖੁਸ਼ਹਾਲੀ ਦੀਆਂ ਭਾਵਨਾਵਾਂ ਆਦਿ ਕਾਰਜਸ਼ੀਲ ਹੁੰਦੀਆਂ ਹਨ। ਪੰਜਾਬ ਦੇ ਗੂੜ ਸਮਾਜ, ਸਾਹਿਤ ਅਤੇ ਸੱਭਿਆਚਾਰ ਉੱਤੇ ਪ੍ਰਵਾਸ ਨੇ ਆਪਣਾ ਪੂਰਾ ਰੰਗ ਗੂੜ੍ਹਾ ਕਰਕੇ ਚੜ੍ਹਾ ਲਿਆ ਹੈ। ਇਸ ਲਈ ਹਰ ਪੰਜਾਬੀ ਪ੍ਰਵਾਸ ਦੀ ਆਸ ਵਿੱਚ ਗਵਾਚਿਆ ਰਹਿੰਦਾ ਹੈ। ਪੰਜਾਬ ਨੈਤਿਕ ਨਾਬਰੀ ਅਤੇ ਇੱਜਤ ਆਬਰੂ ਦਾ ਪ੍ਰਤੀਕ ਸ਼ੁਰੂ ਤੋਂ ਹੀ ਰਿਹਾ ਹੈ। ਹੁਣ ਪ੍ਰਵਾਸ ਨੇ ਇਸਨੂੰ ਢਾਅ ਲਾਈ ਹੈ। ਇਸ ਪ੍ਰਵਾਸ ਪ੍ਰਤੀ ਪੰਜਾਬ ਅੰਦਰੋਂ ਹਾਂ-ਪੱਖੀ ਹੁੰਗਾਰਾ ਵੀ ਮਿਲਦਾ ਹੈ। ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾਂ ਪੰਜਾਬ ਦਾ ਦੁਆਬਾ ਖੇਤਰ ਲਗਭਗ 1949-50 ਦੇ ਨੇੜੇ ਬਾਹਰਲੇ ਮੁਲਕਾਂ ਵਿੱਚ ਜਾਣਾ ਸ਼ੁਰੂ ਹੋਇਆ। ਹੌਲੀ-ਹੌਲੀ ਇਹ ਚੰਗਿਆੜੀ ਸਾਰੇ ਪੰਜਾਬ ਵਿੱਚ ਫੈਲ ਗਈ। ਫਿਰ ਪੰਜਾਬੀ ਉਪਰੋਂ ਥਲੀ ਕਰਕੇ ਅਤੇ ਗਲਤ ਤੌਰ ਤਰੀਕੇ ਅਪਣਾ ਕੇ ਬਾਹਰ ਜਾਣ ਲੱਗੇ। ਖੇਤੀ ਪ੍ਰਧਾਨ ਸੂਬੇ ਕਰਕੇ ਅਤੇ ਜ਼ਮੀਨ ਨੂੰ ਮਾਂ ਸਮਝਣ ਵਾਲੇ ਪੰਜਾਬੀਆਂ ਦੀ ਰੂਹ ਨਾਲ ਉੱਝ ਪ੍ਰਵਾਸ ਦਾ ਮੇਲ ਨਹੀਂ ਹੈ। ਪੰਜਾਬੀਆਂ ਦਾ ਖੇਤੀ ਕਿੱਤਾ ਪਵਿੱਤਰ ਤੇ ਗੁਲਾਮੀ ਰਹਿਤ ਹੈ। ਕਿਹਾ ਵੀ ਗਿਆ ਹੈ, "ਉੱਤਮ ਖੇਤੀ, ਮੱਧਮ ਵਿਉਪਾਰ ਤੇ ਨੀਚ ਚਾਕਰੀ" ਪਹਿਲੇ ਥੋੜ੍ਹਾ ਸਮਾਂ ਬਾਹਰਲੇ ਮੁਲਕਾਂ ਚ ਕਮਾਈ ਕਰਕੇ ਵਾਪਸ ਆ ਜਾਂਦੇ ਸਨ। ਹੁਣ ਅਜਿਹਾ ਨਹੀਂ ਹੋ ਰਿਹਾ। ਖੇਤੀ ਬਾਰੇ ਵੀ ਸ਼ੰਕਾ ਰਹਿਣ ਕਰਕੇ ਮੰਡੀਆਂ ਚ ਜੱਟ ਦੇ ਰੁਲਣ ਦੀ ਸੰਭਾਵਨਾ ਰਹਿੰਦੀ ਹੈ। ਸੁਰੱਖਿਅਤ ਮਹਿਸੂਸ ਕਰਨ ਕਰਕੇ ਪੰਜਾਬੀ ਬਾਹਰ ਜਾਣ ਲੱਗੇ ਹਨ। ਪ੍ਰਵਾਸ ਹੋਣ ਕਰਕੇ ਸੱਭਿਆਚਾਰ ਦੇ ਪੱਖ ਤੋਂ ਪੰਜਾਬੀ ਬੋਲੀ ਵੀ ਗ੍ਰਸ ਜਾਂਦੀ ਹੈ, ਪ੍ਰਵਾਸ ਰੁਜ਼ਗਾਰ ਲਈ ਹੁੰਦਾ ਹੈ। ਭਾਸ਼ਾ ਨਾਲ ਰੁਜ਼ਗਾਰ ਦਾ ਮੇਲ ਹੈ। ਆਈਲੈਟ ਲਈ ਅੰਗਰੇਜ਼ੀ ਚਾਹੀਦੀ ਹੈ ਇਸ ਲਈ ਪੰਜਾਬੀ ਪ੍ਰਤੀ ਬੇਗਾਨਗੀ ਹੁੰਦੀ ਹੈ। ਸੁਰਜੀਤ ਪਾਤਰ ਜੀ ਨੇ ਵੀ ਕਿਹਾ ਸੀ "ਪਿੱਛੇ ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ"

ਪੰਜਾਬ ਦੀ 25 ਲੱਖ ਤੋਂ ਉੱਪਰ ਆਬਾਦੀ ਵਿਦੇਸ਼ਾਂ ਚ ਵਸੀ ਹੈ। ਤਤਕਾਲੀ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਜੋਗਿੰਦਰ ਸਿੰਘ ਪਵਾਰ ਨੇ ਪ੍ਰਵਾਸ ਦੇ ਰੁਝਾਨ ਰੋਕਣ ਲਈ ਰੁਜ਼ਗਾਰ ਗਰੰਟੀ ਘੜਨ ਦੀ ਨਸੀਹਤ ਦਿੱਤੀ ਸੀ। ਪੰਜਾਬ ਵਿੱਚ ਇੱਕ ਵਾਰ ਸਕਿਲਡ ਸੈਂਟਰ ਅਤੇ ਆਈਟੀ ਆਈਜ਼ ਸਥਾਪਿਤ ਹੋਈਆਂ ਹਨ। ਪਰ ਇਹ ਇਹਨਾਂ ਵਿੱਚੋਂ ਨਿਕਲੇ ਨੌਜਵਾਨਾਂ ਨੂੰ ਅੱਗੇ ਕੋਈ ਸੁਰੱਖਿਤ ਰਸਤਾ ਨਹੀਂ ਦਿਖਿਆ। ਇਹ ਇੱਕ ਵੱਡਾ ਕਾਰਨ ਹੈ ਪੰਜਾਬ ਦੀ ਬੇਰੁਜ਼ਗਾਰੀ ਦਰ 2019 ਵਿੱਚ 8.2 ਸੀ। ਕਨੇਡਾ ਦੀ ਵਸੋਂ ਦਾ 1.3 ਪ੍ਰਤੀਸ਼ਤ ਪੰਜਾਬੀ ਹਨ। ਪੰਜਾਬ ਚ 55 ਲੱਖ ਘਰ ਹਨ 2014 ਤੋਂ 2021 ਤੱਕ 54.36 ਲੱਖ ਪਾਸਪੋਰਟ ਬਣੇ। ਪੰਜਾਬ ਚ 14 ਪਾਸਪੋਰਟ ਕੇਂਦਰ 7 ਤੋਂ 11 ਦਿਨਾਂ ਦੇ ਅੰਦਰ ਅੰਦਰ ਪਾਸਪੋਰਟ ਬਣਾਉਂਦੇ ਹਨ। 2018 ਚ 6031, 2019 ਚ 73574, 2020 ਚ 3312 ਅਤੇ ਕਰੋਨਾ ਕਾਲ ਵਿੱਚ ਕੁੱਝ ਮੱਧਮ ਪਏ। ਕਰੋਨਾ ਨੇ ਅੰਕੜੇ ਥੰਮੇ ਸਨ। ਸਿਰਫ ਕਨੇਡਾ ਦਾ ਰੁਝਾਨ 2014 -16 'ਚ ਜਿਆਦਾ ਵਧਿਆ ਸੀ, ਇਸ ਸਮੇਂ 75,000 ਪੰਜਾਬੀ ਕਨੇਡਾ ਗਏ ਸਨ। ਉਸ ਤੋਂ ਬਾਅਦ ਚੱਲ ਸੋ ਚੱਲ। ਕੈਨੇਡਾ ਨੇ 200 ਕਾਲਜ ਵਿਦੇਸ਼ੀਆਂ ਲਈ ਖੋਲੇ ਸਨ। ਜਿਸਦਾ ਟੀਚਾ 4,9400 ਸੀ। 2018 ਵਿੱਚ 25 ਹਜ਼ਾਰ ਵਿਦਿਆਰਥੀ ਆਸਟਰੇਲੀਆ ਗਏ। ਹਰ ਸਾਲ 27 ਹਜਾਰ ਕਰੋੜ ਰੁਪਈਆ ਪੰਜਾਬੀਆਂ ਦਾ ਵਿਦੇਸ਼ੀ ਖਾਤਿਆਂ ਵਿੱਚ ਚਲਾ ਜਾਂਦਾ ਹੈ। ਇਸ ਤੋਂ ਇਲਾਵਾ ਉੱਥੋਂ ਦੇ ਕਾਲਜ ਮਨਮਰਜ਼ੀ ਕਰਕੇ ਨੌਜਵਾਨਾਂ ਦਾ ਸ਼ੋਸਣ ਵੀ ਕਰਦੇ ਹੋਣਗੇ।

ਪੰਜਾਬੀ ਇੱਕ ਸਮੇਂ ਤਾਂ ਗੈਰਕੂਨੀ ਪ੍ਰਵਾਸ ਨੂੰ ਆਪਣੀ ਹੋਬੀ ਸਮਝਦੇ ਸਨ। ਪਨਾਮਾ ਜੰਗਲ ਅਤੇ ਕਿਸ਼ਤੀਆਂ ਦਾ ਡੁੱਬਣਾ ਵੀ ਗੈਰ ਕਾਨੂੰਨੀ ਪ੍ਰਵਾਸ ਦੀ ਗਤੀ ਨੂੰ ਮੱਧਮ ਨਹੀਂ ਕਰ ਸਕਿਆ। ਇਸ ਤੋਂ ਸਾਡੇ ਸਿਸਟਮ ਦਾ ਪਤਾ ਚਲਦਾ ਹੈ ਕਿ ਕਿੰਨਾ ਜੋਖ਼ਮ ਉੱਠਾ ਕੇ ਵੀ ਸਾਡੇ ਨੌਜਵਾਨ ਗੈਰ ਕਾਨੂੰਨੀ ਪ੍ਰਵਾਸ ਨੂੰ ਤਰਜੀਹ ਦਿੰਦੇ ਹਨ। ਡੋਨਾਲਡ ਟਰੰਪ ਨੇ ਗੈਰ ਕਾਨੂੰਨੀ ਪ੍ਰਵਾਸ ਘੱਟ ਕਰਨ ਦੇ ਚੋਣ ਵਾਅਦੇ ਨਾਲ ਅਮਰੀਕਾ ਚ ਪ੍ਰਵਾਸ ਦੀ ਗਤੀ ਮੱਧਮ ਹੋਈ ਹੈ। ਅਮਰੀਕਾ ਵਿੱਚ ਸਰਹੱਦ ਪਾਰ ਕਰਨ ਵਾਲੇ ਜਿਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਉਹਨਾਂ ਦੀ ਗਿਣਤੀ ਪਿਛਲੇ 50 ਸਾਲਾਂ ਦੇ ਇਤਿਹਾਸ ਦੇ ਹੇਠਲੇ ਪੱਧਰ ਤੇ ਆ ਗਈ ਹੈ। ਸਤੰਬਰ 2025 ਵਿੱਚ ਅਮਰੀਕਾ ਮੈਕਸੀਕੋ ਸਰਹੱਦ ਤੇ 11647 ਲੋਕਾਂ ਨੂੰ ਹਿਰਾਸਤ ਲਿਆ ਗਿਆ, ਜਦਕਿ ਸਤੰਬਰ 2024 ਵਿੱਚ ਇਹ ਗਿਣਤੀ ਇਕ 101000 ਹੋ ਗਈ,2023 ਸਤੰਬਰ ਵਿੱਚ 69700 ਸੀ। ਇਸ ਤੋਂ ਜ਼ਾਹਿਰ ਹੈ ਕਿ ਟਰੰਪ ਦਾ ਚੋਣ ਵਾਅਦੇ ਵਾਲਾ ਪੱਤਾ ਕੰਮ ਕਰ ਗਿਆ। 2025 'ਚ ਅਮਰੀਕਾ ਨੇ 3528 ਭਾਰਤੀ ਡਿਪੋਰਟ ਕੀਤੇ, 2024 ਵਿੱਚ ਇਹ ਗਿਣਤੀ 1368 ਸੀ, ਜਦ ਕਿ 2023 ਵਿੱਚ ਇਹ ਗਿਣਤੀ 617 ਸੀ। ਮਨੁੱਖੀ ਸਮਗਲਿੰਗ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਸ ਤੋਂ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਜਾਂਦੇ ਹਨ। ਸਟੇਟਸ ਸਿੰਬਲ ਅਤੇ ਲੈ-ਨੱਠ ਰੀਸੋ ਰੀਸ ਕਰਕੇ ਵੀ ਪੰਜਾਬੀ ਪ੍ਰਵਾਸ ਦੀ ਚੱਕੀ ਵਿੱਚ ਪਿਸ ਰਹੇ ਹਨ।

ਪ੍ਰਵਾਸ ਦਾ ਸਾਡੇ ਪੰਜਾਬ ਨਾਲ ਪੁਰਾਣਾ ਰਿਸ਼ਤਾ ਰਿਹਾ ਹੈ। ਪਤਾ ਨਹੀਂ ਨੈਤਿਕ ਨਾਬਰੀ ਵਿੱਚੋਂ ਗੁਜਰਦਾ ਹੋਇਆ ਵੀ ਪ੍ਰਵਾਸ ਵੱਲ ਕਿਵੇਂ ਦੀਵਾਨਾ ਹੋ ਗਿਆ। ਇਹ ਗੱਲ ਸਮਝ ਤੋਂ ਬਾਹਰ ਹੈ। ਦੁਨੀਆਂ ਦੇ ਪ੍ਰਵਾਸੀਆਂ ਵਿੱਚੋਂ ਇੱਕ ਵੀਹਵਾਂ ਭਾਰਤ ਵਿੱਚ ਪੈਦਾ ਹੋਇਆ ਹੈ। ਇਹ ਅੰਕੜਾ ਵਿਸ਼ਵ ਵਿਆਪੀ ਪ੍ਰਵਾਸ ਨੂੰ ਪ੍ਰਭਾਵਿਤ ਕਰ ਰਿਹਾ ਹੈ। ਵਿਸ਼ਵ ਪ੍ਰਵਾਸ ਰਿਪੋਰਟ 2024 ਤਹਿਤ ਸਾਲ 2022 ਤੱਕ ਭਾਰਤ ਚ ਪੈਦਾ ਹੋਏ ਲਗਭਗ 1.8 ਕਰੋੜ ਲੋਕ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਜਾ ਕੇ ਵਸ ਗਏ। ਪਿਛਲੇ 25 ਸਾਲਾਂ ਚ ਪ੍ਰਵਾਸੀ ਭਾਰਤੀਆਂ ਦੀ ਗਿਣਤੀ ਦੁਗਣੀ ਤੋਂ ਵੀ ਵੱਧ ਗਈ। ਦੁਬਈ ਯੂਏਈ ਵਿੱਚ 35 ਲੱਖ ਪ੍ਰਵਾਸੀ ਭਾਰਤੀ ਹਨ। ਅਮਰੀਕਾ ਅਤੇ ਸਾਊਦੀ ਅਰਬ ਵਿਚ 27 ਅਤੇ 25 ਲੱਖ ਪ੍ਰਵਾਸੀ ਹਨ। ਅਮਰੀਕਾ ਦੀ ਇੱਕ ਆਡਿਟ ਪ੍ਰਕਿਰਿਆ ਮੁਕੰਮਲ ਕੀਤੀ ਗਈ ਜਿਸ ਚ 17 ਹਜ਼ਾਰ ਵਪਾਰਕ ਡਰਾਈਵਰ ਲਾਇਸੰਸ ਰੱਦ ਕੀਤੇ ਗਏ। ਇਹ ਲਾਇਸੈਂਸ ਉਹਨਾਂ ਲੋਕਾਂ ਦੇ ਸਨ ਜਿਨਾਂ ਨੂੰ ਗੈਰ ਕਾਨੂੰਨੀ ਤੌਰ ਤੇ ਰਹਿਣ ਦੀ ਆਗਿਆ ਨਹੀਂ ਸੀ।ਉਹ ਗੈਰਕਨੂੰਨੀ ਰਹਿ ਰਹੇ ਸਨ।

ਪੰਜਾਬ ਵਿੱਚ ਪ੍ਰਵਾਸ ਦਾ ਸੱਭਿਆਚਾਰ ਤੇ ਪ੍ਰਭਾਵ ਉਦੋਂ ਪੈਣਾ ਸ਼ੁਰੂ ਹੋਇਆ ਜਦੋਂ ਚਾਰ ਦਹਾਕੇ ਪਹਿਲਾਂ ਦੁਬਈ ਜਾਣਾ ਸ਼ੁਰੂ ਹੋਇਆ ਦੁਬਈ ਪੱਕੇ ਨਹੀਂ ਹੁੰਦੇ ਸਨ। ਪੰਜਾਬੀ ਲੋਕ ਕਮਾਈ ਲਈ ਜਾਂਦੇ ਸਨ ਤੇ ਕੁਝ ਟਾਈਮ ਕਮਾ ਕੇ ਜਵਾਨੀ ਦੇ ਦਿਨਾਂ ਵਿੱਚ ਵਾਪਸ ਆ ਜਾਂਦੇ ਸਨ। ਉਸ ਤੋਂ ਬਾਅਦ ਆਪਣਾ ਜੀਵਨ ਪੰਜਾਬ ਵਿੱਚ ਬਸਰ ਕਰਕੇ ਪੰਜਾਬੀ ਸੱਭਿਆਚਾਰ ਪ੍ਰਤੀ ਸਮਰਪਿਤ ਰਹਿੰਦੇ ਸਨ। ਸਾਡੇ ਗੀਤਾਂ ਸੰਗੀਤਾਂ ਰੀਤੀਆਂ ਵਿੱਚ ਵੀ ਪ੍ਰਵਾਸ ਦਾ ਅਸਰ ਹੈ। ਹੇਠ ਲਿਖੀ ਬੋਲੀ ਇਸਦੀ ਗਵਾਹੀ ਹੈ, "ਬਾਰੀ ਬਰਸੀ ਖੱਟਣ ਗਿਆ ਸੀ, ਖੱਟ ਕੇ ਲਿਆਂਦੇ ਰੰਬੇ, ਡੁਬਈ ਲੈ ਗਈ ਪੁੱਟ ਕੇ, ਸਾਰੇ ਰੌਣਕੀ ਬੰਦੇ" ਹਾਂ ਇੱਕ ਗੱਲ ਜ਼ਰੂਰ ਹੈ ਸਾਡੇ ਪ੍ਰਵਾਸੀਆਂ ਨੇ ਵਿਦੇਸ਼ਾਂ ਵਿੱਚ ਵੀ ਸੱਭਿਆਚਾਰ ਸਾਂਭ ਕੇ ਰੱਖਿਆ ਹੋਇਆ ਹੈ। ਪ੍ਰਵਾਸ ਕਰਕੇ ਜਦੋਂ ਨਵੀਂ ਜਗ੍ਹਾ ਜਾਂਦੇ ਹਾਂ ਤਾਂ ਉੱਥੋਂ ਦਾ ਸੱਭਿਆਚਾਰ ਕਬੂਲਣਾ ਪੈਂਦਾ ਹੈ। ਮਾਣਮੱਤੇ ਪੰਜਾਬੀਆਂ ਨੇ ਆਪਣਾ ਸੱਭਿਆਚਾਰ ਵਿਦੇਸ਼ਾਂ ਵਿੱਚ ਵੀ ਸਾਂਭ ਕੇ ਰੱਖਿਆ ਹੋਇਆ ਹੈ। ਹੁਣ ਤਾਂ ਸੋਸ਼ਲ ਮੀਡੀਏ ਨੇ ਕੰਮ ਸੁਖਾਲਾ ਕਰ ਦਿੱਤਾ ਹੈ। ਜਦੋਂ ਪੰਜਾਬ ਨੂੰ ਪ੍ਰਵਾਸ ਦੀ ਹੋੜ ਵਿੱਚ ਦੇਖਿਆਂ ਜਾਂਦਾ ਹੈ ਤਾਂ ਇੱਕ ਗੱਲ ਸ਼ਸ਼ ਮੀਸ਼ਾ ਜੀ ਦੀ ਨਜ਼ਮ ਵਿੱਚੋਂ ਸੰਭਲਣ ਦਾ ਮੌਕਾ ਦਿੰਦੀ ਹੈ, "ਪੱਤੀ ਪੱਤੀ ਵਲੂੰਧਰੀ ਗਈ, ਉਸ ਦੀ, ਸ਼ਰਫ ਕਰਦਾ ਸੀ, ਜਿਹੜੇ ਪੰਜਾਬ ਦੀ ਗੱਲ" ਓਪਰੇ ਮਾਹੌਲ ਵਿੱਚ ਵਿਚਰਨ ਕਰਕੇ ਪ੍ਰਵਾਸੀ ਪੰਜਾਬੀਆਂ ਨੂੰ ਬਾਬੂ ਫ਼ਿਰੋਜ਼ਦੀਨ ਸ਼ਰਫ ਦੀ ਇਹ ਸਤਰ ਵੀ ਯਾਦ ਆਉਂਦੀ ਹੋਵੇਗੀ, "ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਸੋਹਣੇ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ" ਮਿਹਨਤ ਕਰਨੀ, ਕਮਾਉਣਾ ਅਤੇ ਰੁਜ਼ਗਾਰ ਪਾਲਣਾ ਮਾੜੀ ਗੱਲ ਨਹੀਂ ਹੈ। ਰੌਲਾ ਇਹ ਹੈ ਜਦੋਂ ਪ੍ਰਵਾਸ ਵਿੱਚੋਂ ਆਵਾਸ ਪੈਦਾ ਹੁੰਦਾ ਹੈ ਤਾਂ ਪੰਜਾਬ ਨੂੰ ਹਰ ਪੱਖੋਂ ਨੁਕਸਾਨ ਹੁੰਦਾ ਹੈ।

ਅੱਜ ਪੰਜਾਬ ਪ੍ਰਵਾਸ ਸਬੰਧੀ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਖੁਸ਼ੀ ਨਾਲ ਅਤੇ ਲਾਚਾਰੀ ਨਾਲ ਕੀਤੇ ਗਏ ਪ੍ਰਵਾਸ ਵਿੱਚ ਫ਼ਰਕ ਹੁੰਦਾ ਹੈ। ਅੱਜ ਭਾਵੇਂ ਸਰਕਾਰ ਨੇ ਨੌਜਵਾਨਾਂ ਪ੍ਰਤੀ ਨੌਕਰੀਆਂ ਦੇਣ ਦੇ ਯਤਨ ਜਾਰੀ ਰੱਖੇ ਹੋਏ ਹਨ, ਪਰ ਫਿਰ ਵੀ ਨੌਜਵਾਨ ਠੱਗਿਆ ਅਤੇ ਅਸੁੱਰਖਿਅਤ ਮਹਿਸੂਸ ਕਰ ਰਿਹਾ ਹੈ। ਪੰਜਾਬ ਵਿੱਚੋਂ ਪ੍ਰਵਾਸ ਲਈ ਗਿਆ ਪੈਸਾ ਉਥੋਂ ਦੇ ਅਰਥਚਾਰੇ ਨੂੰ ਮਜਬੂਤ ਕਰ ਰਿਹਾ ਹੈ। ਮਾਹਰ ਦੱਸਦੇ ਹਨ ਕਿ ਭਵਿੱਖੀ ਪੰਜਾਬ ਦੀ ਚਿੰਤਾ ਇਹ ਹੈ ਕਿ ਪ੍ਰਵਾਸ ਦਾ ਯੂ ਟਰਨ ਔਖਾ ਹੈ। ਇਸ ਨਾਲ ਲੱਖਾਂ ਪੰਜਾਬੀ ਆਪਣੇ ਪੇਟ ਨੂੰ ਗੰਢ ਮਾਰ ਕੇ ਵਿਕਸਿਤ ਦੇਸ਼ਾਂ ਨੂੰ ਹੋਰ ਮਜ਼ਬੂਤ ਕਰਨ ਤੇ ਤੁਲੇ ਹੋਏ ਹਨ। ਮਾਹੌਲ ਇਹ ਵੀ ਬਣ ਜਾਂਦਾ ਹੈ ਕਿ ਪੰਜਾਬੀਆਂ ਅੰਦਰ ਪੰਜਾਬ ਪ੍ਰਤੀ ਡਰ ਭੈਅ ਹਊਆ ਬਣਿਆ ਰਹਿੰਦਾ ਹੈ। ਪੰਜਾਬ ਲਈ ਪੰਜਾਬੀਆਂ ਦੀ ਇਹ ਬੇਵਿਸਾਹੀ ਬੇਹੱਦ ਫਿਕਰ ਵਾਲਾ ਵਿਸ਼ਾ ਬਣ ਗਈ ਹੈ। ਜਿਸ ਲਈ ਵੇਲਾ ਬੀਤਣ ਤੋਂ ਬਾਅਦ ਜਾਗਣ ਨਾਲ ਹੋਰ ਵੀ ਔਖਾ ਹੋ ਜਾਵੇਗਾ। ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪੰਜਾਬ ਦਾ ਪ੍ਰਵਾਸ ਨਾਲ ਪੁਰਾਣਾ ਰਿਸ਼ਤਾ ਹੈ ਉਸ ਤਰਜ਼ ਤੇ ਦੇਖਿਆ ਜਾਵੇ ਤਾਂ ਸਾਡੀ ਪਹਿਲੀ ਪੀੜ੍ਹੀ ਆਰਥਿਕਤਾ ਦੀ ਝੰਬੀ ਪ੍ਰਵਾਸ ਕਰ ਗਈ, ਦੂਜੀ ਪੀੜ੍ਹੀ ਹੋਂਦ ਦੀ ਲੜਾਈ ਵਿੱਚ ਭਟਕ ਕੇ ਗਈ, ਤੀਜੀ ਪੀੜ੍ਹੀ ਸਵੈਮਾਣ ਅਤੇ ਸਵੈ ਹੋਂਦ ਲਈ ਗਈ, ਚੌਥੀ ਪੀੜ੍ਹੀ ਉੱਥੋਂ ਦੇ ਕਲਚਰ ਵਿੱਚ ਢਲ ਗਈ। ਇਹਨਾਂ ਵਲ ਦੇਖਕੇ ਐਥੇ ਵਾਲੇ ਹੋਰ ਵੀ ਆਕਰਸ਼ਿਤ ਹੋ ਰਹੇ ਹਨ। ਪਹਿਲੇ ਪ੍ਰਵਾਸ ਮੁਸ਼ਕਲ ਵਾਲਾ ਹੁੰਦਾ ਹੈ। ਸਥਿਤੀਆਂ ਅਤੇ ਪ੍ਰਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ। ਹੁਣ ਵੀ ਲਚਾਰੀ ਅਤੇ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਪ੍ਰਵਾਸ ਦੀ ਸਮੱਸਿਆ ਦਾ ਹੱਲ ਲੱਭਣਾ ਸਰਕਾਰ ਦੇ ਜ਼ਿੰਮੇ ਹੈ। ਸਰਕਾਰੀ ਢਾਂਚੇ ਨੂੰ ਸੁਧਾਰ ਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਪੰਜਾਬੀ ਅਵਾਮ ਖੁਦ ਵੀ ਸੋਚੇ। ਨੌਜਵਾਨ ਅਜਿਹੇ ਤਾਣੇ ਬਾਣੇ ਵਿੱਚ ਫਸ ਗਏ ਹਨ ਕਿ ਕੋਈ ਸੰਘਰਸ਼ ਵੀ ਨਹੀਂ ਕਰ ਸਕਦੇ। ਉਹ ਤਾਂ ਪ੍ਰਵਾਸ ਕਾਰਨ ਮਾਪਿਆਂ ਸਮੇਤ ਸਿਰ ਚੜ੍ਹੇ ਕਰਜ਼ੇ ਦੀ ਪੀੜਾਂ ਹੰਢਾ ਰਹੇ ਹਨ। ਪੰਜਾਬ ਚ ਰੁਜ਼ਗਾਰ ਦੇ ਨਾਕਾਫੀ ਮੌਕੇ ਮੌਜੂਦਾ ਸਰਕਾਰ ਸਹੀ ਕਰਨ ਵਲ ਕਦਮ ਚੁੱਕ ਰਹੀ ਹੈ। ਇੱਥੇ ਕੁਨਬਾ ਪ੍ਰਸਤੀ, ਬੇਇਨਸਾਫ਼ੀ, ਗੁੰਡਾਗਰਦੀ ਅਤੇ ਪੁਲਿਸ ਦਾ ਅਮਾਨਵੀ ਵਿਵਹਾਰ ਖਤਮ ਹੋਣਾ ਚਾਹੀਦਾ ਹੈ। ਇੱਥੇ ਮਾਪੇ ਅੱਜ ਵੀ ਕਹਿੰਦੇ ਹਨ ਕਿ ਅਸੀਂ ਤਾਂ ਲੰਘਾ ਲਈ ਤੁਸੀਂ ਬਾਹਰ ਜਾ ਕੇ ਸੁਰੱਖਿਅਤ ਹੋ ਜਾਓ। ਅਜਿਹਾ ਕਿਉਂ? ਇੱਕ ਪ੍ਰੀਵਾਰ ਦੇ ਪ੍ਰਵਾਸ ਵਾਲੇ ਬੱਚੇ ਨੂੰ ਮਾਂ ਪਿਓ ਮਿਲਣ ਜਾਂਦੇ ਹਨ ਤਾਂ ਚਾਰ ਪੰਜ ਲੱਖ ਦਾ ਫਾਇਦਾ ਦੂਜੇ ਮੁਲਕ ਨੂੰ ਦੇ ਆਉਂਦੇ ਹਨ। ਪੰਜਾਬ ਅਤੇ ਪੰਜਾਬੀ ਉਸੇ ਕਾਇਨਾਤ ਦਾ ਹਿੱਸਾ ਹਨ ਜਿਸ ਵਿੱਚ ਕਾਰਪੋਰੇਟ ਵਲ ਝੁਕਾ ਹੈ। ਹੁਣੇ ਹਵਾਈ ਲਫ਼ੜਾ ਹੋਇਆ ਹਵਾਈ ਟਿਕਟ ਵਧਾ ਦਿੱਤੀ। ਕੀ ਪੰਜਾਬੀ ਆਪਣੀ ਫਸਲ ਦਾ ਭਾਅ ਵਧਾ ਸਕਦੇ ਹਨ। ਨਹੀਂ ਕਦਾਚਿੱਤ ਨਹੀਂ। ਮੌਜੂਦਾ ਸਰਕਾਰ ਦੇ ਨਿਵੇਸ਼ ਦੇ ਯਤਨ ਜਾਰੀ ਹਨ, ਪਰ ਆਰਥਿਕ ਅਤੇ ਸਿਹਤ ਪੱਖੋਂ ਸੂਬਾ ਸਹਿਕਦਾ ਹੈ। ਉਜ਼ਰਤਾਂ ਘੱਟ ਹਨ। ਇਸ ਸਮੁੱਚੇ ਜ਼ੁਲਮ ਵਿਰੁੱਧ ਪੰਜਾਬੀ ਨੌਜਵਾਨ ਬੇਵੱਸ ਹਨ। ਪਿਛਲੀਆਂ ਸਰਕਾਰਾਂ ਪ੍ਰਵਾਸ ਨੂੰ ਰੋਕਣ ਚ ਠੋਸ ਉਪਰਾਲੇ ਨਹੀਂ ਕਰ ਸਕੀਆਂ। ਹੁਣ ਤਾਂ ਪੰਜਾਬੀ ਪ੍ਰਵਾਸ ਲੋਚਦੇ ਹਨ। ਪੰਜਾਬ ਨੂੰ ਹਮੇਸ਼ਾ ਛੱਡਦੇ ਹੋਏ ਕਿਸੇ ਸ਼ਾਇਰ ਦੀ ਜ਼ਬਾਨੀ ਇਹ ਗਵਾਹੀ ਭਰਦੇ ਹਨ,

"ਅਸੀਂ ਹਵਾਈ ਅੱਡਿਆਂ ਤੇ ਖੜੇ ਹਾਂ, ਅਸੀਂ ਵਾਪਿਸ ਨਹੀਂ ਆਉਣਾ, ਇਹ ਨਾੜੂ ਅਸੀਂ ਵੱਢ ਦਿੱਤਾ ਏ, ਅਸੀਂ ਪ੍ਰਦੇਸ਼ ਜਾਵਾਂਗੇ, ਪਿੰਡ ਆਪਣੇ ਉੱਥੇ ਵਸਾਵਾਂਗੇ, ਗੁਰੂ ਘਰ ਬਣਾ ਅਰਦਾਸ ਕਰਾਂਗੇ, ਪਿੰਡ ਪਿਛਲਾ ਵਸਦਾ ਰਹੇ, ਗੁਆਂਢੀਆਂ ਦਾ ਬਾਪੂ ਹੱਸਦਾ ਰਹੇ, ਸਾਡੇ ਨਾਲ ਨਾਰਾਜ਼ ਨਾ ਹੋਣਾ, ਬਿਰਖ ਤੋਂ ਵੱਖ ਹੋ ਰਹੇ ਪੱਤੇ ਹਾਂ ਅਸੀਂ, ਭੰਗੜੇ ਪਾ ਪਾ ਸਭ ਦਾ ਧਿਆਨ ਖਿੱਚਦੇ, ਥਈਆਂ ਥਈਆਂ ਨੱਚਦੇ, ਅਸੀਂ ਬਹੁਤ ਕੁੱਝ ਭੁੱਲਣਾ ਚਾਹੁੰਦੇ ਹਾਂ, ਗ਼ਦਰੀ ਬਾਬੇ, ਜਲਿਆਂਵਾਲਾ ਬਾਗ਼, ਰਬਾਬ ਚੋਂ ਉੱਠਦੇ ਰਾਗ, ਕੋਈ ਕਿੰਨਾ ਕੁਝ ਯਾਦ ਰੱਖੇ? ਦੁੱਖ ਕਿੰਨਾ ਕੁਝ ਵੰਡਾਏ ਕੋਈ? ਅਸੀਂ ਜਾ ਰਹੇ ਹਾਂ"।

*******

# ਸਕੂਲਾਂ ਨੂੰ ਧਮਕਾਉਣਾ ਸਾਡੇ ਬੱਚਿਆਂ ਦੇ ਭਵਿੱਖ ’ਤੇ ਸਿੱਧਾ ਹਮਲਾ: ਪ੍ਰੋ. ਸਰਚਾਂਦ ਸਿੰਘ ਖਿਆਲਾ

## ✪ ਪੰਜਾਬ ਸਰਕਾਰ ਵੱਲੋਂ ਕਾਨੂੰਨ ਵਿਵਸਥਾ ’ਤੇ ਕੰਟਰੋਲ ਗੁਆ ਦੇਣ ਨਾਲ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ
## ✪ ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਤੋਂ ਬਾਅਦ ਸਕੂਲਾਂ ਨੂੰ ਨਿਸ਼ਾਨਾ ਬਣਾਉਣਾ ਪੰਜਾਬ ਦੀ ਸ਼ਾਂਤੀ ਵਿਰੁੱਧ ਇੱਕ ਵੱਡੀ ਸਾਜ਼ਿਸ਼

ਅੰਮ੍ਰਿਤਸਰ-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਅੰਮ੍ਰਿਤਸਰ ਦੇ ਦੋ ਸਕੂਲਾਂ ਨੂੰ ਮਿਲੀਆਂ ਬੰਬ ਧਮਕੀ ਵਾਲੀਆਂ ਈਮੇਲਾਂ ’ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬੇ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਲਾਪਰਵਾਹੀ ਕਾਰਨ, ਸਮਾਜ-ਵਿਰੋਧੀ ਅਤੇ ਅੱਤਵਾਦੀ ਸੋਚ ਵਾਲੇ ਅਨਸਰਾਂ ਨੇ ਹੁਣ ਸਕੂਲ ਇਮਾਰਤਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਜੋ ਸਿੱਖਿਆ ਅਤੇ ਸੰਸਕਾਰਾਂ ਦੇ ਮੰਦਰ ਹਨ, ਜਿੱਥੇ ਮਾਸੂਮ ਬੱਚੇ ਵਿਦਿਆ ਗ੍ਰਹਿਣ ਕਰਦੇ ਹਨ ਅਤੇ ਦੇਸ਼ ਦਾ ਭਵਿੱਖ ਘੜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲਗਭਗ ਹਰ ਰੋਜ਼ ਡਰ ਅਤੇ ਦਹਿਸ਼ਤ ਦੀ ਇੱਕ ਨਵੀਂ ਘਟਨਾ ਸਾਹਮਣੇ ਆਉਂਦੀ ਹੈ, ਗੋਲੀਬਾਰੀ ਦੀਆਂ ਘਟਨਾਵਾਂ ਤੋਂ ਲੈ ਕੇ ਗੈਂਗਸਟਰ ਗਤੀਵਿਧੀਆਂ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਅਤੇ ਹੁਣ ਸਕੂਲਾਂ ਨੂੰ ਬੰਬ ਧਮਾਕਿਆਂ ਦੀਆਂ ਧਮਕੀਆਂ ਘਟਨਾਵਾਂ ਸਪੱਸ਼ਟ ਤੌਰ ’ਤੇ ਪੰਜਾਬ ਸਰਕਾਰ ਦੀ ਕਮਜ਼ੋਰ ਕਾਰਗੁਜ਼ਾਰੀ ਅਤੇ ਬੇਵਸੀ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਕਾਨੂੰਨ-ਵਿਵਸਥਾ ’ਤੇ ਆਪਣੀ ਪਕੜ ਪੂਰੀ ਤਰ੍ਹਾਂ ਗੁਆ ਚੁੱਕੀ ਹੈ, ਅਤੇ ਸਮਾਜ-ਵਿਰੋਧੀ ਅਨਸਰ ਨਿਡਰ ਹੋ ਗਏ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਸੂਬੇ ਵਿੱਚ ਕਾਨੂੰਨ-ਵਿਵਸਥਾ ਦਾ ਅਸਲ ਕੰਟਰੋਲ ਕਿਤੇ ਨਹੀਂ ਬਚਿਆ।

ਪ੍ਰੋ. ਖਿਆਲਾ ਨੇ ਕਿਹਾ ਕਿ ਸਭ ਤੋਂ ਦੁਖਦਾਈ ਅਤੇ ਖ਼ਤਰਨਾਕ ਗੱਲ ਇਹ ਹੈ ਕਿ ਸਮਾਜ ਵਿਰੋਧੀ ਅਨਸਰਾਂ ਦੀਆਂ ਨਜ਼ਰਾਂ ਹੁਣ ਸਿੱਧੇ ਤੌਰ ’ਤੇ ਵਿੱਦਿਅਕ ਸੰਸਥਾਵਾਂ ਅਤੇ



ਸਕੂਲ ਕੈਂਪਸਾਂ ਤੱਕ ਪਹੁੰਚ ਗਈ ਹਨ। ਮਾਸੂਮ ਬੱਚੇ ਅਜਿਹੇ ਖ਼ਤਰਿਆਂ ਅਤੇ ਡਰ ਦੇ ਮਾਹੌਲ ਵਿੱਚ ਸ਼ਾਂਤੀ ਨਾਲ ਕਿਵੇਂ ਪੜ੍ਹਾਈ ਕਰਨਗੇ? ਬੱਚਿਆਂ ਵਿੱਚ ਅਸੁਰੱਖਿਆ, ਮਨੋਵਿਗਿਆਨਕ ਤਣਾਅ ਅਤੇ ਡਰ ਦੀ ਵਧਦੀ ਭਾਵਨਾ ਨਾ ਸਿਰਫ਼ ਉਨ੍ਹਾਂ ਦੀ ਪੜ੍ਹਾਈ ਨੂੰ ਪ੍ਰਭਾਵਿਤ ਕਰੇਗੀ ਬਲਕਿ ਸਮਾਜ ਅਤੇ ਦੇਸ਼ ਦੇ ਭਵਿੱਖ ਲਈ ਇੱਕ ਗੰਭੀਰ ਚੇਤਾਵਨੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬੱਚਿਆਂ ਨੂੰ ਡਰ ਅਤੇ ਦਹਿਸ਼ਤ ਦੇ ਮਾਹੌਲ ਵਿੱਚ ਪੜ੍ਹਨ ਲਈ ਛੱਡਣਾ ਸਾਡੇ ਸਮਾਜ ਅਤੇ ਸਾਡੀ ਸਾਂਝੀ ਸਮਾਜਿਕ ਸਦਭਾਵਨਾ ਦੀ ਸਭ ਤੋਂ ਵੱਡੀ ਅਸਫਲਤਾ ਹੋਵੇਗੀ।



ਪ੍ਰੋ. ਖਿਆਲਾ

ਪ੍ਰੋ. ਖਿਆਲਾ ਨੇ ਕਿਹਾ ਕਿ ਸੀਨੀਅਰ ਸਟੱਡੀ (ਪੁਤਲੀਘਰ) ਅਤੇ ਦਿੱਲੀ ਪਬਲਿਕ ਸਕੂਲ (ਮਾਨਾਵਾਲਾ) ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣਾ ਕੇਵਲ ਸ਼ਰਾਰਤ ਨਹੀਂ, ਸਗੋਂ ਇੱਕ ਅਮਾਨਵੀ, ਬੇਹਿਸ, ਅਤੇ ਦਹਿਸ਼ਤਗਰਦੀ ਸੋਚ ਨੂੰ ਦਰਸਾਉਂਦਾ ਹੈ। ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਪ੍ਰੋ. ਖਿਆਲਾ ਨੇ ਕਿਹਾ ਕਿ ਭਾਜਪਾ ਅਤੇ ਕੇਂਦਰ ਸਰਕਾਰ ਨੇ ਹਮੇਸ਼ਾ ਅੱਤਵਾਦ ਵਿਰੁੱਧ “ਜ਼ੀਰੋ ਟਾਲਰੈਂਸ” ਨੀਤੀ ਦੀ ਪਾਲਣਾ ਕੀਤੀ ਹੈ, ਅਤੇ ਹੁਣ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਲਈ ਇਨ੍ਹਾਂ ਘਟਨਾਵਾਂ ਨਾਲ ਉਸੇ ਗੰਭੀਰਤਾ ਨਾਲ ਨਜਿੱਠਣਾ ਜ਼ਰੂਰੀ ਹੈ। ਮਾਸੂਮ ਬੱਚਿਆਂ ਅਤੇ ਵਿੱਦਿਅਕ ਸੰਸਥਾਵਾਂ ਨੂੰ ਧਮਕੀਆਂ ਦੇਣ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਇਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਕਾਰਵਾਈ ਨਾਲ ਉਖਾੜ ਸੁੱਟਣਾ ਚਾਹੀਦਾ ਹੈ। ਪ੍ਰੋ. ਖਿਆਲਾ ਨੇ ਅੱਗੇ ਕਿਹਾ ਕਿ ਪੰਜਾਬ, ਇੱਕ ਸਰਹੱਦੀ ਸੂਬਾ ਹੋਣ ਕਰਕੇ, ਹਮੇਸ਼ਾ ਪਾਕਿਸਤਾਨ ਦੀਆਂ ਖੁਫੀਆ ਏਜੰਸੀਆਂ ਅਤੇ ਇਸ ਦੇ ਅੱਤਵਾਦੀ ਏਜੰਡੇ ਦਾ ਮੁੱਖ ਨਿਸ਼ਾਨਾ ਰਿਹਾ ਹੈ। ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਵਿਸਫੋਟਕਾਂ ਨੂੰ ਲੈ ਕੇ ਜਾਣ ਵਾਲੇ ਡਰੋਨਾਂ ਦੀਆਂ ਘਟਨਾਵਾਂ ਸਭ ਜਾਣਦੇ ਹਨ। ਪਾਕਿਸਤਾਨ ਦਾ ਅਸਲ ਮਕਸਦ ਪੰਜਾਬ ਨੂੰ ਅਸਥਿਰ ਕਰਨਾ ਅਤੇ ਭਾਰਤ ਦੀ ਸਾਂਝ ਨੂੰ ਨੁਕਸਾਨ ਪਹੁੰਚਾਉਣਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਸਾਡੇ ਬੱਚੇ, ਸਾਡੇ ਧਾਰਮਿਕ ਅਦਾਰੇ ਅਤੇ ਸਾਡਾ ਪੰਜਾਬੀ ਸਮਾਜਿਕ ਤਾਣਾ-ਬਾਣਾ ਸਾਡੀਆਂ ਜੜ੍ਹਾਂ ਹਨ। ਉਨ੍ਹਾਂ ਨੂੰ ਧਮਕੀਆਂ ਦੇਣਾ ਸਿਰਫ਼ ਕਿਸੇ ਸੰਸਥਾ ’ਤੇ ਹਮਲਾ ਨਹੀਂ ਹੈ, ਸਗੋਂ ਸਮੁੱਚੀ ਪੰਜਾਬੀ ਪਛਾਣ ਲਈ ਸਿੱਧੀ ਚੁਣੌਤੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਦੀ ਕਾਰਗੁਜ਼ਾਰੀ ਬੇਹੱਦ ਚਿੰਤਾ-ਜਨਕ ਹੈ। ਇੱਥੇ ਨਾਂ ਹੀ ਇੰਟੈਲੀਜੈਂਸ ਦੀ ਗ੍ਰਿਫ਼ਤ ਦਿਖਾਈ ਦਿੰਦੀ ਹੈ ਅਤੇ ਨਾਂ ਹੀ ਦ੍ਰਿੜ੍ਹਤਾ। ਉਨ੍ਹਾਂ ਪੰਜਾਬ ਪੁਲਿਸ ਸਾਈਬਰ ਸੈੱਲ ਨੂੰ ਈਮੇਲਾਂ ਦੇ ਸਰੋਤ ਦਾ ਤੁਰੰਤ ਪਤਾ ਲਗਾਉਣ, ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ, ਧਮਕੀਆਂ ਦੇਣ ਵਾਲਿਆਂ ’ਤੇ ਯੂਏਪੀਏ ਜਾਂ ਹੋਰ ਸਖ਼ਤ ਕਾਨੂੰਨ ਲਾਗੂ ਕਰਨ, ਅੱਤਵਾਦ ਫੈਲਾਉਣ ਦੀ ਸਾਜ਼ਿਸ਼ ਨੂੰ ਰੋਕਣ ਅਤੇ ਪੰਜਾਬ ਸਰਕਾਰ ਅਤੇ ਕੇਂਦਰੀ ਸੁਰੱਖਿਆ ਏਜੰਸੀਆਂ ਵਿਚਕਾਰ ਤਾਲਮੇਲ ਵਾਲੀ ਕਾਰਵਾਈ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ।

ਪ੍ਰੋ. ਖਿਆਲਾ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ, ਸ਼ਾਂਤੀ ਅਤੇ ਸਮਾਜਿਕ ਸਦਭਾਵਨਾ ਨੂੰ ਯਕੀਨੀ ਬਣਾਉਣਾ ਇੱਕ ਸਮੂਹਿਕ ਜ਼ਿੰਮੇਵਾਰੀ ਹੈ। ਉਨ੍ਹਾਂ ਮਾਪਿਆਂ, ਅਧਿਆਪਕਾਂ ਅਤੇ ਪੰਜਾਬ ਦੇ ਸਾਰੇ ਨਾਗਰਿਕਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਅਤੇ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ, ਅਤੇ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲੇ ਹਰ ਤੱਤ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰਾਲੇ ਸੀਬੀਆਈ/ਐਨਆਈਏ ਦੁਆਰਾ ਮਾਮਲੇ ਦੀ ਪੂਰੀ ਜਾਂਚ ਦਾ ਹੁਕਮ ਦੇਣ । ਉਨ੍ਹਾਂ ਸਿੱਖਿਆ ਅਤੇ ਧਾਰਮਿਕ ਸੰਸਥਾਵਾਂ ਦੀ ਸੁਰੱਖਿਆ ਲਈ ਇੱਕ ਵਿਸ਼ੇਸ਼ ਕੇਂਦਰੀ ਪੱਧਰੀ ਵਿਧੀ ਬਣਾਉਣ ’ਤੇ ਵੀ ਜ਼ੋਰ ਦਿੱਤਾ।

# ਯੂ ਕੇ ਦੀ ਸਰਕਾਰ ਵੱਲੋਂ ਭਾਈ ਗੁਰਪ੍ਰੀਤ ਸਿੰਘ 'ਤੇ ਪਾਬੰਦੀਆਂ ਲਗਾਉਣਾ ਸਿੱਖ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼: ਵਰਲਡ ਸਿੱਖ ਪਾਰਲੀਮੈਂਟ

**ਮੁੱਖ ਪੰਨੇ ਦਾ ਬਾਕੀ ਹਿੱਸਾ:**

ਇਹ ਫੈਸਲਾ ਸਪੱਸ਼ਟ ਤੌਰ 'ਤੇ ਭਾਰਤੀ ਹਕੂਮਤ ਦੇ ਦਬਾਅ ਹੇਠ ਲਿਆ ਗਿਆ ਹੈ। ਗੁਰਪ੍ਰੀਤ ਸਿੰਘ ਦਾ ਕਸੂਰ ਸਿਰਫ਼ ਇੰਨਾ ਹੈ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਆਪਣੀ ਜਥੇਬੰਦੀ 'ਸੇਵਿੰਗ ਪੰਜਾਬ' ਰਾਹੀਂ ਪੰਜਾਬ ਦੇ ਪਾਣੀਆਂ, ਖੇਤੀਬਾੜੀ ਸੰਕਟ, ਵਾਤਾਵਰਣ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਤੱਥਾਂ 'ਤੇ ਅਧਾਰਿਤ ਆਵਾਜ਼ ਬੁਲੰਦ ਕਰ ਰਹੇ ਹਨ।

ਭਾਈ ਗੁਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਸੰਸਥਾ 'ਸੇਵਿੰਗ ਪੰਜਾਬ' ਵਰਲਡ ਸਿੱਖ ਪਾਰਲੀਮੈਂਟ ਦਾ ਅਨਿੱਖੜਵਾਂ ਅੰਗ ਹਨ ਅਤੇ ਪੰਥਕ ਹਿੱਤਾਂ ਲਈ ਨਿਰੰਤਰ ਕਾਰਜਸ਼ੀਲ ਹਨ। ਉਹ ਹਮੇਸ਼ਾਂ ਵਰਲਡ ਸਿੱਖ ਪਾਰਲੀਮੈਂਟ ਦੇ ਸਾਲਾਨਾ ਇਜਲਾਸਾਂ ਵਿੱਚ ਸ਼ਾਮਲ ਹੁੰਦੇ ਰਹੇ ਹਨ ਅਤੇ ਸੰਯੁਕਤ ਰਾਸ਼ਟਰ ਸਮੇਤ ਹੋਰ ਅੰਤਰਰਾਸ਼ਟਰੀ ਮੰਚਾਂ 'ਤੇ ਸਿੱਖਾਂ ਦੀ ਆਵਾਜ਼ ਬੁਲੰਦ ਕਰਦੇ ਰਹੇ ਹਨ।

ਵਰਲਡ ਸਿੱਖ ਪਾਰਲੀਮੈਂਟ ਦਾ ਮੰਨਣਾ ਹੈ ਕਿ ਇੱਕ ਜਮਹੂਰੀ ਢਾਂਚੇ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਬੋਲਣਾ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਬਿਨਾਂ ਕਿਸੇ ਮੁਕੱਦਮੇ, ਬਿਨਾਂ ਕਿਸੇ ਸਬੂਤ ਅਤੇ ਬਿਨਾਂ ਕਿਸੇ ਅਦਾਲਤੀ ਕਾਰਵਾਈ ਦੇ ਇੱਕ ਸਿੱਖ ਨੌਜਵਾਨ ਨੂੰ "ਅੱਤਵਾਦੀ" ਗਰਦਾਨਣਾ, ਪਾਬੰਦੀਆਂ ਲਗਾਉਣੀਆਂ ਭਾਰਤੀ ਹਕੂਮਤ ਦੀ ਸ਼ਹਿ 'ਤੇ ਸਿੱਖਾਂ ਦੀ ਨਸਲਕੁਸ਼ੀ ਦੀਆਂ ਨੀਤੀਆਂ ਨੂੰ ਬਰਤਾਨੀਆ ਵਿੱਚ ਲਾਗੂ ਕਰਨ ਦੇ ਬਰਾਬਰ ਹੈ।

ਸਰਕਾਰ ਦੀ ਇਹ ਕੋਸ਼ਿਸ਼ ਗੁਰਪ੍ਰੀਤ ਸਿੰਘ ਦੀ ਕਲਮ ਨੂੰ ਰੋਕਣ ਅਤੇ ਉਨ੍ਹਾਂ ਦੀ ਜ਼ੁਬਾਨ ਬੰਦ ਕਰਨ ਦੀ ਡੂੰਘੀ ਸਾਜ਼ਿਸ਼ ਹੈ, ਪਰ ਸਰਕਾਰਾਂ ਇਹ ਭੁੱਲ ਜਾਣ ਕਿ ਸਿੱਖਾਂ ਦੀ ਹੱਕੀ ਅਵਾਜ਼ ਨੂੰ ਦਬਾ ਸਕਦੇ ਹਨ । ਸਿੱਖ ਕੌਮ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸਿਧਾਂਤਾਂ ਤੇ ਚੱਲਦਿਆਂ ਸਦਾ ਸੱਚ ਤੇ ਹੱਕ ਦੀ ਅਵਾਜ਼ ਬੁਲੰਦ ਕਰਦੀ ਰਹੇਗੀ।

ਇਹ ਸਰਾਸਰ ਬੇਇਨਸਾਫ਼ੀ ਹੈ ਅਤੇ ਵਰਲਡ ਸਿੱਖ ਪਾਰਲੀਮੈਂਟ ਸਮੇਤ ਸਮੁੱਚਾ ਸਿੱਖ ਜਗਤ ਭਾਈ ਗੁਰਪ੍ਰੀਤ ਸਿੰਘ ਦੇ ਨਾਲ ਚੱਟਾਨ ਵਾਂਗ ਖੜ੍ਹਾ ਹੈ। ਅਸੀਂ ਇਸ ਧੱਕੇਸ਼ਾਹੀ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕਰਾਂਗੇ। ਅਸੀਂ ਬਰਤਾਨਵੀ ਸਰਕਾਰ ਨੂੰ ਕਹਿਣਾ ਚਾਹੁੰਦੇ ਹਾਂ ਕਿ ਉਹ ਆਪਣੇ ਗਲਤ ਫੈਸਲੇ ਤੇ ਮੁੜ ਕੇ ਵਿਚਾਰ ਕਰਨ ਅਤੇ ਵਿਦੇਸ਼ੀ ਦਬਾਅ ਹੇਠ ਆਪਣੇ ਹੀ ਨਾਗਰਿਕਾਂ ਦੇ ਸ਼ਹਿਰੀ ਅਧਿਕਾਰਾਂ ਦਾ ਕਤਲ ਕਰਨਾ ਬੰਦ ਕਰੇ।

ਵਰਲਡ ਸਿੱਖ ਪਾਰਲੀਮੈਂਟ ਇਸ ਅਨਿਆਂ ਵਿਰੁੱਧ ਕਾਨੂੰਨੀ ਅਤੇ ਸਿਆਸੀ ਪੱਧਰ 'ਤੇ ਸਮੂਹਿਕ ਲੜਾਈ ਲੜੇਗੀ ਅਤੇ ਇਨਸਾਫ਼ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖੇਗੀ।

# ਰਿਫਾਰਮ ਯੂ ਕੇ ਬਣੀ ਬਰਤਾਨੀਆਂ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਵਾਸ ਨੂੰ ਲੈ ਕੇ ਸਭ ਤੋਂ ਵੱਧ ਵਿਰੋਧ ਕਰਨ ਵਾਲੀ ਰਿਫਾਰਮ ਯੂ ਕੇ ਨੇ ਬਰਤਾਨੀਆਂ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਜੋਂ ਲੇਬਰ ਨੂੰ ਪਛਾੜ ਦਿੱਤਾ ਹੈ। ਤਾਜ਼ਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਨਾਈਜਲ ਫੈਰੇਜ ਨੇ "ਦੋ ਰਵਾਇਤੀ ਪਾਰਟੀਆਂ ਵਾਲਾ ਰਾਜਨੀਤਕ ਯੁੱਗ ਲੱਗਭੱਗ ਖਤਮ ਕਰ ਦਿੱਤਾ ਹੈ"। ਅੰਕੜਿਆਂ ਮੁਤਾਬਿਕ ਲੇਬਰ ਪਾਰਟੀ ਦੇ 250,000 ਮੈਂਬਰ ਹਨ ਅਤੇ ਰਿਫਾਰਮ ਦੇ ਕੁੱਲ ਲਗਭਗ 269,000 ਹਨ।**

ਨਾਈਜਲ ਫੈਰੇਜ ਨੇ ਕਿਹਾ ਕਿ ਕਿ ਰਿਫਾਰਮ ਹੁਣ ਬਰਤਾਨਵੀ ਰਾਜਨੀਤੀ ਵਿੱਚ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਬਣ ਗਈ ਹੈ, ਜੋ ਸਾਡੇ ਲਈ ਇੱਕ ਵੱਡਾ ਮੀਲ ਪੱਥਰ ਹੈ। ਹੁਣ ਦੋ-ਪਾਰਟੀ ਰਾਜਨੀਤੀ ਦਾ ਯੁੱਗ ਖਤਮ ਹੋ ਗਿਆ ਹੈ। ਇਹ ਖੁਲਾਸਾ ਸਰ ਕੀਰ ਸਟਾਰਮਰ ਦੀ ਲੇਬਰ ਪਾਰਟੀ ਨੂੰ ਵੱਡਾ ਝਟਕਾ ਹੈ, ਜੋ ਇਸ ਸਾਲ ਦੀਆਂ ਕਈ ਚੋਣਾਂ ਵਿੱਚ ਰਿਫਾਰਮ ਤੋਂ ਪਿੱਛੇ ਰਹੀ ਹੈ।

ਰਿਫਾਰਮ ਚੋਣਾਂ ਵਿੱਚ ਅੱਗੇ ਚੱਲ ਰਹੀ ਹੈ, ਜੋ ਔਸਤਨ 30 ਪ੍ਰਤੀਸ਼ਤ, ਲੇਬਰ ਅਤੇ ਟੋਰੀ ਦੋਵਾਂ ਤੋਂ 10 ਅੰਕ ਅੱਗੇ। ਫਰਵਰੀ ਵਿੱਚ ਲੇਬਰ ਪਾਰਟੀ ਦੇ 309,000 ਮੈਂਬਰ ਹੋਣ ਦੀ ਰਿਪੋਰਟ ਦਿੱਤੀ ਗਈ ਸੀ। ਹਾਲਾਂਕਿ ਲੀਕ ਹੋਏ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਲੇਬਰ ਪਾਰਟੀ ਦੇ ਮੈਂਬਰ ਹੁਣ 250,000 ਤੋਂ ਘੱਟ ਰਹਿ ਗਏ ਹਨ। ਇਸ ਤੋਂ ਪਹਿਲਾਂ ਜਦੋਂ ਸਰ ਕੀਰ ਸਟਾਰਮਰ 2020 ਵਿੱਚ ਲੇਬਰ ਪਾਰਟੀ ਦੇ ਨੇਤਾ ਬਣੇ ਸਨ ਤਾਂ ਪਾਰਟੀ ਕੋਲ 500,000 ਤੋਂ ਵੱਧ ਮੈਂਬਰ ਸਨ, ਜਿਸ ਨਾਲ ਇਹ ਯੂਰਪ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਬਣ ਗਈ ਸੀ। ਜੇਰੇਮੀ ਕੋਰਬਿਨ ਦੇ ਜਾਣ ਤੋਂ ਬਾਅਦ ਇਹ ਗਿਣਤੀ ਘਟ ਗਈ, ਜਿਸਦੀ ਨਵੀਂ ਪਾਰਟੀ ਦੇ 50,000 ਮੈਂਬਰ ਹਨ।

ਲੇਬਰ ਆਪਣੇ ਮੈਂਬਰਸ਼ਿਪ ਅੰਕੜੇ ਗੁਪਤ ਰੱਖਦੀ ਹੈ ਅਤੇ ਲੀਕ ਹੋਣ ਦੇ ਡਰੋਂ ਸੱਤਾਧਾਰੀ ਰਾਸ਼ਟਰੀ ਕਾਰਜਕਾਰੀ ਕਮੇਟੀ ਨੂੰ ਵੀ ਨਹੀਂ ਇਸ ਬਾਰੇ ਦੱਸਿਆ ਨਹੀਂ ਜਾਂਦਾ। ਲੇਬਰ ਪਾਰਟੀ ਦੇ ਇੱਕ ਬੁਲਾਰੇ ਮੁਤਾਬਿਕ ਮੈਂਬਰਸ਼ਿਪ ਦੇ ਅੰਕੜੇ ਸਾਲਾਨਾ ਰਿਪੋਰਟ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਸਾਲ ਭਰ ਉਨ੍ਹਾਂ 'ਤੇ ਕੋਈ ਟਿੱਪਣੀ ਨਹੀਂ ਕਰਦੇ।

ਪਿਛਲੇ ਸਾਲ ਬਾਕਸਿੰਗ ਡੇ 'ਤੇ ਰਿਫਾਰਮ ਦੀ ਮੈਂਬਰਸ਼ਿਪ ਨੇ ਕੰਜ਼ਰਵੇਟਿਵ ਪਾਰਟੀ ਨੂੰ ਪਛਾੜ ਦਿੱਤਾ ਸੀ, ਨਵੇਂ ਅੰਕੜੇ ਦੱਸਦੇ ਹਨ ਕਿ ਟੋਰੀਜ਼ ਦੇ 123,000 ਮੈਂਬਰ ਹਨ। ਇਸ ਤੋਂ ਇਲਾਵਾ ਗ੍ਰੀਨ ਪਾਰਟੀ ਦੀ ਮੈਂਬਰਸ਼ਿਪ 180,000 ਹੈ ਅਤੇ ਲਿਬਰਲ ਡੈਮੋਕਰੇਟਸ ਦੇ 83,174 ਮੈਂਬਰ ਹਨ।

## ਆਸਰਾ ਮੰਗਣ ਵਾਲੇ ਸ਼ਰਨਾਰਥੀ ਟੈਕਸਦਾਤਿਆਂ ‘ਤੇ ਭਾਰੀ ਬੋਝ ਬਣ ਸਕਦੇ ਹਨ: ਸਰਕਾਰੀ ਰਿਪੋਰਟ

ਲੰਡਨ: ਇੱਕ ਸਰਕਾਰੀ ਰਿਪੋਰਟ ਮੁਤਾਬਕ, ਯੂਕੇ ਵਿੱਚ ਆਸਰਾ ਮੰਗਣ ਵਾਲੇ ਸ਼ਰਨਾਰਥੀ ਆਪਣੀ ਜ਼ਿੰਦਗੀ ਦੌਰਾਨ ਟੈਕਸਦਾਤਿਆਂ ਨੂੰ ਲੱਖਾਂ ਪੌਂਡ ਦਾ ਖਰਚਾ ਪਾ ਸਕਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਹਾਇਸ਼, ਸਿਹਤ ਸੇਵਾਵਾਂ, ਸਿੱਖਿਆ, ਸਮਾਜਿਕ ਸਹਾਇਤਾ ਅਤੇ ਹੋਰ ਸਰਕਾਰੀ ਖਰਚਿਆਂ ਕਾਰਨ ਹਰ ਇਕ ਆਸਰਾ ਮੰਗਣ ਵਾਲੇ ‘ਤੇ ਸੈਂਕੜੇ ਹਜ਼ਾਰ ਪੌਂਡ ਦਾ ਵਿੱਤੀ ਬੋਝ ਪੈ ਸਕਦਾ ਹੈ। ਅਧਿਕਾਰੀਆਂ ਅਨੁਸਾਰ, ਜੇਕਰ ਸ਼ਰਨਾਰਥੀਆਂ ਨੂੰ ਜਲਦੀ ਰੋਜ਼ਗਾਰ ਨਾਲ ਨਹੀਂ ਜੋੜਿਆ ਜਾਂਦਾ ਅਤੇ ਉਨ੍ਹਾਂ ਦੀਆਂ ਅਰਜ਼ੀਆਂ ਲੰਮੇ ਸਮੇਂ ਤੱਕ ਲਟਕੀਆਂ ਰਹਿੰਦੀਆਂ ਹਨ, ਤਾਂ ਸਰਕਾਰੀ ਖਰਚਾ ਹੋਰ ਵੀ ਵੱਧ ਜਾਂਦਾ ਹੈ। ਰਿਪੋਰਟ ਨੇ ਇਹ ਵੀ ਦਰਸਾਇਆ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਦੇਸ਼ ਵਿੱਚ ਦਾਖ਼ਲ ਹੋਣ ਵਾਲਿਆਂ ਦੀ ਵੱਧ ਰਹੀ ਗਿਣਤੀ ਕਾਰਨ ਇਮੀਗ੍ਰੇਸ਼ਨ ਪ੍ਰਣਾਲੀ ‘ਤੇ ਦਬਾਅ ਪੈ ਰਿਹਾ ਹੈ। ਹਾਲਾਂਕਿ, ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਸ਼ਰਨਾਰਥੀਆਂ ਨੂੰ ਕੰਮ ਕਰਨ ਦੇ ਮੌਕੇ ਦਿੱਤੇ ਜਾਣ ਤਾਂ ਉਹ ਅਰਥਵਿਵਸਥਾ ਵਿੱਚ ਯੋਗਦਾਨ ਪਾ ਸਕਦੇ ਹਨ ਅਤੇ ਲੰਮੇ ਸਮੇਂ ਵਿੱਚ ਖਰਚਾ ਘਟਾਇਆ ਜਾ ਸਕਦਾ ਹੈ। ਇਹ ਰਿਪੋਰਟ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਸਰਕਾਰ ਅਤੇ ਵਿਰੋਧੀ ਧਿਰ ਦਰਮਿਆਨ ਚਰਚਾ ਨੂੰ ਹੋਰ ਤੇਜ਼ ਕਰਨ ਦੀ ਸੰਭਾਵਨਾ ਹੈ।

# 9 ਸਾਲ ਦੀ ਮਾਸੂਮ ਕੁੜੀ ਦੀ ਹੱਤਿਆ, 15 ਸਾਲਾ ਮੁੰਡਾ ਗ੍ਰਿਫ਼ਤਾਰ – ਇਲਾਕੇ ‘ਚ ਸੋਗ ਦੀ ਲਹਿਰ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਵੇਸਟਨ-ਸੁਪਰ-ਮਾਰੇ ਸ਼ਹਿਰ ਵਿੱਚ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। 9 ਸਾਲ ਦੀ ਮਾਸੂਮ ਬੱਚੀ ਅਰੀਆ ਥੋਰਪ ਦੀ ਮੌਤ ਹੋ ਗਈ ਹੈ ਅਤੇ ਇਸ ਮਾਮਲੇ ਵਿੱਚ 15 ਸਾਲ ਦੇ ਇੱਕ ਨਾਬ-ਾਲਗ ਮੁੰਡੇ ਨੂੰ ਕਤਲ ਦੇ ਦੋਸ਼ ‘ਚ ਗ੍ਰਿਫ਼ਤਾਰ ਕਰ ਕੇ ਚਾਰਜ ਕੀਤਾ ਗਿਆ ਹੈ। ਪੁਲਿਸ ਮੁਤਾਬਕ, ਬੱਚੀ ਨੂੰ ਘਰ ਦੇ ਅੰਦਰ ਚਾਕੂ ਮਾਰਿਆ ਗਿਆ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮੁੰਡੇ ਦਾ ਨਾਮ ਕਾਨੂੰਨ ਮੁਤਾਬਕ ਜਾਹਿਰ ਨਹੀਂ ਕੀਤਾ ਜਾ ਸਕਦਾ। ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਅਤੇ ਡਰ ਦਾ ਮਾਹੌਲ ਹੈ। ਇਹ ਦਰਦਨਾਕ ਘਟਨਾ ਸੋਮਵਾਰ ਸ਼ਾਮ ਨੂੰ ਹੋਈ, ਜਦੋਂ ਪੁਲਿਸ ਨੂੰ ਇੱਕ ਘਰ ਤੋਂ ਐਮਰਜੈਂਸੀ ਕਾਲ ਮਿਲੀ। ਪੁਲਿਸ ਜਦੋਂ ਮੌਕੇ ‘ਤੇ ਪਹੁੰਚੀ ਤਾਂ 9 ਸਾਲ ਦੀ ਅਰੀਆ ਥੋਰਪ ਗੰਭੀਰ ਹਾਲਤ ਵਿੱਚ ਮਿਲੀ। ਬੱਚੀ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਉਸ ਦੀ ਮੌਤ ਹੋ ਗਈ। ਬਾਅਦ ਵਿੱਚ ਪਤਾ ਲੱਗਾ ਕਿ ਉਸ ਨੂੰ ਇੱਕ ਹੀ ਵਾਰ ਚਾਕੂ ਮਾਰਿਆ ਗਿਆ ਸੀ। ਪੁਲਿਸ ਨੇ ਕੁਝ ਹੀ ਸਮੇਂ ਵਿੱਚ ਨਜ਼ਦੀਕੀ ਇਲਾਕੇ ਤੋਂ 15 ਸਾਲ ਦੇ ਮੁੰਡੇ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ‘ਤੇ ਕਤਲ ਦਾ ਕੇਸ ਦਰਜ ਕਰ ਦਿੱਤਾ ਗਿਆ ਹੈ ਅਤੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਕਿਉਂਕਿ ਮੁੰਡਾ ਨਾਬਾਲਗ ਹੈ, ਇਸ ਲਈ ਉਸ ਦੀ ਪਹਿਚਾਣ ਗੁਪਤ ਰੱਖੀ ਜਾ ਰਹੀ ਹੈ। ਇਸ ਘਟਨਾ ਨਾਲ ਬੱਚੀ ਦਾ ਪਰਿਵਾਰ ਟੁੱਟ ਗਿਆ ਹੈ ਅਤੇ ਸਾਰਾ ਸ਼ਹਿਰ ਦੁੱਖ ਵਿੱਚ ਡੁੱਬਿਆ ਹੋਇਆ ਹੈ। ਲੋਕਾਂ ਵੱਲੋਂ ਘਰ ਦੇ ਬਾਹਰ ਫੁੱਲ, ਮੋਮਬੱਤੀਆਂ ਅਤੇ ਖਿਡੌਣੇ ਰੱਖ ਕੇ ਬੱਚੀ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਨੇ ਪਰਿਵਾਰ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਫਵਾਹਾਂ ਨਾ ਫੈਲਾਈਆਂ ਜਾਣ। ਇਹ ਘਟਨਾ ਸਮਾਜ ਲਈ ਇੱਕ ਵੱਡਾ ਸਵਾਲ ਛੱਡ ਕੇ ਜਾਂਦੀ ਹੈ ਕਿ ਬੱਚਿਆਂ ਦੀ ਸੁਰੱਖਿਆ ਲਈ ਹੋਰ ਕਦਮ ਚੁੱਕਣ ਦੀ ਲੋੜ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਅੰਮ੍ਰਿਤਸਰ ਵਿਖੇ ਚੋਰਾਂ ਨੇ ਗੁਰਦੁਆਰੇ ਦੀ ਗੋਲਕ ਕੱਟ ਕੇ ਲੁੱਟਿਆ ਚੜ੍ਹਾਵਾ; ਸੀਸੀਟੀਵੀ ਕੈਮਰੇ ਦਿਸੇ ਚੋਰ



ਅੰਮ੍ਰਿਤਸਰ-ਜੰਡਿਆਲਾ ਗੁਰੂਦੁਆਰਾ ਦੇ ਮੋਰੀ ਗੇਟ ’ਤੇ ਸਥਿਤ ਗੁਰਦੁਆਰਾ ਸ਼ਾਮ ਸਿੰਘ ਦੀ ਗੋਲਕ ਕੱਟ ਕੇ ਤਿੰਨ ਚੋਰਾਂ ਨੇ ਚੜ੍ਹਾਵਾ ਚੋਰੀ ਕਰ ਲਿਆ। ਪੂਰੀ ਘਟਨਾ ਸੀਸੀਟੀਵੀ ਵਿਚ ਕੈਦ ਹੋ ਗਈ, ਜਿਸ ਵਿਚ ਤਿੰਨ ਨਕਾਬਪੋਸ਼, ਹਥਿਆਰਬੰਦ ਲੁਟੇਰੇ ਦਿਖਾਈ ਦੇ ਰਹੇ ਹਨ। ਗੁਰਦੁਆਰੇ ਦੇ ਸੇਵਾਦਾਰ ਭਜਨ ਸਿੰਘ ਨੇ ਦੱਸਿਆ ਕਿ ਰਾਤ ਦੇ ਸਮੇਂ ਇੱਕ ਚੋਰ ਗੁਰਦੁਆਰੇ ਦੇ ਮੁੱਖ ਗੇਟ ਦਾ ਤਾਲਾ ਤੋੜ ਕੇ ਅੰਦਰ ਦਾਖਲ ਹੋਇਆ, ਜਦੋਂ ਕਿ ਉਸਦੇ ਦੋ ਸਾਥੀ ਬਾਹਰ ਖੜ੍ਹੇ ਸਨ ਅਤੇ ਪਹਿਰਾ ਦੇ ਰਹੇ ਸਨ। ਅੰਦਰ ਵੜਨ ਵਾਲੇ ਚੋਰ ਨੇ ਗੋਲਕ ਨੂੰ ਕਟਰ ਨਾਲ ਕੱਟ ਕੇ ਸਾਰਾ ਚੜ੍ਹਾਵਾ ਕੱਢ ਲਿਆ। ਇਸ ਤੋਂ ਬਾਅਦ ਤਿੰਨੋਂ ਦੋਸ਼ੀ ਮੌਕੇ ਤੋਂ ਭੱਜ ਗਏ। ਸਵੇਰੇ ਘਟਨਾ ਦੀ ਜਾਣਕਾਰੀ ਮਿਲਦੇ ਹੀ ਗੁਰਦੁਆਰਾ ਪ੍ਰਬੰਧਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ, ਜਿਸ ਵਿੱਚ ਤਿੰਨ ਨਕਾਬਪੋਸ਼ ਸ਼ੱਕੀ ਸਾਫ਼ ਦਿਖਾਈ ਦੇ ਰਹੇ ਹਨ। ਫੁਟੇਜ ਦੇ ਆਧਾਰ ’ਤੇ ਸ਼ੱਕੀਆਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅਣਪਛਾਤੇ ਚੋਰਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਆਲੇ-ਦੁਆਲੇ ਦੇ ਹੋਰ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਲੰਡਨ ਦੇ ਸਭ ਤੋਂ ਪੁਰਾਣੇ 'ਪੰਜਾਬ ਰੈਸਟੋਰੈਂਟ' ਵੱਲੋਂ
## ਕ੍ਰਿਸਮਿਸ ਤੇ ਨਵੇਂ ਸਾਲ ਦੀ ਸਾਡੇ ਸਮੂਹ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਵਧਾਈ

## ਵਧੀਆ ਅਤੇ ਸੁਆਦਿਸ਼ਟ ਖਾਣਿਆਂ ਲਈ ਪੰਜਾਬੀਆਂ ਦਾ ਸਭ ਤੋਂ ਮਸ਼ਹੂਰ ਰੈਸਟੋਰੈਂਟ





Punjab™ 1946

# Distinctive North Indian Cuisine

ਤੁਹਾਡੇ ਆਰਡਰ ਮੁਤਾਬਕ ਅਸੀਂ ਡੱਬਾ ਬੰਦ ਤਾਜ਼ਾ ਖਾਣਾ ਵੀ ਪਹੁੰਚਾਉਂਦੇ ਹਾਂ

ਤਿੰਨਾਂ ਪੁਸ਼ਤਾਂ ਤੋਂ ਚੱਲ ਰਿਹਾ, ਸਿੱਖਾਂ ਦਾ ਇੰਗਲੈਂਡ ਵਿੱਚ ਪਹਿਲਾ ਰੈਸਟੋਰੈਂਟ ਹੈ ।

ਆਪ ਸੁਰੱਖਿਅਤ ਰਹੋ ਅਤੇ ਦੂਜਿਆਂ ਦੀ ਸੁਰੱਖਿਆ ਦਾ ਖਿਆਲ ਰੱਖੋ

Our award-winning menu combines traditional tandoori dishes with our Punjabi specialities to suit all tastes. The 'Acharri Gosht' made with pickled lamb has to be experienced at least once in a lifetime, the classic 'Kadu Pumpkin Sabhji' has a sumptuous mouth watering flavour and you can't miss Grandad's special 'Kali Daal'.




ਅਸੀਂ ਤੁਹਾਡੀ ਸੇਵਾ ਲਈ ਸੱਤੇ ਦਿਨ ਖੁੱਲ੍ਹੇ ਹਾਂ ਲੰਚ ਅਤੇ ਡਿਨਰ ਲਈ ਪਧਾਰੋ




Open 7 days for Lunch and Dinner
80 Neal Street Covent Garden WC2H 9PA
Tel 020 7836 9787 020 7240 9979 www.punjab.co.uk

Covent Garden

# ਸਾਡੇ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਕ੍ਰਿਸਮਿਸ ਤੇ ਨਵੇਂ ਸਾਲ ਦੀਆਂ ਵਧਾਈਆਂ

**Largest Glass Procesers, Merchants and Toughened Glass Manufacturer in Midlands**

Happy New Year 2026

# B.G.L

**ਕ੍ਰਿਸਮਿਸ ਮੁਬਾਰਕ**

**ਦੋ ਦਹਾਕੇ ਤੋਂ ਵੱਡੀ ਪੱਧਰ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਬਣਾਉਣ ਦੀ ਵਿਸ਼ਾਲ ਫੈਕਟਰੀ**



# ਬੀ.ਜੀ.ਐਲ




ਡਬਲ ਗਲੇਜ਼ਿੰਗ ਵਾਲਿਆਂ ਤੇ
ਸ਼ਾਪਫਰੰਟਸ ਬਣਾਉਣ ਵਾਲਿਆਂ ਲਈ
ਟਫਨਡ ਗਲਾਸ, ਲੈਮੀਨੇਟ ਗਲਾਸ,
ਸੀ ਐਨ ਸੀ, ਫਾਇਰ ਗਲਾਸ,
ਸੋਫਟ ਕੋਟਡ ਗਲਾਸ
ਬਹੁਤ ਹੀ ਉੱਤਮ ਕੀਮਤਾਂ 'ਤੇ ਉਪਲਬੱਧ ਹੈ।

**We Offer**

Glass Processing - Float Glass - Tempered Glass - CNC - Laminate - Mirror Cut To Size Safety Back Mirror 4mm, 6mm - Balustrade - Fire Glass - Obs Range - Soft Coated Glass Drill Holes - Polished - Operating From 60,000 Square Feet Factory





ਸਾਡਾ ਆਪਣਾ ਫਲੀਟ ਤੁਹਾਡੇ ਦਰਾਂ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਅਪੜਦਾ ਕਰੇਗਾ।

ਵਧੀਆ ਕੁਆਲਿਟੀ ਦਾ ਟਫਨਡ ਤੇ ਹਰ ਤਰ੍ਹਾਂ ਦਾ ਗਲਾਸ ਹਾਸਲ ਕਰਨ ਲਈ ਬੀ.ਜੀ.ਐਲ ਦੀਆਂ ਵਿਸ਼ੇਸ਼ ਕੀਮਤਾਂ ਦਾ ਫਾਇਦਾ ਉਠਾਓ

**ਵਧੀਆ ਕੁਆਲਟੀ – ਵਾਜਬ ਕੀਮਤਾਂ**



BSI Registered Firm
EN 12150

**Bloomsbury Glass Ltd**
Kelvin Way, West Bromwich
West Midlands, B70 7LH
Tel : 0121 725 3000
Fax : 0121 725 3001
E-mail : info@bloomsburyglass.co.uk
www.bloomsburyglass.co.uk

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਜਲੰਧਰ ਜੜ੍ਹਾਂ ਵਾਲੇ ਬ੍ਰਿਟਿਸ਼ ਸਿੱਖ ਕੈਪਟਨ ਨੂੰ ਪ੍ਰਿੰਸੈੱਸ ਰਾਇਲ ਐਨ ਵੱਲੋਂ ਓਬੀਈ ਅਵਾਰਡ ਨਾਲ ਕੀਤਾ ਸਨਮਾਨਿਤ

## ✪ ਸਿੱਖਾਂ ਦੇ ਫੌਜੀ ਇਤਿਹਾਸ ਨੂੰ ਜਿਉਂਦਾ ਰੱਖਣ ਵਿਚ ਵੱਡਾ ਯੋਗਦਾਨ ਪਾਇਆ





ਲੰਡਨ-ਪੰਜਾਬ ਅਤੇ ਸਿੱਖ ਕੌਮ ਲਈ ਇਹ ਇੱਕ ਬਹੁਤ ਵੱਡੀ ਮਾਣ ਵਾਲੀ ਘੜੀ ਹੈ। ਬ੍ਰਿਟਿਸ਼ ਆਰਮੀ ਦੇ ਰਿਜ਼ਰਵਿਸਟ ਕੈਪਟਨ ਜੇ (ਜਗਜੀਤ) ਸਿੰਘ-ਸੋਹਲ ਨੂੰ ਬ੍ਰਿਟੇਨ ਦੀ ਪ੍ਰਿੰਸੈੱਸ ਰਾਇਲ ਐਨ ਵੱਲੋਂ ਸੇਂਟ ਜੇਮਜ਼ ਪੈਲੇਸ ਵਿੱਚ ਵੱਕਾਰੀ ਓਬੀਈ (ਆਫੀਸਰ ਆਫ਼ ਦਿ ਆਰਡਰ ਆਫ਼ ਦਿ ਬ੍ਰਿਟਿਸ਼ ਐਂਪਾਇਰ) ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਅਵਾਰਡ ਉਨ੍ਹਾਂ ਨੂੰ ਪਹਿਲੀ ਵਿਸ਼ਵ ਜੰਗ ਵਿੱਚ ਬ੍ਰਿਟੇਨ ਲਈ ਲੜਨ ਵਾਲੇ ਕਾਮਨਵੈਲਥ ਸਿਪਾਹੀਆਂ ਦੀ ਯਾਦ ਨੂੰ ਜਿਊਂਦਾ ਰੱਖਣ ਲਈ ਉਨ੍ਹਾਂ ਦੀਆਂ ਵਿਸ਼ੇਸ਼ ਸੇਵਾਵਾਂ ਲਈ ਦਿੱਤਾ ਗਿਆ ਹੈ।

ਕੈਪਟਨ ਜੇ ਸਿੰਘ-ਸੋਹਲ ਦੀਆਂ ਜੜ੍ਹਾਂ ਪੰਜਾਬ ਨਾਲ ਡੂੰਘੀਆਂ ਜੁੜੀਆਂ ਹਨ। ਉਨ੍ਹਾਂ ਦੇ ਪਿਤਾ ਜੀ ਦੇ ਦਾਦਾ-ਦਾਦੀ ਜਲੰਧਰ ਜ਼ਿਲ੍ਹੇ ਦੇ ਫਿਲੌਰ ਨੇੜੇ ਸਾਂਗ ਧੇਸੀਆਂ ਪਿੰਡ ਤੋਂ ਬ੍ਰਿਟੇਨ ਆ ਕੇ ਵੱਸੇ ਸਨ, ਜਦਕਿ ਨਾਨਾ-ਨਾਨੀ ਕਪੂਰਥਲਾ ਜ਼ਿਲ੍ਹੇ ਤੋਂ ਸਨ। ਬਰਮਿੰਘਮ ਵਿੱਚ ਜਨਮੇ 42 ਸਾਲਾ ਕੈਪਟਨ ਸਿੰਘ-ਸੋਹਲ ਰਾਇਲ ਸਟਨ ਕੋਲਡਫੀਲਡ ਦੇ ਨਿਵਾਸੀ ਹਨ ਅਤੇ ਪਿਛਲੇ 16 ਸਾਲਾਂ ਤੋਂ ਬ੍ਰਿਟਿਸ਼ ਆਰਮੀ ਰਿਜ਼ਰਵਿਸਟ ਵਜੋਂ ਸੇਵਾ ਨਿਭਾ ਰਹੇ ਹਨ। ਉਹ ਇੱਕ ਸਟ੍ਰੈਟੈਜਿਕ ਕਮਿਊਨੀਕੇਸ਼ਨਜ਼ ਮਾਹਿਰ ਵੀ ਹਨ। ਇਸ ਅਵਾਰਡ ਦੀ ਸਭ ਤੋਂ ਵੱਡੀ ਵਜ੍ਹਾ ਕੈਪਟਨ ਸਿੰਘ-ਸੋਹਲ ਦਾ ਉਹ ਮਹਾਨ ਕੰਮ ਹੈ ਜਿਸ ਵਿੱਚ ਉਨ੍ਹਾਂ ਨੇ ਬ੍ਰਿਟੇਨ ਵਿੱਚ ਪਹਿਲੀ ਵਾਰ ਸਿੱਖ ਸਿਪਾਹੀਆਂ ਨੂੰ ਸਮਰਪਿਤ ਇੱਕ ਰਾਸ਼ਟਰੀ ਯਾਦਗਾਰ ਸਥਾਪਿਤ ਕੀਤੀ। ਇਹ ਯਾਦਗਾਰ 2015 ਵਿੱਚ ਸਟਾਫੋਰਡਸ਼ਾਇਰ ਵਿੱਚ ਨੈਸ਼ਨਲ ਮੈਮੋਰੀਅਲ ਆਰਬੋਰੇਟਮ ਵਿਖੇ ਬਣਾਈ ਗਈ ਸੀ। ਇਹ ਜਗ੍ਹਾ ਬ੍ਰਿਟੇਨ ਦੀ ਯਾਦਗਾਰੀਆਂ ਦਾ ਕੇਂਦਰ ਹੈ, ਜਿੱਥੇ 400 ਤੋਂ ਵੱਧ ਯਾਦਗਾਰਾਂ ਹਨ। ਇਸ ਤੋਂ ਪਹਿਲਾਂ ਇੱਥੇ ਸਿੱਖ ਸਿਪਾਹੀਆਂ ਲਈ ਕੋਈ ਵਿਸ਼ੇਸ਼ ਯਾਦਗਾਰ ਨਹੀਂ ਸੀ। ਕੈਪਟਨ ਸਿੰਘ-ਸੋਹਲ ਨੇ ਇਸ ਨੂੰ ਬਣਵਾਉਣ ਲਈ ਫੰਡ ਇਕੱਠਾ ਕੀਤਾ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਇਹ ਯਾਦਗਾਰ ਇੱਕ ਵੱਡੀ ਯਾਦਗਾਰ ਹੈ ਜੋ ਪਹਿਲੀ ਵਿਸ਼ਵ ਜੰਗ ਵਿੱਚ ਲੜੇ ਸਿੱਖ ਸੈਨਿਕਾਂ ਦੀ ਬਹਾਦਰੀ ਨੂੰ ਦਰਸਾਉਂਦੀ ਹੈ।

ਪਹਿਲੀ ਵਿਸ਼ਵ ਜੰਗ ਵਿੱਚ ਸਿੱਖ ਸਿਪਾਹੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ (1914 ਵਿੱਚ) ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਸਿੱਖਾਂ ਦਾ ਹਿੱਸਾ 20% ਤੋਂ ਵੱਧ ਸੀ (ਕਈ ਇਤਿਹਾਸਕ ਸਰੋਤਾਂ ਮੁਤਾਬਕ 20-22%)। ਜਦਕਿ ਉਸ ਵੇਲੇ ਬ੍ਰਿਟਿਸ਼ ਭਾਰਤ ਦੀ ਕੁੱਲ ਆਬਾਦੀ ਵਿੱਚ ਸਿੱਖਾਂ ਦਾ ਹਿੱਸਾ ਸਿਰਫ਼ 1% ਤੋਂ 2% ਦੇ ਵਿਚਕਾਰ ਸੀ।ਯਾਨੀ ਸਿੱਖ ਆਬਾਦੀ ਦੇ ਹਿਸਾਬ ਨਾਲ ਬਹੁਤ ਘੱਟ ਸਨ, ਪਰ ਫੌਜ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਜ਼ਿਆਦਾ ਸੀ। ਇਹ ਬ੍ਰਿਟਿਸ਼ਾਂ ਦੀ "ਮਾਰਸ਼ਲ ਰੇਸ" ਨੀਤੀ ਕਾਰਨ ਹੋਇਆ, ਜਿਸ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਬਹਾਦਰ ਮੰਨ ਕੇ ਜ਼ਿਆਦਾ ਭਰਤੀ ਕੀਤਾ ਜਾਂਦਾ ਸੀ।

ਜੰਗ ਦੌਰਾਨ ਲੱਗਭਗ 1.3 ਤੋਂ 1.5 ਲੱਖ ਸਿੱਖ ਸਿਪਾਹੀਆਂ ਨੇ ਸੇਵਾ ਕੀਤੀ ਅਤੇ ਹਜ਼ਾਰਾਂ ਨੇ ਜਾਨਾਂ ਕੁਰਬਾਨ ਕੀਤੀਆਂ। 1.30 ਲੱਖ ਤੋਂ ਵੱਧ ਸਿੱਖ ਸਿਪਾਹੀਆਂ ਨੇ ਲੜਾਈ ਵਿੱਚ ਹਿੱਸਾ ਲਿਆ ਅਤੇ ਲੱਖਾਂ ਨੇ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਨੂੰ ਬਹਾਦਰੀ ਦੇ ਬਹੁਤ ਸਾਰੇ ਮੈਡਲ ਮਿਲੇ। ਕੈਪਟਨ ਸਿੰਘ-ਸੋਹਲ ਨੇ ਇਸ ਯਾਦਗਾਰ ਨੂੰ ਬਣਵਾ ਕੇ ਇਨ੍ਹਾਂ ਵੀਰਾਂ ਦੀਆਂ ਕੁਰਬਾਨੀਆਂ ਨੂੰ ਸਦਾ ਲਈ ਜਿਊਂਦਾ ਰੱਖਿਆ ਹੈ। ਉਨ੍ਹਾਂ ਨੇ ਇਸ ਤੋਂ ਇਲਾਵਾ ਵੀ ਬਹੁਤ ਸਾਰੇ ਪ੍ਰੋਗਰਾਮ ਅਤੇ ਈਵੈਂਟ ਕਰਵਾਏ ਹਨ ਜਿੱਥੇ ਲੋਕਾਂ ਨੂੰ ਸਿੱਖ ਸਿਪਾਹੀਆਂ ਦੇ ਯੋਗਦਾਨ ਬਾਰੇ ਦੱਸਿਆ ਜਾਂਦਾ ਹੈ। ਉਹ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਦੇ ਫਾਊਂਡੇਸ਼ਨ ਦੇ ਟਰੱਸਟੀ ਵੀ ਹਨ ਅਤੇ 2017 ਤੋਂ ਇਸ ਵਿੱਚ ਕੰਮ ਕਰ ਰਹੇ ਹਨ।

ਕੈਪਟਨ ਸਿੰਘ-ਸੋਹਲ ਨੇ ਅਵਾਰਡ ਲੈਣ ਤੋਂ ਬਾਅਦ ਕਿਹਾ ਕਿ ਉਹ ਇਸ ਮਾਣ ਤੋਂ ਬਹੁਤ ਖੁਸ਼ ਹਨ। ਉਨ੍ਹਾਂ ਨੇ ਕਿਹਾ, "ਇਹ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਅਤੇ ਬ੍ਰਿਟਿਸ਼ ਇਤਿਹਾਸ ਵਿੱਚ ਸਿੱਖਾਂ ਦਾ ਯੋਗਦਾਨ ਹੈ। ਮੈਂ ਆਸ ਕਰਦਾ ਹਾਂ ਕਿ ਇਹ ਨੌਜਵਾਨਾਂ ਨੂੰ ਪ੍ਰੇਰਿਤ ਕਰੇਗਾ ਕਿ ਉਹ ਵੀ ਆਪਣੇ ਦੇਸ਼ ਲਈ ਸੇਵਾ ਕਰਨ।" ਉਨ੍ਹਾਂ ਨੇ ਇਹ ਅਵਾਰਡ ਆਪਣੇ ਦਾਦਾ-ਦਾਦੀ ਨੂੰ ਸਮਰਪਿਤ ਕੀਤਾ, ਜੋ 1960 ਦੇ ਦਹਾਕੇ ਵਿੱਚ ਬ੍ਰਿਟੇਨ ਆਏ ਸਨ ਅਤੇ ਮਿਹਨਤਕਸ਼ ਜੀਵਨ ਜਿਊਂਦੇ ਹੋਏ ਸਿੱਖ ਕਦਰਾਂ ਕੀਮਤਾਂ ਨੂੰ ਕਾਇਮ ਰੱਖਿਆ।

ਬ੍ਰਿਟਿਸ਼ ਆਰਮੀ ਵਿੱਚ ਕੈਪਟਨ ਸਿੰਘ-ਸੋਹਲ ਦਾ ਯੋਗਦਾਨ ਵੀ ਬਹੁਤ ਮਹੱਤਵਪੂਰਨ ਹੈ। ਉਹ ਰਿਜ਼ਰਵਿਸਟ ਹੋਣ ਦੇ ਨਾਲ-ਨਾਲ ਸਿੱਖ ਇਤਿਹਾਸ ਨੂੰ ਪ੍ਰਮੋਟ ਕਰਦੇ ਹਨ। ਉਨ੍ਹਾਂ ਨੇ ਸਾਰਾਗੜ੍ਹੀ ਦੀ ਲੜਾਈ ਵਰਗੇ ਈਵੈਂਟ ਵੀ ਬ੍ਰਿਟੇਨ ਵਿੱਚ ਮਨਾਏ ਹਨ। ਉਨ੍ਹਾਂ ਦੇ ਕੰਮ ਨਾਲ ਨਾ ਸਿਰਫ਼ ਸਿੱਖ ਕੌਮ ਨੂੰ ਮਾਣ ਮਿਲਿਆ ਹੈ, ਸਗੋਂ ਵਿਭਿੰਨ ਭਾਈਚਾਰਿਆਂ ਨੂੰ ਵੀ ਬ੍ਰਿਟਿਸ਼ ਫੌਜ ਵਿੱਚ ਸੇਵਾ ਕਰਨ ਲਈ ਪ੍ਰੇਰਨਾ ਮਿਲੀ ਹੈ।

ਇਹ ਅਵਾਰਡ ਪੰਜਾਬੀ ਅਤੇ ਸਿੱਖ ਵਿਰਸੇ ਨੂੰ ਵਿਸ਼ਵ ਪੱਧਰ ਤੇ ਮਾਣ ਦਿੰਦਾ ਹੈ। ਇਹ ਦਿਖਾਉਂਦਾ ਹੈ ਕਿ ਸਿੱਖਾਂ ਨੇ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੀ ਆਪਣੀ ਬਹਾਦਰੀ ਅਤੇ ਸੇਵਾ ਨਾਲ ਨਾਮ ਕਮਾਇਆ ਹੈ। ਇਸ ਅਵਾਰਡ ਨਾਲ ਪੂਰੀ ਸਿੱਖ ਕੌਮ ਨੂੰ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਇਹ ਪੰਜਾਬੀਆਂ ਲਈ ਵੀ ਇੱਕ ਵੱਡੇ ਮਾਣ ਵਾਲੀ ਗੱਲ ਹੈ।

# ਬੱਬਰ ਖ਼ਾਲਸਾ ਨਾਲ ਸਬੰਧਤ ਗੈਂਗਸਟਰ ਤੋਂ ਖਾੜਕੂ ਬਣੇ ਦੋ ਵਿਅਕਤੀ ਮੁੰਬਈ ਵਿਚ ਗ੍ਰਿਫ਼ਤਾਰ



ਅੰਮ੍ਰਿਤਸਰ-ਬੀਤੇ ਦਿਨੀਂ ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਦੇ ਨਜ਼ਦੀਕੀ ਤਾਲਮੇਲ ਨਾਲ, ਪਾਬੰਦੀਸ਼ੁਦਾ ਖਾੜਕੂ ਸੰਗਠਨ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀਕੇਆਈ) ਨਾਲ ਸਬੰਧਤ ਗੈਂਗਸਟਰ ਤੋਂ ਖਾੜਕੂ ਬਣੇ ਦੋ ਵਿਅਕਤੀਆਂ ਨੂੰ ਮੁੰਬਈ ਪਹੁੰਚਣ 'ਤੇ ਸਫਲਤਾਪੂਰਵਕ ਗ੍ਰਿਫ਼ਤਾਰ ਕੀਤਾ। ਇਹ ਜਾਣਕਾਰੀ ਇੱਥੇ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਾਜਨ ਮਸੀਹ ਵਾਸੀ ਵੈਰੋਕੇ, ਗੁਰਦਾਸਪੁਰ ਅਤੇ ਸੁਖਦੇਵ ਕੁਮਾਰ ਉਰਫ਼ ਮੁਨੀਸ਼ ਬੇਦੀ ਵਾਸੀ ਲਾਹੌਰੀ ਗੇਟ, ਅੰਮ੍ਰਿਤਸਰ ਵਜੋਂ ਹੋਈ ਹੈ। ਦੋਵੇਂ ਵੱਡੇ ਅਪਰਾਧਿਕ ਪਿਛੋਕੜ ਵਾਲੇ ਮੁਲਜ਼ਮ ਹਨ ਅਤੇ ਉਨ੍ਹਾਂ ਵਿਰੁੱਧ ਬਟਾਲਾ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਥਾਣਿਆਂ ਵਿੱਚ ਕਤਲ, ਇਰਾਦਾ ਕਤਲ, ਹਥਿਆਰਾਂ ਤੇ ਵਿਸਫੋਟਕ ਪਦਾਰਥਾਂ ਨਾਲ ਸਬੰਧਤ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਕਈ ਮਾਮਲੇ ਦਰਜ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਪਾਕਿਸਤਾਨ ਆਧਾਰਤ ਆਈਐਸਆਈ-ਸਮਰਥਿਤ ਹਰਵਿੰਦਰ ਸਿੰਘ ਰਿੰਦਾ ਤੇ ਅਮਰੀਕਾ ਅਧਾਰਿਤ ਬੀਕੇਆਈ-ਆਪਰੇਟਿਵ ਹਰਪ੍ਰੀਤ ਸਿੰਘ ਹੈਪੀ ਪਾਸੀਆ (ਹਿਰਾਸਤ ਵਿੱਚ) ਦੇ ਅਹਿਮ ਸਾਥੀ ਸਨ। ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੁਬਈ ਅਤੇ ਅਰਮੀਨੀਆ ਸਮੇਤ ਵਿਦੇਸ਼ੀ ਥਾਵਾਂ ਤੋਂ ਕੰਮ ਕਰ ਰਹੇ ਸਨ ਅਤੇ ਪੰਜਾਬ ਵਿੱਚ ਅਪਰਾਧਿਕ ਤੇ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਹੇ ਸਨ। ਡੀਜੀਪੀ ਨੇ ਇਸ ਨੂੰ ਪੰਜਾਬ ਪੁਲਿਸ ਦੀ ਵੱਡੀ ਸਫਲਤਾ ਦੱਸਿਆ। ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਬੀਕੇਆਈ ਨਾਲ ਜੁੜੇ ਇੱਕ ਨੈੱਟਵਰਕ ਦਾ ਹਿੱਸਾ ਸਨ, ਜੋ ਅੰਮ੍ਰਿਤਸਰ ਅਤੇ ਬਟਾਲਾ ਦੇ ਕਈ ਥਾਣਿਆਂ 'ਤੇ ਗ੍ਰਨੇਡ ਹਮਲਿਆਂ ਅਤੇ ਜੌੜੀਆਂ ਕਲਾਂ ਦੇ ਹਰਦੀਪ ਸਿੰਘ ਤੇ ਡੇਰਾ ਬਾਬਾ ਨਾਨਕ ਦੇ ਕਰਿਆਨਾ ਸਟੋਰ ਦੇ ਮਾਲਕ ਰਵੀ ਕੁਮਾਰ ਦੀਆਂ ਹੱਤਿਆਵਾਂ ਲਈ ਜ਼ਿੰਮੇਵਾਰ ਸਨ। ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀ ਸਾਜਨ ਮਸੀਹ ਇੱਕ ਹੋਰ ਮੁੱਖ ਸਹਿਯੋਗੀ ਸ਼ਮਸ਼ੇਰ ਸ਼ੇਰਾ ਉਰਫ਼ ਹਨੀ, ਜੋ ਇਸ ਸਮੇਂ ਅਰਮੇਨੀਆ ਵਿੱਚ ਰਹਿ ਰਿਹਾ ਹੈ, ਦੇ ਵੀ ਸੰਪਰਕ ਵਿੱਚ ਸੀ।

# ਨਸ਼ੇੜੀ ਨੌਜਵਾਨ ਵੱਲੋਂ ਗੁਰਦੁਆਰਾ ਸਾਹਿਬ 'ਚ ਬੇਅਦਬੀ ਦੀ ਕੋਸ਼ਿਸ਼, ਪਾਠੀ ਸਿੰਘਾਂ ਨੇ ਫੜਿਆ



ਫ਼ਿਰੋਜ਼ਪੁਰ-ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਨਸ਼ੇ ਦੀ ਹਾਲਤ ਵਿੱਚ ਇੱਕ ਨੌਜਵਾਨ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋ ਗਿਆ ਅਤੇ ਉਸਨੇ ਉਸ ਰੁਮਾਲਾ ਸਾਹਿਬ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ, ਜਿਸ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਮੌਕੇ 'ਤੇ ਹਾਜ਼ਰ ਪਾਠੀ ਸਿੰਘਾਂ ਅਤੇ ਸੇਵਾਦਾਰਾਂ ਨੇ ਤੁਰੰਤ ਕਾਰਵਾਈ ਕਰਦਿਆਂ ਨੌਜਵਾਨ ਨੂੰ ਫੜ੍ਹ ਲਿਆ।

ਨੌਜਵਾਨ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਲਿਜਾ ਕੇ ਲੋਕਾਂ ਨੇ ਉਸਦੀ ਕੁੱਟਮਾਰ ਵੀ ਕੀਤੀ। ਇਹ ਸਾਰੀ ਘਟਨਾ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਇਸ ਘਟਨਾ ਕਾਰਨ ਸਥਾਨਕ ਲੋਕਾਂ ਅਤੇ ਸੰਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਲੋਕਾਂ ਨੇ ਇਸ ਮਾਮਲੇ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ, ਜਿਸ ਤੋਂ ਬਾਅਦ ਪੁਲਿਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਦੋਸ਼ੀ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਨੇ ਕਿਹਾ ਕਿ ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਤੋਂ ਬਾਅਦ ਦੋਸ਼ੀ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਾਦਸ਼ਾਹ ਦਰਵੇਸ ਗੁਰੂ ਗੋਬਿੰਦ ਸਿੰਘ

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

**ਡਾ. ਹਰਪਾਲ ਸਿੰਘ ਪੰਨੂ**



ਕਸ਼ਮੀਰੀ ਬ੍ਰਾਹਮਣਾਂ ਦਾ ਜਿਹੜਾ ਫਰਿਆਦੀ ਜਥਾ ਨੌਵੇਂ ਪਾਤਸ਼ਾਹ ਪਾਸ 1675 ਈਸਵੀ ਵਿਚ ਅਨੰਦਪੁਰ ਸਾਹਿਬ ਪੁੱਜਾ, ਉਸ ਜਥੇ ਦੀ ਅਗਵਾਈ ਕਰਨ ਵਾਲੇ ਵਿਦਵਾਨ ਸੱਜਣ ਭਾਈ ਕਿਰਪਾ ਰਾਮ ਜੀ ਸਨ। ਭਾਈ ਕਿਰਪਾ ਰਾਮ ਆਪਣੇ ਵਕਤ ਦੇ ਸ਼੍ਰੋਮਣੀ ਵਿਦਵਾਨ ਸਨ, ਸੰਸਕ੍ਰਿਤ, ਅਰਬੀ ਅਤੇ ਫਾਰਸੀ ਦੇ ਗੁਣਵਾਨ ਅਧਿਆਪਕ। ਜਦੋਂ ਫ਼ੈਸਲਾ ਹੋ ਗਿਆ ਕਿ ਗੁਰੂ ਜੀ ਸ਼ਹਾਦਤ ਦੇਣ ਦਿੱਲੀ ਜਾਣਗੇ, ਭਾਈ ਕਿਰਪਾ ਰਾਮ ਨੇ ਬਾਕੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਦਿੱਲੀ ਸ਼ਹਾਦਤ ਦੇਣ ਦਾ ਫ਼ੈਸਲਾ ਲਿਆ। ਗੁਰੂ ਤੇਗ ਬਹਾਦਰ ਸਾਹਿਬ ਨੇ ਉਨ੍ਹਾਂ ਨੂੰ ਹੁਕਮ ਦਿੱਤਾ, "ਭਾਈ ਕਿਰਪਾ ਰਾਮ, ਤੁਸੀਂ ਦਿੱਲੀ ਨਹੀਂ ਜਾਓਗੇ, ਤੁਹਾਨੂੰ ਵਾਪਸ ਕਸ਼ਮੀਰ ਵੀ ਜਾਣ ਦੀ ਆਗਿਆ ਨਹੀਂ ਹੈ। ਅਸੀਂ ਤੁਹਾਡੇ ਉੱਪਰ ਇਕ ਹੋਰ ਜ਼ਿੰਮੇਵਾਰੀ ਪਾਉਣੀ ਹੈ। ਬਾਲਕ ਗੋਬਿੰਦ ਰਾਏ ਦੀ ਵਿੱਦਿਆ ਅੱਗੋਂ ਤੋਂ ਤੁਹਾਡੀ ਨਿਗਰਾਨੀ ਵਿਚ ਹੋਇਗੀ। ਇਹ ਫਰਜ਼ ਨਿਭਾਉਣਾ।"

ਗੁਰੂ ਜੀ ਦਿੱਲੀ ਲਈ ਰਵਾਨਾ ਹੋ ਗਏ। ਭਾਈ ਕਿਰਪਾ ਰਾਮ ਬਤੌਰ ਅਧਿਆਪਕ ਆਨੰਦਪੁਰ ਟਿਕ ਗਏ। ਗੁਰੂ ਗੋਬਿੰਦ ਰਾਏ ਜੀ ਨੇ ਸੰਸਕ੍ਰਿਤ, ਅਰਬੀ ਅਤੇ ਫਾਰਸੀ ਵਿਦਿਆਵਾਂ, ਪਿੰਗਲ ਅਰੂਜ਼ ਆਦਿਕ ਗੁਣ ਉਨ੍ਹਾਂ ਪਾਸੋਂ ਸਿੱਖੇ। ਤੇਤੀ ਸਾਲ ਦੀ ਭਰ ਜੁਆਨ ਉਮਰੇ ਜਦੋਂ ਕਲਗੀਧਰ ਨੇ 1699 ਈ. ਵਿਚ ਖਾਲਸਾ ਪੰਥ ਪ੍ਰਗਟ ਕੀਤਾ, ਭਾਈ ਕਿਰਪਾ ਰਾਮ ਗੁਰ-ਦਰਬਾਰ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ, "ਮਹਾਰਾਜ, ਸਾਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਪੰਥ ਵਿਚ ਸ਼ਾਮਲ ਕਰੋ।" ਗੁਰੂ ਜੀ ਨੇ ਨਿਮਰਤਾ ਸਹਿਤ ਫੁਰਮਾਇਆ, "ਤੁਸੀਂ ਅਸਾਂ ਦੇ ਅਧਿਆਪਕ ਹੋ, ਕੀ ਤੁਹਾਡੇ ਲਈ ਅੰਮ੍ਰਿਤ ਪਾਨ ਕਰਨਾ ਜ਼ਰੂਰੀ ਹੈ?"

ਭਾਈ ਕਿਰਪਾ ਰਾਮ ਜੀ ਨੇ ਕਿਹਾ, "ਅਸਾਂ ਪਾਸ ਵਿਹਾਰਕ ਸੰਸਾਰਕ ਵਿੱਦਿਆ ਸੀ ਮਹਾਰਾਜ, ਸੋ ਸਾਰੀ ਦੀ ਸਾਰੀ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮ ਮੁਜਬ ਆਪ ਨੂੰ ਸਪ੍ਰੇਮ ਦਿੱਤੀ। ਰੂਹਾਨੀ ਦੌਲਤ ਆਪ ਪਾਸ ਹੈ ਜੋ ਅੰਮ੍ਰਿਤ ਸੰਸਕਾਰ ਰਾਹੀਂ ਆਪ ਖਾਲਸੇ ਵਿਚ ਵਰਤਾ ਰਹੇ ਹੋ। ਅਸੀਂ ਇਸ ਖਜ਼ਾਨੇ ਤੋਂ ਕਿਉਂ ਵੰਚਿਤ ਰਹੀਏ?" ਆਗਿਆ ਪਾਕੇ ਅੰਮ੍ਰਿਤ ਛਕਿਆ, ਕਿਰਪਾ ਰਾਮ ਤੋਂ ਕਿਰਪਾ ਸਿੰਘ ਹੋਏ। ਚਮਕੌਰ ਦੇ ਯੁੱਧ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਹਿਫ਼ਾਜ਼ਤ ਵਿਚ ਲੜਦਿਆਂ ਸ਼ਹਾਦਤ ਦਿੱਤੀ। ਇੱਥੇ ਵੀ ਆਪੇ ਗੁਰਚੇਲਾ ਵਿਸ਼ੇਸ਼ਣ ਮੁਜਬ, ਜੋ ਕਦੀ ਵਿਦਿਆਰਥੀ ਸੀ ਉਹ ਗੁਰੂ ਹੋ ਗਿਆ, ਅਧਿਆਪਕ ਸ਼ਾਗਿਰਦ ਹੋ ਗਿਆ।

ਭਾਈ ਕਿਰਪਾ ਸਿੰਘ ਅਤੇ ਭਾਈ ਨੰਦਲਾਲ ਜੀ ਗੁਰੂ ਤੇਗ ਬਹਾਦਰ ਸਾਹਿਬ ਦੇ ਹਾਣੀ ਸਨ। ਭਾਈ ਨੰਦਲਾਲ ਜੀ ਦਾ ਵੱਡਾ ਬੇਟਾ ਦਸਮ ਪਾਤਸ਼ਾਹ ਤੋਂ ਉਮਰ ਵਿਚ ਵੱਡਾ ਸੀ। ਭਾਈ ਨੰਦਲਾਲ ਔਰੰਗਜ਼ੇਬ ਦੇ ਸਭ ਤੋਂ ਵੱਡੇ ਬੇਟੇ ਸ਼ਾਹਜ਼ਾਦਾ ਮੁਅੱਜ਼ਮ (ਜੋ ਬਾਅਦ ਵਿਚ ਬਾਦਸ਼ਾਹ ਬਹਾਦਰ ਸ਼ਾਹ ਅਖਵਾਇਆ) ਦੇ ਅਧਿਆਪਕ ਸਨ, ਅਰਬੀ ਫਾਰਸੀ ਦੀ ਤਾਲੀਮ ਦਿਆ ਕਰਦੇ। ਉਨ੍ਹਾਂ ਨੇ ਹੀ ਸ਼ਾਹਜ਼ਾਦੇ ਨੂੰ ਦਸਮ ਪਾਤਸ਼ਾਹ ਦੀਆਂ ਅਜ਼ਮਤਾਂ ਤੋਂ ਜਾਣੂ ਕਰਵਾਇਆ ਸੀ। ਤਾਜਪੋਸ਼ੀ ਦੇ ਯੁੱਧ ਵਿਚ ਦਸਮ ਪਾਤਸ਼ਾਹ ਨੇ ਸ਼ਾਹਜ਼ਾਦੇ ਦੀ ਸੈਨਿਕ ਮਦਦ ਕੀਤੀ ਸੀ ਜਿਸ ਦੇ ਫਲਸਰੂਪ ਤਾਜਪੋਸ਼ੀ ਵਕਤ ਉਸ ਨੇ ਗੁਰੂ ਜੀ ਨੂੰ ਆਗਰੇ ਵਿਖੇ ਲੱਖਾਂ ਦੀਆਂ ਖਿਲਅਤਾਂ ਨਾਲ ਸਨਮਾਨਿਤ ਕੀਤਾ ਸੀ। ਸ਼ਾਹਜ਼ਾਦੇ ਨੇ ਹੀ ਭਾਈ ਨੰਦਲਾਲ ਨੂੰ ਆਪਣੇ ਪਿਤਾ ਦੀ ਨੀਅਤ ਤੋਂ ਜਾਣੂ ਕਰਵਾਇਆ ਸੀ ਕਿ ਤੁਹਾਨੂੰ ਇਸਲਾਮ ਧਾਰਨ ਕਰਨ ਦਾ ਹੁਕਮ ਮਿਲਣ ਵਾਲਾ ਹੈ। ਸੂਚਨਾ ਮਿਲਣ ਉਪਰੰਤ ਭਾਈ ਨੰਦਲਾਲ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਆ ਗਏ ਸਨ ਤੇ ਨਾਂਦੇੜ, ਜੋਤੀ ਜੋਤਿ ਸਮਾਉਣ ਤੱਕ ਗੁਰੂ ਜੀ ਪਾਸ ਰਹੇ। ਭਾਈ ਨੰਦਲਾਲ ਦਾ ਸਾਰਾ ਕਲਾਮ ਗੁਰੂ ਦਸਮ ਪਾਤਸ਼ਾਹ ਨੂੰ ਸੰਬੋਧਿਤ ਹੈ। ਸਾਰੀਆਂ ਸ਼ਹਾਦਤਾਂ ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਵਾਪਰੀਆਂ। ਵੱਡੇ ਦੁੱਖਾਂ ਨੂੰ ਯਾਦ ਕਰਦਿਆਂ ਉਹ ਇਉਂ ਫਾਰਸੀ ਵਿਚ ਕਲਮਬੰਦ ਕਰਦੇ ਹਨ:

ਅਸੀਂ ਮਿਲੇ ਤਾਂ ਪਿਆਰ ਕੀਤਾ॥  
ਵਿੱਛੜੇ ਤਾਂ ਸਬਰ ਕਰ ਬੈਠੇ ਖਾਮੋਸ਼॥  
ਕੋਇਲਾਂ, ਬੁਲਬੁਲਾਂ, ਪਪੀਹਿਆਂ ਵਾਂਗ  
ਅਸੀਂ ਚੀਕਾਂ ਨਹੀਂ ਮਾਰੀਆਂ॥

ਭਾਈ ਨੰਦਲਾਲ ਗੁਰੂ ਜੀ ਨੂੰ ਸੰਬੋਧਨ ਕਰਦਿਆਂ ਫੁਰਮਾਉਂਦੇ ਹਨ : "ਤੁਸਾਂ ਦੇ ਦੀਦਾਰ ਦੀ ਇਕ ਝਲਕ ਬਦਲੇ ਜਾਨ ਹਾਜ਼ਰ ਹੈ ਹਜ਼ੂਰ।" ਉਹ ਹੱਸ ਕੇ ਬੋਲੇ - "ਇਸ ਘਰ ਵਿਚ ਕੋਈ ਸੌਦੇਬਾਜ਼ੀ ਨਹੀਂ ਚਲਦੀ।" ਭਾਈ ਨੰਦਲਾਲ ਜੀ ਨੂੰ ਕੋਈ ਸਰੋਤਾ ਪੁੱਛਦਾ- ਇੰਨੇ ਸੁਹਣੇ ਖਿਆਲ ਤੁਹਾਡੇ ਪਾਸ ਕਿੱਥੋਂ ਆਉਂਦੇ ਹਨ, ਕਿਵੇਂ ਆਉਂਦੇ ਹਨ? ਉੱਤਰ ਦਿੰਦੇ- ਮੇਰੇ ਸਾਹਮਣੇ ਉੱਚੇ ਦਸਤਰਖਾਨ (ਡਾਇਨਿੰਗ ਟੇਬਲ) ਉੱਪਰ ਇਕ ਕਾਮਲ ਫ਼ਕੀਰ ਬਿਰਾਜਮਾਨ ਹੈ, ਖਾਣਾ ਖਾਂਦਾ ਹੈ ਤਾਂ ਕੁਝ ਭੋਰੇ ਹੇਠਾਂ ਜ਼ਮੀਨ ਉੱਤੇ ਡਿੱਗੇ ਮੈਂ ਚੁਗ ਲੈਂਦਾ ਹਾਂ। ਤੁਸੀਂ ਸੁਹਣਾ ਸ਼ਿਅਰ ਆਖ ਕੇ ਦਾਦ ਦਿੰਦੇ ਹੋ।

ਆਨੰਦਪੁਰ ਬਾਬਤ ਭਾਈ ਨੰਦਲਾਲ ਜੀ ਦਾ ਵਾਕ- ਕਦੀ ਫੁਰਸਤ ਮਿਲੇ ਆਨੰਦਪੁਰ ਜਾਣਾ। ਆਨੰਦਪੁਰ ਜਾਓਗੇ ਤਾਂ ਦੇਖੋਗੇ ਆਨੰਦਪੁਰੀ ਦੀਆਂ ਗਲੀਆਂ ਵਿਚ ਫਿਰਦੇ ਮੰਗਤੇ ਬਾਦਸ਼ਾਹੀਆਂ ਵੰਡਦੇ ਫਿਰਦੇ ਹਨ।

ਭਾਈ ਮਹਾਂ ਸਿੰਘ ਦੀ ਟੁੱਟੀ ਗੰਢੀ ਮਗਰੋਂ ਇਕ ਵਾਰ ਇਕ ਹੋਰ ਟੁੱਟੀ ਗੰਢੀ ਸੀ। ਮੁਕਤਸਰ ਨਜ਼ਦੀਕ ਮਹਾਰਾਜ ਦੇ ਘੋੜੇ ਦੀ ਲਗਾਮ ਫੜ ਲਈ ਸੀ ਸਿੱਖਾਂ ਨੇ। ਕਹਿੰਦੇ, "ਤਲਬਾਂ (ਤਨਖਾਹਾਂ) ਦਿਓ ਹਜ਼ੂਰ।" ਬੜੇ ਸਮਝਾਏ- ਅਸੀਂ ਕਿਹੜਾ ਖ਼ਜ਼ਾਨੇ ਛੁਪਾ ਕੇ ਰਖਦੇ ਹਾਂ ਭਾਈ। ਜੋ ਹੁੰਦਾ ਹੈ, ਸੋ ਤੁਹਾਡਾ। ਨਹੀਂ ਸਮਝੇ। ਤਕਰਾਰ ਹੁੰਦਾ ਰਿਹਾ। ਪਰਿਵਾਰ ਸੰਕਟ ਵਿਚ ਹੋਣ ਦੀ ਮੁਹਾਰਨੀ ਦੁਹਰਾਉਂਦੇ ਰਹੇ। ਭਾਈ ਦੁਨੀ ਚੰਦ ਖੱਚਰਾਂ ਉੱਪਰ ਲੱਦੇ ਮਾਲ ਸਣੇ ਆ ਪੁੱਜੇ, ਕਿਹਾ, "ਮਸਾਂ ਲੱਭੇ ਹੋ ਮਹਾਰਾਜ। ਵਿੰਗੇ ਟੇਢੇ ਰਾਹਾਂ ਥਾਣੀ ਪੁਛਦਾ ਪੁਛਾਂਦਾ ਆਪ ਪਾਸ ਪੁੱਜਾ। ਦਸਵੰਧ ਤਾਰਨਾ ਸੀ। ਕਬੂਲ ਕਰੋ ਹਜ਼ੂਰ।" ਪਿੱਠੋਂ ਦਾਲ ਉਤਾਰੀ, ਢਾਲਾਂ ਭਰ ਭਰ ਮਾਇਆ ਵੰਡਣ ਲੱਗੇ, ਪੁੱਛਦੇ- ਕਿੰਨੀਆਂ ਤਲਬਾਂ ਭਾਈ? ਜਿੰਨੀਆਂ ਕੋਈ ਦਸਦਾ ਉੱਨੀ ਵਾਰ ਰਕਮਾਂ ਵੰਡਦੇ। ਪੱਕੇ ਰੰਗ ਦਾ ਲੰਮਾ ਕੱਦਾਵਰ ਇਕ ਸਿੱਖ, ਹਟਵਾਂ ਨੀਵੀਂ ਪਾਈ ਖਲੋਤਾ ਰਿਹਾ, ਅਖੀਰ ਵਿਚ ਮਹਾਰਾਜ ਨੇ ਪੁੱਛਿਆ, "ਤੁਹਾਡੀਆਂ ਕਿੰਨੀਆਂ ਤਲਬਾਂ ਭਾਈ? ਕੀ ਨਾਮ ਤੁਹਾਡਾ?" ਸਿੱਖ ਬੋਲਿਆ, "ਸਾਡੀ ਕੋਈ ਤਲਬ ਬਕਾਇਆ ਨਹੀਂ ਮਹਾਰਾਜ। ਸਾਨੂੰ ਪੈਸੇ ਨਹੀਂ ਚਾਹੀਦੇ। ਨਾਮ ਦਾਨ ਸਿੰਘ ਹੈ।"

"ਹੋਰ ਕੀ ਚਾਹੀਦਾ ਹੈ ਦਾਨ ਸਿੰਘ?" ਸਿੱਖ ਨੇ ਕਿਹਾ, "ਸਿੱਖੀ ਚਾਹੀਦੀ ਹੈ ਮਹਾਰਾਜ। ਦਇਆਵਾਨ ਹੋ, ਸਿੱਖੀ ਦਿਓ ਹਜ਼ੂਰ।" ਮਹਾਰਾਜ ਨੇ ਗਲ ਲਾ ਕੇ ਕਿਹਾ, "ਅੱਜ ਮਾਲਵਾ ਗੁਰੂ ਨਾਨਕ ਦੇਵ ਜੀ ਦੇ ਮਹਿਲਾਂ ਨਾਲੋਂ ਟੁੱਟ ਚੱਲਿਆ ਸੀ, ਤੁਸੀਂ ਬਚਾ ਲਿਆ ਭਾਈ ਦਾਨ ਸਿੰਘ। ਮਹਾਂ ਸਿੰਘ ਜੀ ਨੇ ਜਿਵੇਂ ਮਾਝੇ ਦੀ ਟੁੱਟੀ ਗੰਢੀ, ਤੁਸੀਂ ਮਾਲਵੇ ਦੀ ਟੁੱਟੀ ਗੰਢੀ।"

ਇਕ ਜਣਾ ਗੁਸਤਾਖੀ ਕਰੇ, ਅਸੀਂ ਆਖਦੇ ਹਾਂ- ਇਹ ਸਾਰਾ ਇਲਾਕਾ ਹੀ ਦੋਜ਼ਖਾਂ ਵਿਚ ਜਾਏਗਾ। ਗੁਰੂ ਬਾਬਾ ਉਸ ਇਕ ਨੂੰ ਲੱਭਦਾ ਰਹਿੰਦਾ ਹੈ ਜਿਸਦੀ ਨੇਕੀ ਸਦਕਾ ਸਾਰਿਆਂ ਗੁਨਾਹਗਾਰਾਂ ਦੀ ਟੁੱਟੀ ਗੰਢੀ ਜਾਏ। ਸਿੱਖ ਅਤੇ ਗੁਰੂ ਵਿਚ ਇਹੋ ਫ਼ਰਕ ਹੈ।

ਟੂਟੀ ਗਾਢਣਹਾਰ ਗੁਪਾਲ

ਮਾਲਵਾ ਜਾਣਦਾ ਸੀ ਮਹਾਰਾਜ ਦਾ ਟਿਕਾਣਾ ਤਲਵੰਡੀ ਸਾਬੋ ਕੀ ਹੈ। ਭਾਈ ਫਤਿਹ ਸਿੰਘ ਅੰਮ੍ਰਿਤ ਵੇਲੇ ਉੱਠੇ, ਇਸ਼ਨਾਨ ਕੀਤਾ, ਘੋੜਾ ਬੀੜਿਆ, ਗੁਰੂ ਦਰਸ਼ਨਾਰਥ ਚਾਲੇ ਪਾ ਦਿੱਤੇ। ਮੱਥਾ ਟੇਕਿਆ, ਬਚਨ ਸੁਣੇ, ਬੇਨਤੀ ਕੀਤੀ, "ਮਹਾਰਾਜ ਸਾਡਾ ਪਿੰਡ ਨੇੜੇ ਹੀ ਹੈ, ਕਿਰਪਾ ਕਰੋ, ਚਰਨ ਪਾਓ।" ਬੇਨਤੀ ਮਨਜ਼ੂਰ ਕਰਦਿਆਂ ਕਿਹਾ, "ਅਗਲੇ ਸਪਤਾਹ ਆਵਾਂਗੇ।" ਖੁਸ਼ੀ ਖੁਸ਼ੀ ਵਾਪਸ ਆ ਕੇ ਘਰ ਦੱਸਿਆ, "ਮਹਾਰਾਜ ਆਪਣੇ ਪਿੰਡ ਆਉਣਾ ਮੰਨ ਗਏ ਹਨ।" ਵੱਡੇ ਭਰਾ ਰਾਮ ਸਿੰਘ ਗੁੱਸੇ ਹੋ ਗਏ, "ਇਹ ਕੀ ਕੀਤਾ ਫਤਿਹ ਸਿੰਘ? ਦੱਸੇ ਪੁੱਛੇ ਬਗੈਰ ਤਲਵੰਡੀ ਚਲੇ ਗਏ, ਸੱਦਾ ਦੇ ਆਏ।" ਫਤਿਹ ਸਿੰਘ ਨੇ ਪੁੱਛਿਆ, "ਕੁਛ ਗਲਤ ਹੋ ਗਿਆ ਭਾਈ ਜੀ?", "ਸਾਰਾ ਕੁਝ ਹੀ ਗਲਤ ਹੋ ਗਿਆ। ਪਰਿਵਾਰ ਵਿਚ ਗੱਲ ਕਰਨੀ ਬਣਦੀ ਸੀ, ਆਪਾਂ ਸਲਾਹ ਮਸ਼ਵਰਾ ਕਰਦੇ। ਪਰਿਵਾਰ ਹਾਮੀ ਭਰਦਾ ਫਿਰ ਆਪਾਂ ਪਿੰਡ ਦਾ ਇਕੱਠ ਸੱਦਦੇ, ਪਿੰਡ ਹਾਂ ਕਰਦਾ ਤਾਂ ਇਲਾਕੇ ਦੀ ਸੰਗਤ ਦੀ ਆਗਿਆ ਲੈਂਦੇ। ਮਹਾਰਾਜ ਨੂੰ ਬਿਠਾਵਾਂਗੇ ਕਿੱਥੇ, ਖੁਆਵਾਂਗੇ ਪਿਲਾਵਾਂਗੇ ਕੀ? ਆਪਾਂ ਭਾਈ ਡੱਲਾ ਸਿੰਘ ਵਰਗੇ ਧਨੀ ਨਹੀਂ ਕਿ ਫ਼ੌਜਾਂ ਦੀ ਮੇਜ਼ਬਾਨੀ ਕਰ ਸਕੀਏ। ਔਕਾਤ ਦੇਖਕੇ ਫ਼ੈਸਲਾ ਕਰੀਦਾ ਹੁੰਦੈ ਫਤਿਹ ਸਿੰਘ।"

ਬੇਚੈਨ ਭਾਈ ਫਤਿਹ ਸਿੰਘ ਦਾ ਦਿਨ ਮਸਾਂ ਬੀਤਿਆ, ਰਾਤ ਮਸਾਂ ਬੀਤੀ। ਅਗਲੀ ਸਵੇਰ ਘੋੜਾ ਬੀੜਿਆ, ਤਲਵੰਡੀ ਪੁੱਜੇ। ਚਰਨੀ ਹੱਥ ਲਾਕੇ ਬੇਨਤੀ ਕੀਤੀ, "ਤੁਸੀਂ ਤਾਂ ਰਹਿਮ ਦਿਲ ਹੋ ਕੇ ਪਿੰਡ ਆਉਣ ਦੀ ਸਾਡੀ ਅਰਜ਼ ਮੰਨ ਲਈ ਮਹਾਰਾਜ। ਪਰ ਹੁਣ ਹਾੜ੍ਹ ਦੀ ਗਰਮੀ ਹੈ, ਰੇਤ ਨਾਲ ਭਰੀਆਂ ਨ੍ਹੇਰੀਆਂ ਚੱਲ ਰਹੀਆਂ ਹਨ। ਜੇ ਸਾਉਣ ਦੀਆਂ ਬਾਰਸ਼ਾਂ ਵਿਚ ਆਵੋ ਤਾਂ ਵੱਧ ਠੀਕ ਨਾ ਰਹੇ?" ਕਲਗੀਧਰ ਬੋਲੇ, "ਫਿਕਰ ਨਾ ਕਰੋ ਫਤਿਹ ਸਿੰਘ ਜੀ। ਜੋ ਰੁੱਖੀ ਸੁੱਕੀ ਤੁਸੀਂ ਛਕਦੇ ਹੋ ਸੋਈ ਛਕਾਂਗੇ। ਦਸ ਦਿਨ ਰਹਾਂਗੇ।" ਪੁੱਜਣ ਦੀ ਤਰੀਕ ਦੱਸ ਦਿੱਤੀ।

ਪਹਿਲੋਂ ਪਿੰਡ ਦਾ ਫਿਰ ਇਲਾਕੇ ਦਾ ਇਕੱਠ ਹੋਇਆ, ਸੰਗਤਾਂ ਨੂੰ ਖੁਸ਼ਖਬਰੀ ਦਿੱਤੀ, ਬੇਨਤੀ ਕੀਤੀ- ਜਿਸ ਪਾਸ ਜੋ ਹੈ ਸੋ ਲੈਕੇ ਆਉਣਾ ਜੀ, ਦੁੱਧ, ਘਿਉ, ਅੰਨ ਦਾਣਾ, ਗੁੜ, ਚਾਦਰਾਂ, ਦਰੀਆਂ। ਪਿੰਡ ਦੇ ਬਾਹਰ ਛੱਪੜ ਦੀ ਸਫਾਈ ਸ਼ੁਰੂ ਹੋਈ। ਕੱਖ ਕਾਨੇ ਝਾੜ ਫੂਸ ਸਭ ਹੂੰਝ ਦਿੱਤੇ। ਪਿੱਪਲ ਹੇਠ ਦਰੀਆਂ ਚਾਦਰਾਂ ਵਿਛ ਗਈਆਂ। ਜਿਸ ਸਵੇਰ ਮਹਾਰਾਜ ਦੀ ਆਮਦ ਸੀ ਸੰਗਤ ਉਸ ਪਾਸੇ ਦੇਖਣ ਲੱਗੀ ਜਿੱਧਰੋਂ ਸਵਾਰੀ ਆਉਣੀ ਸੀ। ਜੈਕਾਰਾ ਛੱਡਿਆ ਗਿਆ। ਅੱਗੇ ਵਧਕੇ ਸਭ ਤੋਂ ਪਹਿਲਾਂ ਭਾਈ ਫਤਿਹ ਸਿੰਘ ਨੇ ਰਕਾਬ ਉੱਪਰ ਟਿਕੇ ਚਰਨ ਨੂੰ ਮੱਥਾ ਛੁਹਾਇਆ। ਠੰਢੀ ਹਵਾ ਦਾ ਬੁੱਲਾ ਆਇਆ, ਮਹਾਰਾਜ ਹੱਸ ਪਏ, ਕਿਹਾ, "ਤੁਸੀਂ ਤਾਂ ਕਹਿੰਦੇ ਸੀ ਗਰਮੀ ਹੈ, ਲੂਆਂ ਵਗਦੀਆਂ ਹਨ, ਇੱਥੇ ਤਾਂ ਪਾਉਂਟਾ ਸਾਹਿਬ ਬਣਿਆ ਪਿਆ ਹੈ ਭਾਈ ਫਤਿਹ ਸਿੰਘ!"

ਚੱਕ ਫਤਿਹ ਸਿੰਘ ਵਾਲਾ, ਬਠਿੰਡੇ ਤੋਂ ਦਸ ਕਿਲੋਮੀਟਰ ਚੜ੍ਹਦੇ ਵੱਲ ਸਥਿਤ ਹੈ, ਛੱਪੜ ਸਰੋਵਰ ਬਣਿਆ, ਕਿਨਾਰੇ ਇਤਿਹਾਸਕ ਗੁਰਦੁਆਰੇ ਦਾ ਨਾਮ ਪਾਉਂਟਾ ਸਾਹਿਬ ਹੈ। ਇਸ ਪਰਿਵਾਰ ਪਾਸ ਉਹ ਸਿੰਘਾਸਨ ਮੌਜੂਦ ਹੈ ਜਿਹੜਾ ਗੁਰੂ ਜੀ ਵਾਸਤੇ ਬਣਵਾਇਆ ਗਿਆ। ਇਸ ਨੂੰ ਉਹ ਪੀੜ੍ਹਾ ਸਾਹਿਬ ਕਹਿੰਦੇ ਹਨ। ਮਾਤਾ ਸੁੰਦਰੀ ਜੀ ਨਾਲ ਆਏ ਸਨ। ਮਾਤਾ ਜੀ ਅਤੇ ਗੁਰੂ ਜੀ ਦੇ ਪੁਰਾਣੇ ਲਿਬਾਸ ਇਸ ਪਰਿਵਾਰ ਪਾਸ ਸਾਂਭੇ ਹੋਏ ਹਨ। ਨਵੇਂ ਸਿਲਾ ਕੇ ਪਹਿਨਾਏ ਸਨ।

ਬਾਬਾ ਬੰਦਾ ਸਿੰਘ ਨੂੰ ਨਾਂਦੇੜ ਜਿਨ੍ਹਾਂ ਜਿਨ੍ਹਾਂ ਗੁਰੂ ਪ੍ਰੇਮੀਆਂ ਦੇ ਸਿਰਨਾਵੇਂ ਦਸਮ ਪਾਤਸ਼ਾਹ ਨੇ ਲਿਖਵਾਏ, ਉਨ੍ਹਾਂ ਵਿਚ ਭਾਈ ਫਤਿਹ ਸਿੰਘ ਦਾ ਨਾਮ ਵੀ ਸੀ। ਚੱਪੜਚਿੜੀ ਦੇ ਮੈਦਾਨ ਵਿਚ ਵਜ਼ੀਰ ਖਾਨ ਦਾ ਸਾਹਮਣਾ ਕਰਨ ਲਈ ਭਾਈ ਫਤਿਹ ਸਿੰਘ ਘੋੜਾ ਦੁੜਾ ਕੇ ਸਾਹਮਣੇ ਆਏ, ਰਕਾਬਾਂ 'ਤੇ ਖਲੋ ਕੇ ਦੋਵਾਂ ਹੱਥਾਂ ਨਾਲ ਕਿਰਪਾਨ ਦਾ ਵਾਰ ਕੀਤਾ। ਸੱਜੇ ਮੋਢੇ ਤੋਂ ਉਤਰਦੀ ਕਿਰਪਾਨ ਖੱਬੀ ਵੱਖੀ ਵਿਚੋਂ ਦੀ ਹੇਠ ਉਤਰ ਗਈ। ਵਜ਼ੀਰ ਖਾਨ ਦਾ ਧੜ ਦੋ ਟੋਟਿਆਂ ਵਿਚ ਘੋੜੇ ਦੇ ਸੱਜੇ ਖੱਬੇ ਡਿੱਗਿਆ।

ਨਾਂਦੇੜ ਦਾ ਨਾਮ ਹਜ਼ੂਰ ਸਾਹਿਬ ਕਿਵੇਂ ਪਿਆ, ਪਤਾ ਨਹੀਂ ਸੀ। ਸ. ਨਾਨਕ ਸਿੰਘ ਨਿਸ਼ਤਰ ਨੇ ਦੱਸਿਆ। ਨਿਜ਼ਾਮ ਹੈਦਰਾਬਾਦ ਦੀ ਮਦਦ ਵਾਸਤੇ ਮਹਾਰਾਜ ਰਣਜੀਤ ਸਿੰਘ ਨੇ ਸਰਕਾਰ ਖਾਲਸਾ ਵੱਲੋਂ ਜਿਹੜੇ ਗਿਆਰਾਂ ਰਿਸਾਲੇ ਭੇਜੇ, ਉਨ੍ਹਾ ਵਿਚੋਂ ਇਕ ਰਿਸਾਲਦਾਰ ਨਿਸ਼ਤਰ ਜੀ ਦਾ ਪੜਦਾਦਾ ਸੀ। ਨਿਸ਼ਤਰ ਜੀ ਦਾ ਪਰਿਵਾਰ ਫਿਰ ਵਾਪਸ ਨਹੀਂ ਮੁੜਿਆ, ਦੱਖਣੀ ਸਿੱਖ ਕਹਾਉਂਦੇ ਹਨ। ਮਹਾਰਾਜ ਦੀ ਵਿਦਾਈ ਦਾ ਸਮਾਂ ਆ ਗਿਆ। ਉਦਾਸ ਸਿੱਖ ਦੁਆਲੇ ਮੌਜੂਦ ਸਨ। ਭਾਈ ਨੰਦ ਲਾਲ ਨੇ ਪੁੱਛਿਆ, "ਚਲੇ ਜਾਓਗੇ ਮਹਾਰਾਜ?" ਭਾਈ ਦਇਆ ਸਿੰਘ ਬੋਲੇ, "ਤੁਹਾਡੇ ਬਗੈਰ ਕਿਵੇਂ ਰਹਿ ਸਕਾਂਗੇ ਪਿਤਾ ਜੀ?" ਮੁਸਕਾਂਦਿਆਂ ਮਹਾਰਾਜ ਨੇ ਫੁਰਮਾਇਆ, "ਜਾਣਾ ਕਿੱਥੇ ਹੈ? ਇੱਥੇ ਹੀ ਰਹਾਂਗੇ ਹਮੇਸ਼, ਤੁਹਾਡੇ ਹਜ਼ੂਰ।" ਨਾਂਦੇੜ ਦਾ ਨਾਮ ਹਜ਼ੂਰ ਸਾਹਿਬ ਹੋ ਗਿਆ।

# ਪਤਨੀ ਨੇ ਪਤੀ ਦੇ ਪ੍ਰੇਮ ਸਬੰਧਾਂ ਤੋਂ ਤੰਗ ਆਕੇ ਨਹਿਰ ਵਿਚ ਮਾਰੀ ਛਾਲ

## ✪ ਮਰਨ ਤੋਂ ਪਹਿਲਾਂ ਵੀਡਿਓ ਰਾਹੀਂ ਆਪਣੇ ਪਤੀ ਨੂੰ ਜ਼ਿੰਮੇਵਾਰ ਠਹਿਰਾਇਆ



ਦੋਰਾਹਾ-ਪਰਿਵਾਰਕ ਕਲੇਸ਼ ਅਤੇ ਪਤੀ ਦੇ ਕਥਿਤ ਨਾਜਾਇਜ਼ ਸਬੰਧਾਂ ਤੋਂ ਤੰਗ ਆ ਕੇ ਖੰਨਾ ਦੀ ਇਕ ਮਹਿਲਾ ਨੇ ਦੋਰਾਹਾ ਤੋਂ ਗੁਜ਼ਰਦੀ ਸਰਹਿੰਦ ਨਹਿਰ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਦੋਰਾਹਾ ਪੁਲਸ ਨੇ ਬੀਤੇ ਬੁੱਧਵਾਰ ਸਵੇਰੇ ਜੋੜੇਪੁਲ ਨੇੜੇ ਤੋਂ ਮਹਿਲਾ ਦੀ ਲਾਸ਼ ਬਰਾਮਦ ਕਰ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀ ਹੈ। ਮ੍ਰਿਤਕਾ ਦੇ ਭਰਾ ਵੱਲੋਂ ਦਿੱਤੀ ਗਈ ਸ਼ਿਕਾਇਤ ਵਿਚ ਉਸ ਦੇ ਪਤੀ ਅਤੇ ਲੁਧਿਆਣਾ ਦੀ ਇਕ ਮਹਿਲਾ 'ਤੇ ਗੰਭੀਰ ਦੋਸ਼ ਲਗਾਏ ਗਏ ਹਨ। ਜਿਸ ਦੇ ਆਧਾਰ 'ਤੇ ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਸੀਮਾ ਰਾਣੀ (51) ਨਿਵਾਸੀ ਕ੍ਰਿਸ਼ਨਾ ਨਗਰ ਖੰਨਾ ਨੇ ਨਹਿਰ ਵਿਚ ਛਾਲ ਮਾਰਨ ਤੋਂ ਪਹਿਲਾਂ ਇਕ ਆਡੀਓ ਸੁਨੇਹਾ ਰਿਕਾਰਡ ਕੀਤਾ ਸੀ। ਇਸ ਰਿਕਾਰਡਿੰਗ ਵਿਚ ਉਸ ਨੇ ਆਪਣੇ ਪਤੀ ਜਲਵਿੰਦਰ ਸਿੰਘ ਅਤੇ ਲੁਧਿਆਣਾ ਦੀ ਇਕ ਮਹਿਲਾ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਦੱਸਿਆ ਹੈ। ਮ੍ਰਿਤਕਾ ਦੇ ਭਰਾ ਸੋਨੂੰ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਉਸ ਦੇ ਜੀਜਾ ਦੇ ਲੁਧਿਆਣਾ ਦੀ ਇਕ ਮਹਿਲਾ ਨਾਲ ਲੰਮੇ ਸਮੇਂ ਤੋਂ ਨਾਜਾਇਜ਼ ਸਬੰਧ ਸਨ, ਜਿਸ ਕਾਰਨ ਉਸ ਦੀ ਭੈਣ ਦੇ ਘਰ ਵਿਚ ਅਕਸਰ ਝਗੜਾ ਹੁੰਦਾ ਰਹਿੰਦਾ ਸੀ। ਪਰਿਵਾਰ ਵੱਲੋਂ ਕਈ ਵਾਰ ਪੁਲਸ ਨੂੰ ਸ਼ਿਕਾਇਤ ਵੀ ਦਿੱਤੀ ਗਈ, ਪਰ ਕੋਈ ਠੋਸ ਕਾਰਵਾਈ ਨਹੀਂ ਹੋਈ। ਸੋਨੂੰ ਅਨੁਸਾਰ ਜਲਵਿੰਦਰ ਸਿੰਘ ਨੇ ਕਈ ਵਾਰ ਆਪਣਾ ਵਤੀਰਾ ਬਦਲਣ ਦਾ ਭਰੋਸਾ ਵੀ ਦਿੱਤਾ, ਪਰ ਹਾਲਾਤ ਵਿਚ ਕੋਈ ਸੁਧਾਰ ਨਹੀਂ ਆਇਆ, ਜਿਸ ਕਾਰਨ ਸੀਮਾ ਰਾਣੀ ਲੰਮੇ ਸਮੇਂ ਤੋਂ ਮਾਨਸਿਕ ਦਬਾਅ ਹੇਠ ਹੋਣ ਕਾਰਨ ਪ੍ਰੇਸ਼ਾਨ ਸੀ।

ਘਟਨਾ ਵਾਲੀ ਰਾਤ ਹੋਟਲ ਵਿਚ ਫਿਰ ਹੋਇਆ ਝਗੜਾ-ਜਾਣਕਾਰੀ ਅਨੁਸਾਰ, ਘਟਨਾ ਤੋਂ ਕੁਝ ਘੰਟੇ ਪਹਿਲਾਂ ਸੀਮਾ ਰਾਣੀ ਅਤੇ ਉਸਦਾ ਪਤੀ ਇੱਕ ਹੋਟਲ ਵਿਚ ਖਾਣਾ ਖਾਣ ਗਏ ਸਨ, ਜਿੱਥੇ ਦੋਵਾਂ ਵਿਚ ਫਿਰ ਤਿੱਖਾ ਵਾਦ-ਵਿਵਾਦ ਹੋ ਗਿਆ। ਜਿਸ ਤੋਂ ਨਾਰਾਜ਼ ਸੀਮਾ ਰਾਨੀ ਹੋਟਲ ਤੋਂ ਨਿਕਲ ਕੇ ਸਿੱਧੀ ਇਕ ਆਟੋ ਵਿਚ ਬੈਠੀ ਅਤੇ ਦੋਰਾਹਾ ਨਹਿਰ ਵੱਲ ਚਲੀ ਗਈ। ਨਹਿਰ ਤੇ ਪਹੁੰਚਦੇ ਹੀ ਉਸਨੇ ਬਿਨਾਂ ਕਿਸੇ ਨੂੰ ਕੁਝ ਦੱਸੇ ਉਸ ਵਿੱਚ ਛਾਲ ਮਾਰ ਦਿੱਤੀ। ਪਰਿਵਾਰ ਵੱਲੋਂ ਪੁਲਸ ਨੂੰ ਸੂਚਨਾ ਦਿੱਤੇ ਜਾਣ ਤੋਂ ਬਾਅਦ ਰਾਤ ਭਰ ਤਲਾਸ਼ੀ ਮੁਹਿੰਮ ਚਲਾਈ ਗਈ। ਬੁੱਧਵਾਰ ਸਵੇਰੇ ਦੋਰਾਹਾ ਪੁਲਸ ਨੇ ਜੋੜੇਪੁਲ ਨੇੜੇ ਤੋਂ ਲਾਸ਼ ਬਰਾਮਦ ਕਰ ਲਈ।

ਪੁਲਸ ਨੇ ਕਬਜ਼ੇ 'ਚ ਲਈ ਆਡੀਓ- ਦੋਰਾਹਾ ਪੁਲਸ ਨੇ ਮ੍ਰਿਤਕਾ ਵੱਲੋਂ ਰਿਕਾਰਡ ਕੀਤਾ ਆਡੀਓ ਸੁਨੇਹਾ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਅੱਗੇ ਦੀ ਕਾਰਵਾਈ ਜਾਰੀ ਹੈ। ਦੋਰਾਹਾ ਥਾਣੇ ਦੇ ਐੱਸ.ਐੱਚ.ਓ. ਇੰਸਪੈਕਟਰ ਆਕਾਸ਼ ਦੱਤ ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਪਰਿਵਾਰਕ ਵਿਵਾਦ ਅਤੇ ਗੈਰ-ਕਾਨੂੰਨੀ ਸਬੰਧਾਂ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੇ ਭਰਾ ਦੇ ਬਿਆਨ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਗਿਆ ਹੈ। ਆਡੀਓ ਕਲਿੱਪ ਦੀ ਵੀ ਤਕਨੀਕੀ ਜਾਂਚ ਕਰਵਾਈ ਜਾਵੇਗੀ। ਜਾਂਚ ਪੂਰੀ ਹੋਣ 'ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਵਿਆਹ ਦਾ ਝਾਂਸਾ ਦੇ ਕੇ ਨਾਬਾਲਗਾ ਨੂੰ ਕੀਤਾ ਅਗਵਾ!

ਲੁਧਿਆਣਾ-ਨਾਬਾਲਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਅਗਵਾ ਕਰਨ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਥਾਣਾ ਡਵੀਜ਼ਨ ਨੰਬਰ 6 ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਨਾਬਾਲਗਾ ਦੇ ਪਿਤਾ ਦੇ ਬਿਆਨਾਂ 'ਤੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਨਾਬਾਲਗਾ ਦੇ ਪਿਤਾ ਨੇ ਦੱਸਿਆ ਕਿ ਉਸ ਦੀ ਧੀ 1 ਦਸੰਬਰ ਨੂੰ ਬਿਨਾ ਦੱਸੇ ਕਿਤੇ ਚਲੀ ਗਈ। ਉਸ ਦੀ ਕਾਫ਼ੀ ਭਾਲ ਕੀਤੀ ਗਈ ਪਰ ਉਸ ਦਾ ਕੁਝ ਵੀ ਪਤਾ ਨਹੀਂ ਲੱਗਿਆ। ਹੁਣ ਉਸ ਨੂੰ ਸ਼ੱਕ ਹੈ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਦੀ ਧੀ ਨੂੰ ਆਪਣੇ ਨਿੱਜੀ ਸਵਾਰਥ ਲਈ ਨਾਜਾਇਜ਼ ਹਿਰਾਸਤ ਵਿਚ ਕਿਤੇ ਲੁਕਾ ਹੋਇਆ ਹੈ। ਸਬ-ਇੰਸਪੈਕਟਰ ਹਰਭਜਨ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਮੁਲਜ਼ਮ ਨੂੰ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ।

# ★ ਮਿੰਨੀ ਕਹਾਣੀਆਂ ★

## ਨਾ ਤਾਂ ਚਿੜੀਆਂ ਵਰਗੀਆਂ ਚਿੜੀਆਂ ਨੇ...

ਭੁਲੇਖੇ ਨਾਲ ਦਰਵਾਜਾ ਖੁੱਲਾ ਰਹਿ ਗਿਆ, ਚਿੜੀ ਅੰਦਰ ਵੜ ਗਈ, ਦਾਦੀ ਦਰਵਾਜਾ ਬੰਦ ਕਰਕੇ ਨੀਚੇ ਚਲੀ ਗਈ। ਅੰਦਰ ਚਿੜੀ ਨੇ ਚੀਂ-ਚੀਂ ਕਰਕੇ ਸ਼ੀਸ਼ੇ ਦੀਆਂ ਬਾਰੀਆਂ ਨੇੜੇ ਰੌਲਾ ਪਾ ਰੱਖਿਆ ਸੀ। ਬਾਹਰਲੇ ਪਾਸੇ ਨਿੰਦਰ ਕੁਰਸੀ ਤੇ ਬੈਠੀ ਆਈ ਲੈੱਟਸ ਦੀ ਤਿਆਰੀ ਕਰ ਰਹੀ ਸੀ। ਨਿੰਦਰ ਨੇ ਦੇਖਿਆ, ਜਿਵੇ ਚਿੜੀ ਨਿੰਦਰ ਅੱਗੇ ਵਾਸਤਾ ਪਾ ਰਹੀ ਹੋਵੇ, "ਮੈਨੂੰ ਵੀ ਆਜ਼ਾਦ ਕਰ ਦਿਓ, ਮੈਂ ਬੜੀ ਕਸੂਤੀ ਫਸ ਗਈ, ਮੇਰਾ ਤਾਂ ਨਿੰਦਰ ਭੈਣ... ਸਾਹ ਘੁਟ ਰਿਹਾ ਹੈ..... ਛੇਤੀ! ਮੈਨੂੰ ਬਾਹਰ ਕੱਢ ਲੈ...।" ਨਿੰਦਰ ਨੇ ਭੱਜ ਕੇ ਦਰਵਾਜਾ ਖੋਲਿਆ ਅਤੇ ਚਿੜੀ ਫੁਰਰ ਕਰਕੇ ਬਾਹਰ ਉੱਡ ਗਈ।

ਫੁਰਰ.... ਆਵਾਜ ਦੀ, ਵਿੜਕ ਸੁਣਕੇ ਦਾਦੀ ਬੋਲੀ, "ਓ ਪੁੱਤ! ਨਿੰਦਰ... ਉੱਪਰ ਕੀ ਕਰ ਰਹੀ ਐਂ?"

ਕੋਈ ਜਵਾਬ ਨਾ ਆਉਣ ਤੇ ਦਾਦੀ ਨੇ ਨਿੰਦਰ ਨੂੰ ਫਿਰ ਆਵਾਜ ਮਾਰੀ "ਨਿੰਦਰ...ਓ ਪੁੱਤ, ਨਿੰਦਰ...।"

"ਆਈ ਦਾਦੀ, ਮੈਂ ਚਿੜੀ ਨੂੰ ਬਾਹਰ ਕੱਢ ਰਹੀ ਸੀ, ਚਿੜੀ ਨੇ ਬੜਾ ਰੌਲਾ ਪਾਇਆ ਹੋਇਆ ਸੀ। ਉਹਦੀ ਜਾਨ ਨੂੰ ਬਣੀ ਪਈ ਸੀ, ਦਰਵਾਜਾ ਖੋਲਣ ਤੇ ਉਹ ਗਈ ਫੁਰਰ... ਫੁਰਰ..., ਤੇ ਏਧਰੋਂ ਤੇਰੀ ਕੁਰਰ... ਕੁਰਰ...।" ਨਿੰਦਰ ਨੇ ਤਲਖੀ ਨਾਲ ਜਵਾਬ ਦਿੱਤਾ।

"ਨਾ ਤਾਂ ਚਿੜੀਆਂ ਵਰਗੀਆਂ ਚਿੜੀਆਂ ਨੇ.... ਨਾ ਹੀ ਉਹ ਕੁੜੀਆਂ ਵਰਗੀਆਂ ਕੁੜੀਆਂ ਨੇ।" ਦਾਦੀ ਨੇ ਨਿੰਦਰ ਨੂੰ ਨਹੋਰਾ ਮਾਰਿਆ।

"ਹਾਂ ਦਾਦੀ, ਜੋ ਫੁਰਰ...ਕਰਕੇ ਉੱਡ ਗਈ, ਉਹ ਭੂਰੀਆਂ ਚਿੜੀਆਂ ਵਰਗੀ ਨਹੀਂ ਸੀ, ਸਗੋਂ ਕਾਲੀ ਚਿੜੀ ਸੀ।" ਨਿੰਦਰ ਨੇ ਕਿਹਾ।

"ਉਹ ਭੂਰੀਆਂ ਚਿੜੀਆਂ ਅਲੋਪ ਹੋ ਗਈਆਂ ਪੁੱਤ।' ਦਾਦੀ ਜਾਣਕਾਰੀ ਦੇਣ ਲੱਗ ਪਈ...ਪਹਿਲਾਂ ਘਰਾਂ ਦੀਆਂ ਛੱਤਾਂ ਸ਼ਤੀਰਾਂ, ਬਾਲਿਆਂ ਵਾਲੀਆਂ ਹੁੰਦੀਆਂ ਸੀ, ਜਿਨ੍ਹਾਂ 'ਚ ਚਿੜੀਆਂ ਆਲ੍ਹਣੇ ਪਾ ਲੈਂਦੀਆਂ ਸੀ ਹੁਣ ਸਭ ਘਰ ਪੱਕੇ ਹੋ ਗਏ, ਉਨ੍ਹਾਂ ਨੂੰ ਆਲ੍ਹਣੇ ਪਾਉਣ ਲਈ ਥਾਂ ਨਹੀਂ ਲੱਭਦੀ। ਪਤਾ ਈ ਨਹੀਂ ਉਹ ਭੂਰੀਆਂ ਚਿੜੀਆਂ ਕਿੱਥੇ ਅਲੋਪ ਹੋ ਗਈਆਂ। ਸਵੇਰੇ-ਸਵੇਰੇ ਚਿੜੀਆਂ ਦੀ ਚੀਂ-ਚੀਂ, ਬਲਦਾਂ ਦੀਆਂ ਟੱਲੀਆਂ ਖੜਕਣ ਦੀ ਆਵਾਜ਼, ਦੁੱਧ ਰਿੜਕਦੀਆਂ ਮਧਾਣੀਆਂ ਦੀਆਂ ਆਵਾਜਾਂ ਸਭ ਅਲੋਪ ਹੋ ਗਈਆਂ, ਨਿੰਦਰੇ....।" ਲਗਾਤਾਰ ਦਾਦੀ ਗੱਲਾਂ ਦਸਦੀ- ਦਸਦੀ ਆਪਣੇ ਜਮਾਨੇ 'ਚ ਜਿਵੇ ਖੋ ਗਈ ਹੋਵੇ।

"ਦਾਦੀ ਮੈਂ ਇਹ ਗੱਲਾਂ ਸਭ ਸੁਣੀਆਂ ਨੇ, ਮੇਰੇ ਕੋਲ ਟਾਇਮ ਨਹੀਂ। ਮੈਂ ਆਪਣੀ ਪੜ੍ਹਾਈ ਕਰਨੀ ਹੈ, ਮੈਨੂੰ ਮੇਰੇ ਸਵਾਲ ਦਾ ਜਵਾਬ ਦਿਓ। ਤੁਸੀਂ ਕਿਹਾ ਕਿ ਨਾ ਤਾਂ ਚਿੜੀਆਂ ਵਰਗੀਆਂ ਚਿੜੀਆਂ ਨੇ , ਨਾ ਹੀ ਉਹ ਕੁੜੀਆਂ ਵਰਗੀਆਂ ਕੁੜੀਆਂ ਨੇ , ਦਾਦੀ ਕੁੜੀਆਂ 'ਚ ਕੀ ਬਦਲਾਅ ਆਇਆ .. ਦੱਸੋ?" ਨਿੰਦਰ ਨੇ ਦਾਦੀ ਨੂੰ ਪੁੱਛਿਆ।

"ਹਾਂ, ਪੁੱਤ ਕੁੜੀਆਂ 'ਚ ਬਦਲਾਅ ਵੀ ਬਹੁਤ ਆ ਗਿਆ, ਪਹਿਲਾਂ ਪਿੰਡਾਂ ਵਾਲੇ ਪਿੰਡ ਦੀ ਕੁੜੀ ਨੂੰ ਆਪਣੀ ਧੀ ਸਮਝਦੇ ਹੁੰਦੇ ਸੀ।" ਦਾਦੀ ਨੇ ਗੱਲ ਨੂੰ ਹੋਰ ਪਾਸੇ ਮੋੜ ਦਿੰਦੇ ਆਖਿਆ।

"ਨਹੀਂ ਦਾਦੀ ਗੱਲ ਬਦਲੋ ਨਾ, ਇਹ ਕੁੜੀਆਂ 'ਚ ਬਦਲਾਅ ਵਾਲੀ ਗੱਲ ਦੱਸੋ?" ਨਿੰਦਰ ਨੇ ਦਾਦੀ ਨੂੰ ਫਿਰ ਪੁੱਛਿਆ।

"ਸਮੇਂ -ਸਮੇਂ ਦੀ ਗੱਲ ਹੁੰਦੀ ਐ ਪੁੱਤ" ਦਾਦੀ ਗੱਲ ਅੱਗੇ ਵਧਾਉਂਦੀ ਹੋਈ ਆਖਣ ਲੱਗੀ...."ਕੁੜੀਆਂ ਜਿਨ੍ਹਾਂ ਨੂੰ ਚਿੜੀਆਂ ਕਿਹਾ ਜਾਂਦਾ ਸੀ, ਹੁਣ ਬਾਜ਼ ਬਣ ਗਈਆਂ, ਖੈਰ, ਕਿੰਨੀਆਂ ਕੁ ਕੁੜੀਆਂ ਜਨਮ ਲੈਣ ਤੋਂ ਪਹਿਲਾਂ ਹੀ ਕੁੱਖਾਂ 'ਚ ਕਤਲ ਹੋ ਗਈਆਂ।" ਕਹਿਕੇ ਦਾਦੀ ਦੀ ਜਿਵੇ ਅੰਦਰਲੀ ਚਿੜੀ ਅਲੋਪ ਹੋ ਗਈ ਹੋਵੇ, ਨਦੀ ਦੀ ਠੰਡੀ ਰੇਤ ਵਾਂਗ ਆਪ ਠੰਡੀ ਜਿਹੀ ਹੋ ਗਈ।

- ਨਿਰਲੇਪ ਕੌਰ ਸੇਖੋਂ

## ਪਲਾਸਟਿਕ ਦਾ ਮੱਘ

ਕਈ ਦਿਨਾਂ ਤੋਂ ਮੇਰੀ ਪਤਨੀ ਮੈਨੂੰ ਨਹਾਉਣ ਵਾਸਤੇ ਪਲਾਸਟਿਕ ਦੀ ਬਾਲਟੀ ਤੇ ਮੱਘ ਸ਼ਹਿਰ ਤੋਂ ਲਿਆਉਣ ਲਈ ਕਹਿ ਰਹੀ ਸੀ। ਮੈਨੂੰ ਹੀ ਵਕਤ ਨਹੀਂ ਸੀ ਮਿਲ ਰਿਹਾ। ਅੱਜ ਮੈਨੂੰ ਥੋੜ੍ਹਾ ਵਕਤ ਮਿਲਿਆ, ਤਾਂ ਮੈਂ ਸ਼ਹਿਰ ਤੋਂ ਇਹ ਦੋਵੇਂ ਚੀਜ਼ਾਂ ਲਿਆਉਣ ਲਈ ਸਕੂਟਰੀ ਤੇ ਤੁਰ ਪਿਆ। ਸ਼ਹਿਰ ਪਹੁੰਚ ਕੇ ਮੈਂ ਆਪਣੀ ਸਕੂਟਰੀ ਜੇ ਪੀ ਪਲਾਸਟਿਕ ਹਾਊਸਹੋਲਡ ਗੁੱਡਜ ਦੇ ਬਾਹਰ ਖੜ੍ਹੀ ਕਰ ਲਈ। ਦੁਕਾਨ ਦੇ ਅੰਦਰ ਜਾ ਕੇ ਦੁਕਾਨਦਾਰ ਨੂੰ ਆਖਿਆ, 'ਪਲਾਸਟਿਕ ਦੀ ਬਾਲਟੀ ਤੇ ਮੱਘ ਦਿਖਾਇਓ।'

ਦੁਕਾਨਦਾਰ ਨੇ ਦੁਕਾਨ ਤੇ ਕੰਮ ਕਰਨ ਵਾਲੇ ਮੁੰਡੇ ਨੂੰ ਆਖਿਆ, 'ਓਏ ਜੀਤੇ,ਬਾਬੂ ਜੀ ਲਈ ਇਕ ਪਲਾਸਟਿਕ ਦੀ ਬਾਲਟੀ ਤੇ ਇਕ ਮੱਘ ਲੈ ਕੇ ਆ।'

ਜੀਤਾ ਪਲਾਸਟਿਕ ਦੀ ਬਾਲਟੀ ਤੇ ਮੱਘ ਲੈ ਆਇਆ। ਇਨ੍ਹਾਂ ਦੋਹਾਂ ਚੀਜ਼ਾਂ ਨੂੰ ਮੇਰੇ ਅੱਗੇ ਕਰਦਿਆਂ ਦੁਕਾਨਦਾਰ ਨੇ ਆਖਿਆ, 'ਲਉ ਬਾਬੂ ਜੀ ਬਾਲਟੀ ਤੇ ਮੱਘ। ਬਾਲਟੀ 'ਚ ਪੱਚੀ ਲਿਟਰ ਤੇ ਮੱਘ 'ਚ ਇਕ ਲਿਟਰ ਪਾਣੀ ਪੈਂਦਾ ਆ। ਬਾਲਟੀ 250 ਰੁਪਏ ਦੀ ਤੇ ਮੱਘ 60 ਰੁਪਏ ਦਾ ਆ।'

'ਬਾਲਟੀ ਤਾਂ ਠੀਕ ਆ, ਪਰ ਮੱਘ ਮੈਨੂੰ ਉਹ ਦਿਉ ਜਿਸ ਵਿਚ ਅੱਧਾ ਲਿਟਰ ਪਾਣੀ ਪੈਂਦਾ ਹੋਵੇ।' ਮੈਂ ਆਖਿਆ।

'ਬਾਬੂ ਜੀ ਉਸ ਮੱਘ ਨੂੰ ਕੋਈ ਨ੍ਹੀ ਲੈਂਦਾ। ਸਾਰੇ ਇਹੀ ਮੱਘ ਲੈ ਕੇ ਜਾਂਦੇ ਆ।'

'ਮੈਨੂੰ ਸਾਰਿਆਂ ਨਾਲ ਕੀ ਆ? ਇਸ ਮੱਘ ਨਾਲ ਨਹਾਣ ਨਾਲ ਪਾਣੀ ਜ਼ਿਆਦਾ ਵੇਸਟ ਹੋਣਾ। ਅੱਧੇ ਲਿਟਰ ਵਾਲੇ ਮੱਘ ਨਾਲ ਨਹਾਣ ਨਾਲ ਅੱਧਾ ਪਾਣੀ ਬਚ ਜਾਣਾ।'

'ਤੁਸੀਂ ਪਹਿਲੇ ਗਾਹਕ ਹੋ, ਜਿਹੜੇ ਅੱਧਾ ਲਿਟਰ ਵਾਲੇ ਮੱਘ ਦੀ ਮੰਗ ਕਰ ਰਹੇ ਹੋ। ਲੋਕ ਪਾਣੀ ਬਚਾਣ ਬਾਰੇ ਤਾਂ ਕਦੇ ਸੋਚਦੇ ਈ ਨਹੀਂ। ਜੇ ਸਾਰੇ ਤੁਹਾਡੇ ਵਾਂਗ ਸੋਚਣ ਲੱਗ ਪੈਣ, ਤਾਂ ਕਾਫੀ ਪਾਣੀ ਬਚ ਸਕਦੇ।'

ਦੁਕਾਨਦਾਰ ਨੇ ਜੀਤੇ ਨੂੰ ਕਹਿ ਕੇ ਅੱਧੇ ਲਿਟਰ ਵਾਲਾ ਮੱਘ ਮੰਗਾ ਕੇ ਮੈਨੂੰ ਦੇ ਦਿੱਤਾ। ਮੈਂ ਬਾਲਟੀ ਤੇ ਮੱਘ ਦੇ ਪੈਸੇ ਦੇ ਕੇ ਦੁਕਾਨ ਤੋਂ ਬਾਹਰ ਆ ਗਿਆ।

ਮਹਿੰਦਰ ਸਿੰਘ

# ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 5 ਜਨਵਰੀ ਨੂੰ ਸਿੱਖ ਸੰਗਤਾਂ ਨੂੰ ਮਨਾਉਣ ਦੀ ਅਪੀਲ :- ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਸੰਸਥਾਵਾਂ ਜਰਮਨੀ

ਜਰਮਨੀ-ਜਰਮਨ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਸੰਸਥਾਵਾਂ ਨੇ ਪ੍ਰੈਸ ਦੇ ਨਾ ਜਾਰੀ ਬਿਆਨ ਵਿੱਚ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 5 ਜਨਵਰੀ ਨੂੰ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋ ਆਪਣੇ ਨਿੱਜੀ ਸਵਾਰਥਾਂ ਤੇ ਸਿਆਸੀ ਅਕਾਵਾਂ ਦੇ ਦਬਾਅ ਹੇਠ ਲਏ ਗਲਤ ਫੈਸਲਿਆਂ ਕਾਰਨ ਸਿੱਖ ਕੌਮ ਦੇ ਵੱਡੇ ਹਿੱਸੇ ਵਿੱਚੋ ਜਿੱਥੇ ਆਪਣਾ ਸਤਿਕਾਰ ਗੁਆ ਚੁੱਕੇ ਹਨ ਉੱਥੇ ਉਹ ਇਸ ਮਹਾਨ ਸੰਸਥਾ ਦੇ ਸੁਨਿਹਰੀ ਸਿਧਾਂਤਾਂ ਨੂੰ ਵੀ ਢਾਹ ਲਾ ਰਹੇ ਹਨ। ਕੌਮਾਂ ਸਰੀਰਕ ਤੌਰ ਤੇ ਮਾਰਿਆਂ ਖਤਮ ਨਹੀ ਹੁੰਦੀਆਂ ਜਦੋ ਤੱਕ ਉਹਨਾਂ ਨੂੰ ਸਿਧਾਂਤਕ ਤੇ ਮਾਨਸਿਕ ਤੌਰ ਤੇ ਗੁਲਾਮ ਨਾ ਬਣਾਇਆ ਜਾਵੇ। ਇਹ ਜਥੇਦਾਰ ਆਪਣੇ ਸਿਆਸੀ ਅਕਾਵਾਂ ਤੇ ਆਰ. ਐਸ. ਐਸ. ਦੇ ਆਦੇਸ਼ਾਂ ਅਨੁਸਾਰ ਸਿੱਖ ਕੌਮ ਦੇ ਨਿਆਰੇਪਨ ਵਿੱਚ ਰਲਗੱਡ ਕਰਕੇ ਕੌਮ ਨੂੰ ਸਿਧਾਂਤਹੀਣ ਕਰਕੇ ਬ੍ਰਹਮਣਵਾਦ ਦੇ ਸਦੀਵੀ ਗੁਲਾਮ ਬਣਾਉਣ ਵਿੱਚ ਯੋਗਦਾਨ ਪਾ ਕੇ ਆਪਣਾ ਨਾਮ ਇਤਿਹਾਸ ਦੇ ਕਾਲੇ ਪੰਨਿਆਂ ਉਪਰ ਲਿਖ ਰਹੇ ਹਨ। ਜਥੇਦਾਰਾਂ ਵੱਲੋਂ ਬਿਕ੍ਰਮੀ ਕੈਲੰਡਰ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਜੋ ਇਸ ਸਾਲ 27 ਦਸਬੰਰ ਨੂੰ ਸਾਹਿਬਜਾਦਿਆਂ ਦੇ ਸ਼ਹਾਦਤ ਦਿਹਾੜਿਆਂ ਦੇ ਨਾਲ ਇਸ ਸਾਲ ਦੋ ਵਾਰ ਤੇ ਅਗਲੇ ਸਾਲ ਗੁਰਪੁਰਬ ਨਹੀ ਆ ਰਿਹਾ ਇਸ ਕਰਕੇ ਦੇਸ਼ ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਸਿੱਖ ਕੌਮ ਦੇ ਨਿਆਰੇਪਨ ਦੇ ਪ੍ਰਤੀਕ ਮੂਲ ਨਾਨਕਸ਼ਾਹੀ



ਕੈਲੈਂਡਰ ਨੂੰ ਹੀ ਮਾਨਤਾ ਦੇਣ ਤੇ ਉਸੇ ਅਨੁਸਾਰ ਆਪਣੇ ਗੁਰਪੁਰਬ ਤੇ ਦਿਹਾੜੇ ਮਨਾਉਣ ਤੇ ਸੋਧਾਂ ਦੇ ਨਾਮ ਹੇਠ ਜਥੇਦਾਰਾਂ ਤੇ ਬ੍ਰਹਮਣਵਾਦੀ ਸੋਚ ਵਿੱਚ ਰੰਗੇ ਸੰਪ੍ਰਦਾਈਆਂ ਨਾਲ ਰਲ ਕੇ ਨਾਨਕਸ਼ਾਹੀ ਕੈਲੰਡਰ ਨਾਮ ਹੇਠ ਬਿਕ੍ਰਮੀ ਕੈਲੰਡਰ ਵਿੱਚ ਤਬਦੀਲ ਕੀਤੇ ਕੈਲੰਡਰ ਨੂੰ ਰੱਦ ਕਰਨਾ ਚਾਹੀਦਾ ਹੈ, ਜੋ ਸਿੱਖ ਕੌਮ ਦੇ ਗੁਰਪੁਰਬਾਂ ਤੇ ਇਤਿਹਾਸਿਕ ਦਿਹਾੜਿਆਂ ਪ੍ਰਤੀ ਬਿਖੇੜੇ ਤੇ ਭੰਬਲਭੂਸੇ ਖੜ੍ਹੇ ਕਰਦਾ ਹੈ। ਇਸ ਬਿਖੇੜੇ ਤੇ ਭੰਬਲਭੂਸੇ ਤੋਂ ਉਪੱਰ ਉੱਠ ਕੇ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 5 ਜਨਵਰੀ (੨੩) ਪੋਹ ਨੂੰ ਮਨਾਉਣ ਦੀ ਅਪੀਲ ਕਰਦੇ ਹਾਂ। ਗੁਰਦੁਆਰਾ ਕਮੇਟੀਆਂ ਵਿੱਚ ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਦੇ ਪ੍ਰਧਾਨ ਭਾਈ ਅਨੂਪ ਸਿੰਘ,ਵਰਲਡ ਸਿੱਖ ਪਾਰਲੀਮੈਂਟ ਦੇ ਆਗੂ ਭਾਈ ਗੁਰਚਰਨ ਸਿੰਘ ਗੁਰਾਇਆ, ਸਾਬਕਾ ਪ੍ਰਧਾਨ ਭਾਈ ਬਲਕਾਰ ਸਿੰਘ, ਸਾਬਕਾ ਪ੍ਰਧਾਨ ਸਰਦਾਰ ਨਰਿੰਦਰ ਸਿੰਘ, ਗੁਰਦੁਆਰਾ ਦਸ਼ਮੇਸ਼ ਸਿੰਘ ਸਭਾ ਕਲੋਨ ਦੇ ਪ੍ਰਧਾਨ ਭਾਈ ਗੁਰਪਾਲ ਸਿੰਘ, ਗੁਰਦੁਅਰਾ ਸਟੁਟਗਾਰਟ ਭਾਈ ਉਂਕਾਰ ਸਿੰਘ ਗਿੱਲ, ਭਾਈ ਅਵਤਾਰ ਸਿੰਘ ਪ੍ਰਧਾਨ ਸਟੁਟਗਾਟ, ਗੁਰਦੁਆਰਾ ਲਾਈਪਸਿਕ ਭਾਈ ਬਲਦੇਵ ਸਿੰਘ ਬਾਜਵਾ, ਗੁਰਦੁਆਰਾ ਨਿਊਨਬਰਗ ਭਾਈ ਦਿਲਬਾਗ ਸਿੰਘ, ਗੁਰਦੁਆਰਾ ਰੇਗਨਸਬਰਗ ਭਾਈ ਨਰਿੰਦਰ ਸਿੰਘ, ਗੁਰਦੁਆਰਾ ਮਿਊਨਚਨ ਦੇ ਸਾਬਕਾ ਪ੍ਰਧਾਨ ਭਾਈ ਤਰਸੇਮ ਸਿੰਘ ਅਟਵਾਲ,ਸਿੰਘ ਸਭਾ ਜਰਮਨੀ ਭਾਈ ਮਲਕੀਤ ਸਿੰਘ, ਸਿੰਘ ਸਭਾ ਫਰੈਕਫੋਰਟ ਭਾਈ ਗੁਰਵਿੰਦਰ ਸਿੰਘ, ਭਾਈ ਹਰਮੀਤ ਸਿੰਘ ਪ੍ਰਧਾਨ ਦਲ ਖਾਲਸਾ ਜਰਮਨੀ, ਪ੍ਰਬੰਧਕ ਕਮੇਟੀ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦਰਬਾਰ ਨਿਊਨਕਿਰਚਨ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਤੇ ਹੀ ਪਹਿਰਾ ਦਿੱਤਾ ਜਾਵੇ।


## Airbnb 'ਤੇ ਭਾਰੀ ਜੁਰਮਾਨਾ — £56 ਮਿਲੀਅਨ ਦੀ ਸਜ਼ਾ

ਸਪੇਨ ਦੀ ਸਰਕਾਰ ਨੇ ਹੋਟਲ ਅਤੇ ਛੋਟੀ ਰਿਹਾਇਸ਼ ਸੇਵਾਵਾਂ ਵਾਲੀ ਵੈੱਬਸਾਈਟ Airbnb ਨੂੰ ਲਗਭਗ €64 ਮਿਲੀਅਨ (ਗਣਨਾ ਮੁਤਾਬਿਕ £56 ਮਿਲੀਅਨ) ਦਾ ਜੁਰਮਾਨਾ ਲਾਇਆ ਹੈ। ਇਹ ਸ਼ਿਕਸਤ Airbnb 'ਤੇ 65,000 ਤੋਂ ਵੱਧ ਐਡਵਰਟਾਈਜ਼ ਕੀਤੀਆਂ ਸੰਪਤੀਆਂ ਲਈ ਦਿੱਤੀ ਗਈ ਹੈ ਜਿਹਨਾਂ ਕੋਲ ਸਪੇਨੀ ਕਾਨੂੰਨ ਦੇ ਅਨੁਸਾਰ ਜਾਇਜ਼ ਲਾਇਸੈਂਸ ਨਹੀਂ ਸੀ ਜਾਂ ਖ਼ਰਾਬ ਜਾਣਕਾਰੀ ਦਿਖਾਈ ਗਈ ਸੀ। ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਕਦਮ ਘਰੇਲੂ ਕਿਰਾਏ ਦੀ ਕਮੀ ਅਤੇ ਰਹਾਇਸ਼ੀ ਮੁਸ਼ਕਲਾਂ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ। Airbnb ਨੂੰ ਹੁਣ ਇਹ ਗੈਰਕਾਨੂੰਨੀ ਐਲਾਨ ਹਟਾਉਣੇ ਅਤੇ ਜੁਰਮਾਨੇ ਨੂੰ ਅਪੀਲ ਕਰਨ ਦਾ ਹੱਕ ਦਿੱਤਾ ਗਿਆ ਹੈ

# ਬ੍ਰਿਟੇਨ ਦੇ ਮਿਊਜ਼ੀਅਮ ਤੋਂ ਭਾਰਤੀ ਇਤਿਹਾਸ ਦੀ ਸਭ ਤੋਂ ਵੱਡੀ ਚੋਰੀ

## ✪ 600 ਤੋਂ ਵੱਧ ਕੀਮਤੀ ਵਸਤੂਆਂ ਖਜ਼ਾਨੇ 'ਚੋਂ ਗਾਇਬ ! ✪ ਪੁਲਸ ਨੇ ਕੀਤੀਆਂ ਚਾਰ ਚੋਰਾਂ ਦੀਆਂ ਤਸਵੀਰਾਂ ਜਾਰੀ ✪ ਅੰਤਰਰਾਸ਼ਟਰੀ ਮੀਡੀਆ ਵਿੱਚ ਹੰਗਾਮਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਪ੍ਰਸਿੱਧ ਬ੍ਰਿਸਟਲ ਮਿਊਜ਼ੀਅਮ ਦੇ ਸਟੋਰੇਜ਼ ਤੋਂ ਭਾਰਤੀ ਬਸਤੀਵਾਦੀ ਦੌਰ ਨਾਲ ਜੁੜੀਆਂ ਬੇਹੱਦ ਕੀਮਤੀ ਤੇ ਦੁਰਲੱਭ ਵਸਤਾਂ ਦੀ ਵੱਡੀ ਚੋਰੀ ਸਾਹਮਣੇ ਆਈ ਹੈ। ਚੋਰ ਇੱਕ ਹੀ ਰਾਤ ਵਿੱਚ 600 ਤੋਂ ਵੱਧ ਇਤਿਹਾਸਕ ਅਤੇ ਉੱਚ ਮੁੱਲ ਵਾਲੀਆਂ ਚੀਜ਼ਾਂ ਲੈ ਉਡੇ। ਇਨ੍ਹਾਂ ਵਿੱਚ 1903 ਦਿੱਲੀ ਦਰਬਾਰ ਦੀ ਪੇਂਟਿੰਗ, ਹਾਥੀਦੰਤ ਦੀ ਬੁੱਧ ਮੂਰਤੀ, ਤਾਂਬੇ ਦੀਆਂ ਮੂਰਤੀਆਂ, ਭਾਰਤੀ ਰੇਲਵੇ ਕਲਾਕਾਰ ਵਿਕਟਰ ਵੀਵਰਜ਼ ਦੀ ਤਸਵੀਰ, ਬ੍ਰਿਟਿਸ਼ ਫੌਜੀ ਜੋਸੇਫ ਸਟੀਫਨਜ਼ ਦੇ 250 ਤੋਂ ਵੱਧ ਪੱਤਰ, ਗਹਿਣੇ, ਚਾਂਦੀ ਦੀਆਂ ਵਸਤਾਂ ਅਤੇ 1838 ਦਾ ਅਮਰੀਕੀ ਗੁਲਾਮੀ ਵਿਰੋਧੀ ਟੋਕਨ ਤੱਕ ਸ਼ਾਮਲ ਹੈ। ਪੁਲਸ ਨੇ ਦੋ ਮਹੀਨੇ ਦੀ ਚੁੱਪੀ ਤੋਂ ਬਾਅਦ ਚਾਰ ਸ਼ੱਕੀ ਚੋਰਾਂ ਦੀ ਸੀਸੀਟੀਵੀ ਫੁਟੇਜ ਜਾਰੀ ਕਰ ਦੱਸੀ ਹੈ ਅਤੇ ਉਹ ਜਨਤਾ ਤੋਂ ਇਨ੍ਹਾਂ ਦੀ ਪਹਿਚਾਣ ਕਰਨ ਦੀ ਅਪੀਲ ਕਰ ਰਹੀ ਹੈ। ਇਹ ਚੋਰੀ ਯੂਕੇ ਤੋਂ ਲੈ ਕੇ ਭਾਰਤ ਤੱਕ ਵੱਡਾ ਇਤਿਹਾਸਕ ਅਤੇ ਰਾਜਨੀਤਿਕ ਮਾਮਲਾ ਬਣ ਚੁੱਕੀ ਹੈ।ਇਹ ਹੈਰਾਨ ਕਰ ਦੇਣ ਵਾਲੀ ਚੋਰੀ 25 ਸਤੰਬਰ 2025 ਦੀ ਰਾਤ 1 ਤੋਂ 2 ਵਜੇ ਦੇ ਦਰਮਿਆਨ ਵਾਪਰੀ। ਚੋਰ ਬੜੀ ਤਿਆਰੀ ਨਾਲ ਬ੍ਰਿਸਟਲ ਮਿਊਜ਼ੀਅਮ ਐਂਡ ਆਰਟ ਗੈਲਰੀ ਦੇ ਉਸ ਸਟੋਰੇਜ਼ ਵਿੱਚ ਦਾਖ਼ਲ ਹੋਏ ਜਿੱਥੇ ਬ੍ਰਿਟਿਸ਼ ਐਮਪਾਇਰ, ਭਾਰਤੀ ਬਸਤੀਵਾਦ ਅਤੇ ਕਾਮਨਵੈਲਥ ਨਾਲ ਸੰਬੰਧਿਤ ਵਸਤਾਂ ਰੱਖੀਆਂ ਜਾਂਦੀਆਂ ਸਨ। ਹਾਲਾਤਾਂ ਤੋਂ



ਇਹ ਵੀ ਪਤਾ ਲੱਗਦਾ ਹੈ ਕਿ ਚੋਰਾਂ ਨੂੰ ਅੰਦਰੂਨੀ ਲੇਆਉਟ ਅਤੇ ਸੁਰੱਖਿਆ ਪ੍ਰਣਾਲੀ ਬਾਰੇ ਪੂਰਾ ਗਿਆਨ ਸੀ। ਚੋਰੀ ਹੋਈਆਂ ਚੀਜ਼ਾਂ ਵਿੱਚ ਬਹੁਤ ਕੀਮਤੀ ਭਾਰਤੀ ਧਾਰਮੀ, ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤੀ ਪੀਸ ਸ਼ਾਮਲ ਸਨ। 1903 ਦਾ ਦਿੱਲੀ ਦਰਬਾਰ ਦੀ ਪੇਂਟਿੰਗ ,ਬ੍ਰਿਟਿਸ਼ ਰਾਜ ਦਾ ਪ੍ਰਤੀਕਾਤਮਕ ਨਮੂਨਾ

250+ ਪੱਤਰ ਜੋਸੇਫ ਸਟੀਫਨਜ਼ ਵਲੋਂ ਉੱਤਰ-ਪੱਛਮੀ ਸਰਹੱਦ ਤੋਂ ਭੇਜੇ ਸੋਨੇ-ਚਾਂਦੀ ਦੇ ਗਹਿਣੇ ਬੇਹੱਦ ਕਿਮਤੀ ਤਾਂਬੇ ਦੀਆਂ ਤੇ ਕਾਂਸੇ ਦੀਆਂ ਮੂਰਤੀਆਂ, ਹਾਥੀਦੰਦ ਦੀ ਬਣੀ ਬੁੱਧ ਦੀ ਮੂਰਤੀ

ਬ੍ਰਿਟਿਸ਼-ਭਾਰਤੀ ਰੇਲਵੇ ਦੇ ਕਲਾਕਾਰ ਵਿਕਟਰ ਵੀਵਰਜ਼ ਦੀ ਦੁਲੱਭ ਤਸਵੀਰ, ਅਮਰੀਕੀ ਗੁਲਾਮੀ ਵਿਰੋਧੀ ਅੰਦੋਲਨ (1838) ਦਾ ਯਾਦਗਾਰੀ ਟੋਕਨ, ਇਹ ਸਾਰੀਆਂ ਵਸਤਾਂ ਇਤਿਹਾਸਕਾਰਾਂ ਲਈ ਬੇਮਿਸਾਲ ਮਾਨਤਾ ਰੱਖਦੀਆਂ ਹਨ ਅਤੇ ਇਨ੍ਹਾਂ ਦੀ ਮਿਲੀਅਨ ਪੌਂਡ ਤੱਕ ਕੀਮਤ ਅੰਕਣ ਕੀਤੀ ਜਾ ਰਹੀ ਹੈ।

ਚੋਰੀ ਤੋਂ ਬਾਅਦ ਦੋ ਮਹੀਨੇ ਤਕ ਪੁਲਿਸ ਇਸ ਮਾਮਲੇ ਨੂੰ ਚੁੱਪਚਾਪ ਜਾਚਦੀ ਰਹੀ। ਹੁਣ ਉਨ੍ਹਾਂ ਨੇ ਅਚਾਨਕ ਚਾਰ ਸ਼ੱਕੀਆਂ ਦੀਆਂ ਸਾਫ਼ ਤਸਵੀਰਾਂ ਜਾਰੀ ਕੀਤੀਆਂ ਹਨ। ਜਿੰਨ੍ਹਾਂ ਵਿੱਚ ਚੋਰ ਮਾਸਕ ਪਹਿਨੇ ਹੋਏ ਪਰ ਸਰੀਰਕ ਹਾਵਭਾਵ ਤੇ ਪੋਸ਼ਾਕ ਸਪਸ਼ਟ ਦਿਖਾਈ ਦਿੰਦੇ ਹਨ। ਇਸਦੇ ਨਾਲ ਹੀ ਚੋਰਾਂ ਦੀ ਵਾਹਨ ਤੇ ਭਗੌੜਾ ਰਸਤਾ ਵੀ ਪੁਲਸ ਦੇ ਸ਼ੱਕ ਦੇ ਘੇਰੇ ਵਿੱਚ ਆ ਗਿਆ ਹੈ। ਇਹ ਚੋਰੀ ਬ੍ਰਿਟੇਨ ਵਿੱਚ ਇਸ ਲਈ ਚਰਚਾ ਵਿੱਚ ਹੈ ਕਿ ਸੁਰੱਖਿਆ ਕਿਵੇਂ ਟੁੱਟੀ ਅਤੇ ਇੰਨੀ ਕੀਮਤੀ ਵਸਤਾਂ ਦੀ ਸੁਰੱਖਿਆ ਕਿਵੇਂ ਲਾਪਰਵਾਹੀ ਨਾਲ ਕੀਤੀ ਗਈ।ਉੱਧਰ ਭਾਰਤ ਵਿੱਚ ਇਸ ਗੱਲ ਦਾ ਦੁੱਖ ਤੇ ਗੁੱਸਾ ਹੈ ਕਿ ਭਾਰਤੀ ਕਲਾਕ੍ਰਿਤੀਆਂ ਪਹਿਲਾਂ ਬਸਤੀਵਾਦ ਦੇ ਸਮੇਂ ਲੁਟੀਆਂ ਗਈਆਂ ਸਨ, ਅਤੇ ਹੁਣ ਫਿਰ ਇਨ੍ਹਾਂ ਦੀ ਚੋਰੀ ਨੇ ਵਿਰਾਸਤ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਮਿਊਜ਼ੀਅਮ ਮੈਨੇਜਮੈਂਟ ਨੇ ਕਿਹਾ ਕਿ ਇਹ ਚੀਜ਼ਾਂ ਸਿਰਫ਼ ਇਤਿਹਾਸ ਹੀ ਨਹੀਂ, ਸਗੋਂ ਕਈ ਕੌਮਾਂ ਦੀਆਂ ਕਹਾਣੀਆਂ ਸਾਂਭ ਕੇ ਬੈਠੀਆਂ ਸਨ।

ਇਨ੍ਹਾਂ ਦਾ ਗਾਇਬ ਹੋਣਾ "ਬ੍ਰਿਸਟਲ ਦੀ ਸੱਭਿਆਚਾਰਕ ਸਾਂਝ ਲਈ ਵੱਡਾ ਝਟਕਾ" ਦੱਸਿਆ ਗਿਆ ਹੈ। ਭਾਰਤੀ ਵਿਰਾਸਤ ਦੀ ਇੱਕ-ਇੱਕ ਚੀਜ਼ ਸਾਡੀ ਪਹਿਚਾਣ ਦੀ ਗਵਾਹੀ ਹੈ-ਅਤੇ ਇਹ ਚੋਰੀ ਨਾ ਸਿਰਫ਼ ਇਤਿਹਾਸ ਦਾ ਨੁਕਸਾਨ ਹੈ, ਸਗੋਂ ਸਾਨੂੰ ਯਾਦ ਦਿਵਾਉਂਦੀ ਹੈ ਕਿ ਵਿਰਾਸਤ ਦੀ ਸੁਰੱਖਿਆ ਦੇ ਨਾਲ ਲਾਪਰਵਾਹੀ ਹੁਣ ਬਰਦਾਸ਼ਤ ਕਰਨ ਜੋਗ ਨਹੀਂ।